ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

21-27 ਮਈ 2025

ਸਾਲ 16ਵਾਂ - ਅੰਕ 21
email : info@sadelok.com

Ph. : 510-706-1300
Fax : 925-373-1300

## ਗਿਆਨੀ ਹਰਪਾਲ ਸਿੰਘ ਫ਼ਤਹਿਗੜ੍ਹ ਸਾਹਿਬ 'ਭਾਈ ਸਾਹਿਬ' ਦੀ ਉਪਾਧੀ ਨਾਲ ਸਨਮਾਨਿਤ



(ਦੇਖੋ ਸਫ਼ਾ 14 'ਤੇ)

## ਪਟਨਾ ਸਾਹਿਬ ਦੇ ਪੰਜ ਪਿਆਰਿਆਂ ਦਾ ਵੱਡਾ ਐਲਾਨ

### ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਟੇਕ ਸਿੰਘ ਧਨੌਲਾ ਤਨਖਾਹੀਆ ਕਰਾਰ





### ਸੁਖਬੀਰ ਸਿੰਘ ਬਾਦਲ ਨੂੰ ਵੀ ਆਪਣਾ ਪੱਖ ਰੱਖਣ ਨੂੰ ਕਿਹਾ

(ਦੇਖੋ ਸਫ਼ਾ 15 'ਤੇ)

## ਸ੍ਰੀ ਅਕਾਲ ਤਖ਼ਤ ਵੱਲੋਂ ਢੱਡਰੀਆਂ ਵਾਲੇ ਦੀ ਖਿਮਾ ਯਾਚਨਾ ਪ੍ਰਵਾਨ

### ਸਰਨਾ ਤੇ ਸਾਬਕਾ ਜਥੇਦਾਰਾਂ ਸਮੇਤ ਹੋਰ ਕਈ ਸਿੱਖ ਆਗੂ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਮੌਕੇ ਹੋਏ ਪੇਸ਼




(ਦੇਖੋ ਸਫ਼ਾ 15 'ਤੇ)

## ਸਰਬੱਤ ਖਾਲਸੇ 2015 ਵਲੋਂ ਥਾਪੇ ਜਥੇਦਾਰ ਸਿੰਘ ਸਾਹਿਬ ਜਗਤਾਰ ਸਿੰਘ ਹਵਾਰਾ 36 ਦੇ 36 ਕੇਸਾਂ 'ਚੋਂ ਬਰੀ



ਮੋਹਾਲੀ : ਮੋਹਾਲੀ ਦੀ ਜ਼ਿਲ੍ਹਾ ਅਦਾਲਤ ਨੇ ਜਗਤਾਰ ਸਿੰਘ ਹਵਾਰਾ ਨੂੰ 20 ਸਾਲ ਪੁਰਾਣੇ ਇੱਕ ਹੋਰ ਮਾਮਲੇ ਵਿੱਚੋਂ ਬਰੀ ਕਰ ਦਿੱਤਾ ਹੈ। ਉਸ ਵਿਰੁੱਧ 2005 ਵਿੱਚ ਖਰੜ ਥਾਣੇ ਵਿੱਚ ਵਿਸਫੋਟਕ ਸਮੱਗਰੀ ਐਕਟ ਅਤੇ ਅਸਲਾ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਇਸ ਦੌਰਾਨ ਵੀਡੀਓ ਕਾਨਫਰੰਸਿੰਗ ਰਾਹੀਂ ਜਗਤਾਰ ਸਿੰਘ ਹਵਾਰਾ ਦੀ ਪੇਸ਼ ਹੋਈ। ਇਸ ਤੋਂ ਪਹਿਲਾਂ ਉਸਨੂੰ ਮੋਹਾਲੀ ਦੇ ਸੋਹਾਣਾ ਪੁਲਿਸ ਸਟੇਸ਼ਨ ਤੋਂ

(ਦੇਖੋ ਸਫ਼ਾ 27 'ਤੇ)

## ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਬਿਜਨਸ ਟਾਈਕੂਨ ਸ. ਇੰਦਰਵੀਰ ਸਿੰਘ ਦੁਸਾਂਝ ਦੀ ਡਬਲਿਨ ਡੀਲਰਸ਼ਿੱਪ ਵਿਖੇ ਡਬਲਿਨ ਕੈਲੀਫੋਰਨੀਆ ਦੀ Distric Attorney Ursula Jones ਦੇ ਫੰਡ ਰੇਜਿੰਗ 'ਤੇ ਪਹੁੰਚੀਆਂ ਅਮਰੀਕਾ ਦੀਆਂ ਵੱਡੀਆਂ ਸ਼ਖ਼ਸ਼ੀਅਤਾਂ



ਲਿਵਰਮੋਰ/ ਕੈਲੀਫੋਰਨੀਆ : ਅਮਰੀਕਾ ਦੇ ਉਘੇ ਸਿੱਖ ਆਗੂ ਜਿਨ੍ਹਾਂ ਨੂੰ ਅਮਰੀਕਾ ਵਿੱਚ Car King ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ ਸ੍ਰ. ਇੰਦਰਵੀਰ ਸਿੰਘ ਦੁਸਾਂਝ ਦੇ ਡਬਲਿਨ ਡੀਲਰਸ਼ਿੱਪ ਵਿਖੇ ਕੈਲੀਫੋਰਨੀਆ ਤੋਂ Distric Attorney Ursula Jones ਦਾ ਫੰਡ ਰੇਜਿੰਗ ਕੀਤਾ ਗਿਆ।
ਜਿਸ ਵਿਚ ਉਘੀਆਂ ਸ਼ਖਸੀਅਤਾਂ ਸ਼ਾਮਲ ਹੋਈਆਂ ਅਤੇ ਸ੍ਰ. ਇੰਦਰਵੀਰ ਸਿੰਘ ਦੁਸਾਂਝ ਦੀ ਗੈਰ ਹਾਜ਼ਰੀ ਵਿੱਚ ਉਨ੍ਹਾਂ ਦੇ ਸਪੁੱਤਰ ਸਰਦਾਰ ਜੈਸੀ ਦੁਸਾਂਝ ਨੇ ਸਭ ਨੂੰ ਜੀ ਆਇਆਂ ਕਿਹਾ। ਉਨ੍ਹਾਂ ਨੇ Distric Attorney Ursula Jones ਦੀ ਗੱਲ ਕਰਦਿਆਂ ਕਿਹਾ ਕਿ ਇਨ੍ਹਾਂ ਨੂੰ ਕਮਿਊਨਿਟੀ ਦੀ ਸੇਵਾ ਕਰਦਿਆਂ ਕਈ ਦਹਾਕੇ ਹੋ ਗਏ ਹਨ ਅਤੇ ਇਹ ਗਵਰਨਰ ਜੈਰੀ ਬਰਾਊਂਨਸ ਵੀ ਕੰਮ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਹ ਯਕੀਨੀ ਹੈ ਕਿ

(ਦੇਖੋ ਸਫ਼ਾ 28-29 'ਤੇ)

## ਇਹ ਪ੍ਰਵਾਰਕ ਮੇਲਾ ਦਹਾਕਿਆਂ ਤੋਂ ਅਮਰੀਕਾ 'ਚ ਆਪਣੀਆਂ ਪੀੜ੍ਹੀਆਂ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜ ਰਿਹਾ

### ਕੈਲੀਫੋਰਨੀਆਂ 'ਚ 35 ਸਾਲ ਤੋਂ ਨਿਰੰਤਰ ਪੰਜਾਬੀ ਸਭਿਆਚਾਰ ਨੂੰ ਜਿਉਂਦਾ ਰੱਖਣ ਵਾਲਾ ਪੰਜਾਬੀ ਕਲਚਰਲ ਸੋਸਾਇਟੀ ਸੈਕਰਾਮੈਂਟੋ ਵਲੋਂ 35ਵਾਂ ਸਲਾਨਾ ਮੇਲਾ ਧੂਮਧਾਮ ਨਾਲ ਮਨਾਇਆ ਗਿਆ



ਸੈਕਰਾਮੈਂਟੋ/ ਕੈਲੀਫੋਰਨੀਆਂ : ਪੰਜਾਬੀ ਸਭਿਆਚਾਰ ਦੇ ਨਿਸ਼ਕਾਮ ਸੇਵਕ ਸਰਦਾਰ ਰਛਪਾਲ ਸਿੰਘ ਫਰਵਾਲਾ ਵਲੋਂ ਆਪਣੇ ਸਹਿਯੋਗੀਆ ਨਾਲ ਅੱਜ ਤੋਂ 35 ਸਾਲ ਪਹਿਲਾ ਸ਼ੁਰੂ ਕੀਤਾ ਮੇਲਾ ਅੱਜ ਵੀ ਜਾਰੀ ਹੈ ਜੋ ਕਿ ਹੁਣ ਕੈਲੀਫੋਰਨੀਆਂ 'ਚ ਪੰਜਾਬੀ ਕਲਚਰ ਅਤੇ ਸਭਿਆਚਾਰ ਦੀ ਪਹਿਚਾਣ ਬਣ ਚੁੱਕਾ ਹੈ।
ਪੰਜਾਬੀ ਕਲਚਰਲ ਸੋਸਾਇਟੀ ਸੈਕਰਾਮੈਂਟੋ ਦਾ ਇਹ ਪ੍ਰਵਾਰਕ ਮੇਲਾ ਦਹਾਕਿਆਂ ਤੋਂ ਅਮਰੀਕਾ 'ਚ ਆਪਣੀਆਂ

(ਦੇਖੋ ਸਫ਼ਾ 30-31 'ਤੇ)

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

CJ Singh
License # 24012019
Real Estate Broker
NORTHWEST REAL ESTATE
BERKSHIRE HATHAWAY
HOMESERVICES
M. 206-401-4000
Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
cjsingh@bhhsnw.com I cjsingh.bhhsnw.com
11400 SE 8th Street Ste 100
Bellevue. WA. 98004
A member of the franchise system of BHHS Affiliates, LLC.

ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm, office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ
ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ
ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ,
ਫਾਰਮ ਹਾਊਸ ਅਤੇ ਟਰੱਕ ਯਾਰਡ ਲਈ
ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਉੱਤਰ ਪ੍ਰਦੇਸ਼ 'ਚ ਸਿੱਖਾਂ ਨੂੰ ਇਸਾਈ ਬਣਾਉਣ ਦੀਆਂ 'ਕੋਸ਼ਿਸ਼ਾਂ' ਵਿਰੁਧ ਜਾਂਚ ਸ਼ੁਰੂ

## ਸਿੱਖਾਂ ਦੇ ਵਫ਼ਦ ਨੇ ਜ਼ਿਲ੍ਹਾ ਮੈਜਿਸਟਰੇਟ ਸੰਜੇ ਕੁਮਾਰ ਸਿੰਘ ਨੂੰ ਕੀਤੀ ਸੀ ਸ਼ਿਕਾਇਤ

ਪੀਲੀਭੀਤ (ਉੱਤਰ ਪ੍ਰਦੇਸ਼) : ਉੱਤਰ ਪ੍ਰਦੇਸ਼ ਦੇ ਪੀਲੀਭੀਤ ਦੀਆਂ ਅਥਾਰਟੀਆਂ ਨੇ ਸਿੱਖਾਂ ਨੂੰ ਵੱਡੇ ਪੱਧਰ 'ਤੇ ਇਸਾਈ ਧਰਮ 'ਚ ਤਬਦੀਲ ਕਰਨ ਦੇ ਦੋਸ਼ਾਂ ਵਿਰੁਧ ਜਾਂਚ ਸ਼ੁਰੂ ਕਰ ਦਿਤੀ ਹੈ। ਜਾਂਚ ਉਦੋਂ ਸ਼ੁਰੂ ਕੀਤੀ ਗਈ ਜਦੋਂ ਇਕ ਸਥਾਨਕ ਸਿੱਖਾਂ ਸੰਸਥਾ ਦੇ ਵਫ਼ਦ ਨੇ ਇਹ ਮਾਮਲਾ ਅਥਾਰਟੀਆਂ ਸਾਹਮਣੇ ਚੁਕਿਆ।

ਜ਼ਿਲ੍ਹਾ ਮੈਜਿਸਟਰੇਟ ਸੰਜੇ ਸਿੰਘ ਨੇ ਸਨਿਚਰਵਾਰ ਨੂੰ ਕਿਹਾ ਕਿ ਸਿੱਖਾਂ ਦਾ ਇਕ ਵਫ਼ਦ ਉਨ੍ਹਾਂ ਨੂੰ ਸ਼ੁਕਰਵਾਰ ਨੂੰ ਮਿਲਿਆ ਸੀ ਅਤੇ ਸਿੱਖਾਂ ਦੇ ਵੱਡੇ ਪੱਧਰ 'ਤੇ ਗ਼ੈਰਕਾਨੂੰਨੀ ਧਰਮ ਪਰਿਵਰਤਨ ਦਾ ਦੋਸ਼ ਲਾਇਆ ਸੀ। ਉਨ੍ਹਾਂ ਕਿਹਾ, "ਮੈਂ ਪੂਰਨਪੁਰ ਦੇ ਸਬ-ਡਿਵੀਜ਼ਨਲ ਮੈਜਿਸਟਰੇਟ ਨੂੰ ਜ਼ਿਲ੍ਹਾ ਪੁਲਿਸ ਨਾਲ ਲੈ ਕੇ ਮਾਮਲੇ ਦੀ ਜਾਂਚ ਕਰਨ ਲਈ ਕਿਹਾ ਹੈ।"

ਸ਼ੁਕਰਵਾਰ ਨੂੰ ਜ਼ਿਲ੍ਹਾ ਮੈਜਿਸਟਰੇਟ ਨਾਲ ਮੁਲਾਕਾਤ ਦੌਰਾਨ ਕੁੱਲ ਭਾਰਤੀ ਸਿੱਖ ਪੰਜਾਬੀ ਭਲਾਈ ਕੌਂਸਲ ਨੇ ਦਾਅਵਾ ਕੀਤਾ ਸੀ ਕਿ 3000 ਸਿੱਖਾਂ ਨੂੰ ਪਿੱਛੇ ਜਿਹੇ ਇਸਾਈ ਧਰਮ ਅਪਣਾਇਆ ਗਿਆ। ਉਨ੍ਹਾਂ ਨੇ 160 ਪਰਵਾਰਾਂ ਦੀ ਸੂਚੀ ਵੀ ਅਥਾਰਟੀਆਂ ਨੂੰ ਸੌਂਪੀ ਜਿਨ੍ਹਾਂ ਨੇ ਦੋਸ਼ ਲਾਇਆ ਸੀ ਕਿ ਉਨ੍ਹਾਂ ਦਾ ਧਰਮ ਪਰਿਵਰਤਨ ਕਰ ਦਿਤਾ ਗਿਆ।



ਵਫ਼ਦ ਦੇ ਮੈਂਬਰ ਹਰਪਾਲ ਸਿੰਘ ਜੱਗੀ ਨੇ ਮੀਡੀਆ ਨੂੰ ਦਸਿਆ ਕਿ ਨੇਪਾਲੀ ਪਾਸਟਰ ਜ਼ਬਰਦਸਤੀ ਲੋਕਾਂ ਨੂੰ ਲਾਲਚ ਦੇ ਕੇ ਉਨ੍ਹਾਂ ਦਾ ਧਰਮ ਪਰਿਵਰਤਨ ਕਰਵਾ ਰਹੇ ਹਨ। ਉਨ੍ਹਾਂ ਨੇ ਫ਼ਰਵਰੀ 'ਚ ਹੋਏ ਇਕ ਸਮਾਗਮ ਬਾਰੇ ਵੀ ਗੱਲ ਕੀਤੀ ਜਿਸ 'ਚ 180 ਪਰਵਾਰ ਮੁੜ ਸਿੱਖ ਧਰਮ 'ਚ ਸ਼ਾਮਲ ਹੋ ਗਏ ਸਨ। ਉਨ੍ਹਾਂ ਦਾਅਵਾ ਕੀਤਾ ਕਿ ਅਜਿਹੇ ਗ਼ੈਰਕਾਨੂੰਨੀ ਧਰਮ ਪਰਿਵਰਤਨ 2020 ਤੋਂ ਨੇਪਾਲ ਦੀ ਸਰਹੱਦ ਨੇੜਲੇ ਇਲਾਕਿਆਂ 'ਚ ਕੀਤੇ ਜਾ ਰਹੇ ਹਨ ਅਤੇ ਲੋਕਾਂ ਦਾ ਦਬਾਅ ਪਾ ਕੇ, ਲਾਲਚ ਦੇ ਕੇ ਅਤੇ ਝੂਠੇ ਵਾਅਦੇ ਕਰ ਕੇ ਧਰਮ ਪਰਿਵਰਤਨ ਕਰਵਾਇਆ ਜਾ ਰਿਹਾ ਹੈ। 13 ਮਈ ਨੂੰ ਹਜ਼ਾਰਾ ਪੁਲਿਸ ਸਟੇਸ਼ਨ ਵਿਖੇ ਅੱਠ ਵਿਅਕਤੀਆਂ ਵਿਰੁਧ ਨਾਮ 'ਤੇ ਅਤੇ ਕਈ ਹੋਰ ਬੇਨਾਮ ਵਿਅਕਤੀਆਂ ਵਿਰੁਧ ਗ਼ੈਰਕਾਨੂੰਨੀ ਧਰਮਪਰਿਵਰਤਨ ਲਈ ਐਫ਼.ਆਈ.ਆਰ. ਦਰਜ ਕੀਤੀ ਗਈ ਸੀ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜ਼ਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium




Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com






Balsani Welders & Builders
We Design, Manufacture & Ship Nationwide
All Kind of Welding & Fabrication Services Available


- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।



ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।



- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।




S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

ਸਾਡੇ ਲੋਕ

# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.





OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਢੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਢੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ਵਾਰਿਸ ਭਰਾਵਾਂ ਨੇ ਪੰਜਾਬੀ ਵਿਰਸਾ 2025 ਸ਼ੋਅ ਦੌਰਾਨ ਫਰਿਜ਼ਨੋ 'ਚ ਕਰਵਾਈ ਬੱਲੇ-ਬੱਲੇ









ਫਰਿਜ਼ਨੋ (ਕੈਲੇਫੋਰਨੀਆ) (ਗੁਰਿੰਦਰਜੀਤ ਨੀਟਾ ਮਾਛੀਕੇ) : ਸਥਾਨਕ ਵਿਰਸਾ ਫਾਊਂਡੇਸ਼ਨ ਵੱਲੋਂ ਵਾਰਿਸ ਭਰਾਵਾਂ ਦਾ ਸ਼ਾਨਦਾਰ ਸ਼ੋਅ "ਪੰਜਾਬੀ ਵਿਰਸਾ 2025" ਫਰਿਜਨੋ ਦੇ ਵੁਡਵਰਡ ਪਾਰਕ ਵਿਖੇ ਸ਼ਾਨੋ-ਸ਼ੌਕਤ ਨਾਲ ਕਰਵਾਇਆ ਗਿਆ। ਦਰਸ਼ਕਾਂ ਨਾਲ ਖਚਾਖਚ ਭਰੇ ਹੋਏ ਓਪਨ ਹਾਲ ਅੰਦਰ ਸਟੇਜ ਦੀ ਸ਼ੁਰੂਆਤ ਸਟੇਜਾਂ ਦੀ ਮਲਕਾ ਆਸ਼ਾ ਸ਼ਰਮਾ ਨੇ ਸਭਨਾਂ ਨੂੰ ਨਿੱਘੀ ਜੀ ਕਹਿੰਦਿਆਂ ਸ਼ਾਇਰਾਨਾ ਅੰਦਾਜ਼ ਵਿੱਚ ਕੀਤੀ।

ਸ਼ੋਅ ਦੀ ਸੁਰੂਆਤ ਭੰਗੜੇ ਦੇ ਜੌਹਰ ਵਿਖਾਉਂਦਿਆਂ, ਓਲਡ ਸਕੂਲ ਭੰਗੜਾ ਅਕੈਡਮੀ ਦੇ ਬੱਚਿਆਂ ਨੇ ਕੀਤੀ, ਇਹ ਬੱਚੇ ਭੰਗੜਾ ਕੋਚ ਵੀਰਪਾਲ ਸਿੰਘ ਦੇ ਚੰਡੇ ਹੋਏ ਸਨ। ਇਸ ਪਿੱਛੋਂ ਜੀ. ਐਚ. ਜੀ ਦੇ ਗੱਭਰੂਆਂ ਨੇ ਮਲਵਈ ਗਿੱਧੇ ਨਾਲ ਲਾਈਵ ਬੋਲੀਆਂ ਪਾ ਕੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਭਿੰਦੇ ਜੱਟ ਨੇ ਮੋਢੇ 'ਤੇ ਪੁਰਾਣਾ ਵੀਡੀਓ ਕੈਮਰਾ ਰੱਖ ਕੇ ਆਪਣਾ ਸਦਾਬਹਾਰ ਗੀਤ "ਤੇਰੀ ਨੱਚਦੀ ਦੀ ਵੀਡੀਓ ਬਣਾਉਣੀ" ਨਾਲ ਦਰਸ਼ਕਾਂ ਦੇ ਪੱਬ ਥਿਰਕਣ ਲਾ ਦਿੱਤੇ। ਇਸ ਪਿੱਛੋ ਸ਼ੁਰੂ ਹੋਇਆ ਵਾਰਿਸ ਭਰਵਾਂ ਦਾ ਪੰਜਾਬੀ ਵਿਰਸਾ 2025 ਸ਼ੋਅ। ਇਸ ਮੌਕੇ ਵਾਰਿਸ ਭਰਾਵਾਂ, ਮਨਮੋਹਣ ਵਾਰਿਸ, ਕਮਲ ਹੀਰ ਅਤੇ ਸੰਗਤਾਰ ਨੇ ਅਸੀਂ ਜਿੱਤਾਂਗੇ ਜ਼ਰੂਰ, ਜਾਰੀ ਜੰਗ ਰੱਖਿਓ ਆਦਿ ਸੱਭਿਅਕ ਗੀਤ ਗਾ ਕੇ ਕੀਤੀ। ਇਸ ਪਿੱਛੋਂ ਵਾਰੀ ਆਈ "ਕੁੜੀਏ ਨੀਂ ਸੱਗੀ ਫੁੱਲ ਵਾਲੀਏ" ਫੇਮ ਕਮਲ ਹੀਰ ਦੀ, ਜਿਸਨੇ ਨੇ ਆਪਣੇ ਨਵੇਂ ਪੁਰਾਣੇ ਗੀਤਾਂ ਦੀ ਐਸੀ ਛਹਿਬਰ ਲਾਈ ਕਿ ਦਰਸ਼ਕ ਮਿਆਰੀ ਗਾਇਕੀ ਦਾ ਅਨੰਦ ਮਾਣਦੇ ਮਦਹੋਸ਼ ਹੋਏ ਕਿਸੇ ਵੱਖਰੀ ਮਸਤੀ ਵਿੱਚ ਨਜ਼ਰੀ ਪੈ ਰਹੇ ਸਨ। ਉਪਰੰਤ ਸੰਗਤਾਰ ਨੇ ਆਪਣੇ ਗੀਤ ਗਾ ਕੇ ਆਪਣੇ ਸੁਰੀਲੇ ਬੋਲਾਂ ਨਾਲ ਸ੍ਰੋਤਿਆਂ ਨੂੰ ਮੰਤਰ ਮੁੱਗਧ ਕੀਤਾ। ਅਖੀਰ ਵਿੱਚ ਇੰਤਜ਼ਾਰ ਦੀਆਂ ਘੜੀਆ ਖਤਮ ਹੋਈਆਂ ਤੇ ਸੁਰੀਲੇ ਗਾਇਕ ਮਨਮੋਹਨ ਵਾਰਿਸ ਨੇ ਆਪਣੇ ਦਮਦਾਰ ਅਤੇ ਸਦਾਬਹਾਰ ਗੀਤਾਂ ਨਾਲ ਮੇਲੇ ਨੂੰ ਚਰਮ ਸੀਮਾਂ ਤੱਕ ਪਹੁੰਚਾਇਆਂ ਤੇ ਉਨ੍ਹਾਂ ਜੀਅ ਜਾਨ ਨਾਲ ਗਾਇਆ ਤੇ ਆਪਣੇ ਬਹੁ-ਚਰਚਿਤ ਗੀਤ ਗਾ ਕੇ ਐਸੀ ਭੰਗੜੇ ਦੀ ਧਮਾਲ ਪਾਈ ਕਿ ਪੰਡਾਲ ਅੰਦਰ ਬੈਠੇ ਹਰ ਪੰਜਾਬੀ ਦੇ ਪੱਬ ਢੋਲ ਦੇ ਡੱਗੇ ਤੇ ਨੱਚਣੋਂ ਰਹਿ ਨਹੀਂ ਸਕੇ ਅਤੇ ਦਰਸ਼ਕਾਂ ਨੇ ਨੱਚ-ਨੱਚ ਕੇ ਅੰਬਰੀਂ ਧੂੜ ਚੜ੍ਹਾ ਦਿੱਤੀ।

ਇਸ ਮੌਕੇ ਵਿਰਸਾ ਫਾਊਂਡੇਸ਼ਨ ਟੀਮ ਵੱਲੋਂ ਆਪਣੇ ਸਮੂੰਹ ਸਪਾਂਸਰਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ ਅਤੇ ਵਿਰਸਾ ਫਾਊਂਡੇਸ਼ਨ ਮੈਂਬਰ ਜਸਵੀਰ ਸਰਾਏ ਨੇ ਵਿਰਸਾ ਫਾਊਂਡੇਸ਼ਨ ਦੇ ਕੰਮਾਂ ਕਾਰਾਂ ਤੋਂ ਦਰਸ਼ਕਾਂ ਨੂੰ ਜਾਣੂ ਕਰਵਾਇਆ। ਉਹਨਾਂ ਵਿਰਸਾ ਫਾਊਂਡੇਸ਼ਨ ਵੱਲੋ ਸਾਰੇ ਹੀ ਸਪਾਂਸਰ ਅਤੇ ਦਰਸ਼ਕ ਵੀਰਾ ਦਾ ਮੇਲੇ ਨੂੰ ਸਫ਼ਲ ਬਣਾਉਣ ਲਈ ਧੰਨਵਾਦ ਕੀਤਾ। ਇਸ ਮੌਕੇ ਵੱਖੋ-ਵੱਖ ਖਾਣੇ ਦੇ ਸਟਾਲਾਂ ਤੋਂ ਦਰਸ਼ਕਾਂ ਨੇ ਆਪਣਾ ਪਸੰਦੀਦਾ ਖਾਣਾ ਖਾਧਾ ਤੇ ਮੇਲੇ ਦਾ ਅਨੰਦ ਮਾਣਿਆ।

ਇਸ ਤਰ੍ਹਾਂ ਵਿਰਸਾ ਫਾਊਂਡੇਸ਼ਨ ਦੇ ਸਮੂਹ ਪ੍ਰਬੰਧਕ-ਬਿੱਲ ਨਿੱਝਰ, ਬਿੱਟੂ ਕੁੱਸਾ, ਜੱਸੀ ਸਰਾਏ, ਸਨੀ ਮਹੇਟ, ਮਿੱਟੂ ਧਾਲੀਵਾਲ, ਰਾਜ ਧਾਲੀਵਾਲ, ਬੌਬੀ ਸਿੱਧੂ ਆਦਿ ਸਾਰੇ ਸੱਜਣ ਸੋਹਣੇ ਪ੍ਰਬੰਧਾਂ ਲਈ ਵਧਾਈ ਦੇ ਪਾਤਰ ਨੇ, ਇਹਨਾਂ ਦੀ ਮਿਹਨਤ ਨਾਲ ਕਾਮਯਾਬੀ ਦੇ ਝੰਡੇ ਗੱਡਦਾ, ਇਹ ਪੰਜਾਬੀ ਵਿਰਸਾ 2025 ਸ਼ੋਅ 4000 ਹਜ਼ਾਰ ਤੋਂ ਜ਼ਿਆਦਾ ਦਰਸ਼ਕਾਂ ਦੇ ਇਤਿਹਾਸਕ ਇਕੱਠ, ਜਿਸ ਵਿੱਚ ਫੈਮਲੀਆਂ, ਔਰਤਾਂ ਤੇ ਬੱਚੇ ਸ਼ਾਮਲ ਸਨ, ਨਾਲ ਯਾਦਗਾਰੀ ਹੋ ਨਿਬੜੀ।

# ਅਮਰੀਕਾ ਤੋਂ ਦੁੱਖਦਾਇਕ ਖ਼ਬਰ, ਭਾਰਤੀ ਮੂਲ ਦੇ ਵਿਸ਼ਨੂੰ ਸਮੇਤ ਤਿੰਨ ਲੋਕਾਂ ਦੀ ਮੌਤ



ਵਾਸ਼ਿੰਗਟਨ : ਅਮਰੀਕਾ ਤੋਂ ਇਕ ਵਾਰ ਫਿਰ ਦੁੱਖਦਾਇਕ ਖ਼ਬਰ ਸਾਹਮਣੇ ਆਈ ਹੈ। ਇੱਥੇ ਵਾਸ਼ਿੰਗਟਨ ਰਾਜ ਦੇ ਉੱਤਰੀ ਕੈਸਕੇਡਸ ਰੇਂਜ ਵਿੱਚ ਪਹਾੜ 'ਤੇ ਚੜ੍ਹਨ ਦੌਰਾਨ ਇੱਕ ਦਰਦਨਾਕ ਹਾਦਸਾ ਵਾਪਰਿਆ। ਇਸ ਹਾਦਸੇ ਵਿੱਚ ਭਾਰਤੀ ਮੂਲ ਦੇ ਤਕਨੀਕੀ ਪੇਸ਼ੇਵਰ ਵਿਸ਼ਨੂੰ ਇਰੀਗਿਰੈਡੀ ਸਮੇਤ ਤਿੰਨ ਲੋਕਾਂ ਦੀ ਮੌਤ ਹੋ ਗਈ। ਤੁਹਾਨੂੰ ਦੱਸ ਦੇਈਏ ਕਿ ਅਮਰੀਕਾ ਦੇ ਸਿਆਟਲ ਵਿੱਚ ਰਹਿਣ ਵਾਲਾ 48 ਸਾਲਾ ਵਿਸ਼ਨੂੰ ਆਪਣੇ ਤਿੰਨ ਦੋਸਤਾਂ ਟਿਮ ਨਗੁਏਨ, ਓਲੇਕਸੈਂਡਰ ਮਾਰਟੀਨੇਂਕੋ ਅਤੇ ਐਂਟਨ ਸੇਲਿਖ ਨਾਲ ਨੌਰਥ ਅਰਲੀ ਵਿੰਟਰਜ਼ ਸਪਾਇਰ 'ਤੇ ਚੜ੍ਹ ਰਿਹਾ ਸੀ। ਚੜ੍ਹਾਈ ਦੌਰਾਨ ਮੌਸਮ ਵਿਗੜਨ ਕਾਰਨ ਸਮੂਹ ਨੇ ਵਾਪਸ ਮੁੜਨ ਦਾ ਫੈਸਲਾ ਕੀਤਾ, ਪਰ ਹੇਠਾਂ ਉਤਰਦੇ ਸਮੇਂ ਐਂਕਰ ਪੁਆਇੰਟ ਅਸਫਲ ਹੋ ਗਿਆ, ਜਿਸ ਕਾਰਨ ਚਾਰੇ ਲਗਭਗ 200 ਫੁੱਟ ਹੇਠਾਂ ਡਿੱਗ ਗਏ।

ਮੀਡੀਆ ਰਿਪੋਰਟਾਂ ਅਨੁਸਾਰ ਹਾਦਸੇ ਵਿੱਚ ਸਿਰਫ਼ ਐਂਟਨ ਸੇਲਿਖ ਹੀ ਬਚਿਆ, ਜਿਸ ਨੇ ਗੰਭੀਰ ਜ਼ਖਮੀ ਹਾਲਤ ਵਿੱਚ ਮਦਦ ਲੈਣ ਲਈ 64 ਕਿਲੋਮੀਟਰ ਦਾ ਸਫ਼ਰ ਤੈਅ ਕੀਤਾ। ਉਸਨੂੰ ਅੰਦਰੂਨੀ ਸੱਟਾਂ ਅਤੇ ਸਿਰ ਵਿੱਚ ਗੰਭੀਰ ਸੱਟਾਂ ਨਾਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਵਿਸ਼ਨੂੰ ਦੇ ਦੋਸਤਾਂ ਨੇ ਇੱਕ ਵੈੱਬਸਾਈਟ 'ਤੇ ਉਸਨੂੰ ਸ਼ਰਧਾਂਜਲੀ ਭੇਟ ਕਰਦਿਆਂ ਲਿਖਿਆ ਕਿ ਮੂਲ ਰੂਪ ਵਿਚ ਭਾਰਤ ਨਾਲ ਸਬੰਧਤ ਵਿਸ਼ਨੂੰ ਸਿਆਟਲ ਦੇ ਜੀਵੰਤ ਸੱਭਿਆਚਾਰਕ ਭਾਈਚਾਰੇ ਦਾ ਇੱਕ ਮਾਣਮੱਤਾ ਮੈਂਬਰ ਸੀ। ਉਸਨੇ ਇਮਾਨਦਾਰੀ, ਪਿਆਰ ਅਤੇ ਨਿਰੰਤਰ ਵਿਕਾਸ ਵਰਗੀਆਂ ਕਦਰਾਂ-ਕੀਮਤਾਂ ਨਾਲ ਭਰਪੂਰ ਜੀਵਨ ਬਤੀਤ ਕੀਤਾ। ਵਿਸ਼ਨੂੰ ਦੇ ਪਰਿਵਾਰ ਨੇ ਦੱਸਿਆ ਕਿ ਵਿਸ਼ਨੂੰ ਨੂੰ ਪਹਾੜ ਚੜ੍ਹਨ ਦਾ ਬਹੁਤ ਸ਼ੌਕ ਸੀ। ਇਸ ਤੋਂ ਇਲਾਵਾ ਇਹ ਕੰਮ ਉਸਦੀ ਜ਼ਿੰਦਗੀ ਦਾ ਇੱਕ ਮਹੱਤਵਪੂਰਨ ਹਿੱਸਾ ਬਣ ਗਿਆ ਸੀ।

# ਟਰੰਪ ਨੇ ਚੁੱਕਿਆ ਵੱਡਾ ਕਦਮ, 48 ਘੰਟਿਆਂ 'ਚ ਹਟੇਗੀ ਅਸ਼ਲੀਲ ਸਮੱਗਰੀ



ਨਿਊਯਾਂਰਕ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਡੀਪਫੇਕਸ ਤੇ ਰਿਵੇਂਜ ਪੋਰਨ ਵਰਗੀ ਆਨਲਾਈਨ ਪੋਰਨੋਗ੍ਰਾਫਿਕ ਸਮੱਗਰੀ ਵਿਰੁੱਧ ਇੱਕ ਵੱਡਾ ਕਦਮ ਚੁੱਕਿਆ ਹੈ। ਸੋਮਵਾਰ ਨੂੰ ਉਸਨੇ 'ਟੇਕ ਇਟ ਡਾਊਨ ਐਕਟ' ਨਾਮਕ ਇੱਕ ਇਤਿਹਾਸਕ ਕਾਨੂੰਨ 'ਤੇ ਦਸਤਖਤ ਕੀਤੇ ਜਿਸਦਾ ਉਦੇਸ਼ ਅਜਿਹੀ ਸਮੱਗਰੀ ਨੂੰ ਆਨਲਾਈਨ ਫੈਲਣ ਤੋਂ ਰੋਕਣਾ ਹੈ। ਇਸ ਨਵੇਂ ਕਾਨੂੰਨ ਦੇ ਤਹਿਤ ਜੇਕਰ ਕੋਈ ਵਿਅਕਤੀ ਜਾਂ ਪ੍ਰਕਾਸ਼ਨ ਕਿਸੇ ਵੀ ਅਸ਼ਲੀਲ ਤਸਵੀਰ, ਭਾਵੇਂ ਉਹ ਅਸਲੀ ਫੋਟੋ ਹੋਵੇ ਜਾਂ ਏਆਈ ਦੁਆਰਾ ਤਿਆਰ ਕੀਤੀ ਗਈ, ਕਿਸੇ ਦੀ ਇਜਾਜ਼ਤ ਤੋਂ ਬਿਨਾਂ ਆਨਲਾਈਨ ਪੋਸਟ ਕਰਦਾ ਹੈ ਤਾਂ ਤਕਨਾਲੋਜੀ ਕੰਪਨੀਆਂ ਨੂੰ 48 ਘੰਟਿਆਂ ਦੇ ਅੰਦਰ ਉਸ ਸਮੱਗਰੀ ਨੂੰ ਹਟਾਉਣਾ ਹੋਵੇਗਾ। ਰਾਸ਼ਟਰਪਤੀ ਟਰੰਪ ਨੇ ਵ ?ਹਾਈਟ ਹਾਊਸ ਦੇ ਰੋਜ਼ ਗਾਰਡਨ ਵਿੱਚ ਇੱਕ ਸਮਾਰੋਹ ਦੌਰਾਨ ਬਿੱਲ 'ਤੇ ਦਸਤਖਤ ਕੀਤੇ। ਇਸ ਮੌਕੇ ਅਮਰੀਕਾ ਦੀ ਪਹਿਲੀ ਮਹਿਲਾ ਮੇਲਾਨੀਆ ਟਰੰਪ ਵੀ ਮੌਜੂਦ ਸਨ, ਜਿਨ੍ਹਾਂ ਨੇ ਇਸ ਕਾਨੂੰਨ ਨੂੰ 'ਰਾਸ਼ਟਰੀ ਜਿੱਤ' ਕਿਹਾ। ਉਨ੍ਹਾਂ ਕਿਹਾ ਕਿ 'ਟੇਕ ਇਟ ਡਾਊਨ' ਐਕਟ ਸਾਡੇ ਬੱਚਿਆਂ, ਸਾਡੇ ਪਰਿਵਾਰਾਂ ਅਤੇ ਅਮਰੀਕਾ ਦੇ ਭਵਿੱਖ ਦੀ ਭਲਾਈ ਲਈ ਜ਼ਰੂਰੀ ਹੈ। ਇੱਕ ਵਾਰ ਜਦੋਂ ਇਹ ਬਿੱਲ ਲਾਗੂ ਹੋ ਜਾਂਦਾ ਹੈ, ਤਾਂ ਅਖੌਤੀ ਬਦਲਾ ਲੈਣ ਵਾਲੀ ਪੋਰਨ ਅਤੇ ਗੈਰ-ਕਾਨੂੰਨੀ ਡੀਪਫੇਕ ਸਮੱਗਰੀ ਪੋਸਟ ਕਰਨਾ ਇੱਕ ਗੈਰ-ਕਾਨੂੰਨੀ ਕੰਮ ਹੋਵੇਗਾ। ਇਸ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਜੇਲ੍ਹ ਦੀ ਸਜ਼ਾ, ਜੁਰਮਾਨਾ, ਜਾਂ ਦੋਵੇਂ ਹੋ ਸਕਦੇ ਹਨ।

ਇਹ ਬਿੱਲ ਜਿਸਨੂੰ ਅਮਰੀਕੀ ਕਾਂਗਰਸ ਵਿੱਚ ਦੋ-ਪੱਖੀ ਸਮਰਥਨ ਪ੍ਰਾਪਤ ਹੈ, ਅਪ੍ਰੈਲ ਵਿੱਚ ਪ੍ਰਤੀਨਿਧੀ ਸਭਾ ਦੁਆਰਾ ਪਾਸ ਕੀਤਾ ਗਿਆ ਸੀ। ਇਹ ਬਿੱਲ ਸੈਨੇਟ ਦੀ ਵਣਜ ਕਮੇਟੀ ਦੇ ਚੇਅਰਮੈਨ ਟੇਡ ਕਰੂਜ਼ ਦੁਆਰਾ ਲਿਖਿਆ ਗਿਆ ਸੀ ਅਤੇ ਡੈਮੋਕ੍ਰੇਟਿਕ ਸੈਨੇਟਰ ਐਮੀ ਕਲੋਬੂਚਰ ਦੁਆਰਾ ਸਹਿ-ਲੇਖਕ ਕੀਤਾ ਗਿਆ ਸੀ। ਇਹ ਇੱਕ ਦੁਰਲੱਭ ਮਾਮਲਾ ਹੈ ਜਦੋਂ ਅਮਰੀਕੀ ਕਾਂਗਰਸ ਨੇ ਇੰਟਰਨੈੱਟ ਸਮੱਗਰੀ ਨੂੰ ਨਿਯਮਤ ਕਰਨ ਲਈ ਦੋ-ਪੱਖੀ ਸਮਰਥਨ ਨਾਲ ਕਾਨੂੰਨ ਪਾਸ ਕੀਤਾ ਹੈ।

ਡੀਪਫੇਕ ਅਸਲ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ (19) ਦੀ ਮਦਦ ਨਾਲ ਤਿਆਰ ਕੀਤੇ ਗਏ ਵੀਡੀਓ ਜਾਂ ਫੋਟੋਆਂ ਹਨ। ਇਸਦੀ ਮਦਦ ਨਾਲ ਕਿਸੇ ਵੀ ਵਿਅਕਤੀ ਦਾ ਚਿਹਰਾ ਬਦਲਿਆ ਜਾ ਸਕਦਾ ਹੈ ਅਤੇ ਅਸ਼ਲੀਲ ਤਸਵੀਰਾਂ ਅਤੇ ਵੀਡੀਓਜ਼ 'ਤੇ ਚਿਪਕਾਇਆ ਜਾ ਸਕਦਾ ਹੈ, ਜਿਸ ਨਾਲ ਇਹ ਅਸਲੀ ਦਿਖਾਈ ਦਿੰਦਾ ਹੈ। ਹਾਲ ਹੀ ਵਿੱਚ ਇੱਕ ਹਿੰਦੀ ਫਿਲਮ 'ਲਵਯਾਪਾ' ਵੀ ਇਸ ਵਿਸ਼ੇ 'ਤੇ ਆਧਾਰਿਤ ਸੀ ਜਿਸ ਵਿੱਚ ਡੀਪਫੇਕ ਪੋਰਨ ਅਤੇ ਇਸਦੇ ਖ਼ਤਰਿਆਂ ਬਾਰੇ ਦੱਸਿਆ ਗਿਆ ਸੀ। ਇਹ ਨਵਾਂ ਕਾਨੂੰਨ ਆਨਲਾਈਨ ਜਿਨਸੀ ਸ਼ੋਸ਼ਣ ਦੇ ਪੀੜਤਾਂ ਨੂੰ ਸਸ਼ਕਤ ਬਣਾਉਣ ਅਤੇ ਡਿਜੀਟਲ ਯੁੱਗ ਵਿੱਚ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ।

# 1000 ਡਾਲਰ ਲੈ ਕੇ 68 .ਗੈਰ-ਕਾਨੂੰਨੀ ਪ੍ਰਵਾਸੀ ਅਮਰੀਕਾ ਤੋਂ ਹੋਏ ਡਿਪੋਰਟ

ਬੀਤੇ ਦਿਨੀਂ ਅਮੀਰੀਕੀ ਪ੍ਰਸ਼ਾਸਨ ਨੇ ਐਲਾਨ ਕੀਤਾ ਸੀ ਕਿ ਜੋ .ਗੈਰ-ਕਾਨੂੰਨੀ ਪ੍ਰਵਾਸੀ ਆਪਣੀ ਇੱਛਾ ਨਾਲ ਆਪਣੇ ਦੇਸ਼ ਵਾਪਸ ਜਾਣਾ ਚਾਹੁੰਦੇ ਹਨ, ਭਾਵ ਸੈਲਫ ਡਿਪੋਰਟ ਹੋਣਾ ਚਾਹੁੰਦੇ ਹਨ, ਉਨ੍ਹਾਂ ਨੂੰ ਸਰਕਾਰ 1,000 ਅਮਰੀਕੀ ਡਾਲਰ ਦੇਵੇਗੀ ਤੇ ਉਨ੍ਹਾਂ ਦੇ ਮੁਲਕ ਛੱਡਣ ਦਾ ਸਾਰਾ ਖ਼ਰਚਾ ਵੀ ਉਠਾਏਗੀ। ਇਸ ਦੌਰਾਨ ਅਮਰੀਕਾ ਨੇ ਸੈਲਫ਼ ਡਿਪੋਰਟ ਹੋਣ ਵਾਲੇ .ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਪਹਿਲੀ ਫਲਾਈਟ ਰਾਹੀਂ ਹੋਂਡੂਰਾਸ ਅਤੇ ਕੋਲੰਬੀਆ ਤੋਂ 68 ਪ੍ਰਵਾਸੀਆਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਭੇਜ ਦਿੱਤਾ ਹੈ।

ਉੱਤਰੀ ਹੋਂਡੂਰਾਨ ਸ਼ਹਿਰ ਸੈਨ ਪੇਡਰੋ ਸੁਲਾ ਵਿੱਚ 19 ਬੱਚਿਆਂ ਸਮੇਤ 38 ਹੋਂਡੂਰਾਨ ਅਮਰੀਕੀ ਸਰਕਾਰ ਤੋਂ 1,000 ਅਮਰੀਕੀ ਡਾਲਰ ਦੇ ਡੈਬਿਟ ਕਾਰਡ ਲੈ ਕੇ ਜਾਣ ਵਾਲੀ ਚਾਰਟਰ ਫਲਾਈਟ ਤੋਂ ਉਤਰ ਗਏ ਅਤੇ ਉਨ੍ਹਾਂ ਨੂੰ ਅਮਰੀਕਾ ਵਿੱਚ ਕਾਨੂੰਨੀ ਪ੍ਰਵੇਸ਼ ਲਈ ਅਪਲਾਈ ਕਰਨ ਲਈ ਵੀ ਇਕ ਦਿਨ ਦੀ ਇਜਾਜ਼ਤ ਦਿੱਤੀ ਗਈ।

ਜ਼ਿਕਰਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੇਸ਼ 'ਚੋਂ .ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ ਘਟਾਉਣ ਲਈ ਦੇਸ਼ ਨਿਕਾਲੇ ਦੀ ਪ੍ਰਕਿਰਿਆ ਨੂੰ ਕਾਫ਼ੀ ਤੇਜ਼ ਕੀਤਾ ਹੋਇਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਸੈਲ.ਫ ਡਿਪੋਰਟ ਦੀ ਪੇਸ਼ਕਸ਼ ਸਿਰਫ ਵਾਪਸੀ 'ਤੇ ਵਿਚਾਰ ਕਰ ਰਹੇ ਪ੍ਰਵਾਸੀਆਂ ਦੇ ਇੱਕ ਛੋਟੇ ਜਿਹੇ ਹਿੱਸੇ ਨੂੰ ਹੀ ਉਤਸ਼ਾਹਿਤ ਕਰੇਗੀ, ਪਰ ਵੱਡੇ ਪੱਧਰ 'ਤੇ ਲੋਕਾਂ ਵੱਲੋਂ ਇਸ ਨੂੰ ਅਪਣਾਇਆ ਜਾਣਾ ਮੁਮਕਿਨ ਨਹੀਂ।

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।


ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco

239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com



## All Services Under One Roof



HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111

# ਸਿੱਖਸ ਆਫ਼ ਅਮੈਰਿਕਾ ਨੇ ਜੰਮੂ ਕਸ਼ਮੀਰ 'ਚ ਪਾਕਿਸਤਾਨੀ ਅਟੈਕ 'ਚ ਮਾਰੇ ਗਏ ਗ੍ਰੰਥੀ ਸਿੰਘ ਦੇ ਪਰਿਵਾਰ ਦੀ ਬਾਂਹ ਫੜੀ

## ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਗਵਾਈ 'ਚ ਦੋ ਲੱਖ ਰੁਪਏ ਕੀਤੇ ਗਏ ਭੇਂਟ ਅਤੇ ਬੱਚਿਆਂ ਦੀ ਪੜ੍ਹਾਈ ਦਾ ਜ਼ਿੰਮਾ ਚੁੱਕਣ ਦਾ ਵੀ ਕੀਤਾ ਗਿਆ ਐਲਾਨ






ਵਾਸ਼ਿੰਗਟਨ ਡੀ.ਸੀ, (ਰਾਜ ਗੋਗਨਾ) : ਬੀਤੇ ਦਿਨੀਂ ਜੰਮੂ ਕਸ਼ਮੀਰ ਦੀ ਪਹਿਲਗਾਮ ਘਾਟੀ 'ਚ ਹੋਏ ਅੱਤਵਾਦੀ ਹਮਲੇ ਉਪਰੰਤ ਭਾਰਤ ਅਤੇ ਪਾਕਿਸਤਾਨ ਵਿਚਕਾਰ ਹਾਲਾਤ ਤਣਾਅ ਵਾਲੇ ਬਣ ਗਏ ਸਨ। ਇਹਨਾਂ ਹਾਲਾਤਾਂ ਦੇ ਚੱਲਦਿਆਂ ਜੰਮੂ ਕਸ਼ਮੀਰ ਦੇ ਇਕ ਗੁਰਦੁਆਰਾ ਸਾਹਿਬ 'ਤੇ ਵੀ ਹਮਲਾ ਹੋਇਆ ਜਿਸ ਵਿਚ ਇਕ ਗ੍ਰੰਥੀ ਸਿੰਘ ਸ਼ਹੀਦ ਹੋ ਗਏ ਸੀ ਜਿਸ ਕਾਰਨ ਪਰਿਵਾਰ ਨੂੰ ਬਹੁਤ ਵੱਡਾ ਘਾਟਾ ਪੈ ਗਿਆ। ਇਸ ਪਰਿਵਾਰ ਦੀ ਬਾਂਹ ਫੜਦਿਆਂ ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਗਵਾਈ ਵਿਚ ਸਿੱਖਸ ਆਫ ਅਮੈਰਿਕਾ ਵਲੋਂ ਦੋ ਲੱਖ ਰੁਪਏ ਦਾ ਚੈੱਕ ਭੇਂਟ ਕੀਤਾ ਗਿਆ ਅਤੇ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਚੁੱਕਣ ਦਾ ਜ਼ਿੰਮਾ ਲਿਆ ਗਿਆ। ਸ੍ਰ. ਜਸਦੀਪ ਸਿੰਘ ਜੱਸੀ ਨੇ ਦੱਸਿਆ ਕਿ ਸਿੱਖਸ ਆਫ਼ ਅਮੈਰਿਕਾ ਪਰਿਵਾਰ ਨਾਲ ਹੋਏ ਦੁਖਾਂਤ ਪ੍ਰਤੀ ਦੁੱਖ ਦਾ ਪ੍ਰਗਟਾਵਾ ਤਾਂ ਕਰਦੀ ਹੀ ਹੈ ਪਰ ਕੋਸ਼ਿਸ਼ ਇਹ ਵੀ ਰਹੇਗੀ ਕਿ ਪਰਿਵਾਰ ਨੂੰ ਭਵਿੱਖ 'ਚ ਕਿਸੇ ਵੀ ਤਰਾਂ ਦੀ ਕੋਈ ਵੀ ਘਾਟ ਮਹਿਸੂਸ ਨਹੀ ਹੋਣ ਦਿੱਤੀ ਜਾਵੇਗੀ।

# ਨਿਊਯਾਰਕ 'ਚ ਬਰੁਕਲਿਨ ਪੁਲ ਨਾਲ ਟਕਰਾਇਆ ਮੈਕਸੀਕਨ ਜਲਸੈਨਾ ਦਾ ਜਹਾਜ਼

## 19 ਵਿਅਕਤੀ ਜ਼ਖ਼ਮੀ, ਚਾਰ ਦੀ ਹਾਲਤ ਗੰਭੀਰ; 142 ਸਾਲ ਪੁਰਾਣੇ ਪੁਲ ਦਾ ਕਿਸੇ ਵੱਡੇ ਨੁਕਸਾਨ ਤੋਂ ਬਚਾਅ

ਨਿਊਯਾਰਕ : ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿਚ ਪ੍ਰਚਾਰ ਯਾਤਰਾ 'ਤੇ ਆਏ ਮੈਕਸਿਕੋ ਦੀ ਜਲਸੈਨਾ ਦਾ ਜਹਾਜ਼ ਇਤਿਹਾਸਕ ਬਰੁਕਲਿਨ ਪੁਲ ਨਾਲ ਟਕਰਾ ਗਿਆ। ਹਾਦਸੇ ਵਿਚ 19 ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿਚੋਂ ਚਾਰ ਦੀ ਹਾਲਤ ਗੰਭੀਰ ਹੈ। ਨਿਊ ਯਾਰਕ ਦੇ ਮੇਅਰ ਨੇ ਇਹ ਜਾਣਕਾਰੀ ਦਿੱਤੀ। ਜਹਾਜ਼ ਦੇ 'ਈਸਟ ਰਿਵਰ' ਤੋਂ ਲੰਘਣ ਮੌਕੇ ਇਸ ਦੇ ਉਪਰਲੇ ਤਿੰਨ 'ਮਾਸਟ' (ਖੰਭੇ) ਪੁਲ ਨਾਲ ਟਕਰਾਉਣ ਕਰਕੇ ਅੰਸ਼ਕ ਤੌਰ 'ਤੇ ਢਹਿ ਗਏ। ਨਿਊ ਯਾਰਕ ਦੇ ਫਾਇਰ ਬ੍ਰਿਗੇਡ ਦਸਤੇ ਨੇ ਇਸ ਹਾਦਸੇ ਵਿਚ ਕੁਝ ਲੋਕਾਂ ਦੇ ਜ਼ਖ਼ਮੀ ਹੋਣ ਦੀ ਪੁਸ਼ਟੀ ਕੀਤੀ ਹੈ।

ਨਿਊਯਾਰਕ ਦੇ ਮੇਅਰ ਐਰਿਕ ਐਡਮਜ਼ ਨੇ ਦੱਸਿਆ ਕਿ ਇਸ ਹਾਦਸੇ ਵਿਚ 19 ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿਚੋਂ ਚਾਰ ਦੀ ਹਾਲਤ ਗੰਭੀਰ ਹੈ। ਉਨ੍ਹਾਂ ਕਿਹਾ ਕਿ ਹਾਲਾਂਕਿ 142 ਸਾਲ ਪੁਰਾਣੇ ਪੁਲ ਦਾ ਕੋਈ ਵੱਡਾ ਨੁਕਸਾਨ ਨਹੀਂ ਹੋਇਆ ਤੇ ਟੱਕਰ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਉਂਝ ਕੁਝ ਪ੍ਰਤੱਖਦਰਸ਼ੀਆਂ ਵੱਲੋਂ ਬਣਾਏ ਗਏ ਵੀਡੀਓ ਵਿਚ ਪੁਲ ਦੇ ਡੈੱਕ ਨਾਲ ਟਕਰਾਉਣ 'ਤੇ



ਜਹਾਜ਼ ਦੇ 'ਮਾਸਟ' ਟੁੱਟਦੇ ਤੇ ਅੰਸ਼ਕ ਤੌਰ 'ਤੇ ਢਹਿੰਦੇ ਦੇਖੇ ਜਾ ਸਕਦੇ ਹਨ। ਵੀਡੀਓ ਵਿਚ ਟੱਕਰ ਮੌਕੇ ਪੁਲ 'ਤੇ ਭਾਰੀ ਆਵਾਜਾਈ ਦੇਖੀ ਜਾ ਸਕਦੀ ਹੈ।

ਬਰੁਕਲਿਨ ਪੁਲ ਦਾ ਉਦਘਾਟਨ ਸਾਲ 1883 ਵਿਚ ਕੀਤਾ ਗਿਆ ਸੀ। ਇਸ ਦਾ ਮੁੱਖ ਹਿੱਸਾ ਕਰੀਬ 1,600 ਫੁੱਟ (490 ਮੀਟਰ) ਲੰਮਾ ਹੈ। ਸ਼ਹਿਰ ਦੇ ਆਵਾਜਾਈ ਵਿਭਾਗ ਮੁਤਾਬਕ ਰੋਜ਼ਾਨਾ 1,00,000 ਤੋਂ ਵੱਧ ਵਾਹਨ ਤੇ ਅਨੁਮਾਨਤ 32,000 ਪੈਦਲ ਯਾਤਰੀ ਇਸ ਪੁਲ ਤੋਂ ਲੰਘਦੇ ਹਨ। ਮੈਕਸੀਕਨ ਜਲਸੈਨਾ ਮੁਤਾਬਕ ਕਰੀਬ 297 ਫੁਟ ਲੰਮਾ ਤੇ 40 ਫੁੱਟ ਚੌੜਾ ਕੁਆਓਟੇਮੋਕ ਜਹਾਜ਼ ਪਹਿਲੀ ਵਾਰ 1982 ਵਿਚ ਪਾਣੀ ਵਿਚ ਉਤਰਿਆ ਸੀ।

# ਕੈਲੀਫੋਰਨੀਆ 'ਚ ਹਸਪਤਾਲ ਦੇ ਬਾਹਰ ਬੰਬ ਧਮਾਕਾ, 1 ਦੀ ਮੌਤ ਤੇ 4 ਜ਼ਖਮੀ

ਕੈਲੀਫੋਰਨੀਆ : ਅਮਰੀਕਾ ਦੇ ਕੈਲੀਫੋਰਨੀਆ ਵਿੱਚ ਇੱਕ ਫਰਟੀਲਿਟੀ ਕਲੀਨਿਕ ਦੇ ਨੇੜੇ ਇੱਕ ਵੱਡਾ ਬੰਬ ਧਮਾਕਾ (California Bomb Blast) ਹੋਇਆ ਹੈ। ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐਫਬੀਆਈ) ਨੇ ਇਸਨੂੰ ਅੱਤਵਾਦ ਕਰਾਰ ਦਿੱਤਾ ਹੈ। ਇਸ ਧਮਾਕੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ ਲਗਭਗ 4 ਲੋਕ ਜ਼ਖਮੀ ਹੋ ਗਏ। ਐਫਬੀਆਈ ਦਾ ਕਹਿਣਾ ਹੈ ਕਿ ਇਹ ਜਾਣਬੁੱਝ ਕੇ ਕੀਤਾ ਗਿਆ ਅੱਤਵਾਦੀ ਕੰਮ ਸੀ।

ਐਫਬੀਆਈ ਦੇ ਲਾਸ ਏਂਜਲਸ ਫੀਲਡ ਦਫ਼ਤਰ ਦੇ ਸਹਾਇਕ ਨਿਰਦੇਸ਼ਕ ਅਕਿਲ ਡੇਵਿਸ ਨੇ ਕਿਹਾ ਕਿ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਇਸ ਤੋਂ ਇਲਾਵਾ ਉਸ ਨੇ ਕੋਈ ਵੀ ਜਾਣਕਾਰੀ ਸਾਂਝੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਡੇਵਿਸ ਦੇ ਅਨੁਸਾਰ, ਇਹ ਧਮਾਕਾ ਅਮਰੀਕੀ ਪ੍ਰਜਨਨ ਕੇਂਦਰ ਦੇ ਬਾਹਰ ਹੋਇਆ। ਕਲੀਨਿਕ ਦੇ ਬਾਹਰ ਖੜ੍ਹੇ ਇੱਕ ਵਾਹਨ ਦੇ ਨੇੜੇ ਧਮਾਕਾ ਹੋਇਆ, ਜਿਸ ਵਿੱਚ ਨਾ ਸਿਰਫ਼ ਵਾਹਨ ਦੇ ਟੁਕੜੇ-ਟੁਕੜੇ ਹੋ ਗਏ ਬਲਕਿ ਇੱਕ ਵਿਅਕਤੀ ਦੀ ਜਾਨ ਵੀ ਚਲੀ ਗਈ।



ਤੁਹਾਨੂੰ ਦੱਸ ਦੇਈਏ ਕਿ ਇਹ ਘਟਨਾ ਸ਼ਨੀਵਾਰ ਸਵੇਰੇ 11 ਵਜੇ ਵਾਪਰੀ। ਕਲੀਨਿਕ ਦੇ ਨੇੜੇ ਇੱਕ ਕਾਰ ਖੜੀ ਸੀ। ਪੁਲਿਸ ਨੂੰ ਸ਼ੱਕ ਹੈ ਕਿ ਧਮਾਕਾ ਕਾਰ ਵਿੱਚ ਹੋਇਆ ਹੈ ਜਾਂ ਕਾਰ ਦੇ ਨੇੜੇ ਕਿਤੇ ਬੰਬ ਰੱਖਿਆ ਗਿਆ ਸੀ।

ਐਫਬੀਆਈ ਦੇ ਸਹਾਇਕ ਨਿਰਦੇਸ਼ਕ ਅਕਿਲ ਡੇਵਿਸ ਨੇ ਇਸ ਨੂੰ 'ਅੱਤਵਾਦ ਦੀ ਕਾਰਵਾਈ' ਕਿਹਾ। ਉਹ ਕਹਿੰਦਾ ਹੈ ਕਿ ਐਫਬੀਆਈ ਇਸ ਗੱਲ ਦੀ ਜਾਂਚ ਕਰ ਰਿਹਾ ਹੈ ਕਿ ਇਹ ਇੱਕ ਅੰਤਰਰਾਸ਼ਟਰੀ ਅੱਤਵਾਦੀ ਘਟਨਾ ਹੈ ਜਾਂ ਘਰੇਲੂ ਅੱਤਵਾਦ ਦਾ ਮਾਮਲਾ।

ਪੁਲਿਸ ਦਾ ਕਹਿਣਾ ਹੈ ਕਿ ਇਸ ਧਮਾਕੇ ਕਾਰਨ ਆਲੇ-ਦੁਆਲੇ ਦੀਆਂ ਕਈ ਇਮਾਰਤਾਂ ਨੂੰ ਵੀ ਨੁਕਸਾਨ ਪਹੁੰਚਿਆ ਹੈ। ਅਮਰੀਕਨ ਰੀਪ੍ਰੋਡਕਟਿਵ ਸੈਂਟਰ ਦੀਆਂ ਅਮਰੀਕਾ ਭਰ ਵਿੱਚ 3 ਸ਼ਾਖਾਵਾਂ ਹਨ। 'ਧਮਾਕੇ ਦੀ ਆਵਾਜ਼ ਤੋਂ ਹਰ ਕੋਈ ਡਰ ਗਿਆ ਸੀ, ਪਰ ਅਜਿਹੇ ਹਾਦਸੇ ਸਾਨੂੰ ਡਰਾ ਨਹੀਂ ਸਕਦੇ' ਕਲੀਨਿਕ ਦੇ ਡਾਕਟਰ ਮਹੇਰ ਅਬਦੁੱਲਾ ਕਹਿੰਦੇ ਹਨ।

# ਰੂਸ ਅਤੇ ਯੂਕਰੇਨ ਤੁਰੰਤ ਜੰਗਬੰਦੀ ਗੱਲਬਾਤ ਲਈ ਸਹਿਮਤ ਹਨ: ਟਰੰਪ

## ਕ੍ਰੇਮਲਿਨ ਨੇ ਕਿਹਾ ਇਸ ਲਈ ਪ੍ਰਕਿਰਿਆ ਵਿਚ ਸਮਾਂ ਲੱਗ ਸਕਦਾ ਹੈ

ਵਾਸ਼ਿੰਗਟਨ/ਮਾਸਕੋ/ਕੀਵ : ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੋਮਵਾਰ ਨੂੰ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਆਪਣੀ ਗੱਲਬਾਤ ਤੋਂ ਬਾਅਦ ਕਿਹਾ ਕਿ ਰੂਸ ਅਤੇ ਯੂਕਰੇਨ ਤੁਰੰਤ ਜੰਗਬੰਦੀ ਲਈ ਗੱਲਬਾਤ ਸ਼ੁਰੂ ਕਰਨਗੇ। ਪਰ ਕ੍ਰੇਮਲਿਨ ਨੇ ਕਿਹਾ ਕਿ ਪ੍ਰਕਿਰਿਆ ਵਿਚ ਸਮਾਂ ਲੱਗੇਗਾ ਅਤੇ ਅਮਰੀਕੀ ਰਾਸ਼ਟਰਪਤੀ ਨੇ ਸੰਕੇਤ ਦਿੱਤਾ ਕਿ ਉਹ ਮਾਸਕੋ 'ਤੇ ਦਬਾਅ ਪਾਉਣ ਲਈ ਯੂਰਪ ਵਿਚ ਨਵੀਆਂ ਪਾਬੰਦੀਆਂ ਲਗਾਉਣ ਲਈ ਤਿਆਰ ਨਹੀਂ ਹਨ।



ਇਕ ਸੋਸ਼ਲ ਮੀਡੀਆ ਪੋਸਟ ਵਿਚ ਟਰੰਪ ਨੇ ਕਿਹਾ ਕਿ ਉਸ ਨੇ ਰੂਸੀ ਨੇਤਾ ਨਾਲ ਆਪਣੇ ਸੈਸ਼ਨ ਤੋਂ ਬਾਅਦ ਇਕ ਗਰੁੱਪ ਕਾਲ ਵਿਚ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਦੇ ਨਾਲ-ਨਾਲ ਯੂਰਪੀਅਨ ਯੂਨੀਅਨ, ਫਰਾਂਸ, ਇਟਲੀ, ਜਰਮਨੀ ਅਤੇ ਫਿਨਲੈਂਡ ਦੇ ਨੇਤਾਵਾਂ ਨੂੰ ਯੋਜਨਾ ਬਾਰੇ ਦੱਸਿਆ ਹੈ। ਟਰੰਪ ਨੇ ਕਿਹਾ, "ਰੂਸ ਅਤੇ ਯੂਕਰੇਨ ਤੁਰੰਤ ਜੰਗਬੰਦੀ ਅਤੇ ਸਭ ਤੋਂ ਮਹੱਤਵਪੂਰਨ ਯੁੱਧ ਦੇ ਅੰਤ ਲਈ ਗੱਲਬਾਤ ਸ਼ੁਰੂ ਕਰਨਗੇ।" ਬਾਅਦ ਵਿਚ ਵ੍ਹਾਈਟ ਹਾਊਸ ਨੇ ਕਿਹਾ ਉਹ ਸੋਚਦੇ ਹਨ ਕਿ "ਗੱਲਬਾਤ ਅੱਗੇ ਵਧ ਰਹੀ ਹੈ।" ਪਿਛਲੇ ਹਫ਼ਤੇ ਤੁਰਕੀ ਵਿਚ ਮੁਲਾਕਾਤ ਤੋਂ ਬਾਅਦ ਪੁਤਿਨ ਨੇ ਮਾਸਕੋ ਅਤੇ ਕੀਵ ਵਿਚਕਾਰ ਸਿੱਧੀ ਗੱਲਬਾਤ ਮੁੜ ਸ਼ੁਰੂ ਕਰਨ ਦਾ ਸਮਰਥਨ ਕਰਨ ਲਈ ਟਰੰਪ ਦਾ ਧੰਨਵਾਦ ਕੀਤਾ। ਪਰ ਸੋਮਵਾਰ ਦੀ ਕਾਲ ਤੋਂ ਬਾਅਦ ਉਨ੍ਹਾਂ ਨੇ ਕਿਹਾ ਕੋਸ਼ਿਸ਼ਾਂ ਆਮ ਤੌਰ 'ਤੇ ਸਹੀ ਰਾਹ 'ਤੇ ਹਨ। ਪੁਤਿਨ ਨੇ ਸੋਚੀ ਦੇ ਕਾਲੇ ਸਾਗਰ ਰਿਜ਼ੋਰਟ ਨੇੜੇ ਪੱਤਰਕਾਰਾਂ ਨੂੰ ਕਿਹਾ, "ਅਸੀਂ ਸੰਯੁਕਤ ਰਾਜ ਦੇ ਰਾਸ਼ਟਰਪਤੀ ਨਾਲ ਸਹਿਮਤ ਹੋਏ ਹਾਂ ਕਿ ਰੂਸ ਪ੍ਰਸਤਾਵ ਦੇਵੇਗਾ ਅਤੇ ਭਵਿੱਖ ਵਿਚ ਇਕ ਸੰਭਾਵੀ ਸ਼ਾਂਤੀ ਸਮਝੌਤੇ 'ਤੇ ਇੱਕ ਮੈਮੋਰੰਡਮ 'ਤੇ ਯੂਕਰੇਨੀ ਪੱਖ ਨਾਲ ਕੰਮ ਕਰਨ ਲਈ ਤਿਆਰ ਹੈ।"

# ਪੈਸੇ ਭੇਜਣ 'ਤੇ 5 ਫ਼ੀਸਦੀ ਟੈਕਸ ਲਗਾਉਣ ਦੀ ਤਿਆਰੀ 'ਚ ਟਰੰਪ ਪ੍ਰਸ਼ਾਸਨ

## ਦੁਨੀਆ ਭਰ 'ਚ ਲਗਪਗ 40 ਮਿਲੀਅਨ ਪ੍ਰਵਾਸੀ ਹੋਣਗੇ ਪ੍ਰਭਾਵ

ਨਵੀਂ ਦਿੱਲੀ : ਅਮਰੀਕਾ ਦੇ ਟਰੰਪ ਪ੍ਰਸ਼ਾਸਨ ਨੇ ਵਿਦੇਸ਼ਾਂ 'ਚ ਭੇਜੇ ਜਾਣ ਵਾਲੇ ਪੈਸੇ (ਰੈਮਿਟੈਂਸ) 'ਤੇ ਪੰਜ ਫ਼ੀਸਦੀ ਟੈਕਸ ਲਗਾਉਣ ਦਾ ਫ਼ੈਸਲਾ ਕੀਤਾ ਹੈ। ਇਹ ਮੰਨਿਆ ਜਾ ਰਿਹਾ ਹੈ ਕਿ ਜੇਕਰ ਅਜਿਹਾ ਹੁੰਦਾ ਹੈ ਤਾਂ ਇਸ ਦਾ ਸਿੱਧਾ ਅਸਰ ਉਨ੍ਹਾਂ ਪ੍ਰਵਾਸੀ ਭਾਰਤੀਆਂ 'ਤੇ ਪਵੇਗਾ ਜੋ ਉੱਥੋਂ ਆਪਣੇ ਘਰਾਂ ਨੂੰ ਪੈਸੇ ਭੇਜਦੇ ਹਨ।

ਦਰਅਸਲ ਰਾਸ਼ਟਰਪਤੀ ਡੋਨਾਲਡ ਟਰੰਪ ਪੈਸੇ ਭੇਜਣ 'ਤੇ ਪੰਜ ਫ਼ੀਸਦੀ ਐਕਸਾਈਜ਼ ਡਿਊਟੀ ਲਗਾਉਣਾ ਚਾਹੁੰਦੇ ਹਨ। ਇਹ ਫੀਸ ਹਰ ਉਸ ਪ੍ਰਵਾਸੀ 'ਤੇ ਲਾਗੂ ਹੋਵੇਗੀ ਜੋ ਗ੍ਰੀਨ ਕਾਰਡ ਧਾਰਕ ਜਾਂ ਐੱਚ1ਬੀ ਵੀਜ਼ਾ 'ਤੇ ਕੰਮ ਕਰਨ ਲਈ ਉੱਥੇ ਗਿਆ ਹੈ। ਇਹ ਮੰਨਿਆ ਜਾ ਰਿਹਾ ਹੈ ਕਿ ਇਸ ਨਾਲ ਲਗਪਗ 4 ਕਰੋੜ ਪ੍ਰਵਾਸੀ ਪ੍ਰਭਾਵਿਤ ਹੋਣਗੇ। ਪ੍ਰਸਤਾਵਿਤ ਫੀਸ ਅਮਰੀਕੀ ਨਾਗਰਿਕਾਂ 'ਤੇ ਲਾਗੂ ਨਹੀਂ ਹੋਵੇਗੀ। ਆਰਬੀਆਈ ਦੇ ਮਾਰਚ ਬੁਲੇਟਿਨ ਦੇ ਅਨੁਸਾਰ, ਭਾਰਤ ਨੂੰ ਭੇਜੇ ਜਾਣ ਵਾਲੇ ਪੈਸੇ 2010-11 'ਚ 55.6 ਅਰਬ ਡਾਲਰ ਤੋਂ ਦੁੱਗਣੇ ਹੋ ਕੇ 2023-24 'ਚ 118.7 ਅਰਬ ਡਾਲਰ ਹੋ ਜਾਣਗੇ। ਬੁਲੇਟਿਨ ਦੇ ਅਨੁਸਾਰ, 2023-24 'ਚ ਭਾਰਤ ਨੂੰ ਪ੍ਰਾਪਤ ਹੋਏ ਕੁੱਲ ਰੈਮਿਟੈਂਸ 'ਚ ਅਮਰੀਕਾ ਦਾ ਹਿੱਸਾ ਸਭ ਤੋਂ ਵੱਧ 27.7 ਫ਼ੀਸਦੀ ਸੀ। 2020-21 'ਚ ਇਹ 23.4 ਫ਼ੀਸਦੀ ਸੀ। 27.7 ਫ਼ੀਸਦੀ ਹਿੱਸਾ ਲਗਭਗ 32.9 ਅਰਬ ਡਾਲਰ ਰੈਮਿਟੈਂਸ ਦੇ ਬਰਾਬਰ ਹੈ। ਜੇਕਰ 32.9 ਅਰਬ ਡਾਲਰ 'ਤੇ ਪੰਜ ਫ਼ੀਸਦੀ ਟੈਕਸ ਲਗਾਇਆ ਜਾਂਦਾ ਹੈ ਤਾਂ ਲਾਗਤ 1.64 ਅਰਬ ਡਾਲਰ ਹੋਵੇਗੀ। ਆਰਬੀਆਈ ਦੇ ਲੇਖ 'ਚ ਕਿਹਾ ਗਿਆ ਹੈ ਕਿ ਪੈਸੇ ਭੇਜਣ ਦੀ ਲਾਗਤ ਦੇ ਦੋ ਹਿੱਸੇ ਹੁੰਦੇ ਹਨ। ਲੈਣ-ਦੇਣ ਦੇ ਕਿਸੇ ਵੀ ਪੜਾਅ 'ਤੇ ਲਈਆਂ ਜਾਣ ਵਾਲੀਆਂ ਫੀਸਾਂ ਤੇ ਸਥਾਨਕ ਮੁਦਰਾ ਤੋਂ ਪ੍ਰਾਪਤਕਰਤਾ ਦੇਸ਼ ਦੀ ਮੁਦਰਾ ਤੱਕ ਦੀ ਵਟਾਂਦਰਾ ਦਰ। ਲੇਖ 'ਚ ਇਹ ਵੀ ਕਿਹਾ ਗਿਆ ਹੈ ਕਿ ਪੈਸੇ ਭੇਜਣ ਦੀ ਵਰਤੋਂ ਮੁੱਖ ਤੌਰ 'ਤੇ ਪਰਿਵਾਰਾਂ ਦੀ ਸਹਾਇਤਾ ਲਈ ਕੀਤੀ ਜਾਂਦੀ ਹੈ ਤੇ ਸਰਹੱਦਾਂ ਤੋਂ ਪਾਰ ਪੈਸੇ ਭੇਜਣ ਦੀ ਲਾਗਤ ਦਾ ਮਹੱਤਵਪੂਰਨ ਸਮਾਜਿਕ-ਆਰਥਿਕ ਪ੍ਰਭਾਵ ਪੈਂਦਾ ਹੈ, ਇਸ ਲਈ ਇਸ ਲਾਗਤ ਨੂੰ ਘਟਾਉਣਾ ਇਕ ਦਹਾਕੇ ਤੋਂ ਵੱਧ ਸਮੇਂ ਤੋਂ ਵਿਸ਼ਵ ਪੱਧਰ 'ਤੇ ਮਹੱਤਵਪੂਰਨ ਨੀਤੀ ਏਜੰਡਾ ਰਿਹਾ ਹੈ। ਵਿਸ਼ਵ ਬੈਂਕ ਦੇ ਅਨੁਸਾਰ, ਭਾਰਤ 2008 ਤੋਂ ਰੈਮਿਟੈਂਸ ਪ੍ਰਾਪਤ ਕਰਨ ਵਾਲੇ ਸਭ ਤੋਂ ਵੱਧ ਦੇਸ਼ਾਂ 'ਚੋਂ ਇਕ ਰਿਹਾ ਹੈ। ਵਿਸ਼ਵ ਪੱਧਰ 'ਤੇ ਰੈਮਿਟੈਂਸ 'ਚ ਇਸ ਦਾ ਹਿੱਸਾ 2001 'ਚ ਲਗਭਗ 11 ਫ਼ੀਸਦੀ ਤੋਂ ਵਧ ਕੇ 2024 'ਚ ਲਗਭਗ 14 ਫ਼ੀਸਦੀ ਹੋਣ ਦਾ ਅਨੁਮਾਨ ਹੈ। ਵਿਸ਼ਵ ਬੈਂਕ ਨੇ ਦਸੰਬਰ 2024 'ਚ ਇੱਕ ਬਲੌਗ 'ਚ ਕਿਹਾ ਸੀ ਕਿ ਭਾਰਤ 2024 'ਚ 129 ਅਰਬ ਡਾਲਰ ਦੇ ਨਾਲ ਸਭ ਤੋਂ ਵੱਧ ਰੈਮਿਟੈਂਸ ਪ੍ਰਾਪਤ ਕਰਨ ਵਾਲੇ ਦੇਸ਼ਾਂ 'ਚ ਸਿਖ਼ਰ 'ਤੇ ਹੈ। ਇਸ ਤੋਂ ਬਾਅਦ ਮੈਕਸੀਕੋ (68 ਅਰਬ ਡਾਲਰ), ਚੀਨ (48 ਅਰਬ ਡਾਲਰ), ਫਿਲੀਪੀਨਜ਼ (40 ਅਰਬ ਡਾਲਰ) ਤੇ ਪਾਕਿਸਤਾਨ (33 ਅਰਬ ਡਾਲਰ) ਦਾ ਨੰਬਰ ਆਉਂਦਾ ਹੈ।

# 'ਆਪ੍ਰੇਸ਼ਨ ਸਿੰਧੂਰ' ਅਤੇ ਕੌਮਾਂਤਰੀ ਭਾਈਚਾਰਾ !

ਭਾਰਤ ਤੇ ਪਾਕਿਸਤਾਨ ਵਿਚ ਤਣਾਅ ਦਾ ਇਤਿਹਾਸ ਲੰਬਾ ਅਤੇ ਗੁੰਝਲਦਾਰ ਰਿਹਾ ਹੈ। ਦੋਹਾਂ ਦੇਸ਼ਾਂ ਵਿਚ ਕਸ਼ਮੀਰ ਨੂੰ ਲੈ ਕੇ ਦਹਾਕਿਆਂ ਤੋਂ ਚੱਲਿਆ ਆ ਰਿਹਾ ਵਿਵਾਦ ਸਮੇਂ-ਸਮੇਂ 'ਤੇ ਹਿੰਸਕ ਸੰਘਰਸ਼ਾਂ ਦਾ ਕਾਰਨ ਬਣਦਾ ਰਿਹਾ ਹੈ। ਹੁਣੇ ਜਿਹੇ ਅਪ੍ਰੈਲ 2025 'ਚ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਦੋਹਾਂ ਦੇਸ਼ਾਂ ਵਿਚ ਤਣਾਅ ਇਕ ਵਾਰ ਫਿਰ ਸਿਖਰਾਂ 'ਤੇ ਪਹੁੰਚ ਗਿਆ।

ਇਸ ਘਟਨਾਚੱਕਰ ਨੇ ਦੱਖਣੀ ਏਸ਼ੀਆ 'ਚ ਤਣਾਅ ਨੂੰ ਹੋਰ ਵਧਾ ਦਿੱਤਾ। ਇਸ ਸੰਦਰਭ 'ਚ, ਅਮਰੀਕਾ ਦੀ ਜਾਰਜਟਾਊਨ ਯੂਨੀਵਰਸਿਟੀ ਦੀ ਜੰਗ ਦੇ ਮਾਮਲਿਆਂ ਦੀ ਮਾਹਿਰ ਪ੍ਰੋਫੈਸਰ ਕ੍ਰਿਸਟੀਨ ਫੇਅਰ ਨੇ ਇਕ ਟੀ. ਵੀ. ਇੰਟਰਵਿਊ 'ਚ ਇਸ ਸੰਘਰਸ਼ ਦੇ ਕਾਰਨਾਂ, ਨਤੀਜਿਆਂ ਅਤੇ ਭਵਿੱਖ ਦੀਆਂ ਸੰਭਾਵਨਾਵਾਂ 'ਤੇ ਵਿਸਥਾਰ ਨਾਲ ਚਰਚਾ ਕੀਤੀ।

ਪ੍ਰੋਫੈਸਰ ਫੇਅਰ ਨੇ ਆਪਣੀ ਇੰਟਰਵਿਊ 'ਚ ਦੱਸਿਆ ਕਿ ਪਾਕਿਸਤਾਨ ਦੀ ਫੌਜ ਅਤੇ ਉਸ ਦਾ ਖੁਫੀਆ ਤੰਤਰ ਲੰਬੇ ਸਮੇਂ ਤੋਂ ਅੱਤਵਾਦੀ ਸੰਗਠਨਾਂ ਜਿਵੇਂ ਲਸ਼ਕਰ-ਏ-ਤੋਇਬਾ ਆਦਿ ਨੂੰ ਸਮਰਥਨ ਦਿੰਦਾ ਰਿਹਾ ਹੈ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਇਹ ਸੰਗਠਨ ਨਾ ਸਿਰਫ ਕਸ਼ਮੀਰ 'ਚ ਸਰਗਰਮ ਹੈ, ਸਗੋਂ ਪਾਕਿਸਤਾਨ ਦੇ ਅੰਦਰੂਨੀ ਸੁਰੱਖਿਆ ਦ੍ਰਿਸ਼ 'ਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ। ਉਸ ਅਨੁਸਾਰ, ਪਾਕਿਸਤਾਨੀ ਫੌਜ ਇਨ੍ਹਾਂ ਸੰਗਠਨਾਂ ਨੂੰ ਰਣਨੀਤਿਕ ਜਾਇਦਾਦ ਦੇ ਰੂਪ 'ਚ ਦੇਖਦੀ ਹੈ, ਜੋ ਭਾਰਤ ਖਿਲਾਫ ਗੁੱਝੀ ਜੰਗ ਛੇੜਨ 'ਚ ਉਪਯੋਗੀ ਹੈ।

ਪ੍ਰੋਫੈਸਰ ਫੇਅਰ ਨੇ ਇਸ ਆਪ੍ਰੇਸ਼ਨ ਨੂੰ ਭਾਰਤ ਦੀ ਬਦਲਦੀ ਰਣਨੀਤੀ ਦਾ ਹਿੱਸਾ ਦੱਸਿਆ। ਉਨ੍ਹਾਂ ਨੇ ਕਿਹਾ ਕਿ ਭਾਰਤ ਹੁਣ ਪਹਿਲਾਂ ਵਾਂਗ ਸਿਰਫ ਕੂਟਨੀਤਿਕ ਜਵਾਬ ਤਕ ਸੀਮਤ ਨਹੀਂ ਰਿਹਾ, ਸਗੋਂ ਉਹ ਫੌਜੀ ਕਾਰਵਾਈ ਰਾਹੀਂ ਅੱਤਵਾਦ ਖਿਲਾਫ ਸਖਤ ਸੰਦੇਸ਼ ਵੀ ਦੇਣਾ ਜਾਣਦਾ ਹੈ। ਹਾਲਾਂਕਿ, ਉਨ੍ਹਾਂ ਨੇ ਇਹ ਵੀ ਚਿਤਾਵਨੀ ਦਿੱਤੀ ਕਿ 'ਆਪ੍ਰੇਸ਼ਨ ਸਿੰਧੂਰ' ਵਰਗੇ ਕਦਮ ਅੱਤਵਾਦ ਨੂੰ ਪੂਰੀ ਤਰ੍ਹਾਂ ਖਤਮ ਨਹੀਂ ਕਰ ਸਕਦੇ, ਕਿਉਂਕਿ ਪਾਕਿਸਤਾਨ ਦੀ ਫੌਜ ਲਈ ਭਾਰਤ ਖਿਲਾਫ ਸੰਘਰਸ਼ 'ਹੋਂਦ' ਦਾ ਹੈ। ਇਹ ਉਨ੍ਹਾਂ ਦੇ ਵਜੂਦ ਦਾ ਸਵਾਲ ਹੈ। ਭਾਰਤ ਦਾ ਡਰ ਦਿਖਾ-ਦਿਖਾ ਕੇ ਹੀ ਪਾਕਿਸਤਾਨ ਕਈ ਦੇਸ਼ਾਂ ਤੋਂ ਆਰਥਿਕ ਮਦਦ ਮੰਗਦਾ ਰਿਹਾ ਹੈ।

ਪ੍ਰੋਫੈਸਰ ਫੇਅਰ ਨੇ ਪਾਕਿਸਤਾਨੀ ਫੌਜ ਦੀ ਭਾਰਤ ਪ੍ਰਤੀ ਕਾਰਜਸ਼ੈਲੀ 'ਤੇ ਇਕ ਕਿਤਾਬ ਵੀ ਲਿਖੀ ਹੈ। ਇਕ ਇੰਟਰਵਿਊ 'ਚ ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪਾਕਿਸਤਾਨ ਦੀ ਫੌਜ ਆਪਣੇ ਦੇਸ਼ ਦੀ ਨੀਤੀ-ਨਿਰਮਾਣ ਪ੍ਰਕਿਰਿਆ 'ਚ ਅਹਿਮ ਭੂਮਿਕਾ ਨਿਭਾਉਂਦੀ ਹੈ।

ਉਨ੍ਹਾਂ ਨੇ ਕਿਹਾ ਕਿ ਪਾਕਿਸਤਾਨੀ ਫੌਜ ਭਾਰਤ ਨੂੰ ਆਪਣੀ ਹੋਂਦ ਲਈ ਸਭ ਤੋਂ ਵੱਡਾ ਖਤਰਾ ਮੰਨਦੀ ਹੈ ਅਤੇ ਇਸ ਧਾਰਨਾ ਨੂੰ ਬਣਾਈ ਰੱਖਣ ਲਈ ਉਹ ਅੱਤਵਾਦੀ ਸੰਗਠਨਾਂ ਦੀ ਵਰਤੋਂ ਕਰਦੀ ਹੈ। ਫੇਅਰ ਅਨੁਸਾਰ, ਉਨ੍ਹਾਂ ਦੀ ਇਹ ਨੀਤੀ ਨਾ ਸਿਰਫ ਭਾਰਤ ਲਈ ਖਤਰਾ ਹੈ ਸਗੋਂ ਪਾਕਿਸਤਾਨ ਦੀ ਅੰਦਰੂਨੀ ਸਥਿਰਤਾ ਨੂੰ ਵੀ ਕਮਜ਼ੋਰ ਕਰਦੀ ਹੈ।

ਇੰਟਰਵਿਊ 'ਚ ਪ੍ਰੋਫੈਸਰ ਫੇਅਰ ਨੇ ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਦੀ ਰਣਨੀਤੀ ਦੀ ਵੀ ਚਰਚਾ ਕੀਤੀ। ਉਨ੍ਹਾਂ ਨੇ ਡੋਭਾਲ ਨੂੰ ਇਕ ਅਜਿਹੇ ਰਣਨੀਤੀਕਾਰ ਦੇ ਰੂਪ 'ਚ ਵਰਣਨ ਕੀਤਾ ਜੋ ਭਾਰਤ ਦੀ ਸੁਰੱਖਿਆ ਨੀਤੀ ਨੂੰ ਹਮਲਾਵਰ ਅਤੇ ਸਰਗਰਮ ਦਿਸ਼ਾ 'ਚ ਲਿਜਾ ਰਹੇ ਹਨ।

ਫੇਅਰ ਨੇ ਕਿਹਾ ਕਿ ਡੋਭਾਲ ਦੀ 'ਸਰਗਰਮ ਰੱਖਿਆ' ਨੀਤੀ ਨੇ ਭਾਰਤ ਨੂੰ ਪਾਕਿਸਤਾਨ ਖਿਲਾਫ ਵੱਧ ਪ੍ਰਭਾਵੀ ਬਣਾਇਆ ਹੈ। 'ਆਪ੍ਰੇਸ਼ਨ ਸਿੰਧੂਰ' ਇਸ ਨੀਤੀ ਦੀ ਇਕ ਮਿਸਾਲ ਹੈ, ਜਿਸ 'ਚ ਭਾਰਤ ਨੇ ਨਾ ਸਿਰਫ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਸਗੋਂ ਪਾਕਿਸਤਾਨ ਨੂੰ ਕੂਟਨੀਤਿਕ ਅਤੇ ਫੌਜ ਰੂਪ ਨਾਲ ਵੀ ਜਵਾਬ ਦਿੱਤਾ।

ਹਾਲਾਂਕਿ, ਫੇਅਰ ਨੇ ਇਹ ਵੀ ਚਿਤਾਵਨੀ ਦਿੱਤੀ ਕਿ ਇਸ ਤਰ੍ਹਾਂ ਦੀ ਹਮਲਾਵਰ ਨੀਤੀ ਦੇ ਆਪਣੇ ਜੋਖਮ ਵੀ ਹਨ। ਉਨ੍ਹਾਂ ਨੇ ਕਿਹਾ ਕਿ ਭਾਰਤ ਤੇ ਪਾਕਿਸਤਾਨ, ਦੋਵੇਂ ਹੀ ਪ੍ਰਮਾਣੂ ਸ਼ਕਤੀ ਸੰਪੰਨ ਦੇਸ਼ ਹਨ ਅਤੇ ਕਿਸੇ ਵੀ ਫੌਜੀ ਟਕਰਾਅ ਦਾ ਵਧਣਾ ਦੱਖਣੀ ਏਸ਼ੀਆ 'ਚ ਵਿਆਪਕ ਤਬਾਹੀ ਦਾ ਕਾਰਨ ਬਣ ਸਕਦਾ ਹੈ।

ਉਸ ਅਨੁਸਾਰ, ਭਾਰਤ ਨੂੰ ਆਪਣੀ ਰਣਨੀਤੀ 'ਚ ਸੰਤੁਲਨ ਬਣਾਈ ਰੱਖਣਾ ਹੋਵੇਗਾ ਤਾਂ ਕਿ ਉਹ ਅੱਤਵਾਦ ਖਿਲਾਫ ਸਖਤ ਰੁਖ ਅਪਣਾਏ ਪਰ ਨਾਲ ਹੀ ਸਥਿਤੀ ਨੂੰ ਪੂਰੀ ਜੰਗ ਵੱਲ ਵਧਣ ਤੋਂ ਰੋਕੇ।

10 ਮਈ 2025 ਨੂੰ ਭਾਰਤ ਤੇ ਪਾਕਿਸਤਾਨ ਨੇ ਇਕ ਜੰਗਬੰਦੀ ਦਾ ਐਲਾਨ ਕੀਤਾ ਜਿਸ ਨੂੰ ਅਮਰੀਕਾ ਦੀ ਵਿਚੋਲਗੀ ਨਾਲ ਸੰਭਵ ਮੰਨਿਆ ਗਿਆ। ਹਾਲਾਂਕਿ, ਭਾਰਤ ਨੇ ਇਸ ਨੂੰ ਦੋ-ਪੱਖੀ ਸਮਝੌਤਾ ਦੱਸਿਆ ਅਤੇ ਅਮਰੀਕੀ ਦਖਲ ਨੂੰ ਘੱਟ ਕਰਨ ਦੀ ਕੋਸ਼ਿਸ਼ ਕੀਤੀ। ਪ੍ਰੋਫੈਸਰ ਫੇਅਰ ਨੇ ਇਸ ਜੰਗਬੰਦੀ ਨੂੰ ਅਸਥਾਈ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਜਦੋਂ ਤੱਕ ਪਾਕਿਸਤਾਨੀ ਫੌਜ ਆਪਣੀਆਂ ਨੀਤੀਆਂ 'ਚ ਬਦਲਾਅ ਨਹੀਂ ਕਰਦੀ, ਉਦੋਂ ਤੱਕ ਇਸ ਤਰ੍ਹਾਂ ਦੇ ਤਣਾਅ ਵਾਰ-ਵਾਰ ਸਾਹਮਣੇ ਆਉਣਗੇ। ਉਨ੍ਹਾਂ ਨੇ ਇਹ ਵੀ ਭਵਿੱਖਬਾਣੀ ਕੀਤੀ ਕਿ ਪਾਕਿਸਤਾਨ ਭਵਿੱਖ 'ਚ ਫਿਰ ਤੋਂ ਭਾਰਤ ਖਿਲਾਫ ਅੱਤਵਾਦੀ ਹਮਲੇ ਕਰ ਸਕਦਾ ਹੈ ਕਿਉਂਕਿ ਇਹ ਉਸ ਦੀ ਰਣਨੀਤੀ ਦਾ ਹਿੱਸਾ ਹੈ।

ਪ੍ਰੋਫੈਸਰ ਕ੍ਰਿਸਟੀਨ ਫੇਅਰ ਦੀ ਟੀ. ਵੀ. ਇੰਟਰਵਿਊ ਭਾਰਤ-ਪਾਕਿਸਤਾਨ ਸੰਘਰਸ਼ ਦੀਆਂ ਗੁੰਝਲਾਂ ਨੂੰ ਸਮਝਣ ਲਈ ਇਕ ਅਹਿਮ ਦਸਤਾਵੇਜ਼ ਹੈ। ਉਨ੍ਹਾਂ ਦੇ ਵਿਸ਼ਲੇਸ਼ਣ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਸੰਘਰਸ਼ ਸਿਰਫ ਦੋ ਦੇਸ਼ਾਂ ਵਿਚਲਾ ਵਿਵਾਦ ਨਹੀਂ ਹੈ ਸਗੋਂ ਇਸ 'ਚ ਡੂੰਘੇ ਇਤਿਹਾਸਕ, ਵਿਚਾਰਕ ਅਤੇ ਰਣਨੀਤਿਕ ਪਹਿਲੂ ਹਨ। ਪਾਕਿਸਤਾਨੀ ਫੌਜ ਦੀਆਂ ਅੱਤਵਾਦ ਸਮਰਥਕ ਨੀਤੀਆਂ ਅਤੇ ਭਾਰਤ ਦੀ ਹਮਲਾਵਰ ਜਵਾਬੀ ਰਣਨੀਤੀ ਇਸ ਖੇਤਰ 'ਚ ਸਥਾਈ ਸ਼ਾਂਤੀ ਦੀ ਰਾਹ 'ਚ ਵੱਡੇ ਅੜਿੱਕੇ ਹਨ।

ਹਾਲਾਂਕਿ, ਫੇਅਰ ਦਾ ਇਹ ਵੀ ਮੰਨਣਾ ਹੈ ਕਿ ਦੋਹਾਂ ਦੇਸ਼ਾਂ ਵਿਚ ਸੰਵਾਦ ਅਤੇ ਕੂਟਨੀਤੀ ਦੇ ਰਸਤ ਅਜੇ ਪੂਰੀ ਤਰ੍ਹਾਂ ਬੰਦ ਨਹੀਂ ਹੋਏ ਹਨ। ਜੇਕਰ ਪਾਕਿਸਤਾਨ ਆਪਣੀਆਂ ਨੀਤੀਆਂ 'ਚ ਬਦਲਾਅ ਲਿਆਉਂਦਾ ਹੈ ਤੇ ਭਾਰਤ ਸੰਤੁਲਿਤ ਰੁਖ ਅਪਣਾਉਂਦਾ ਹੈ ਤਾਂ ਭਵਿੱਖ 'ਚ ਤਣਾਅ ਨੂੰ ਘੱਟ ਕਰਨ ਦੀ ਸੰਭਾਵਨਾ ਬਣੀ ਰਹਿ ਸਕਦੀ ਹੈ ਪਰ ਇਸ ਲਈ ਦੋਹਾਂ ਧਿਰਾਂ ਨੂੰ ਨਾ ਸਿਰਫ ਆਪਣੀਆਂ ਰਣਨੀਤੀਆਂ 'ਤੇ ਦੁਬਾਰਾ ਵਿਚਾਰ ਕਰਨਾ ਹੋਵੇਗਾ ਸਗੋਂ ਕੌਮਾਂਤਰੀ ਭਾਈਚਾਰੇ ਦੇ ਨਾਲ ਸਹਿਯੋਗ ਵੀ ਕਰਨਾ ਹੋਵੇਗਾ।

- ਵਿਨੀਤ ਨਾਰਾਇਣ

# ਪੰਜਾਬ ਦੇ ਦਰਿਆਈ ਪਾਣੀ ਅਤੇ ਸਿਆਸਤ

ਪਾਣੀ ਦੀ ਸਾਡੇ ਜੀਵਨ ਵਿੱਚ ਕਿੰਨੀ ਮਹੱਤਤਾ ਹੈ, ਇਸ ਗੱਲ ਦਾ ਅੰਦਾਜ਼ਾ ਇਸ ਵਿਸ਼ਲੇਸ਼ਣ ਤੋਂ ਲਾਇਆ ਜਾ ਸਕਦਾ ਹੈ: ਪਹਿਲਗਾਮ ਘਟਨਾ ਤੋਂ ਤੁਰੰਤ ਬਾਅਦ ਭਾਰਤ ਸਰਕਾਰ ਨੇ ਸਿੰਧੂ ਜਲ ਸੰਧੀ ਮੁਅੱਤਲ ਕਰਨ ਦਾ ਫੈਸਲਾ ਕੀਤਾ ਜੋ 1960 ਤੋਂ ਜਾਰੀ ਸੀ। ਨਾਲ ਹੀ ਗੁਆਂਢੀ ਦੇਸ਼ ਦੇ ਲੀਡਰਾਂ ਨੇ ਜੰਗ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ; ਹਾਲਾਂਕਿ ਦੁਨੀਆ ਜਾਣਦੀ ਹੈ ਕਿ ਜੰਗ ਵਿੱਚ ਦੋਨਾਂ ਧਿਰਾਂ ਦਾ ਨੁਕਸਾਨ ਹੁੰਦਾ ਹੈ। ਜੰਗ ਸ਼ੁਰੂ ਕਰਨੀ ਇੱਕ ਧਿਰ ਦੇ ਵੱਸ ਹੁੰਦੀ ਹੈ ਪਰ ਬੰਦ ਕਰਨੀ ਉਸ ਦੇ ਵੱਸ ਨਹੀਂ ਰਹਿੰਦੀ। ਰੂਸ ਅਤੇ ਯੂਕਰੇਨ ਦੀ ਜੰਗ ਦਾ ਸਭ ਨੂੰ ਪਤਾ ਹੈ ਕਿ ਕੁਝ ਦਿਨਾਂ ਤੋਂ ਵਧਦੀ ਸਾਲਾਂ ਤੱਕ ਪਹੁੰਚ ਗਈ ਹੈ।

ਪਾਣੀ ਪਿੱਛੇ ਪੰਜਾਬ ਤੇ ਹਰਿਆਣਾ ਆਪਸ ਵਿੱਚ 1966 ਤੋਂ ਹੀ ਉਲਝੇ ਹੋਏ ਹਨ। ਕਿਸਾਨ ਅੰਦੋਲਨ ਵੇਲੇ ਵੀ ਸਿਆਸਤਦਾਨਾਂ ਨੇ ਦੋਹਾਂ ਸੂਬਿਆਂ ਦੇ ਕਿਸਾਨਾਂ ਵਿੱਚਾਲੇ ਇਹ ਮੁੱਦਾ ਭੜਕਾਉਣ ਦੀ ਕੋਸ਼ਿਸ਼ ਕੀਤੀ ਪਰ ਦਿੱਲੀ ਦੀਆਂ ਬਰੂਹਾਂ 'ਤੇ ਬੈਠੇ ਕਿਸਾਨਾਂ ਨੇ ਇਸ ਚਾਲ ਨੂੰ ਨਕਾਰ ਦਿੱਤਾ। ਹੁਣ ਇਹ ਮੁੱਦਾ ਕਿਸਾਨਾਂ ਦੀ ਬਜਾਏ ਸਾਰੀ ਆਬਾਦੀ ਦਾ ਬਣਾ ਦਿੱਤਾ ਕਿ ਹਰਿਆਣਾ ਨੂੰ ਮਨੁੱਖਤਾ ਦੇ ਆਧਾਰ 'ਤੇ ਪੀਣ ਲਈ ਵੱਧ ਪਾਣੀ ਪੰਜਾਬ ਦੇ ਹਿੱਸੇ ਵਿੱਚੋਂ ਦਿੱਤਾ ਜਾਵੇ। ਦੋਨਾਂ ਸੂਬਿਆਂ ਦੀਆਂ ਸਿਆਸੀ ਪਾਰਟੀਆਂ ਨੇ ਰਲ ਕੇ ਆਪਣੇ ਸੂਬੇ ਦੇ ਹੱਕ ਵਿੱਚ ਮਤੇ ਪਾਏ ਹਨ। ਤਰਾਸਦੀ ਦੇਖੋ, ਹਰਿਆਣੇ ਵਾਲੇ ਕਹਿੰਦੇ- ਅਸੀਂ ਆਪਣੇ ਹਿੱਸੇ ਤੋਂ ਵੱਧ ਪਾਣੀ ਲੈਣ ਲਈ ਅਦਾਲਤ ਜਾਵਾਂਗੇ। ਗੱਲ ਕੀ, ਸਰਕਾਰਾਂ ਲੋਕਾਂ ਦਾ ਧਿਆਨ ਅਸਲੀ ਮੁੱਦਿਆਂ ਤੋਂ ਹਟਾਉਣ ਲਈ ਜਦੋਂ ਲੋੜ ਪੈਦੀ ਹੈ, ਪਾਣੀ ਦਾ ਮੁੱਦਾ ਚੁੱਕ ਲੈਂਦੀਆਂ ਹਨ। ਜਦੋਂ ਰੌਲਾ ਪੈਂਦਾ ਹੈ, ਹਰ ਪਾਰਟੀ ਦਾ ਇਕੋ ਰਾਗ ਹੁੰਦਾ ਹੈ- ਅਸੀਂ ਪਾਣੀ ਦੀ ਬੂੰਦ ਵੀ ਨਹੀਂ ਦੇਣੀ, ਪਰ ਸਵਾਲ ਇੱਥੇ ਇਹ ਹੈ ਕਿ ਪੰਜਾਬ ਦਾ 70 ਪ੍ਰਤੀਸ਼ਤ ਪਾਣੀ ਪਹਿਲਾਂ ਹੀ ਸੂਬੇ ਤੋਂ ਬਾਹਰ ਜਾ ਰਿਹਾ ਹੈ, ਫਿਰ ਬੂੰਦ ਦਾ ਸਵਾਲ ਕਿਥੇ ਰਹਿ ਗਿਆ? ਇਸ ਵੇਲੇ ਪੰਜਾਬ ਕੋਲ ਜੋ 30 ਪ੍ਰਤੀਸ਼ਤ ਪਾਣੀ ਬੱਚਿਆ ਹੈ, ਉਹ ਸਿਰਫ 27 ਪ੍ਰਤੀਸ਼ਤ ਰਕਬੇ ਵਿੱਚ ਹੀ ਸਿੰਜਾਈ ਕਰਦਾ ਹੈ; ਬਾਕੀ 73 ਪ੍ਰਤੀਸ਼ਤ ਰਕਬਾ ਟਿਊਬਵੈਲਾਂ ਦੇ ਪਾਣੀ ਨਾਲ ਪਲਦਾ ਹੈ ਜਿਸ ਕਾਰਨ ਧਰਤੀ ਹੇਠਲੇ ਪਾਣੀ ਦਾ ਉੱਪਰਲਾ ਪੱਤਣ ਸੁੱਕ ਚੁੱਕਾ ਹੈ ਅਤੇ ਹੇਠਲੇ ਪੱਤਣ ਵਿੱਚ ਪਾਣੀ ਸਿਰਫ ਪੰਜ ਸੱਤ ਸਾਲ ਦਾ ਰਹਿ ਗਿਆ ਹੈ। ਇਨਸਾਫ ਦਾ ਤਕਾਜ਼ਾ ਹੈ ਕਿ ਪੀਣ ਵਾਲਾ ਪਾਣੀ ਹਰ ਇਕ ਨੂੰ ਮਿਲਣਾ ਚਾਹੀਦਾ ਹੈ ਪਰ ਖੇਤੀ ਜਾਂ ਉਦਯੋਗਾਂ ਲਈ ਪਾਣੀ ਨੂੰ ਪਹਿਲ ਉਥੇ ਦੇਣੀ ਚਾਹੀਦੀ ਹੈ ਜਿਥੇ ਇਹ ਦਰਿਆ ਵਗਦੇ ਹਨ ਅਤੇ ਇਸ ਤੋਂ ਵੀ ਅੱਗੇ ਪ੍ਰਤੀ ਯੂਨਿਟ ਪਾਣੀ ਨਾਲ ਪੈਦਾਵਾਰ ਕਿੱਥੇ ਵੱਧ ਹੁੰਦੀ ਹੈ। ਜਿਹੜਾ ਪਾਣੀ ਰਾਜਸਥਾਨ ਨਹਿਰ ਰਾਹੀਂ ਰਾਜਸਥਾਨ ਜਾ ਰਿਹਾ ਹੈ, ਉਸ ਦਾ ਬਹੁਤਾ ਹਿੱਸਾ ਫਾਇਦੇ ਦੀ ਜਗ੍ਹਾ ਨੁਕਸਾਨ ਕਰ ਰਿਹਾ ਹੈ। ਜਿਹੜਾ ਪਾਣੀ ਨਹਿਰ ਦੇ ਪਹਿਲੇ ਪੜਾਅ ਨੂੰ ਦਿੱਤਾ ਗਿਆ, ਉਸ ਨੇ ਪਹਿਲਾਂ ਸੇਮ ਲਿਆਂਦੀ, ਫਿਰ ਸੇਮ ਨੂੰ ਠੀਕ ਕਰਨ ਲਈ ਨਹਿਰ ਨਾਲ ਦਰਖਤ ਲਾ ਕੇ ਜੰਗਲ ਖੜ੍ਹੇ ਕੀਤੇ। ਇਸ ਤੋਂ ਬਆਦ ਸੀਪੇਜ (ਪਾਣੀ ਦਾ ਜੀਰਨਾ) ਰੋਕਣ ਲਈ ਨਹਿਰ ਵਿੱਚ ਪਲਾਸਟਿਕ ਅਤੇ ਕੰਕਰੀਟ ਵਿੱਚਾਉਣ ਲਈ ਅਰਬਾਂ ਰੁਪਏ ਖਰਚੇ। ਸੀਪੇਜ ਤਾਂ ਰੋਕ ਲਓਗੇ ਪਰ 45 ਤੋਂ 50 ਡਿਗਰੀ ਸੈਲਸੀਅਸ 'ਤੇ ਭਾਫ ਬਣ ਕੇ ਉੱਡਣ ਤੋਂ ਕਿਵੇਂ ਰੋਕੋਗੇ? ਕੀ ਇਹ ਪਾਣੀ ਬੰਦ ਪਾਈਪਾਂ ਰਾਹੀ ਨਹੀਂ ਸੀ ਲਿਜਾਇਆ ਜਾ ਸਕਦਾ ਤਾਂ ਕਿ ਵਰਤੋਂ ਯੋਗ ਪਾਣੀ ਵਧੇ ਅਤੇ ਬਚਿਆ ਪਾਣੀ ਜਿਹੜੇ ਸੂਬੇ ਵਿੱਚੋਂ ਪਾਣੀ ਲੈ ਕੇ ਜਾ ਰਹੇ ਹੋ, ਉੱਥੇ ਹੀ ਵਰਤਿਆ ਜਾਵੇ। ਇਸ ਤਰ੍ਹਾਂ ਰਾਜਸਥਾਨ ਨਹਿਰ ਦੇ ਦੂਜੇ ਪੜਾਅ ਵਿੱਚ ਮੋਟਰਾਂ ਲਾ ਕੇ ਪਾਣੀ 30-30 ਫੁੱਟ ਉੱਚਾ ਚੁੱਕ ਕੇ ਟਿੱਬਿਆ 'ਤੇ ਛੱਡਿਆ ਜਾ ਰਿਹਾ। ਰੇਤੇ ਦੇ ਟਿੱਬੇ ਉੱਤੇ 45 ਤੋਂ 48 ਡਿਗਰੀ ਸੈਲਸੀਅਸ 'ਤੇ ਕਿਹੜੀ ਤਕਨੀਕ ਨਾਲ ਪੈਦਾਵਾਰ ਹੋ ਸਕਦੀ ਹੈ?

ਸਭ ਤੋਂ ਵੱਡੀ ਗੱਲ, ਹਰਿਆਣਾ ਸਭ ਤੋਂ ਜ਼ਿਆਦਾ ਰੌਲਾ ਪਾਉਂਦਾ ਹੈ ਪਰ ਉਸ ਦਾ ਨਹਿਰਾਂ ਨਾਲ ਸਿੰਜਾਈ ਹੇਠ ਰਕਬਾ 45 ਪ੍ਰਤੀਸ਼ਤ ਹੈ ਜਦਕਿ ਪੰਜਾਬ ਵਿੱਚ ਸਿਰਫ 27 ਪ੍ਰਤੀਸ਼ਤ ਰਕਬੇ ਵਿੱਚ ਹੀ ਨਹਿਰਾਂ ਨਾਲ ਸਿੰਜਾਈ ਹੋ ਰਹੀ ਹੈ। ਇਸੇ ਤਰ੍ਹਾਂ ਰਾਜਸਥਾਨ ਜੋ ਪੰਜਾਬ ਦੇ ਪਾਣੀਆਂ ਦਾ ਵੱਡਾ ਹਿੱਸਾ ਲਈ ਬੈਠਾ ਹੈ, ਉਥੇ ਵੀ 25.08 ਫੀਸਦੀ ਰਕਬਾ



ਨਹਿਰਾਂ ਨਾਲ ਸਿੰਜਿਆ ਜਾਂਦਾ ਹੈ। ਤਰਾਸਦੀ ਇਹ ਹੈ ਕਿ ਸਾਰੀਆਂ ਹੀ ਸਿਆਸੀ ਪਾਰਟੀਆ ਰਾਜਸਥਾਨ ਨੂੰ ਦਿੱਤੇ ਹਿੱਸੇ ਦਾ ਜ਼ਿਕਰ ਨਹੀਂ ਕਰਦੀਆਂ ਭਾਵੇਂ ਉਹ ਕਾਨੂੰਨੀ ਤੌਰ 'ਤੇ ਬੂੰਦ ਵੀ ਪਾਣੀ ਨਹੀਂ ਲੈ ਸਕਦਾ। ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਇਸ ਗੱਲ 'ਤੇ ਨਹੀਂ ਆਉਂਦੀਆਂ ਕਿ ਮੀਂਹ ਘਟ ਗਏ ਹਨ, ਇਸ ਕਰ ਕੇ ਦਰਿਆਈ ਪਾਣੀ ਘਟ ਗਿਆ ਹੈ ਅਤੇ ਪਾਣੀ ਦੀ ਲੋੜ ਵਧ ਗਈ ਹੈ। ਦਰਿਆਈ ਪਾਣੀ

**ਡਾ. ਅਮਨਪ੍ਰੀਤ ਸਿੰਘ ਬਰਾੜ**

ਦਾ ਮੁੱਲਾਂਕਣ ਦੁਬਾਰਾ ਕਰ ਕੇ ਕਾਨੂੰਨ ਅਤੇ ਸੂਬੇ ਦੀ ਲੋੜ ਅਨੁਸਾਰ ਅਤੇ ਪਾਣੀ ਦਾ ਵਰਤੋਂ ਦੀ ਕੁਸ਼ਲਤਾ ਦੇ ਹਿਸਾਬ ਨਾਲ ਪਾਣੀ ਦੀ ਦੁਬਾਰਾ ਵੰਡ ਕੀਤੀ ਜਾਵੇ। ਸਾਰੇ 1955 ਅਤੇ 1981 ਵਾਲੇ ਫੈਸਲਿਆਂ ਅਨੁਸਾਰ ਹੀ ਪੰਜਾਬ ਦਾ ਗਲਾ ਘੁੱਟਣਾ ਚਾਹੁੰਦੇ ਹਨ ਕਿਉਂਕਿ ਵੋਟ ਰਾਜਨੀਤੀ ਇਹੋ ਹੀ ਸਿਖਾਉਂਦੀ ਹੈ ਕਿ ਕਿਸੇ ਵੀ ਝਗੜੇ ਦਾ ਨਿਬੇੜਾ ਨਾ ਕਰੋ, ਉਸ ਨੂੰ ਲਟਕਾਈ ਰੱਖੋ ਤਾਂ ਕਿ ਸਾਰੀਆਂ ਧਿਰਾਂ ਮਗਰ ਲੱਗੀਆਂ ਰਹਿਣ। ਰਾਜਨੀਤੀ ਵਾਲੇ ਤਾਂ ਛੱਡੋ, ਸੰਵਿਧਾਨ ਦੇ ਰਾਖੇ ਵੀ ਕਾਨੂੰਨ ਤੋਂ ਹਟ ਕੇ ਦਬਕੇ ਮਾਰਦੇ ਹਨ।

**ਹੜ੍ਹਾ ਦੀ ਮਾਰ:** ਪਾਣੀ ਹਰ ਸੂਬੇ ਨੂੰ ਚਾਹੀਦਾ ਹੈ ਪਰ ਜਦੋਂ ਮੀਂਹ ਇਕਦਮ ਲੋੜ ਤੋਂ ਜਿ ?ਆਦਾ ਪੈ ਜਾਂਦਾ ਹੈ ਤਾਂ ਇਹ ਲੋਕ ਦਰਿਆਵਾਂ ਵਰਗੀਆਂ ਨਹਿਰਾਂ ਬੰਦ ਕਰਵਾ ਦਿੰਦੇ ਹਨ; ਤਰਕ ਦਿੱਤਾ ਜਾਂਦਾ ਹੈ ਕਿ ਨਹਿਰਾਂ ਵਿੱਚ ਪੋਣ ਪੈ ਕੇ ਨਹਿਰਾਂ ਦਾ ਨੁਕਸਾਨ ਹੁੰਦਾ ਹੈ। ਜੇ ਪਾਣੀ ਨਹਿਰਾਂ ਵਿੱਚ ਛੱਡ ਕੇ ਵੰਡਿਆ ਜਾਵੇ ਤਾਂ ਲੋਕਾਂ ਦਾ ਨੁਕਸਾਨ ਘੱਟ ਹੋਵੇਗਾ। ਪੰਜਾਬੀਆਂ ਦੇ ਘਰ ਢਹਿ ਜਾਣ, ਫਸਲਾਂ ਤਬਾਹ ਹੋ ਜਾਣ, ਇਹ ਨੁਕਸਾਨ ਨਹੀਂ ਗਿਣਿਆ ਜਾਂਦਾ। ਕੀ ਕੇਂਦਰ ਸਰਕਾਰ ਦਾ ਇਹ ਫਰਜ਼ ਨਹੀਂ ਬਣਦਾ ਕਿ ਜਿੰਨੇ ਵੀ ਸੂਬੇ ਪਾਣੀ ਦਾ ਲਾਭ ਲੈਂਦੇ ਹਨ, ਉਹ ਸਾਰੇ ਰਲ ਕੇ ਪੰਜਾਬ ਦੇ ਲੋਕਾਂ ਦੇ ਨੁਕਸਾਨ ਦੀ ਭਰਪਾਈ ਕਰਨ। ਛੋਟੇ ਮੋਟੇ ਹੜ੍ਹਾਂ ਦੀ ਮਾਰ ਦੀ ਗੱਲ ਨਹੀਂ, ਉਨ੍ਹਾਂ ਹੜ੍ਹਾਂ ਦੀ ਮਾਰ ਦੀ ਗੱਲ ਹੈ ਜੋ ਭਾਖੜਾ ਡੈਮ ਵਿੱਚੋਂ ਪਾਣੀ ਛੱਡਣ ਨਾਲ ਆਏ। 1988 ਦੇ ਭਿਆਨਕ ਹੜ੍ਹ ਦਾ ਕਾਰਨ ਸੀ ਡੈਮ ਵਿੱਚ ਪਾਣੀ ਭਰਨ ਦਾ ਸਮਾਂ 30 ਸਤੰਬਰ ਤੱਕ ਦਾ ਹੈ ਪਰ ਡੈਮ ਨੂੰ ਸਿਰੇ ਤੱਕ ਉਸ ਤੋਂ ਪਹਿਲਾਂ ਹੀ ਭਰ ਲਿਆ ਗਿਆ; ਜਦੋਂ 23-26 ਸਤੰਬਰ ਨੂੰ ਕੈਚਮੈਂਟ ਏਰੀਏ ਵਿੱਚ ਭਾਰੀ ਮੀਂਹ (634ਐੱਮਐੱਮ) ਪਏ ਤਾਂ ਡੈਮ ਦੇ ਫਲੱਡ ਗੇਟ ਖੋਲ੍ਹ ਦਿੱਤੇ ਜਿਸ ਕਾਰਨ ਭਾਰੀ ਮਾਤਰਾ ਵਿੱਚ ਜਾਨੀ ਤੇ ਮਾਲੀ ਨੁਕਸਾਨ ਹੋਇਆ। ਪੰਜਾਬ ਦੇ 12989 ਪਿੰਡਾਂ ਵਿੱਚੋਂ 9000 ਵਿੱਚ ਪਾਣੀ ਭਰ ਗਿਆ। ਇਨ੍ਹਾਂ ਵਿੱਚੋਂ 2500 ਪਿੰਡ ਤਾਂ ਬਿਲਕੁਲ ਹੀ ਤਬਾਹ ਹੋ ਗਏ। 34 ਲੱਖ ਲੋਕ ਪ੍ਰਭਾਵਿਤ ਹੋਏ।

ਸਾਲ 1993 ਵਿੱਚ 25 ਲੱਖ ਲੋਕ 44 ਸ਼ਹਿਰਾਂ/ਕਸਬਿਆਂ ਅਤੇ 4741 ਪਿੰਡਾਂ ਵਿੱਚ ਪ੍ਰਭਾਵਿਤ ਹੋਏ। 15 ਲੱਖ ਏਕੜ ਰਕਬੇ ਵਿੱਚ ਫਸਲ ਦਾ ਨੁਕਸਾਨ ਹੋਇਆ। ਸਾਲ 2023 ਵਿੱਚ ਵੀ ਇਹੀ ਹਾਲ ਹੋਇਆ।

**ਪੰਜਾਬ ਮਾਰੂਥਲ ਬਣਨ ਕੰਢੇ:** ਇਸ ਵਕਤ ਪੰਜਾਬ ਦੇ 73 ਪ੍ਰਤੀਸ਼ਤ ਰਕਬੇ ਵਿੱਚ ਟਿਊਬਵੈਲਾਂ ਨਾਲ ਸਿੰਜਾਈ ਕੀਤੀ ਜਾਂਦੀ ਹੈ ਜਿਸ ਕਾਰਨ ਪੰਜਾਬ ਦੇ 76 ਪ੍ਰਤੀਸ਼ਤ ਬਲਾਕਾਂ ਵਿੱਚੋਂ ਪਾਣੀ ਜਿ ?ਆਦਾ ਕੱਢਿਆ ਜਾਂਦਾ ਹੈ ਜਿਸ ਕਾਰਨ ਪਾਣੀ ਹਰ ਸਾਲ ਇੱਕ ਮੀਟਰ ਤੱਕ ਹੇਠਾਂ ਜਾ ਰਿਹਾ ਹੈ। ਨੇਸ਼ਨਲ ਗਰੀਨ ਟ੍ਰਿਬਿਊਨਲ ਦੀ 2022 ਦੀ ਰਿਪੋਰਟ ਮੁਤਾਬਿਕ, ਜੇ ਇਸੇ ਤਰ੍ਹਾਂ ਚਲਦਾ ਰਿਹਾ ਤਾਂ 2039 ਤੱਕ ਪਾਣੀ 300 ਮੀਟਰ (984 ਫੁੱਟ) ਤੋਂ ਹੇਠਾ ਚਲਾ ਜਾਵੇਗਾ। ਇਸ ਵੇਲੇ ਭਾਵੇਂ ਪਾਣੀ ਦਾ ਲੇਵਲ 30-50 ਮੀਟਰ ਹੈ ਪਰ ਚੰਗਾ ਪਾਣੀ ਲੈਣ ਲਈ ਕਿਸਾਨਾਂ ਨੇ ਬੋਰ 200 ਮੀਟਰ ਦੀ ਡੂੰਘਾਈ ਤੱਕ ਕੀਤੇ ਹੋਏ ਹਨ। ਜੇ ਪਾਣੀ ਦੀ ਸਤਹ ਹੀ 300 ਮੀਟਰ ਤੋਂ ਹੇਠਾਂ ਜਾਂਦੀ ਹੈ ਤਾਂ ਉੱਥੇ ਬੋਰ ਕਰ ਕੇ ਪਾਣੀ ਕੱਢਣਾ ਕਿਸਾਨ ਦੇ ਵੱਸ ਦੀ ਗੱਲ ਨਹੀਂ। ਬਿਨਾਂ ਪਾਣੀ ਤੋਂ ਜ਼ਮੀਨ ਬੰਜਰ ਹੋ ਜਾਵੇਗੀ। ਹਾਈਡਰਾਲੋਜਿਸਟ ਵਸ਼ਿਸ਼ਟ ਦੀ 2016 ਦੀ ਰਿਪੋਰਟ ਮੁਤਾਬਿਕ, ਪੰਜਾਬ ਵਿੱਚ 1.27 ਮਿਲਿਅਨ ਹੈਕਟੇਅਰ ਮੀਟਰ ਦੀ ਘਾਟ ਸੀ।

ਪੰਜਾਬ ਦੀ ਮੌਜੂਦਾ ਸਰਕਾਰ ਨਹਿਰੀ ਪਾਣੀ ਹੇਠਾਂ ਰਕਬਾ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਜਦੋਂ ਸਾਡੇ ਕੋਲ ਪਾਣੀ ਹੀ ਸੀਮਤ ਹੈ, ਫਿਰ ਰਕਬਾ ਵਧਾਉਣ ਨਾਲ ਧਰਤੀ ਹੇਠਲੇ ਪਾਣੀ ਦੀ ਮੰਗ ਨਹੀਂ ਘਟ ਸਕਦੀ, ਭਾਵੇਂ ਨਹਿਰੀ ਪਾਣੀ 10 ਲੱਖ ਹੈਕਟੇਅਰ ਵਿੱਚ ਲਾ ਲਓ ਜਾਂ 15 ਲੱਖ ਹੈਕਟੇਅਰ ਵਿੱਚ ਵਰਤ ਲਵੋ। ਪੰਜਾਬ ਕੋਲ ਇਸ ਵਕਤ ਰੀਚਾਰਜੇਬਲ ਪਾਣੀ 21.44 ਬਿਲੀਅਨ ਕਿਊਬਿਕ ਮੀਟਰ ਹੈ ਜਦੋਂਕਿ ਅਸੀਂ ਕੱਢਦੇ 31.16 ਬਿਲਿਅਨ ਕਿਊਬਿਕ ਮੀਟਰ ਹਾਂ। ਪਾਣੀ ਦੀ ਇਹ ਵਰਤੋਂ ਵੀ ਘਟਾਈ ਨਹੀਂ ਜਾ ਸਕਦੀ ਕਿਉਂਕਿ ਕਿਸਾਨ ਛੋਟੇ ਹਨ, ਉਹ ਫਸਲੀ ਘਣਤਾ ਘੱਟ ਨਹੀਂ ਕਰ ਸਕਦੇ ਕਿਉਂਕਿ ਮਹਿੰਗਾਈ ਕਾਰਨ ਪਰਿਵਾਰ ਦਾ ਪਹਿਲਾਂ ਹੀ ਗੁਜ਼ਾਰਾ ਮੁਸ਼ਕਿਲ ਨਾਲ ਚੱਲਦਾ ਹੈ।

**ਨਿਚੋੜ:** ਅੱਜ ਲੋੜ ਹੈ ਕਿ ਨਹਿਰੀ ਪਾਣੀ ਦਾ ਦੁਬਾਰਾ ਮੁਲਾਂਕਣ ਕੀਤਾ ਜਾਵੇ। ਪਾਣੀ ਸਾਰੇ ਦੇਸ਼ ਲਈ ਦੁਰਲੱਭ ਵਸਤੂ ਹੈ ਜੋ ਪੀਣ ਲਈ ਹਰ ਇੱਕ ਨੂੰ ਮਿਲਣਾ ਚਾਹੀਦਾ ਹੈ। ਇਸ ਵੇਲੇ ਇਹ ਸੋਚਣਾ ਪਵੇਗਾ ਕਿ ਮਾਰੂਥਲ ਨੂੰ ਉਪਜਾਊ ਬਣਾਉਣ ਦੀ ਕੋਸ਼ਿਸ਼ ਦੇ ਮੁਕਾਬਲੇ ਵਧੀਆ ਆਬਾਦ ਇਲਾਕੇ ਨੂੰ ਮਾਰੂਥਲ ਬਣਾਉਣਾ ਕਿੰਨੀ ਕੁ ਸਿਆਣਪ ਹੈ। ਪੰਜਾਬ ਦੇ ਸਿਆਸਤਦਾਨ ਅੱਜ ਆਪਣੇ ਮਤਭੇਦ ਭੁਲਾ ਕੇ ਪੰਜਾਬ ਲਈ ਇੱਕਸੁਰ ਆਵਾਜ਼ ਉਠਾਉਣ ਕਿ ਪੰਜਾਬ ਦੀ ਪਾਣੀ ਦੀ ਵੰਡ ਅੱਜ ਦੀ ਸਥਿਤੀ ਨੂੰ ਲੈ ਕੇ ਹੋਵੇ, ਖਾਸ ਕਰ ਕੇ ਰਿਪੇਰੀਅਨ ਐਕਟ ਮੁਤਾਬਿਕ। ਇਸ ਲਈ ਜੋ ਚਾਰਾਜੋਈ ਹੋ ਸਕਦੀ ਹੈ, ਰਲ ਕੇ ਕਰੋ ਕਿਉਂਕਿ ਜਿੰਨਾ ਪਾਣੀ ਉਸ ਵੇਲੇ ਮਿਥਿਆ ਗਿਆ ਸੀ, ਓਨਾ ਪਾਣੀ ਹੁਣ ਹੈ ਹੀ ਨਹੀਂ। ਜੇ ਮੀਂਹ ਹੀ ਤੀਜਾ ਹਿੱਸਾ ਘਟ ਗਈ (65 ਦੇ ਬਜਾਏ 45 ਸੈਂਟੀਮੀਟਰ ਪ੍ਰਤੀ ਸਾਲ) ਰਹਿ ਗਈ ਤਾਂ ਪਾਣੀ ਕਿਥੋਂ ਆਵੇਗਾ? ਸਿਆਸਤਦਾਨਾਂ ਨੇ ਰਾਜ ਪੰਜਾਬ 'ਤੇ ਕਰਨਾ ਹੈ ਪਰ ਜੇ ਪੰਜਾਬ ਬਚੇਗਾ ਤਾਂ ਹੀ ਰਾਜ ਕਰਨਗੇ।

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਭਾਰਤ-ਪਾਕਿ ਟਕਰਾਅ ਰੋਕਣ ਦਾ ਸਿਹਰਾ ਮੈਨੂੰ ਕਦੇ ਨਹੀਂ ਦਿੱਤਾ ਜਾਵੇਗਾ : ਟਰੰਪ

ਨਿਊਯਾਰਕ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਭਾਰਤ ਤੇ ਪਾਕਿਸਤਾਨ ਨਾਲ ਉਨ੍ਹਾਂ ਦੀ ਗੱਲਬਾਤ ਤੇ ਉਨ੍ਹਾਂ ਨੂੰ ਜੰਗ ਦੇ ਸਿਖ਼ਰ ਤੋਂ ਵਾਪਸ ਲਿਆਉਣਾ ਇਕ ਵੱਡੀ ਸਫਲਤਾ ਹੈ, ਜਿਸ ਦਾ ਸਿਹਰਾ ਉਨ੍ਹਾਂ ਨੂੰ ਕਦੇ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਵਿਚਕਾਰ ਬਹੁਤ ਨਫ਼ਰਤ ਸੀ ਤੇ ਤਣਾਅ ਇਕ ਅਜਿਹੇ ਬਿੰਦੂ 'ਤੇ ਪਹੁੰਚ ਗਿਆ ਸੀ, ਜਿੱਥੇ ਅਗਲਾ ਪੜਾਅ ਸ਼ਾਇਦ ਪ੍ਰਮਾਣੂ ਸੀ। ਟਰੰਪ ਨੇ 'ਫੌਕਸ ਨਿਊਜ਼' ਨੂੰ ਦਿੱਤੇ ਇਕ ਇੰਟਰਵਿਊ 'ਚ ਕਿਹਾ ਕਿ ਇਸ ਇਕ ਵੱਡੀ ਸਫਲਤਾ ਦਾ ਸਿਹਰਾ ਮੈਨੂੰ ਕਦੇ ਨਹੀਂ ਦਿੱਤਾ ਜਾਵੇਗਾ। ਉਹ ਵੱਡੀਆਂ ਪ੍ਰਮਾਣੂ ਸ਼ਕਤੀਆਂ ਹਨ। ਦੋਵੇਂ ਗੁੱਸੇ 'ਚ ਸਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਵਾਰ ਫਿਰ ਦਾਅਵਾ ਕੀਤਾ ਹੈ ਕਿ ਉਨ੍ਹਾਂ ਭਾਰਤ ਤੇ ਪਾਕਿਸਤਾਨ ਵਿਚਕਾਰ ਜੰਗ ਰੋਕਣ 'ਚ ਵੱਡੀ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਵਿਚਕਾਰ ਤਣਾਅ ਇੰਨਾ ਵਧ ਗਿਆ ਸੀ ਕਿ ਉਹ ਪ੍ਰਮਾਣੂ ਯੁੱਧ ਦੇ ਬਹੁਤ ਨੇੜੇ ਪਹੁੰਚ ਗਏ ਸਨ। ਟਰੰਪ ਨੇ ਇੰਟਰਵਿਊ ਦੌਰਾਨ ਕਿਹਾ ਕਿ ਸਥਿਤੀ ਬਹੁਤ ਗੰਭੀਰ ਹੋ ਗਈ ਸੀ। ਅਗਲਾ ਕਦਮ ਕੀ ਹੁੰਦਾ, ਤੁਸੀਂ ਜਾਣਦੇ ਹੋ...'ਐਨ' ਸ਼ਬਦ। ਯਾਨੀ, ਪ੍ਰਮਾਣੂ ਯੁੱਧ (ਨਿਊਕਲੀਅਰ ਵਾਰ)। ਵਿਦੇਸ਼ ਨੀਤੀ ਦੀਆਂ ਸਫਲਤਾਵਾਂ ਬਾਰੇ ਟਰੰਪ ਨੇ ਕਿਹਾ ਕਿ ਭਾਰਤ-ਪਾਕਿਸਤਾਨ ਜੰਗ ਨੂੰ ਰੋਕਣਾ ਉਨ੍ਹਾਂ ਦੀਆਂ ਸਭ ਤੋਂ ਵੱਡੀਆਂ ਸਫਲਤਾਵਾਂ 'ਚੋਂ ਇਕ ਹੈ। ਹਾਲਾਂਕਿ, ਉਨ੍ਹਾਂ ਨੂੰ ਇਸ ਦਾ ਸਿਹਰਾ ਨਹੀਂ ਮਿਲਿਆ।



# ਪ੍ਰੋਸਟੇਟ ਕੈਂਸਰ ਨਾਲ ਜੂਝ ਰਹੇ ਬਾਈਡਨ

ਨਵੀਂ ਦਿੱਲੀ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜੋਅ ਬਾਈਡਨ ਇਸ ਸਮੇਂ ਗੰਭੀਰ ਪ੍ਰੋਸਟੇਟ ਕੈਂਸਰ ਨਾਲ ਜੂਝ ਰਹੇ ਹਨ। ਉਨ੍ਹਾਂ ਦੇ ਡਾਕਟਰਾਂ ਨੇ ਦੱਸਿਆ ਕਿ ਇਹ ਤੇਜ਼ੀ ਨਾਲ ਫੈਲਣ ਵਾਲਾ ਹੈ। ਜ਼ਿਕਰਯੋਗ ਹੈ ਕਿ 2015 'ਚ ਉਨ੍ਹਾਂ ਦੇ ਬੇਟੇ ਬਿਊ ਦੀ ਕੈਂਸਰ ਕਾਰਨ ਮੌਤ ਹੋ ਗਈ ਸੀ। ਹੁਣ 10 ਸਾਲ ਬਾਅਦ ਸਾਬਕਾ ਰਾਸ਼ਟਰਪਤੀ ਬਾਈਡਨ ਕੈਂਸਰ ਨਾਲ ਜੂਝ ਰਹੇ ਹਨ। ਉਥੇ ਹੀ ਉਨ੍ਹਾਂ ਦੀ ਤਬੀਅਤ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਡੂੰਘੀ ਚਿੰਤਾ ਜਤਾਈ ਹੈ। ਮੋਦੀ ਨੇ 'ਐਕਸ' 'ਤੇ ਟਵੀਟ ਕਰਕੇ ਕਿਹਾ ਕਿ ਜੋਅ ਬਾਈਡਨ ਦੀ ਸਿਹਤ ਬਾਰੇ ਸੁਣ ਕੇ ਬਹੁਤ ਚਿੰਤਤ ਹਾਂ, ਮੈਂ ਉਨ੍ਹਾਂ ਦੇ ਜਲਦ ਸਿਹਤਯਾਬ ਹੋਣ ਦੀ ਕਾਮਨਾ ਕਰਦਾ ਹਾਂ, ਸਾਡੀਆਂ ਸੰਵੇਦਨਾਵਾਂ ਡਾ. ਜਿਲ ਬਾਈਡਨ ਤੇ ਉਨ੍ਹਾਂ ਦੇ ਪਰਿਵਾਰ ਨਾਲ ਹਨ। ਦਰਅਸਲ ਪਿਛਲੇ ਹਫਤੇ ਬਾਈਡਨ 'ਚ ਯੂਰੀਨ ਸੰਬੰਧੀ ਸਮੱਸਿਆਵਾਂ ਵਧ ਗਈਆਂ ਸਨ, ਜਾਂਚ 'ਚ ਉਨ੍ਹਾਂ ਦੇ ਪ੍ਰੋਸਟੇਟ 'ਚ ਇਕ ਗੰਢ ਪਾਈ ਗਈ ਅਤੇ ਸ਼ੁੱਕਰਵਾਰ ਨੂੰ ਉਨ੍ਹਾਂ ਨੂੰ ਪ੍ਰੋਸਟੈਂਟ ਕੈਂਸਰ ਦੀ ਪੁਸ਼ਟੀ ਹੋਈ। ਇਹ ਕੈਂਸਰ ਹੱਡੀਆਂ ਤੱਕ ਫੈਲ ਚੁੱਕਿਆ ਹੈ ਤੇ ਇਸ ਨੂੰ ਕਾਫੀ ਗੰਭੀਰ ਮੰਨਿਆ ਜਾ ਰਿਹਾ ਹੈ। ਅਜਿਹੇ 'ਚ ਬਾਈਡਨ ਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰ ਡਾਕਟਰਾਂ ਨਾਲ ਇਲਾਜ ਦੇ ਵਿਕਲਪਾਂ 'ਤੇ ਵਿਚਾਰ ਕਰ ਰਹੇ ਹਨ।



# ਡੀਟੈਨਸ਼ਨ ਸੈਂਟਰਾਂ ਵਿਚ ਪ੍ਰਵਾਸੀਆਂ ਦੀ ਭੀੜ ਵਧਣ ਕਾਰਨ ਹੋਈਆਂ ਮੌਤਾਂ ਨੂੰ ਲੈ ਕੇ ਡੈਮੋਕਰੈਟਸ ਨੇ ਟਰੰਪ ਪ੍ਰਸ਼ਾਸਨ ਨੂੰ ਘੇਰਿਆ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਸਰੇ ਕਾਰਜਕਾਲ ਦੌਰਾਨ ਸਭ ਤੋਂ ਵਧ ਤਰਜੀਹ ਵਾਲੇ ਮੁੱਦੇ ਗੈਰ ਕਾਨੂੰਨੀ ਜਾਂ ਬਿਨਾਂ ਕਾਗਜ਼ ਪੱਤਰਾਂ ਵਾਲੇ ਪ੍ਰਵਾਸੀਆਂ ਦੇ ਦੇਸ਼ ਨਿਕਾਲੇ ਨੂੰ ਲੈ ਕੇ ਡੈਮੋਕ੍ਰੈਟਿਕ ਕਾਂਗਰਸ ਮੈਂਬਰਾਂ ਨੇ ਸਵਾਲ ਖੜੇ ਕੀਤੇ ਹਨ। ਡੈਮੋਕ੍ਰੈਟਸ ਦਾ ਦੋਸ਼ ਹੈ ਕਿ ਫੰਡਾਂ ਦੀ ਘਾਟ ਕਾਰਨ ਡੀਟੈਨਸ਼ਨ ਕੇਂਦਰਾਂ ਵਿਚ ਪ੍ਰਵਾਸੀਆਂ ਦੀ ਭੀੜ ਵਧ ਗਈ ਹੈ ਜਿਸ ਕਾਰਨ ਹਾਲਾਤ ਬਹੁਤ ਖਰਾਬ ਹੋ ਗਏ ਹਨ ਤੇ ਮੌਤਾਂ ਹੋ ਰਹੀਆਂ ਹਨ। ਡੈਮੋਕਰੈਟ ਸਾਂਸਦ ਲੌਰੇਨ ਅੰਡਰਵੁੱਡ ਜੋ ਸਦਨ ਦੀ ਹੋਮਲੈਂਡ ਸਕਿਉਰਿਟੀ ਬਾਰੇ ਸਬ ਕਮੇਟੀ ਦੇ ਅਹਿਮ ਮੈਂਬਰ ਹਨ, ਨੇ ਦੋਸ਼ ਲਾਇਆ ਹੈ ਕਿ ਏਜੰਸੀ ਉਸ ਫੰਡ ਦੀ ਵਰਤੋਂ ਕਰ ਰਹੀ ਹੈ ਜੋ ਉਸ ਕੋਲ ਹੈ ਹੀ ਨਹੀਂ। ਉਨਾਂ ਕਿਹਾ ਕਿ ਕਾਂਗਰਸ ਨੇ 41500 ਪ੍ਰਵਾਸੀਆਂ ਨੂੰ ਰੱਖਣ ਲਈ ਫੰਡ ਦੀ ਪ੍ਰਵਾਨਗੀ ਦਿੱਤੀ ਸੀ ਜਦ ਕਿ ਆਈ ਸੀ ਈ ਨੇ 52000 ਲੋਕਾਂ ਨੂੰ ਹਿਰਾਸਤ ਵਿਚ ਲਿਆ ਹੈ ਜਿਸ ਕਾਰਨ ਏਜੰਸੀ ਕੋਲ 2 ਮਹੀਨਿਆਂ ਵਿਚ ਹੀ ਫੰਡ ਖਤਮ ਹੋ ਜਾਵੇਗਾ। ਅੰਡਰਵਰਲਡ ਨੇ ਕਿਹਾ ਹੈ ਕਿ ਹਰ ਸਾਲ 10 ਲੱਖ ਪ੍ਰਵਾਸੀਆਂ ਦੇ ਦੇਸ਼ ਨਿਕਾਲੇ ਦਾ ਪ੍ਰੋਗਰਾਮ ਇਕ ਬਹੁਤ ਹੀ ਜੋਖਮ ਵਾਲੀ ਰਣਨੀਤੀ ਹੈ ਤੇ ਇਹ ਫੇਲ ਹੋਣ ਜਾ ਰਹੀ ਹੈ। ਦੂਸਰੇ ਪਾਸੇ ਆਈ ਸੀ ਈ ਦੇ ਕਾਰਜਕਾਰੀ ਡਾਇਰੈਕਟਰ ਟੌਡ ਲਿਓਨਜ ਨੇ ਕਿਹਾ ਹੈ ਕਿ ਏਜੰਸੀ ਕੋਲ ਫੰਡਾਂ ਦੀ ਘਾਟ ਨਹੀਂ ਹੋਵੇਗੀ ਕਿਉਂਕਿ ਹੋਰ ਏਜੰਸੀਆਂ ਜਿਵੇਂ ਫੈਡਰਲ ਐਮਰਜੰਸੀ ਮੈਨੇਜਮੈਂਟ ਏਜੰਸੀ ਜਾਂ ਸਾਈਬਰ ਸਕਿਉਰਿਟੀ ਐਂਡ ਇਨਫਰਾਸਟਰਕਚਰ ਸਕਿਉਰਿਟੀ ਏਜੰਸੀ ਦੇ ਫੰਡ ਵਰਤੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਹੋਰ ਏਜੰਸੀਆਂ ਦੇ ਫੰਡ ਆਉਣ ਕਾਰਨ ਏਜੰਸੀ ਦਾ 60000 ਡੀਟੈਨਸ਼ਨ ਬੈੱਡਜ ਦੀ ਵਿਵਸਥਾ ਕਰਨ ਦਾ ਟੀਚਾ ਹੈ। ਇਥੇ ਜ਼ਿਕਰਯੋਗ ਹੈ ਕਿ 9 ਮਈ ਨੂੰ ਨਿਊਜਰਸੀ ਵਿਚ ਆਈ ਸੀ ਈ ਡੀਟੈਨਸ਼ਨ ਸੈਂਟਰ ਦੇ ਨਰੀਖਣ ਲਈ ਪੁੱਜੇ ਨਿਊਆਰਕ ਦੇ ਡੈਮੋਕਰੈਟਿਕ ਮੇਅਰ ਰਸ ਬਰਾਕਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਉਸ ਦੀ ਗ੍ਰਿਫਤਾਰੀ ਉਸ ਸਮੇ ਹੋਈ ਸੀ ਜਦੋਂ ਨਿਊ ਜਰਸੀ ਦੇ ਡੈਮੋਕਰੈਟਿਕ ਸੰਸਦ ਮੈਂਬਰ ਬੋਨੀ ਵਾਟਸਨ ਕੋਲਮੈਨ, ਲਾਮੋਨਿਕਾ ਮੈਕਲਵਰ ਤੇ ਰਾਬ ਮੈਨਨਡੇਜ਼ ਨੇ ਨਿੱਜੀ ਤੌਰ 'ਤੇ ਚਲਾਏ ਜਾ ਰਹੇ ਡੀਟੈਨਸ਼ਨ ਸੈਂਟਰ ਡੀਲੇਨੀ ਹਾਲ ਦੇ ਨਰੀਖਣ ਲਈ ਅਣਐਲਾਨਿਆ ਦੌਰਾ ਕੀਤਾ ਸੀ। ਅੰਡਰਵੁੱਡ ਤੇ ਟੈਕਸਾਸ ਤੋਂ ਡੈਮਕਰੈਟਿਕ ਸਾਂਸਦ ਵੇਰੋਨਿਕਾ ਐਸਕੋਬਰ ਨੇ ਮੰਗ ਕੀਤੀ ਹੈ ਕਿ ਡੋਨਾਲਡ ਟਰੰਪ ਵੱਲੋਂ 20 ਜਨਵਰੀ ਨੂੰ ਅਹੁੱਦਾ ਸੰਭਾਲਣ ਉਪਰੰਤ ਡੀਟੈਨਸ਼ਨ ਸੈਂਟਰਾਂ ਵਿਚ ਹੋਈਆਂ ਮੌਤਾਂ ਬਾਰੇ ਜਾਣਕਾਰੀ ਦਿੱਤੀ ਜਾਵੇ। ਐਸਕੋਬਰ ਨੇ ਕਿਹਾ ਕਿ ਡੀਟੈਨਸ਼ਨ ਸੈਂਟਰਾਂ ਵਿਚ ਭੀੜ ਵਧਣ ਕਾਰਨ ਹਾਲਾਤ ਬਹੁਤ ਮਾੜੇ ਹੋ ਗਏ ਹਨ। ਇਸ ਦੇ ਜਵਾਬ ਵਿਚ ਡਾਇਰੈਕਟਰ ਟੌਡ ਲਿਓਨਜ ਨੇ ਕਿਹਾ ਹੈ ਕਿ ਹਿਰਾਸਤ ਵਿਚ 9 ਮੌਤਾਂ ਹੋਈਆਂ ਹਨ। ਉਨ੍ਹਾਂ ਵਾਅਦਾ ਕੀਤਾ ਹੈ ਕਿ ਏਜੰਸੀ ਦੀ ਵੈੱਬਸਾਈਟ 'ਤੇ ਮੌਤਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਉਨਾਂ ਕਿਹਾ ਕਿ ਮੌਤਾਂ ਬਾਰੇ ਮੁਕੰਮਲ ਜਾਂਚ ਕੀਤੀ ਜਾਵੇਗੀ।



ਇਕ ਕੰਪਨੀ ਵੱਲੋਂ ਚਲਾਏ ਜਾ ਰਹੇ ਡੀਟੈਨਸ਼ਨ ਸੈਂਟਰ ਡੀਲੇਨੀ ਹਾਲ ਦਾ ਬਾਹਰੀ ਦ੍ਰਿਸ਼


CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਰਜਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776
440 N Palora Ave, Suite c Yuba City Ca. 95991


TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524


LM Trans
LM RANS
Georgia
NC, SC, GA, FL, AL, LA, MS to CA, AZ, NV,
CA, AZ, NV to NC, SC, GA, FL, AL, LA, MS
• ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
• ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
• ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
• ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।
ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ
Lokesh Kumar
470 334 0020
7437 avalon blvd, alpharetta, ga 30022
lmtrans868@gmail.com

# ਈਰਾਨ ਅਮਰੀਕਾ ਨਾਲ ਪ੍ਰਮਾਣੂ ਗੱਲਬਾਤ ਰੱਖੇਗਾ ਜਾਰੀ



ਤਹਿਰਾਨ : ਈਰਾਨ ਦੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਆਪਣੇ ਪ੍ਰਮਾਣੂ ਪ੍ਰੋਗਰਾਮ 'ਤੇ ਅਮਰੀਕਾ ਨਾਲ ਗੱਲਬਾਤ ਜਾਰੀ ਰੱਖੇਗਾ ਪਰ ਅਮਰੀਕੀ ਧਮਕੀਆਂ ਕਾਰਨ ਆਪਣੇ ਅਧਿਕਾਰਾਂ ਤੋਂ ਨਹੀਂ ਹਟੇਗਾ। ਰਾਸ਼ਟਰਪਤੀ ਪੇਜ਼ੇਸ਼ਕੀਅਨ ਨੇ ਸ਼ਨੀਵਾਰ ਨੂੰ ਜਲ ਸੈਨਾ ਅਧਿਕਾਰੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ: 'ਅਸੀਂ ਗੱਲ ਕਰ ਰਹੇ ਹਾਂ ਅਤੇ ਗੱਲ ਕਰਾਂਗੇ, ਅਸੀਂ ਜੰਗ ਨਹੀਂ ਚਾਹੁੰਦੇ ਪਰ ਅਸੀਂ ਕਿਸੇ ਵੀ ਧਮਕੀ ਤੋਂ ਨਹੀਂ ਡਰਦੇ।'

ਰਾਸ਼ਟਰਪਤੀ ਦਾ ਭਾਸ਼ਣ ਸਰਕਾਰੀ ਟੈਲੀਵਿਜ਼ਨ 'ਤੇ ਪ੍ਰਸਾਰਿਤ ਕੀਤਾ ਗਿਆ। ਉਨ੍ਹਾਂ ਕਿਹਾ, 'ਅਜਿਹਾ ਨਹੀਂ ਹੈ ਕਿ ਜੇਕਰ ਉਹ ਸਾਨੂੰ ਧਮਕੀ ਦਿੰਦੇ ਹਨ, ਤਾਂ ਅਸੀਂ ਆਪਣੇ ਮਨੁੱਖੀ ਅਧਿਕਾਰਾਂ ਅਤੇ ਜਾਇਜ਼ ਅਧਿਕਾਰਾਂ ਨੂੰ ਛੱਡ ਦੇਵਾਂਗੇ। ਅਸੀਂ ਪਿੱਛੇ ਨਹੀਂ ਹਟਾਂਗੇ, ਅਸੀਂ ਸਾਰੇ ਖੇਤਰਾਂ ਵਿੱਚ ਸਤਿਕਾਰਯੋਗ ਫੌਜੀ, ਵਿਗਿਆਨਕ, ਪ੍ਰਮਾਣੂ ਸਮਰੱਥਾਵਾਂ ਨੂੰ ਆਸਾਨੀ ਨਾਲ ਨਹੀਂ ਗੁਆਵਾਂਗੇ।' ਗੱਲਬਾਤ 'ਮਾਹਰ' ਪੱਧਰ 'ਤੇ ਪਹੁੰਚ ਗਈ ਹੈ, ਜਿਸਦਾ ਮਤਲਬ ਹੈ ਕਿ ਦੋਵੇਂ ਧਿਰਾਂ ਇੱਕ ਸੰਭਾਵੀ ਸੌਦੇ ਦੇ ਵੇਰਵਿਆਂ 'ਤੇ ਸਹਿਮਤ ਹੋਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਪਰ ਇੱਕ ਵੱਡਾ ਮੁੱਦਾ ਈਰਾਨ ਦਾ ਯੂਰੇਨੀਅਮ ਦਾ ਭੰਡਾਰਨ ਹੈ, ਜਿਸ ਬਾਰੇ ਤਹਿਰਾਨ ਜ਼ੋਰ ਦਿੰਦਾ ਹੈ ਕਿ ਇਸਨੂੰ ਅਜਿਹਾ ਕਰਨ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ ਅਤੇ ਜੋ ਅਮਰੀਕਾ ਨੇ ਵਾਰ-ਵਾਰ ਕਿਹਾ ਹੈ ਕਿ ਇਸਲਾਮੀ ਗਣਰਾਜ ਨੂੰ ਅਜਿਹਾ ਕਰਨਾ ਬੰਦ ਕਰ ਦੇਣਾ ਚਾਹੀਦਾ ਹੈ।

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਾਰ-ਵਾਰ ਧਮਕੀ ਦਿੱਤੀ ਹੈ ਕਿ ਜੇਕਰ ਕੋਈ ਸਮਝੌਤਾ ਨਹੀਂ ਹੁੰਦਾ ਤਾਂ ਈਰਾਨ ਦੇ ਪ੍ਰੋਗਰਾਮ ਨੂੰ ਨਿਸ਼ਾਨਾ ਬਣਾ ਕੇ ਹਵਾਈ ਹਮਲੇ ਕੀਤੇ ਜਾਣਗੇ। ਈਰਾਨੀ ਅਧਿਕਾਰੀਆਂ ਨੇ ਵਾਰ-ਵਾਰ ਚਿਤਾਵਨੀ ਦਿੱਤੀ ਹੈ ਕਿ ਉਹ ਆਪਣੇ ਯੂਰੇਨੀਅਮ ਭੰਡਾਰਾਂ ਨੂੰ ਅਮੀਰ ਬਣਾ ਕੇ ਪ੍ਰਮਾਣੂ ਹਥਿਆਰ ਬਣਾਉਣ ਦੀ ਕੋਸ਼ਿਸ਼ ਕਰ ਸਕਦੇ ਹਨ। ਇਸ ਤੋਂ ਪਹਿਲਾਂ ਸ਼ੁੱਕਰਵਾਰ ਨੂੰ ਟਰੰਪ ਨੇ ਕਿਹਾ ਸੀ ਕਿ ਗੱਲਬਾਤ ਦੌਰਾਨ ਈਰਾਨ ਨੂੰ ਇੱਕ ਪ੍ਰਸਤਾਵ ਮਿਲਿਆ ਹੈ, ਪਰ ਉਨ੍ਹਾਂ ਨੇ ਇਸ ਬਾਰੇ ਵਿਸਥਾਰ ਵਿੱਚ ਨਹੀਂ ਦੱਸਿਆ। ਇਸ ਹਫ਼ਤੇ ਖੇਤਰ ਦੀ ਆਪਣੀ ਫੇਰੀ ਦੌਰਾਨ ਟਰੰਪ ਨੇ ਲਗਭਗ ਹਰ ਘਟਨਾ 'ਤੇ ਜ਼ੋਰ ਦਿੱਤਾ ਕਿ ਈਰਾਨ ਨੂੰ ਪ੍ਰਮਾਣੂ ਬੰਬ ਪ੍ਰਾਪਤ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਈਰਾਨ ਦੀ ਪ੍ਰਮਾਣੂ ਏਜੰਸੀ ਦੇ ਮੁਖੀ ਮੁਹੰਮਦ ਇਸਲਾਮ ਨੇ ਪ੍ਰੋਗਰਾਮ ਦੇ ਸ਼ਾਂਤੀਪੂਰਨ ਸੁਭਾਅ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਇਹ ਸੰਯੁਕਤ ਰਾਸ਼ਟਰ ਪ੍ਰਮਾਣੂ ਨਿਗਰਾਨੀ ਸੰਸਥਾ ਦੁਆਰਾ 'ਨਿਰੰਤਰ' ਨਿਗਰਾਨੀ ਅਧੀਨ ਹੈ। ਇਸਲਾਮ ਨੇ ਕਿਹਾ, "ਸਾਡੇ ਵਰਗੀ ਕਿਸੇ ਵੀ ਏਜੰਸੀ ਦੁਆਰਾ ਕਿਸੇ ਵੀ ਦੇਸ਼ ਦੀ ਨਿਗਰਾਨੀ ਨਹੀਂ ਕੀਤੀ ਜਾਂਦੀ। ਉਨ੍ਹਾਂ ਕਿਹਾ ਕਿ ਏਜੰਸੀ ਨੇ 2024 ਵਿੱਚ ਦੇਸ਼ ਦੇ ਪ੍ਰਮਾਣੂ ਸਥਾਪਨਾਵਾਂ ਦਾ 450 ਤੋਂ ਵੱਧ ਵਾਰ ਨਿਰੀਖਣ ਕੀਤਾ।"

# ਅਮਰੀਕਾ ਦੀ ਜੇਲ ਵਿਚੋਂ ਕੰਧ ਤੋੜ ਕੇ 10 ਕੈਦੀ ਹੋਏ ਫਰਾਰ

## ਜੇਲ 'ਚ ਤਾਇਨਾਤ ਸਟਾਫ ਵਿਚੋਂ ਕਿਸੇ ਨੇ ਦੌੜ ਜਾਣ ਵਿਚ ਕੀਤੀ ਮਦਦ : ਸ਼ੈਰਿਫ



ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਅਮਰੀਕਾ ਦੇ ਲੋਇਸਿਆਨਾ ਰਾਜ ਦੀ ਨਿਊ ਓਰਲੀਨਜ ਜੇਲ ਵਿਚੋਂ ਟਾਇਲਟ ਪਿਛਲੀ ਕੰਧ ਤੋੜ ਕੇ 10 ਕੈਦੀਆਂ ਦੇ ਫਰਾਰ ਹੋ ਜਾਣ ਦੀ ਖਬਰ ਹੈ। ਸਥਾਨਕ ਸ਼ੈਰਿਫ ਨੇ ਜਾਰੀ ਇਕ ਬਿਆਨ ਵਿਚ ਇਹ ਜਾਣਕਾਰੀ ਦਿੱਤੀ ਹੈ। ਫਰਾਰ ਹੋਏ ਕੈਦੀਆਂ ਵਿਚ ਹੱਤਿਆ ਦੇ ਮਾਮਲਿਆਂ ਵਿਚ ਗ੍ਰਿਫਤਾਰ ਸ਼ੱਕੀ ਦੋਸ਼ੀ ਵੀ ਸ਼ਾਮਿਲ ਹਨ। ਓਰਲੀਨਜ ਪੈਰਿਸ਼ ਸ਼ੈਰਿਫ ਸੁਸਾਨ ਹਟਸਨ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਉਨਾਂ ਨੂੰ ਅਜਿਹੇ ਸੰਕੇਤ ਮਿਲੇ ਹਨ ਜਿਨਾਂ ਤੋਂ ਪਤਾ ਲੱਗਦਾ ਹੈ ਕਿ ਜੇਲ ਵਿਚ ਉਨਾਂ ਦੇ ਵਿਭਾਗ ਦੇ ਹੀ ਕੁਝ ਲੋਕਾਂ ਨੇ ਕੈਦੀਆਂ ਦੇ ਬਚ ਕੇ ਨਿਕਲ ਜਾਣ ਵਿਚ ਮੱਦਦ ਕੀਤੀ ਹੈ ਕਿਉਂਕਿ ਬਿਨਾਂ ਮੱਦਦ ਤੋਂ ਇਸ ਜੇਲ ਵਿਚੋਂ ਫਰਾਰ ਹੋਣਾ ਅਸੰਭਵ ਹੈ। ਉਨ੍ਹਾਂ ਕਿਹਾ ਕਿ ਇਕ ਕੈਦੀ ਨੂੰ ਕਾਬੂ ਕਰ ਲਿਆ ਗਿਆ ਹੈ ਜਦ ਕਿ ਬਾਕੀ ਕੈਦੀਆਂ ਦਾ ਕੋਈ ਥਹੁ ਪਤਾ ਨਹੀਂ ਹੈ। ਹਟਸਨ ਅਨੁਸਾਰ ਅੱਧੀ ਰਾਤ ਬਾਅਦ ਇਕ ਵਜੇ ਓਰਲੀਨਜ ਜਸਟਿਸ ਸੈਂਟਰ ਦੀ ਕੰਧ ਤੋੜਨ ਉਪਰੰਤ ਕੈਦੀ ਉਸ ਦਰਵਾਜੇ ਵਿਚਦੀ ਫਰਾਰ ਹੋਏ ਜੋ ਦਰਵਾਜਾ ਆਮ ਤੌਰ 'ਤੇ ਸਮਾਨ ਅੰਦਰ ਲਿਆਉਣ ਲਈ ਵਰਤਿਆ ਜਾਂਦਾ ਹੈ। ਸ਼ੈਰਿਫ ਅਨੁਸਾਰ ਕੈਦੀਆਂ ਦੇ ਦੌੜ ਜਾਣ ਦਾ ਪਤਾ ਸਵੇਰੇ 8.30 ਵਜੇ ਉਸ ਸਮੇ ਪਤਾ ਲੱਗਾ ਜਦੋਂ ਆਮ ਵਾਂਗ ਕੈਦੀਆਂ ਦੀ ਗਿਣਤੀ ਕੀਤੀ ਗਈ। ਹਟਸਨ ਨੇ ਕਿਹਾ ਕਿ ਕੈਦੀਆਂ ਦੇ ਸੈੱਲ ਦੇ ਜਿੰਦਰੇ ਖਰਾਬ ਹੋਣ ਕਾਰਨ ਵੀ ਕੈਦੀ ਅਸਾਨੀ ਨਾਲ ਬਚ ਨਿਕਲੇ। ਫਰਾਰ ਹੋਏ ਕੈਦੀਆਂ ਵਿਚ ਕੋਰੀ ਬਾਇਡ, ਡਕੇਨਨ ਡੈਨਿਸ, ਜਰਮਾਈਨ ਡੋਨਾਲਡ, ਡੈਰਿਕ ਗਰੋਵਸ, ਐਨਟੋਨੀ ਮੈਸੀ, ਰਾਬਰਟ ਮੂਡੀ, ਕੈਨਡੈਲ ਮਾਇਰਸ, ਗੈਰੀ ਪ੍ਰਾਈਸ, ਲੀਓ ਟੇਟ ਤੇ ਲੈਨਟਨ ਵੈਨਬੁਰੇਨ ਸ਼ਾਮਿਲ ਹਨ। ਉਨ੍ਹਾਂ ਕਿਹਾ ਕਿ ਕੈਨਡੈਲ ਮਾਇਰਸ ਨਾਮੀ ਕੈਦੀ ਨੂੰ ਇਕ ਹੋਟਲ ਪਾਰਕਿੰਗ ਵਿਚੋਂ ਕਾਬੂ ਕਰ ਲਿਆ ਗਿਆ ਹੈ ਜਿਥੇ ਉਹ ਇਕ ਕਾਰ ਹੇਠਾਂ ਲੁੱਕਿਆ ਹੋਇਆ ਸੀ। ਉਨ੍ਹਾਂ ਦੱਸਿਆ ਕਿ ਮਾਇਰਸ ਨੇ ਦੌੜਨ ਦੀ ਕੋਸ਼ਿਸ਼ ਕੀਤੀ ਪਰੰਤੂ ਬਾਅਦ ਵਿਚ ਛੇਤੀ ਹੀ ਉਸ ਨੇ ਆਤਮ ਸਮਰਪਣ ਕਰ ਦਿੱਤਾ। ਹਟਸਨ ਅਨੁਸਾਰ ਪੁਲਿਸ ਬਾਕੀ ਕੈਦੀਆਂ ਨੂੰ ਕਾਬੂ ਕਰਨ ਲਈ ਯਤਨਸ਼ੀਲ ਹੈ ਤੇ ਕੈਦੀਆਂ ਦੇ ਬਚ ਕੇ ਨਿਕਲ ਜਾਣ ਦੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਸਿਆਟਲ ਨੇੜੇ ਗੋਲੀਬਾਰੀ ਕਾਰਨ ਇਕ ਔਰਤ ਸਮੇਤ 3 ਮੌਤਾਂ ਤੇ ਇਕ ਦੀ ਹਾਲਤ ਗੰਭੀਰ

ਸੈਕਰਾਮੈਂਟ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਡਾਊਨਟਾਊਨ ਸਿਆਟਲ ਨੇੜੇ ਹੋਈ ਗੋਲੀਬਾਰੀ ਵਿਚ ਇਕ ਔਰਤ ਸਮੇਤ 3 ਵਿਅਕਤੀਆਂ ਦੇ ਮਾਰੇ ਜਾਣ ਤੇ ਇਕ ਹੋਰ ਦੇ ਗੰਭੀਰ ਜ਼ਖਮੀ ਹੋ ਜਾਣ ਦੀ ਖਬਰ ਹੈ। ਸਿਆਟਲ ਪੁਲਿਸ ਵਿਭਾਗ ਵੱਲੋਂ ਜਾਰੀ ਇਕ ਪ੍ਰੈਸ ਬਿਆਨ ਅਨੁਸਾਰ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਪਾਇਓਨੀਰ ਸਕੁਏਅਰ ਨੇੜੇ ਘਟਨਾ ਸਥਾਨ 'ਤੇ ਅੱਧੀ ਰਾਤ ਬਾਅਦ 1 ਵਜੇ ਪੁੱਜੇ। ਮੌਕੇ ਉਪਰ ਇਕ ਔਰਤ ਸਮੇਤ 4 ਵਿਅਕਤੀ ਬੇਸੁੱਧ ਹਾਲਤ ਵਿਚ ਮਿਲੇ ਜਿਨਾਂ ਦੇ ਗੋਲੀਆਂ ਵੱਜੀਆਂ ਹੋਈਆਂ ਸਨ। ਜਿਨਾਂ ਵਿਚੋਂ ਇਕ ਔਰਤ ਸਮੇਤ 3 ਜਣਿਆਂ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦ ਕਿ ਚੌਥੇ ਵਿਅਕਤੀ ਨੂੰ ਗੰਭੀਰ ਹਾਲਤ ਵਿਚ ਹਾਰਬੋਰਵਿਊ ਮੈਡੀਕਲ ਸੈਂਟਰ ਵਿਚ ਦਾਖਲ ਕਰਵਾਇਆ ਗਿਆ ਹੈ। ਪੁਲਿਸ ਵਿਭਾਗ ਦੇ ਬਰੀਅਨ ਪ੍ਰਿਚਰਡ ਨੇ ਈ ਮੇਲ 'ਤੇ ਭੇਜੇ ਇਕ ਬਿਆਨ ਵਿਚ ਕਿਹਾ ਹੈ ਕਿ ਗੋਲੀਬਾਰੀ ਦੇ ਕਾਰਨ ਬਾਰੇ ਜਾਂਚ ਕੀਤੀ ਜਾ ਰਹੀ ਤੇ ਅਜੇ ਤੱਕ ਇਸ ਮਾਮਲੇ ਵਿਚ ਕੋਈ ਗ੍ਰਿਫਤਾਰੀ ਨਹੀਂ ਹੋਈ ਹੈ।





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਅਨੰਦ ਕਾਰਜ ਵਿਚ ਲੜਕਾ ਲੜਕੀ ਦੋਹਾਂ ਵਲੋਂ ਲਾਵਾਂ ਦੇ ਕੀਰਤਨ ਹੁੰਦਿਆਂ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪਰਿਕ੍ਰਮਾ ਦੀ ਮਰਯਾਦਾ ਮੁੱਖ ਅੰਗ ਹੈ। ਬਲਕਿ ਅਨੰਦ ਕਾਰਜ ਨੂੰ ਆਮ ਬੋਲ ਚਾਲ ਵਿਚ ਲਾਵਾਂ ਵੀ ਕਿਹਾ ਜਾਂਦਾ ਹੈ। ਇਹ ਲਾਵਾਂ, ਪਰਿਕਰਮਾ, ਪਰਦੱਛਣਾ ਜਾਂ ਤਵਾਫ਼ ਕੁਦਰਤ ਦਾ ਐਸਾ ਨਿਯਮ ਹੈ ਜੋ ਕਿਸੇ ਨਾ ਕਿਸੇ ਰੂਪ ਵਿਚ ਹਰ ਧਰਮ ਵਿਚ ਮੌਜੂਦ ਹੈ। ਕਿਸੇ ਵੀ ਪਦਾਰਥ ਦੇ ਸਭ ਤੋਂ ਛੋਟੇ ਕਣ ਨੂੰ ਅਣੂ ਕਿਹਾ ਜਾਂਦਾ ਹੈ ਜੋ ਬਿਨਾਂ ਜੰਤਰਾਂ ਦੇ ਆਮ ਅੱਖ ਨਾਲ ਨਹੀਂ ਵੇਖਿਆ ਜਾ ਸਕਦਾ। ਇਹ ਵੀ ਠੋਸ ਨਹੀਂ ਹੁੰਦਾ ਬਲਕਿ ਇਸਦੇ ਵਿਚ ਇਕ ਨਿਯੁਟਰਾਨ ਅਤੇ ਉਸ ਦੇ ਦੁਆਲੇ ਇਲੈਕਟਰਾਨ ਅਤੇ ਪ੍ਰੋਟਾਨ ਹੁੰਦੇ ਹਨ ਜੋ ਲਗਾਤਾਰ ਚੱਕਰ ਕੱਟ ਰਹੇ ਹੁੰਦੇ ਹਨ।

ਇਸੇ ਤਰ੍ਹਾਂ ਦੂਸਰੇ ਪਾਸੇ ਚੰਦਰਮਾ ਧਰਮੀ ਦਾ, ਧਰਤੀ ਸੂਰਜ ਦੀ, ਸੂਰਜ ਅੱਗੇ ਹੋਰ ਗ੍ਰਹਿਆਂ ਦਾ। ਇਹ ਸਿਲਸਿਲਾ ਨਿਰੰਤਰ ਜਾਰੀ ਹੈ ਅਤੇ ਸਾਰੇ ਬ੍ਰਹਿਮੰਡ ਦੇ ਗ੍ਰਹਿ ਆਪਣੇ ਤੋਂ ਵੱਡੇ ਗ੍ਰਹਿ ਦੀ ਪਰਿਕਰਮਾ ਕਰੀ ਜਾ ਰਿਹਾ ਹੈ।

ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ ਨ ਅੰਤ॥ (ਮ. ੧, ੪੬੫)

ਇਸ ਲਈ ਗੁਰੂ ਗ੍ਰੰਥ ਸਾਹਿਬ ਦੀ ਪਰਿਕਰਮਾ ਕਰਦਿਆਂ ਲਾਵਾ ਲੈਣੀਆਂ ਆਪਣੇ ਆਪ ਨੂੰ ਗੁਰੂ ਪ੍ਰਤੀ ਸਮਰਪਿਤ ਹੋਣ ਦਾ ਐਲਾਨ ਕਰਨਾ ਹੈ ਕਿ ਤੂੰ ਮੇਰਾ ਧੁਰਾ ਹੈ ਅਤੇ ਮੈਂ ਤੇਰਾ ਮਦਾਰ। ਇਸ ਤਰ੍ਹਾਂ ਗੁਰੂ ਦੀ ਅਸੀਸ ਪ੍ਰਾਪਤ ਕਰਨੀ ਹੈ।

(ਚ) ਅਨਮਤ ਵਾਲਿਆਂ ਦਾ ਵਿਆਹ 'ਅਨੰਦ', ਰੀਤੀ ਨਾਲ ਨਹੀਂ ਹੋ ਸਕਦਾ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੪)


ਅਨਮਤ ਦਾ ਅਰਥ ਹੈ ਸਿੱਖ ਮਤ ਦੇ ਵਿਪਰੀਤ ਕਿਸੇ ਹੋਰ ਧਰਮ ਨੂੰ ਮੰਨਣ ਵਾਲੇ। ਗੁਰਮਤਿ ਵਿਚ ਕਿਸੇ ਨਾਲ ਵਿਤਕਰਾ ਨਹੀਂ ਹੈ ਪਰ ਅਨੰਦ ਕਾਰਜ ਆਪਣੇ ਇਸ਼ਟ ਨੂੰ ਹਾਜ਼ਰ ਨਾਜ਼ਰ ਜਾਣ ਕੇ ਉਸ ਅੱਗੇ ਸਮਰਪਿਤ ਹੋਣਾ ਹੈ। ਹੁਣ ਉਹ ਵਿਅਕਤੀ ਜਿਸ ਦਾ ਅਧਿਆਤਮਕ ਤੌਰ 'ਤੇ ਗੁਰੂ ਨਾਲ ਇਸ਼ਟ ਅਤੇ ਸਿੱਖ ਦਾ ਰਿਸ਼ਤਾ ਹੀ ਨਹੀਂ ਹੈ ਤਾਂ ਫਿਰ ਇਹ ਅਨੰਦ ਕਾਰਜ, ਲਾਵਾਂ ਅਤੇ ਪਰਿਕਰਮਾ ਕਰਨੀਆਂ ਕੇਵਲ ਵਿਖਾਵਾ ਮਾਤਰ ਹੀ ਹੈ। ਇਸ ਦੇ ਨਾਲ ਹੀ ਅਨੰਦ ਕਾਰਜ ਕਾਨੂੰਨੀ ਤੌਰ 'ਤੇ ਵੀ ਸਿੱਖ ਦੇ ਵਿਆਹ ਦਾ ਕਾਨੂੰਨ ਹੈ ਅਤੇ ਸਿੱਖਾਂ 'ਤੇ ਹੀ ਲਾਗੂ ਹੈ। ਅਨ-ਧਰਮ ਵਾਲਿਆਂ 'ਤੇ ਇਹ ਲਾਗੂ ਨਹੀਂ ਹੈ। ਇਸ ਤਰ੍ਹਾਂ ਇਹ ਕਈ ਕਾਨੂੰਨੀ ਉਲਝਣਾ ਵੀ ਖੜ੍ਹੀਆਂ ਕਰ ਸਕਦਾ ਹੈ।

(ਛ) ਲੜਕੇ ਜਾਂ ਲੜਕੀ ਦਾ ਸੰਜੋਗ ਪੈਸਾ ਲੈ ਕੇ ਨਾ ਕਰੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੧੦੧੫, ਪੰਨਾ ੨੪)

ਅਨੰਦ ਕਾਰਜ ਇਕ ਰੂਹਾਨੀ ਰਹਿਮਤ ਹੈ। ਇਸ ਨੂੰ ਵਪਾਰ ਨਹੀਂ ਸਮਝਣਾ ਚਾਹੀਦਾ। ਗੁਰਬਾਣੀ ਨੇ ਪ੍ਰਚਲਤ ਪਰਿਪਾਟੀ ਦਾ ਜ਼ਿਕਰ ਕੀਤਾ ਹੈ ਕਿ ਲੋਕ ਤਾਂ ਬੱਚਿਆਂ ਦੇ ਸੌਦੇ ਕਰੀ ਜਾ ਰਹੇ ਹਨ।

ਕੋ ਹੈ ਲਰਿਕਾ ਬੇਚਈ ਲਰਿਕੀ ਬੇਚੈ ਕੋਇ॥
ਸਾਝਾ ਕਰੇ ਕਬੀਰ ਸਿਉ ਹਰਿ ਸੰਗਿ ਬਨਜੁ ਕਰੇਇ॥੪੩॥




(ਸਲੋਕ ਕਬੀਰ ਜੀ, ਅੰਗ ੧੩੬੬)

ਅਸਿੱਧੇ ਤੌਰ 'ਤੇ ਵੀ ਗੁਣ ਔਗੁਣ ਅਤੇ ਸਿੱਖੀ ਦੀ ਵਿਚਾਰ ਦੇ ਬਿਨਾਂ ਕੇਵਲ ਪੈਸੇ ਜਾਂ ਧਨ ਦੀ ਚਕਾਚੌਂਧ ਨਾਲ ਹੀ ਰਿਸ਼ਤਾ ਕਰਨਾ ਇਸੇ ਮੱਦ ਵਿਚ ਆਉਂਦਾ ਹੈ। ਭਾਈ ਚਉਪਾ ਸਿੰਘ ਜੀ ਦੇ ਰਹਿਤਨਾਮੇ ਵਿਚ ਜ਼ਿਕਰ ਹੈ, 'ਨਾਤਾ ਸਿੱਖੀ ਦਾ।'

(ਜ) ਜੇ ਬਾਲਕੀ ਦੇ ਮਾਪੇ ਕਦਾਂਚ ਸਬੱਬ ਪਾਇ ਕੈ ਬਾਲਕੀ ਦੇ ਗ੍ਰਹਿ ਵਿਖੇ ਜਾਣ ਅਤੇ ਉਥੇ ਪ੍ਰਸ਼ਾਦਿ ਤਿਆਰ ਹੋਵੇ, ਤਾਂ ਖਾਣ ਤੋਂ ਸੰਕੋਚਣਾ ਨਹੀਂ। ਅੰਨ ਨਾ ਖਾਣਾ ਸਭ ਭਰਮ ਹੈ। ਖਾਲਸੇ ਨੂੰ, ਖਾਣਾ ਖਲਾਵਣਾ ਸ੍ਰੀ ਗੁਰੂ ਬਾਬੇ ਅਕਾਲ ਪੁਰਖ ਬਖਸ਼ਿਆ ਹੈ। ਬੇਟੀ ਬੇਟੇ ਵਾਲੇ ਆਪਸ ਮੇਂ ਖਾਂਦੇ ਰਹਿਣ, ਇਸੇ ਵਾਸਤੇ, ਜੋ ਗੁਰੂ ਨੇ ਦੋਵੇਂ ਸਾਕ ਇਕ ਕੀਤੇ ਹੈਨ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੪)

ਪੁਰਾਣੇ ਵਿਚਾਰ ਪ੍ਰਚਲਤ ਸਨ ਕਿ ਧੀ ਦੇ ਘਰ ਦਾ ਪਾਣੀ ਨਹੀਂ ਪੀਣਾ ਆਦਿ। ਧੇਤੇ ਅਤੇ ਪੁਤੇਤੇ ਵਿਚ ਫ਼ਰਕ ਨਹੀਂ ਕੀਤਾ ਜਾ ਸਕਦਾ। ਗੁਰੂ ਦੀ ਕਿਰਪਾ ਨਾਲ ਅਨੰਦ ਕਾਰਜ ਰਾਹੀਂ ਦੋ ਪਰਿਵਾਰਾਂ ਦਾ ਰਿਸ਼ਤਾ ਜੁੜਿਆ ਹੈ। ਇਸ ਲਈ ਭਰਮ ਨਹੀਂ ਕਰਨਾ।

(ਝ) ਜਿਸ ਇਸਤਰੀ ਦਾ ਭਰਾਤਾ ਕਾਲ-ਵੱਸ ਹੋ ਜਾਵੇ, ਉਹ ਚਾਹੇ ਤਾਂ ਯੋਗ ਵਰ ਦੇਖ ਕੇ ਪੁਨਰ ਸੰਜੋਗ ਕਰ ਲਵੇ। ਸਿੱਖ ਦੀ ਇਸਤਰੀ ਮਰ ਜਾਵੇ ਤਾਂ ਉਸ ਲਈ ਭੀ ਇਹੋ ਹੁਕਮ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੩)

ਪੁਰਾਣੀ ਭਾਰਤੀ ਸੰਸਕ੍ਰਿਤੀ ਵਿਚ ਪਤੀ ਦੀ ਮੌਤ ਦੇ ਬਾਅਦ ਉਸਦੀ ਵਿਧਵਾ ਲਈ ਜ਼ਿੰਦਗੀ ਨਰਕ ਤੋਂ ਵੀ ਬਦਤਰ ਹੋ ਜਾਂਦੀ ਸੀ। ਉਸ ਨੂੰ ਪਰਿਵਾਰ, ਰਿਸ਼ਤੇਦਾਰ ਅਤੇ ਸਮਾਜ ਤੋਂ ਬਾਹਰ ਕਰ ਦਿੱਤਾ ਜਾਂਦਾਸੀ। ਐਸੀ ਹਾਲਤ ਵਿਚ ਸਤੀ ਹੋ ਜਾਣਾ ਜਾਂ ਫਿਰ ਦੇਵ ਦਾਸੀ ਦੀ ਜ਼ਿੰਦਗੀ ਬਤੀਤ ਕਰਨੀ ਉਸਦਾ ਭਾਗ ਬਣ ਜਾਂਦਾ ਸੀ। ਗੁਰੂ ਅਮਰਦਾਸ ਜੀ ਨੇ ਕਿਰਪਾ ਕੀਤੀ ਅਤੇ ਇਸ ਅਮਾਨਵੀ ਪ੍ਰੰਪਰਾ ਤੋਂ ਪੂਰੀ ਤਰ੍ਹਾਂ ਵਰਜਿਤ ਕੀਤਾ।

**(ਚਲਦਾ)**

# ਐਨ.ਸੀ.ਸੀ. ਕੈਡਿਟ ਵਰਜਰੀ ਮਾਊਂਟ ਐਵਰੈਸਟ ਸਰ ਕਰਨ ਵਾਲੀ ਮੇਘਾਲਿਆ ਦੀ ਤੀਜੀ ਔਰਤ ਬਣੀ




ਸ਼ਿਲਾਂਗ : ਨੈਸ਼ਨਲ ਕੈਡੇਟ ਕੋਰ ਦੀ ਮੈਂਬਰ ਰਿਫਿਨੈਸ ਵਰਜਰੀ ਨੇ ਮਾਊਂਟ ਐਵਰੈਸਟ 'ਤੇ ਫਤਹਿ ਹਾਸਿਲ ਕੀਤੀ ਹੈ ਅਤੇ ਇਹ ਉਪਲਬਧੀ ਹਾਸਲ ਕਰਨ ਵਾਲੀ ਉਹ ਮੇਘਾਲਿਆ ਦੀ ਤੀਜੀ ਔਰਤ ਬਣ ਗਈ ਹੈ। ਅਧਿਕਾਰੀਆਂ ਨੇ ਦੱਸਿਆ ਕਿ 10 ਐਨ.ਸੀ.ਸੀ. ਕੈਡਿਟਾਂ ਦੀ ਇਕ ਮੁਹਿੰਮ ਟੀਮ, ਜਿਨ੍ਹਾਂ ਦੀ ਔਸਤ ਉਮਰ 19 ਸਾਲ ਸੀ, ਨੇ ਐਤਵਾਰ ਨੂੰ ਸਭ ਤੋਂ ਉੱਚੀ ਚੋਟੀ 'ਤੇ ਚੜ੍ਹਾਈ ਕੀਤੀ ਅਤੇ ਉੱਥੇ ਸਫਲਤਾਪੂਰਵਕ ਤਿਰੰਗਾ ਲਹਿਰਾਇਆ। ਉਨ੍ਹਾਂ ਕਿਹਾ ਕਿ ਸੇਂਟ ਐਂਥਨੀ ਕਾਲਜ ਦੀ ਵਿਦਿਆਰਥਣ ਵਰਜਰੀ (20) ਪੂਰੇ ਉੱਤਰ ਪੂਰਬੀ ਖੇਤਰ ਦੀ ਇਕਲੌਤੀ ਕੈਡੇਟ ਹੈ ਜਿਸ ਨੂੰ ਇਸ ਮੁਹਿੰਮ ਲਈ ਚੁਣਿਆ ਗਿਆ ਹੈ। ਵਾਂਸੁਕ ਮਿਰਥੋਂਗ ਅਤੇ ਡੋਲੀਨ ਖਰਭੀਹ ਤੋਂ ਬਾਅਦ ਵਰਜਰੀ ਮੇਘਾਲਿਆ ਦੀ ਤੀਜੀ ਔਰਤ ਹੈ ਜਿਸ ਨੇ ਮਾਊਂਟ ਐਵਰੈਸਟ 'ਤੇ ਚੜ੍ਹਾਈ ਕੀਤੀ।

# ਪਾਕਿਸਤਾਨ ਲਈ ਜਾਸੂਸੀ ਕਰਨ ਦੇ ਦੋਸ਼ ਹੇਠ ਹਰਿਆਣਾ ਦੀ ਯੂਟਿਊਬਰ ਗ੍ਰਿਫ਼ਤਾਰ

## ਐੱਫਆਈਆਰ ਅਨੁਸਾਰ ਮੁਲਜ਼ਮ ਜੋਤੀ ਮਲਹੋਤਰਾ ਨੇ 2023 ਵਿੱਚ ਪਾਕਿਸਤਾਨ ਦੀ ਯਾਤਰਾ ਦੌਰਾਨ ਪਾਕਿਸਤਾਨੀ ਨਾਗਰਿਕਾਂ ਅਤੇ ਖੁਫੀਆ ਏਜੰਸੀਆਂ ਨਾਲ ਸੰਪਰਕ ਬਣਾਏ

ਹਿਸਾਰ : ਹਿਸਾਰ ਪੁਲਿਸ ਨੇ ਇੱਕ ਟਰੈਵਲ ਵਲੌਗਰ ਅਤੇ ਹਿਸਾਰ ਕਸਬੇ ਦੀ ਰਹਿਣ ਵਾਲੀ ਯੂਟਿਊਬਰ ਜੋਤੀ ਮਲਹੋਤਰਾ ਨੂੰ ਕਥਿਤ ਤੌਰ 'ਤੇ ਪਾਕਿਸਤਾਨ ਲਈ ਜਾਸੂਸੀ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਕੇਂਦਰੀ ਖ਼ੁਫ਼ੀਆ ਏਜੰਸੀ ਤੋਂ ਪ੍ਰਾਪਤ ਜਾਣਕਾਰੀ ਅਤੇ ਹਿਸਾਰ ਪੁਲੀਸ ਦੇ ਸੀਆਈਏ ਸਟਾਫ ਵੱਲੋਂ ਕੀਤੀ ਗਈ ਪੁੱਛ ਪੜਤਾਲ ਤੋਂ ਬਾਅਦ ਜੋਤੀ ਨੂੰ ਨਿਊ ਅਗਰਸੈਨ ਐਕਸਟੈਂਸ਼ਨ ਸਥਿਤ ਉਸ ਦੇ ਘਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਹਿਸਾਰ ਸਿਵਲ ਲਾਈਨਜ਼ ਪੁਲਿਸ ਸਟੇਸ਼ਨ ਵਿੱਚ ਦਰਜ ਐੱਫਆਈਆਰ ਅਨੁਸਾਰ ਜੋਤੀ 'ਟਰੈਵਲ ਵਿੱਦ ਜੋ' ਨਾਮ ਹੇਠ ਇੱਕ ਯੂਟਿਊਬ ਟਰੈਵਲ ਚੈਨਲ ਚਲਾਉਂਦੀ ਹੈ। ਉਸ ਨੇ 2023 ਵਿੱਚ ਪਾਕਿਸਤਾਨ ਦੀ ਆਪਣੀ ਯਾਤਰਾ ਦੌਰਾਨ ਪਾਕਿਸਤਾਨੀ ਨਾਗਰਿਕਾਂ ਅਤੇ ਖ਼ੁਫ਼ੀਆ ਏਜੰਸੀਆਂ ਨਾਲ ਸੰਪਰਕ ਬਣਾਏ ਸਨ।

ਐੱਫਆਈਆਰ ਅਨੁਸਾਰ ਜੋਤੀ ਮਲਹੋਤਰਾ ਨੇ ਖੁਲਾਸਾ ਕੀਤਾ ਕਿ ਉਹ ਸ਼ੁਰੂ ਵਿੱਚ ਵੀਜ਼ਾ ਲਈ ਅਰਜ਼ੀ ਦੇਣ ਦਿੱਲੀ ਵਿੱਚ ਪਾਕਿਸਤਾਨ ਹਾਈ ਕਮਿਸ਼ਨ ਗਈ ਸੀ, ਜਿੱਥੇ ਉਹ ਅਹਿਸਾਨ-ਉਰ-ਰਹੀਮ ਉਰਫ਼ ਦਾਨਿਸ਼ ਨੂੰ ਮਿਲੀ। ਮੁਲਾਕਾਤ ਮਗਰੋਂ ਉਹ ਉਸ ਦੇ ਸੰਪਰਕ ਵਿੱਚ ਰਹੀ ਅਤੇ ਬਾਅਦ ਵਿੱਚ ਦੋ ਵਾਰ ਪਾਕਿਸਤਾਨ ਗਈ। ਆਪਣੀਆਂ ਪਾਕਿਸਤਾਨੀ ਫੇਰੀਆਂ ਦੌਰਾਨ ਉਹ ਅਲੀ ਅਹਵਾਨ ਨਾਂ ਦੇ ਇੱਕ ਵਿਅਕਤੀ ਨੂੰ ਮਿਲੀ, ਜਿਸ ਨੇ ਉਸ ਦੀ ਰਿਹਾਇਸ਼ ਦਾ ਪ੍ਰਬੰਧ ਕੀਤਾ ਅਤੇ ਪਾਕਿਸਤਾਨ ਦੀਆਂ ਖ਼ੁਫ਼ੀਆਂ ਅਤੇ ਸੁਰੱਖਿਆ ਏਜੰਸੀਆਂ ਦੇ ਅਧਿਕਾਰੀਆਂ ਨਾਲ ਮੁਲਾਕਾਤਾਂ ਦਾ ਪ੍ਰਬੰਧ ਕਰਵਾਇਆ।



ਐੱਫਆਈਆਰ ਵਿੱਚ ਕਿਹਾ ਗਿਆ ਹੈ ਕਿ ਮੁਲਜ਼ਮ ਜੋਤੀ ਦੋ ਹੋਰ ਵਿਅਕਤੀਆਂ ਨੂੰ ਵੀ ਮਿਲੀ, ਜਿਨ੍ਹਾਂ ਦੀ ਪਛਾਣ ਸ਼ਾਕਿਰ ਅਤੇ ਰਾਣਾ ਸ਼ਾਹਬਾਜ਼ ਵਜੋਂ ਕੀਤੀ ਗਈ ਹੈ। ਉਸ ਨੇ ਉਨ੍ਹਾਂ ਦੀ ਸੰਪਰਕ ਜਾਣਕਾਰੀ ਝੂਠੀ ਪਛਾਣ ਹੇਠ ਸੁਰੱਖਿਅਤ ਕੀਤੀ। ਭਾਰਤ ਵਾਪਸ ਆਉਣ 'ਤੇ ਉਹ WhatsApp, Snapchat and Telegram ਵਰਗੇ ਸੋਸ਼ਲ ਮੀਡੀਆ ਪਲੈਟਫਾਰਮਾਂ ਰਾਹੀਂ ਉਨ੍ਹਾਂ ਦੇ ਸੰਪਰਕ ਵਿੱਚ ਰਹੀ। ਜੋਤੀ ਖ਼ਿਲਾਫ਼ ਉਨ੍ਹਾਂ ਨਾਲ ਸੰਵੇਦਨਸ਼ੀਲ ਜਾਣਕਾਰੀ ਸਾਂਝੀ ਕਰਨ ਦਾ ਦੋਸ਼ ਹੈ, ਜਿਸ ਨਾਲ ਦੇਸ਼ ਦੀ ਅਖੰਡਤਾ ਅਤੇ ਸੁਰੱਖਿਆ ਲਈ ਖ਼ਤਰਾ ਪੈਦਾ ਹੋਇਆ।

ਐੱਫਆਈਆਰ ਵਿੱਚ ਇਹ ਵੀ ਖੁਲਾਸਾ ਕੀਤਾ ਗਿਆ ਹੈ ਕਿ ਅਹਿਸਾਨ-ਉਰ-ਰਹੀਮ, ਜਿਸ ਨਾਲ ਜੋਤੀ ਨੇ ਲੰਬੇ ਸਮੇਂ ਤੱਕ ਸੰਪਰਕ ਬਣਾਈ ਰੱਖਿਆ ਸੀ, ਨੂੰ ਭਾਰਤ ਸਰਕਾਰ ਨੇ 13 ਮਈ, 2025 ਨੂੰ ਜਾਸੂਸੀ ਨਾਲ ਸਬੰਧਿਤ ਗਤੀਵਿਧੀਆਂ ਲਈ persona non grata ਐਲਾਨਿਆ ਸੀ।

ਪੁਲਿਸ ਨੇ ਜੋਤੀ ਖ਼ਿਲਾਫ਼ Bharatiya Nyaya Sanhita (BNS) ਦੀ ਧਾਰਾ 152, Official Secrets Act, 1923 ਦੀ ਧਾਰਾ 3, 4 ਅਤੇ 5 ਤਹਿਤ ਕੇਸ ਦਰਜ ਕੀਤਾ ਹੈ। ਪੁੱਛ ਪੜਤਾਲ ਦੌਰਾਨ ਉਸ ਦੇ ਇਕਬਾਲੀਆ ਬਿਆਨ ਕਾਰਨ ਜੋਤੀ ਨੂੰ ਪੰਜ ਦਿਨਾਂ ਲਈ ਪੁਲੀਸ ਹਿਰਾਸਤ ਵਿੱਚ ਭੇਜ ਦਿੱਤਾ ਗਿਆ। ਇਸ ਤੋਂ ਬਾਅਦ ਕੇਸ ਨੂੰ ਹੋਰ ਜਾਂਚ ਲਈ ਆਰਥਿਕ ਅਪਰਾਧ ਸ਼ਾਖਾ ਨੂੰ ਤਬਦੀਲ ਕਰ ਦਿੱਤਾ ਗਿਆ ਹੈ। ਮਾਮਲੇ ਦੀ ਜਾਂਚ ਇੰਸਪੈਕਟਰ ਨਿਰਮਲਾ ਨੂੰ ਸੌਂਪੀ ਗਈ ਹੈ ਅਤੇ ਮੁਲਜ਼ਮ ਨੂੰ ਅਗਲੇਰੀ ਕਾਰਵਾਈ ਲਈ ਹਿਸਾਰ ਦੇ ਇੱਕ ਮੈਜਿਸਟਰੇਟ ਅੱਗੇ ਪੇਸ਼ ਕੀਤੇ ਜਾਣ ਦੀ ਉਮੀਦ ਹੈ।

# BASRA

## Heating & Air Conditioning

### ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

### ਸਿਆਸੀ ਤਸ਼ਰੀਫ

# ਪੰਜਾਬ ਦੀ ਕੁਰਸੀ ਤੇ ਦੋ ਗੈਰ ਪੰਜਾਬੀ ਕਾਬਜ਼ !

ਚੰਡੀਗੜ੍ਹ, (ਚਰਨਜੀਤ ਭੁੱਲਰ) : ਪੰਜਾਬ ਸਰਕਾਰ ਨੇ ਅੱਜ ਵੱਖ ਵੱਖ ਬੋਰਡਾਂ ਦੇ ਨਵੇਂ ਅੱਧੀ ਦਰਜਨ ਚੇਅਰਮੈਨ ਨਿਯੁਕਤ ਕੀਤੇ ਹਨ ਜਿਨ੍ਹਾਂ 'ਚ ਦੋ ਗ਼ੈਰ ਪੰਜਾਬੀ ਚਿਹਰੇ ਵੀ ਹਨ। 'ਆਪ' ਦੀ ਦਿੱਲੀ ਲੀਡਰਸ਼ਿਪ ਦੇ ਕਰੀਬੀ ਤੇ ਪਾਰਟੀ 'ਚ ਕੰਮ ਕਰਦੇ ਦੋ ਚਿਹਰਿਆਂ ਦੀ ਚੇਅਰਮੈਨ ਵਜੋਂ ਨਿਯੁਕਤੀ ਮਗਰੋਂ ਪੰਜਾਬ ਦੀ ਸਿਆਸਤ ਭਖ ਗਈ ਹੈ। 'ਆਪ' ਦੀ ਕੌਮੀ ਤਰਜਮਾਨ ਰੀਨਾ ਗੁਪਤਾ ਨੂੰ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਚੇਅਰਪਰਸਨ ਲਾਇਆ ਗਿਆ ਹੈ ਜਦਕਿ ਸੰਸਦ ਮੈਂਬਰ ਸੰਦੀਪ ਪਾਠਕ ਦੇ ਨੇੜਲੇ ਦੀਪਕ ਚੌਹਾਨ ਨੂੰ 'ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ' ਦਾ ਚੇਅਰਮੈਨ ਲਾਇਆ ਗਿਆ ਹੈ। ਦੀਪਕ ਚੌਹਾਨ ਉੱਤਰ ਪ੍ਰਦੇਸ਼ ਦੇ ਬਾਸ਼ਿੰਦੇ ਹਨ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅੱਜ ਬੋਰਡਾਂ ਤੇ ਨਿਗਮਾਂ ਦੇ ਪੰਜ ਚੇਅਰਮੈਨ, ਦੋ ਵਾਈਸ ਚੇਅਰਮੈਨ, 17 ਡਾਇਰੈਕਟਰ ਅਤੇ ਸੱਤ ਮੈਂਬਰਾਂ ਦੀ ਸੂਚੀ ਜਾਰੀ ਕੀਤੀ ਗਈ ਹੈ।

ਇਨ੍ਹਾਂ 31 ਅਹੁਦਿਆਂ ਤੋਂ ਇਲਾਵਾ ਸਾਇੰਸ ਤੇ ਤਕਨਾਲੋਜੀ ਵਿਭਾਗ ਨੇ ਰੀਨਾ ਗੁਪਤਾ ਨੂੰ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਚੇਅਰਪਰਸਨ ਨਿਯੁਕਤ ਕਰਨ ਸਬੰਧੀ ਨੋਟੀਫ਼ਿਕੇਸ਼ਨ ਜਾਰੀ ਕੀਤਾ ਹੈ। ਰੀਨਾ ਗੁਪਤਾ 'ਆਪ' ਦੀ ਸਾਬਕਾ ਪਾਰਟੀ ਸਕੱਤਰ ਵਜੋਂ ਵੀ ਕੰਮ ਕਰ ਚੁੱਕੀ ਹੈ। ਵਿਰੋਧੀ ਧਿਰਾਂ ਨੇ ਹਾਕਮ ਧਿਰ 'ਤੇ ਬਾਹਰੀ ਲੋਕਾਂ ਦੇ ਪੰਜਾਬ ਦੀ ਵਾਗਡੋਰ ਸੰਭਾਲਣ ਦੇ ਇਲਜ਼ਾਮ ਲਾਉਣੇ ਸ਼ੁਰੂ ਕਰ ਦਿੱਤੇ ਹਨ। ਨਵੀਂ ਚੇਅਰਪਰਸਨ ਰੀਨਾ ਗੁਪਤਾ ਕਈ ਮੌਕਿਆਂ 'ਤੇ ਪੰਜਾਬ 'ਚ ਪਰਾਲੀ ਸਾੜਨ 'ਤੇ ਕਾਬੂ ਪਾਉਣ 'ਚ ਪਿਛਲੀ ਕਾਂਗਰਸ ਸਮੇਂ ਦਿਖਾਈ ਗਈ ਨਾਕਾਮੀ 'ਤੇ ਵੀ ਬੋਲ ਚੁੱਕੀ ਹੈ। ਰੀਨਾ ਗੁਪਤਾ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਪਹਿਲੀ ਮਹਿਲਾ ਚੇਅਰਪਰਸਨ ਹੋਵੇਗੀ। ਉਸ ਤੋਂ ਪਹਿਲਾਂ ਪ੍ਰੋ. ਆਦਰਸ਼ ਪਾਲ ਵਿੱਜ ਚੇਅਰਮੈਨ ਸਨ।

ਪਿਛਲੇ ਸਮਿਆਂ ਵਿੱਚ ਬੋਰਡ ਦੀ ਚੇਅਰਮੈਨੀ ਦੀ ਵਾਗਡੋਰ ਅੱਠ ਆਈਏਐੱਸ ਅਧਿਕਾਰੀਆਂ ਕੋਲ ਵੀ ਰਹੀ ਹੈ। ਸਾਬਕਾ ਕਾਂਗਰਸੀ ਮੰਤਰੀ ਪਰਗਟ ਸਿੰਘ ਨੇ ਕਿਹਾ ਹੈ ਕਿ ਪਹਿਲਾਂ ਜਲ ਐਕਟ 'ਚ ਸੋਧ ਮੌਕੇ ਪੰਜਾਬ ਦੇ ਲੋਕਾਂ ਨਾਲ ਧੋਖਾ ਕੀਤਾ ਗਿਆ ਅਤੇ ਹੁਣ ਦਿੱਲੀ ਦੇ ਰੱਦ ਕੀਤੇ ਲੋਕਾਂ ਦੇ ਸਲਾਹਕਾਰਾਂ ਨੂੰ ਪੰਜਾਬ ਵਿੱਚ ਨਿਵਾਜਿਆ ਜਾ ਰਿਹਾ ਹੈ ਜੋ ਪੰਜਾਬ ਦੇ ਲੋਕਾਂ ਨਾਲ ਸਰਾਸਰ ਧੋਖਾ ਹੈ। ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਪੰਜਾਬ ਦੀ ਸਨਅਤ ਨੂੰ ਕੰਟਰੋਲ ਕਰਨ ਵਾਸਤੇ ਦਿੱਲੀ ਦੀ ਰੀਨਾ ਗੁਪਤਾ ਨੂੰ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਇਨ੍ਹਾਂ ਤੋਂ ਇਲਾਵਾ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਹੈ ਕਿ ਇਹ ਦਿੱਲੀ ਦੀ 'ਆਪ' ਲੀਡਰਸ਼ਿਪ ਦਾ ਪੰਜਾਬ ਨੂੰ ਲੁੱਟਣ ਦਾ ਨਵਾਂ ਤਰੀਕਾ ਹੈ।

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਇਨ੍ਹਾਂ ਨਿਯੁਕਤੀਆਂ 'ਤੇ ਸੂਬਾ ਸਰਕਾਰ ਦੀ ਘੇਰਾਬੰਦੀ ਕੀਤੀ ਹੈ। ਉਨ੍ਹਾਂ ਕਿਹਾ ਕਿ ਰੀਨਾ ਗੁਪਤਾ ਤੇ ਦੀਪਕ ਚੌਹਾਨ ਦੀ ਨਿਯੁਕਤੀ ਨੇ ਪੰਜਾਬ ਨੂੰ ਅਸਲ 'ਬਦਲਾਅ' ਦਿਖਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਨਿਯੁਕਤੀਆਂ ਤੋਂ ਭਾਈ-ਭਤੀਜਾਵਾਦ ਵੀ ਸਾਫ਼ ਦਿਖ ਰਿਹਾ ਹੈ ਅਤੇ ਇਹ ਅਹੁਦੇ ਗ਼ੈਰ ਪੰਜਾਬੀ ਲੋਕਾਂ ਨੂੰ ਦਿੱਤੇ ਗਏ ਹਨ। ਨਾ ਕੋਈ ਮੈਰਿਟ ਦੇਖੀ ਗਈ ਹੈ ਅਤੇ ਨਾ ਹੀ ਤਜਰਬਾ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਟਿੱਪਣੀ ਕੀਤੀ ਹੈ ਕਿ ਮੁੱਖ ਮੰਤਰੀ ਨੇ ਸੱਤਾ ਵਿੱਚ ਬਣੇ ਰਹਿਣ ਲਈ ਅਜਿਹਾ ਕੀਤਾ ਹੈ। ਉਨ੍ਹਾਂ ਕਿਹਾ ਕਿ ਹੁਣ ਦੋ ਅਹਿਮ ਅਹੁਦੇ ਕੇਜਰੀਵਾਲ ਤੇ ਸੰਦੀਪ ਪਾਠਕ ਦੇ ਨੇੜਲਿਆਂ ਹਵਾਲੇ ਕਰ ਦਿੱਤੇ ਗਏ ਹਨ। ਪਹਿਲਾਂ ਅਜਿਹਾ ਕਦੇ ਵੀ ਨਹੀਂ ਹੋਇਆ ਹੈ। ਬਾਦਲ ਨੇ ਕਿਹਾ ਕਿ ਸਾਫ਼ ਹੋ ਗਿਆ ਹੈ ਕਿ 'ਆਪ' ਦੀ ਦਿੱਲੀ ਲੀਡਰਸ਼ਿਪ ਪੰਜਾਬ ਦੀ ਸਨਅਤ ਨੂੰ ਲੁੱਟਣਾ ਚਾਹੁੰਦੀ ਹੈ।

**ਭਗਵੰਤ ਮਾਨ ਨੇ ਕੇਜਰੀਵਾਲ ਅੱਗੇ ਗੋਡੇ ਟੇਕੇ: ਜਾਖੜ** : ਭਾਜਪਾ ਪੰਜਾਬ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਅਰਵਿੰਦ ਕੇਜਰੀਵਾਲ ਅੱਗੇ ਗੋਡੇ ਟੇਕ ਦਿੱਤੇ ਹਨ ਅਤੇ 'ਆਪ' ਵਿਧਾਇਕਾਂ ਦੀ ਜ਼ਮੀਰ ਮਰ ਗਈ ਹੈ। ਇਨ੍ਹਾਂ ਨਿਯੁਕਤੀਆਂ ਨੇ 'ਆਪ' ਦੀ ਪੋਲ ਖੋਲ੍ਹ ਦਿੱਤੀ ਹੈ ਅਤੇ ਦਿੱਲੀ ਦੇ ਵਧ ਰਹੇ ਦਾਖਲ ਕਾਰਨ ਹੁਣ ਪੰਜਾਬ ਦੀ 'ਆਪ' ਲੀਡਰਸ਼ਿਪ ਵਿੱਚ ਜਲਦੀ ਵਿਵਾਦ ਖੜ੍ਹਾ ਹੋਵੇਗਾ।

# ਗਿਆਨੀ ਹਰਪਾਲ ਸਿੰਘ ਫ਼ਤਹਿਗੜ੍ਹ ਸਾਹਿਬ 'ਭਾਈ ਸਾਹਿਬ' ਦੀ ਉਪਾਧੀ ਨਾਲ ਸਨਮਾਨਿਤ




ਸ੍ਰੀ ਅਕਾਲ ਤਖਤ ਸਾਹਿਬ ਦੀ ਫ਼ਸੀਲ ਤੋਂ ਗਿਆਨੀ ਹਰਪਾਲ ਸਿੰਘ ਨੂੰ 'ਭਾਈ ਸਾਹਿਬ' ਦੀ ਉਪਾਧੀ ਨਾਲ ਸਨਮਾਨਿਤ ਕਰਦੇ ਹੋਏ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਹੋਰ ਸਿੰਘ ਸਾਹਿਬਾਨ। (ਸੱਜੇ) ਸ੍ਰੀ ਅਕਾਲ ਤਖਤ ਸਾਬਿ ਦੀ ਫ਼ਸੀਲ ਤੋਂ ਸਵ. ਗਿਆਨੀ ਮਲਕੀਤ ਸਿੰਘ ਖੰਡੂਰ ਦੇ ਪਰਿਵਾਰ ਨੂੰ ਸਨਮਾਨਿਤ ਕਰਦੇ ਹੋਏ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਹੋਰ ਸਿੰਘ ਸਾਹਿਬਾਨ।

ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਪੰਜ ਸਿੰਘ ਸਾਹਿਬਾਨ ਵਲੋਂ ਉੱਘੇ ਸਿੱਖ ਪ੍ਰਚਾਰਕ ਤੇ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਹਰਪਾਲ ਸਿੰਘ ਨੂੰ ਉਨ੍ਹਾਂ ਵਲੋਂ ਸਿੱਖੀ ਪ੍ਰਚਾਰ ਲਈ ਨਿਭਾਈਆਂ ਸੇਵਾਵਾਂ ਲਈ ਭਾਈ ਮਨਸੁਖ ਜੀ ਸਨਮਾਨ ਤਹਿਤ 'ਭਾਈ ਸਾਹਿਬ' ਦੀ ਉਪਾਧੀ ਦੇ ਨਾਲ ਸਨਮਾਨਿਤ ਕਰਨ ਤੋਂ ਇਲਾਵਾ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਪੰਜ ਪਿਆਰੇ ਗੁਰਪੁਰਵਾਸੀ ਭਾਈ ਮਲਕੀਤ ਸਿੰਘ ਖੰਡੂਰ ਸਾਹਿਬ ਦੇ ਪਰਿਵਾਰ ਨੂੰ ਉਨ੍ਹਾਂ ਦੀਆਂ ਸਿੱਖ ਪੰਥ ਪ੍ਰਤੀ ਨਿਭਾਈਆਂ ਸੇਵਾਵਾਂ ਲਈ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਗਿਆਨੀ ਹਰਪਾਲ ਸਿੰਘ ਤੇ ਭਾਈ ਮਲਕੀਤ ਸਿੰਘ ਦੇ ਪਰਿਵਾਰ ਨੂੰ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਜਥੇਦਾਰ ਬਾਬਾ ਟੇਕ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਰਾਜਦੀਪ ਸਿੰਘ ਅਤੇ ਹੋਰਨਾਂ ਸਿੰਘ ਸਾਹਿਬਾਨ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਸਿਰੋਪਾਓ, ਸ੍ਰੀ ਸਾਹਿਬ, ਸਿੱਖ ਰਹਿਤ ਮਰਿਆਦਾ ਦੀ ਪੁਸਤਕ ਅਤੇ ਗਿਆਨੀ ਹਰਪਾਲ ਸਿੰਘ ਨੂੰ ਵਿਸ਼ੇਸ਼ ਚਾਂਦੀ ਦੀ ਤਸ਼ਤਰੀ ਭੇਟ ਕਰਕੇ ਤੇ ਭਾਈ ਸਾਹਿਬ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ। ਗੁਰਪੁਰਵਾਸੀ ਗਿਆਨੀ ਮਲਕੀਤ ਸਿੰਘ ਦਾ ਸਨਮਾਨ ਉਨ੍ਹਾਂ ਦੀ ਸੁਪਤਨੀ ਬੀਬੀ ਹਰਜਿੰਦਰ ਕੌਰ ਨੂੰ ਸੌਂਪਿਆ ਗਿਆ। ਗਿਆਨੀ ਗੜਗੱਜ ਨੇ ਕਿਹਾ ਕਿ ਗਿਆਨੀ ਹਰਪਾਲ ਸਿੰਘ ਨੂੰ ਇਹ ਸਨਮਾਨ ਸਿੱਖੀ ਪ੍ਰਚਾਰ, ਸਫ਼ਰ-ਏ-ਸ਼ਹਾਦਤ ਸਮਾਗਮਾਂ ਰਾਹੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਦਾ ਪ੍ਰਚਾਰ ਪ੍ਰਸਾਰ ਕਰਨ ਲਈ ਦਿੱਤਾ ਗਿਆ ਹੈ ਤੇ ਸਵ: ਗਿਆਨੀ ਮਲਕੀਤ ਸਿੰਘ ਨੂੰ ਇਹ ਸਨਮਾਨ ਗੁਰਬਾਣੀ ਸੰਥਿਆ ਰਾਹੀਂ ਸਿੱਖੀ ਪ੍ਰਚਾਰ ਦੀਆਂ ਨਿਭਾਈਆਂ ਵਡਮੁੱਲੀਆਂ ਸੇਵਾਵਾਂ ਲਈ ਦਿੱਤਾ ਗਿਆ ਹੈ। ਗਿਆਨੀ ਹਰਪਾਲ ਸਿੰਘ ਨੇ ਗੱਲਬਾਤ ਕਰਦਿਆਂ ਕਿਹਾ ਕਿ ਇਹ ਮੇਰਾ ਸਨਮਾਨ ਨਹੀਂ ਸਫਰ ਏ ਸ਼ਹਾਦਤ ਲਈ ਸਹਿਯੋਗ ਦੇਣ ਵਾਲੀ ਸ਼ਖ਼ਸੀਅਤ ਦਾ ਸਨਮਾਨ ਹੈ। ਸਮਾਗਮ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੁੱਖ ਮੈਨੇਜਰ ਭਗਵੰਤ ਸਿੰਘ ਧੰਗੇੜਾ, ਸ਼੍ਰੋਮਣੀ ਕਮੇਟੀ ਮੈਂਬਰ ਅਵਤਾਰ ਸਿੰਘ ਰਿਆ, ਵਧੀਕ ਸਕੱਤਰ ਬਿਜੈ ਸਿੰਘ, ਸਾਬਕਾ ਸਕੱਤਰ ਬਲਵਿੰਦਰ ਸਿੰਘ ਜੌੜਾਸਿੰਘਾ, ਮੀਤ ਸਕੱਤਰ ਜਸਵਿੰਦਰ ਸਿੰਘ ਜੱਸੀ, ਪ੍ਰੋ: ਸੁਖਦੇਵ ਸਿੰਘ, ਬਲਵਿੰਦਰ ਸਿੰਘ ਖੈਰਾਬਾਦ, ਸੁਪਰਡੈਂਟ ਨਿਸ਼ਾਨ ਸਿੰਘ, ਮੈਨੇਜਰ ਸਤਨਾਮ ਸਿੰਘ ਰਿਆੜ, ਰਜਿੰਦਰ ਸਿੰਘ ਰੂਬੀ, ਨਰਿੰਦਰ ਸਿੰਘ, ਬਿਕਰਮਜੀਤ ਸਿੰਘ, ਗੁਰਵਿੰਦਰ ਸਿੰਘ ਦੇਵੀਦਾਸਪੁਰ, ਗੁਰਤਿੰਦਰਪਾਲ ਸਿੰਘ, ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਜਸਵਿੰਦਰ ਸਿੰਘ ਐਡਵੋਕੇਟ, ਕੁਲਜੀਤ ਸਿੰਘ 'ਸਿੰਘ ਬ੍ਰਦਰਜ਼', ਅਕਾਲੀ ਆਗੂ ਜਗਦੀਪ ਸਿੰਘ ਚੀਮਾ, ਸਾਬਕਾ ਵਿਧਾਇਕ ਹਰਮਿੰਦਰ ਸਿੰਘ, ਪ੍ਰਿੰ: ਭੁਪਿੰਦਰ ਸਿੰਘ, ਗੁਰਦੀਪ ਸਿੰਘ ਮੈਨੇਜਰ ਗੁਰਦੁਆਰਾ ਫਤਹਿਗੜ੍ਹ ਸਾਹਿਬ, ਬਗੀਚਾ ਸਿੰਘ, ਜਸਕਰਨ ਸਿੰਘ ਸਮੇਤ ਹੋਰ ਸੰਗਤਾਂ ਹਾਜ਼ਰ ਸਨ।

# ਡੀਐਮਕੇ ਸੰਸਦ ਮੈਂਬਰ ਕਨੀਮੋਝੀ ਦੀ ਅਗਵਾਈ 'ਚ ਸਰਬ ਪਾਰਟੀ ਵਫ਼ਦ ਦਿੱਲੀ ਹਵਾਈ ਅੱਡੇ ਤੋਂ ਹੋਇਆ ਰਵਾਨਾ



ਨਵੀਂ ਦਿੱਲੀ : ਦ੍ਰਵਿੜ ਮੁਨੇਤਰ ਕਜ਼ਾਗਮ ਦੇ ਸੰਸਦ ਮੈਂਬਰ ਕਨੀਮੋਝੀ ਦੀ ਅਗਵਾਈ ਵਿੱਚ ਇੱਕ ਸਰਬ ਪਾਰਟੀ ਵਫ਼ਦ ਵੀਰਵਾਰ ਨੂੰ ਨਵੀਂ ਦਿੱਲੀ ਦੇ ਦਿੱਲੀ ਹਵਾਈ ਅੱਡੇ ਤੋਂ ਰਵਾਨਾ ਹੋਇਆ। ਵਫ਼ਦ ਵਿੱਚ (ਖੱਬੇ ਤੋਂ ਸੱਜੇ) ਸਾਬਕਾ ਰਾਜਦੂਤ ਮਨਜੀਵ ਸਿੰਘ ਪੁਰੀ, ਆਮ ਆਦਮੀ ਪਾਰਟੀ (ਆਪ) ਦੇ ਸੰਸਦ ਮੈਂਬਰ ਅਸ਼ੋਕ ਕੁਮਾਰ ਮਿੱਤਲ, ਸਮਾਜਵਾਦੀ ਪਾਰਟੀ (ਸਪਾ) ਦੇ ਸੰਸਦ ਮੈਂਬਰ ਰਾਜੀਵ ਰਾਏ, ਦ੍ਰਵਿੜ ਮੁਨੇਤਰ ਕਜ਼ਾਗਮ (ਡੀਐਮਕੇ) ਦੇ ਸੰਸਦ ਮੈਂਬਰ ਕਨੀਮੋਝੀ, ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੰਸਦ ਮੈਂਬਰ ਬ੍ਰਿਜੇਸ਼ ਚੌਟਾ ਅਤੇ ਰਾਸ਼ਟਰੀ ਜਨਤਾ ਦਲ (ਆਰਜੇਡੀ) ਦੇ ਸੰਸਦ ਮੈਂਬਰ ਪ੍ਰੇਮ ਚੰਦ ਗੁਪਤਾ ਸ਼ਾਮਲ ਹਨ। ਇਹ ਵਫ਼ਦ ਆਪ੍ਰੇਸ਼ਨ ਸਿੰਦੂਰ ਗਲੋਬਲ ਆਊਟਰੀਚ ਲਈ ਸਪੇਨ, ਗ੍ਰੀਸ, ਸਲੋਵੇਨੀਆ, ਲਾਤਵੀਆ ਅਤੇ ਰੂਸ ਦਾ ਦੌਰਾ ਕਰਨ ਲਈ ਤਿਆਰ ਹਨ।

# ਸਿੱਖ ਸੰਸਥਾਵਾਂ ਦੀ ਮਜ਼ਬੂਤੀ ਨਾਲ ਕੌਮ ਮਜ਼ਬੂਤ ਹੋਵੇਗੀ: ਗਿਆਨੀ ਹਰਪ੍ਰੀਤ ਸਿੰਘ

## ਅਕਾਲ ਤਖ਼ਤ ਵੱਲੋਂ ਨਿਯੁਕਤ ਪੰਜ ਮੈਂਬਰੀ ਭਰਤੀ ਕਮੇਟੀ ਵੱਲੋਂ ਲਾਮਬੰਦੀ ਮੀਟਿੰਗ




ਹੁਸ਼ਿਆਰਪੁਰ : ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਜਨਮ ਗੁਰੂਘਰਾਂ ਦੀ ਰਾਖੀ ਅਤੇ ਵਾੜ ਦੇ ਰੂਪ ਵਿੱਚ ਹੋਇਆ ਸੀ ਪਰ ਵਾੜ ਹੀ ਸਿੱਖ ਸੰਥਸਾਵਾਂ ਦਾ ਬੇੜਾ ਗਰਕ ਕਰ ਗਈ। ਉਨ੍ਹਾਂ ਦਾਅਵਾ ਕੀਤਾ ਕਿ ਸਿੱਖ ਸੰਸਥਾਵਾਂ ਦੀ ਮਜ਼ਬੂਤੀ ਨਾਲ ਹੀ ਸਿੱਖ ਕੌਮ ਦੀ ਰਾਜਨੀਤਿਕ ਮਜ਼ਬੂਤੀ ਹੋ ਸਕੇਗੀ। ਉਹ ਅੱਜ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਅਕਾਲ ਤਖ਼ਤ ਵੱਲੋਂ ਨਿਯੁਕਤ ਭਰਤੀ ਕਮੇਟੀ ਵੱਲੋਂ ਜਾਰੀ ਭਰਤੀ ਮੁਹਿੰਮ ਦੀ ਇੱਥੇ ਲਾਮਬੰਦੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਉਨ੍ਹਾਂ ਕਿਹਾ ਕਿ ਅੱਜ ਕੌਮ ਅਤੇ ਪੰਥ ਦੀ ਨੁਮਾਇੰਦਾ ਸਿਆਸੀ ਜਮਾਤ ਆਪਣੇ ਅਸਲੀ ਕਾਰਜ ਤੋ ਪਾਸੇ ਹੱਟ ਕੇ ਨਿੱਜਪ੍ਰਸਤ ਵੱਲ ਵੱਧ ਚੁੱਕੀ ਹੈ। ਸ਼੍ਰੋਮਣੀ ਅਕਾਲੀ ਦਲ 'ਤੇ ਕਾਬਜ਼ ਲੋਕਾਂ ਵੱਲੋਂ ਆਪਣੇ ਮੁਫਾਦਾਂ ਲਈ ਕੀਤੇ ਫ਼ੈਸਲਿਆਂ ਦੀ ਭਰਪਾਈ ਦਾ ਨੁਕਸਾਨ ਅੱਜ ਪੂਰਾ ਪੰਥ ਅਤੇ ਕੌਮ ਝੱਲ ਰਿਹਾ ਹੈ। ਇਸ ਮੌਕੇ ਮਨਪ੍ਰੀਤ ਸਿੰਘ ਇਯਾਲੀ ਨੇ ਕਿਹਾ ਕਿ 2015 ਮਗਰੋਂ ਸ਼੍ਰੋਮਣੀ ਅਕਾਲੀ ਦਲ ਤੋਂ ਲੋਕਾਂ ਦਾ ਭਰੋਸਾ ਉੱਠ ਗਿਆ ਸੀ, ਜਿਸ ਕਾਰਨ ਪੰਜਾਬੀ ਅਤੇ ਸਿੱਖ ਵਿਦੇਸ਼ਾਂ ਵਿੱਚ ਮਜ਼ਬੂਤ ਹੋਣ ਦੇ ਬਾਵਜੂਦ ਸੂਬੇ ਵਿੱਚ ਧਾਰਮਿਕ ਤੇ ਰਾਜਨੀਤਿਕ ਤੌਰ 'ਤੇ ਕਮਜ਼ੋਰ ਹੋਏ। ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ 2022 ਦੀ ਸ਼ਰਮਨਾਕ ਹਾਰ ਤੋਂ ਬਾਅਦ ਪਾਰਟੀ 'ਤੇ ਕਾਬਜ਼ ਲੀਡਰਸ਼ਿਪ ਨੇ ਪੰਜਾਬ ਦੇ ਲੋਕਾਂ ਅਤੇ ਵਰਕਰਾਂ ਦੀ ਭਾਵਨਾ ਨੂੰ ਕਦੇ ਪ੍ਰਵਾਨ ਨਹੀਂ ਕੀਤਾ। ਜਥੇਦਾਰ ਇਕਬਾਲ ਸਿੰਘ ਝੂੰਦਾਂ ਨੇ ਕਿਹਾ ਕਿ ਇਸ ਪੁਨਰ ਸੁਰਜੀਤੀ ਮੁਹਿੰਮ ਤਹਿਤ ਕੇਵਲ ਆਗੂ ਜਾਂ ਚਿਹਰੇ ਨਹੀਂ ਬਦਲਣੇ, ਸਗੋਂ ਨੀਤੀ ਵੀ ਬਦਲਣੀ ਹੈ। ਇਸ ਮੌਕੇ ਜਥੇਦਾਰ ਸੰਤਾ ਸਿੰਘ ਉਮੈਦਪੁਰੀ, ਬੀਬੀ ਜਗੀਰ ਕੌਰ, ਸਾਬਕਾ ਲੋਕ ਸਭਾ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ, ਪਰਮਿੰਦਰ ਸਿੰਘ ਢੀਂਡਸਾ, ਸਾਬਕਾ ਮੰਤਰੀ ਸੁੱਚਾ ਸਿੰਘ ਛੋਟੇਪੁਰ ਅਤੇ ਸਾਬਕਾ ਵਿਧਾਇਕ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਨੇ ਵੀ ਸੰਬੋਧਨ ਕੀਤਾ।

# ਅਕਾਲ ਤਖ਼ਤ ਵੱਲੋਂ ਢੱਡਰੀਆਂ ਵਾਲੇ ਦੀ ਖਿਮਾ ਯਾਚਨਾ ਪ੍ਰਵਾਨ, ਪ੍ਰਚਾਰ ਦੀ ਦਿੱਤੀ ਖੁੱਲ੍ਹ

## ਸਰਨਾ ਤੇ ਸਾਬਕਾ ਜਥੇਦਾਰਾਂ ਸਮੇਤ ਹੋਰ ਕਈ ਸਿੱਖ ਆਗੂ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਮੌਕੇ ਹੋਏ ਪੇਸ਼









ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਅੱਜ ਇੱਥੇ ਅਕਾਲ ਤਖ਼ਤ ਸਾਹਿਬ 'ਤੇ ਖਿਮਾ ਯਾਚਨਾ ਕੀਤੀ ਜਿਸ ਮਗਰੋਂ ਪੰਜ ਸਿੰਘ ਸਾਹਿਬਾਨ ਨੇ ਉਸ ਨੂੰ ਪ੍ਰਵਾਨ ਕਰ ਲਿਆ। ਇਸ ਮਗਰੋਂ ਉਨ੍ਹਾਂ ਢੱਡਰੀਆਂ ਵਾਲੇ ਨੂੰ ਧਰਮ ਪ੍ਰਚਾਰ ਕਰਨ ਦੀ ਪ੍ਰਵਾਨਗੀ ਦੇ ਦਿੱਤੀ। ਇੱਥੇ ਅਕਾਲ ਤਖ਼ਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਦੌਰਾਨ ਤਖ਼ਤ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਨੂੰ ਦੋਸ਼ ਮੁਕਤ ਕਰਾਰ ਦਿੱਤਾ ਗਿਆ ਜਦਕਿ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ ਅਤੇ ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੂੰ ਤਨਖਾਹ ਲਾਈ ਗਈ।

ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਹੇਠ ਹੋਈ ਮੀਟਿੰਗ 'ਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਰਾਜਦੀਪ ਸਿੰਘ, ਅਕਾਲ ਤਖ਼ਤ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਬਖ਼ਸ਼ੀਸ਼ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਮੌਜੂਦ ਸਨ। ਮੀਟਿੰਗ ਦੌਰਾਨ ਲਗਭਗ ਸੱਤ ਅਜਿਹੇ ਮਾਮਲੇ ਵਿਚਾਰੇ ਗਏ ਜਿਨ੍ਹਾਂ ਵਿੱਚ ਖਿਮਾ ਯਾਚਨਾ ਦੀ ਅਪੀਲ ਨੂੰ ਸਵੀਕਾਰ ਕੀਤਾ ਗਿਆ ਅਤੇ ਕੁਝ ਮਾਮਲਿਆਂ ਵਿੱਚ ਵਿਅਕਤੀਆਂ ਨੂੰ ਤਲਬ ਕੀਤਾ ਗਿਆ ਹੈ। ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਦੱਸਿਆ ਕਿ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਦਾ ਪੱਖ ਸੁਣਨ ਮਗਰੋਂ ਉਸ ਦੀ ਖਿਮਾ ਯਾਚਨਾ ਪ੍ਰਵਾਨ ਕਰਦਿਆਂ ਸਿੱਖੀ ਪ੍ਰਚਾਰ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਸ਼ਰਤਾਂ ਪ੍ਰਵਾਨ ਕੀਤੇ ਜਾਣ ਮਗਰੋਂ ਢੱਡਰੀਆਂ ਵਾਲੇ ਨੂੰ ਅਕਾਲ ਤਖ਼ਤ ਸਾਹਿਬ ਵਿਖੇ 501 ਰੁਪਏ ਦੀ ਦੇਗ ਕਰਵਾਉਣ ਦੇ ਆਦੇਸ਼ ਦਿੱਤੇ ਗਏ। ਜਥੇਦਾਰ ਗੜਗੱਜ ਨੇ ਦੱਸਿਆ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ 'ਤੇ ਲੱਗੇ ਦੋਸ਼ ਸਾਬਤ ਨਾ ਹੋਣ ਕਾਰਨ ਉਨ੍ਹਾਂ ਨੂੰ ਦੋਸ਼ਾਂ ਤੋਂ ਮੁਕਤ ਕੀਤਾ ਗਿਆ ਹੈ ਅਤੇ ਉਨ੍ਹਾਂ ਦੀਆਂ ਸੇਵਾਵਾਂ 'ਤੇ ਲੱਗੀ ਰੋਕ ਖ਼ਤਮ ਕਰ ਦਿੱਤੀ ਗਈ ਹੈ। ਜਥੇਦਾਰ ਨੇ ਦੱਸਿਆ ਕਿ ਗਿਆਨੀ ਗੌਹਰ 'ਤੇ ਲੱਗੇ ਗੰਭੀਰ ਦੋਸ਼ਾਂ ਦੀ ਜਾਂਚ ਵਾਸਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਕੋਲੋਂ ਜਾਂਚ ਕਮੇਟੀ ਦੀ ਰਿਪੋਰਟ ਮੰਗੀ ਗਈ ਸੀ ਪਰ ਉਨ੍ਹਾਂ ਅਕਾਲ ਤਖ਼ਤ ਦੇ ਆਦੇਸ਼ਾਂ ਦੀ ਪਾਲਣਾ ਨਹੀਂ ਕੀਤੀ ਸੀ। ਉਨ੍ਹਾਂ ਦੱਸਿਆ ਕਿ 4 ਨਵੰਬਰ, 2024 ਨੂੰ ਗਿਆਨੀ ਗੌਹਰ ਨੇ ਜਾਂਚ ਕਮੇਟੀ ਦੀ ਰਿਪੋਰਟ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਸੌਂਪੀ ਸੀ ਜਿਸ ਨੂੰ ਹੁਣ ਸੰਜੀਦਗੀ ਨਾਲ ਵਿਚਾਰਨ 'ਤੇ ਉਨ੍ਹਾਂ ਉੱਤੇ ਲੱਗੇ ਦੋਸ਼ ਸਾਬਤ ਨਹੀਂ ਹੁੰਦੇ ਹਨ। ਇਸ ਦੌਰਾਨ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ

**ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਸਿੰਘ ਸਹਿਬਾਨ ਅੱਗੇ ਰੱਖਿਆ ਆਪਣਾ ਪੱਖ**

ਨੂੰ ਆਦੇਸ਼ ਕੀਤਾ ਗਿਆ ਕਿ ਪ੍ਰਧਾਨ ਸਮੇਤ ਸਾਰੇ ਅਹੁਦੇਦਾਰ ਅਕਾਲ ਤਖ਼ਤ ਵਿਖੇ ਪੇਸ਼ ਹੋ ਕੇ ਆਪਣਾ ਪੱਖ ਸਪੱਸ਼ਟ ਕਰਨ। ਇਸੇ ਤਰ੍ਹਾਂ ਤਖ਼ਤ ਦੇ ਕਾਰਜਕਾਰੀ ਜਥੇਦਾਰ ਭਾਈ ਬਲਦੇਵ ਸਿੰਘ ਅਤੇ ਗ੍ਰੰਥੀ ਭਾਈ ਗੁਰਦਿਆਲ ਸਿੰਘ ਨੂੰ ਵੀ ਆਦੇਸ਼ ਕੀਤਾ ਹੈ ਕਿ ਉਹ ਹੁਕਮਾਂ ਨੂੰ ਅਣਦੇਖਿਆ ਕਰਨ ਦੇ ਮਾਮਲੇ ਵਿੱਚ ਅਕਾਲ ਤਖ਼ਤ ਵਿਖੇ ਪੇਸ਼ ਹੋ ਕੇ ਆਪਣਾ ਪੱਖ ਰੱਖਣ। ਦੱਸਣਯੋਗ ਹੈ ਕਿ ਦਸੰਬਰ 2022 ਵਿੱਚ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਉਸ ਵੇਲੇ ਦੇ ਵਧੀਕ ਹੈੱਡ ਗ੍ਰੰਥੀ ਭਾਈ ਬਲਦੇਵ ਸਿੰਘ ਕੋਲੋਂ ਪੰਜ ਬਾਣੀਆਂ ਦਾ ਪਾਠ ਜ਼ੁਬਾਨੀ ਸੁਣਨ ਅਤੇ ਇਸ ਦੀ ਵੀਡੀਓਗ੍ਰਾਫੀ ਕਰਕੇ ਅਕਾਲ ਤਖ਼ਤ ਵਿਖੇ ਭੇਜਣ ਦੇ ਆਦੇਸ਼ ਦਿੱਤੇ ਗਏ ਸਨ। ਉਧਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ, ਜਿਨ੍ਹਾਂ ਸਿੰਘ ਸਾਹਿਬਾਨ ਅਤੇ ਹੋਰ ਸਿੱਖ ਵਿਦਵਾਨਾਂ ਬਾਰੇ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਸਨ, ਵੱਲੋਂ ਖਿਮਾ ਯਾਚਨਾ ਕੀਤੀ ਗਈ। ਪੰਜ ਸਿੰਘ ਸਾਹਿਬਾਨ ਵੱਲੋਂ ਉਸ ਨੂੰ 11 ਦਿਨ ਦੇ ਜਪੁਜੀ ਸਾਹਿਬ ਦੇ ਪਾਠ ਕਰਨ, ਚੌਪਈ ਸਾਹਿਬ ਦੇ ਦੋ ਪਾਠ ਕਰਨ ਦੀ ਤਨਖਾਹ ਲਾਈ ਗਈ ਹੈ। ਉਸ ਦੀ ਸਰੀਰਕ ਹਾਲਤ ਦੇ ਮੱਦੇਨਜ਼ਰ ਉਸ ਨੂੰ 11 ਦਿਨ ਬਾਅਦ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਦਿੱਲੀ ਵਿਖੇ 501 ਰੁਪਏ ਦੀ ਦੇਗ ਕਰਵਾ ਕੇ ਖਿਮਾ ਯਾਚਨਾ ਦੀ ਅਰਦਾਸ ਕਰਵਾਉਣ ਦੇ ਆਦੇਸ਼ ਦਿੱਤੇ ਗਏ ਹਨ। ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੂੰ 11 ਦਿਨ ਗੁਰੂ ਰਾਮਦਾਸ ਲੰਗਰ ਘਰ ਵਿਖੇ ਰੋਜ਼ ਇੱਕ ਘੰਟਾ ਸੰਗਤ ਦੇ ਜੂਠੇ ਬਰਤਨ ਮਾਂਜਣ, ਇੱਕ ਘੰਟਾ ਜੋੜਿਆਂ ਦੀ ਸੇਵਾ ਕਰਨ ਅਤੇ 11 ਦਿਨ ਜਪੁਜੀ ਸਾਹਿਬ ਦੇ ਦੋ ਪਾਠ, ਇੱਕ ਵਾਰ ਆਸਾ ਦੀ ਵਾਰ ਦਾ ਪਾਠ ਕਰਨ ਅਤੇ ਦੋ ਵਾਰ ਸਵੱਈਏ ਦਾ ਪਾਠ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਉਪਰੰਤ 1100 ਰੁਪਏ ਦੀ ਕੜਾਹ ਪ੍ਰਸ਼ਾਦ ਦੀ ਦੇਗ ਅਕਾਲ ਤਖ਼ਤ ਵਿਖੇ ਕਰਵਾ ਕੇ ਖਿਮਾ ਯਾਚਨਾ ਦੀ ਅਰਦਾਸ ਕਰਵਾਉਣ ਦੇ ਆਦੇਸ਼ ਦਿੱਤੇ ਹਨ। ਕੈਨੇਡਾ ਦੇ ਹੈਮਿਲਟਨ ਸਥਿਤ ਗੁਰਦੁਆਰਾ ਸਾਹਿਬ ਬਾਬਾ ਬੁੱਢਾ ਜੀ ਦੀ ਪ੍ਰਬੰਧਕੀ ਕਮੇਟੀ ਵੱਲੋਂ ਸ਼ਹੀਦ ਡਾਕਟਰ ਹਰਪ੍ਰੀਤ ਸਿੰਘ ਦੀ ਪਤਨੀ ਬੀਬੀ ਪਰਮਿੰਦਰ ਪਾਲ ਕੌਰ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਤੰਗ-ਪਰੇਸ਼ਾਨ ਕਰਨ ਦੀ ਮਿਲੀ ਸ਼ਿਕਾਇਤ 'ਤੇ ਵੀ ਕਾਰਵਾਈ ਕੀਤੀ ਗਈ ਹੈ। ਜਥੇਦਾਰ ਗੜਗੱਜ ਨੇ ਦੱਸਿਆ ਕਿ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੰਤ ਸਿੰਘ ਨੂੰ ਅਕਾਲ ਤਖ਼ਤ ਵਿਖੇ ਪੇਸ਼ ਹੋ ਕੇ ਪੱਖ ਰੱਖਣ, ਪ੍ਰਬੰਧਕ ਕਮੇਟੀ ਦੇ ਪਤਿਤ ਮੈਂਬਰਾਂ ਖਜ਼ਾਨਚੀ ਕੁਲਵਿੰਦਰ ਸਿੰਘ ਮੁਲਤਾਨੀ ਤੇ ਸਕੱਤਰ ਜਸ ਸੋਹਲ ਨੂੰ ਪੱਖ ਲਿਖਤੀ ਰੂਪ ਵਿੱਚ ਅਕਾਲ ਤਖ਼ਤ ਵਿਖੇ ਭੇਜਣ ਦੇ ਹੁਕਮ ਦਿੱਤੇ ਗਏ ਹਨ। ਪੰਜ ਸਿੰਘ ਸਾਹਿਬਾਨ ਨੇ ਪ੍ਰਬੰਧਕ ਕਮੇਟੀ ਨੂੰ ਬੀਬੀ ਪਰਮਿੰਦਰ ਪਾਲ ਕੌਰ ਨੂੰ ਗੁਰਦੁਆਰੇ 'ਚ ਸੇਵਾ ਦੇ ਕੇ ਯੋਗ ਸੇਵਾਫਲ ਦੇਣ, ਰਿਹਾਇਸ਼ ਦਾ ਪ੍ਰਬੰਧ ਯਕੀਨੀ ਬਣਾਉਣ ਅਤੇ ਪਰਿਵਾਰ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਵਾਸਤੇ ਆਦੇਸ਼ ਕੀਤੇ ਗਏ ਹਨ। ਦਿੱਲੀ ਦੇ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਦੇ ਇੱਕ ਮੁਲਾਜ਼ਮ ਬਲਵੀਰ ਸਿੰਘ ਦੇ ਮਾਮਲੇ ਬਾਰੇ ਦਿੱਲੀ ਕਮੇਟੀ ਨੂੰ ਆਦੇਸ਼ ਕੀਤਾ ਗਿਆ ਹੈ ਕਿ ਉਹ ਉਸ ਖ਼ਿਲਾਫ਼ ਹੁਣ ਤੱਕ ਕੀਤੀ ਕਾਰਵਾਈ ਦੀ ਸਮੁੱਚੀ ਰਿਪੋਰਟ ਅਕਾਲ ਤਖ਼ਤ ਵਿਖੇ ਤੁਰੰਤ ਭੇਜੀ ਜਿਸ 'ਤੇ ਗੁਰੂਘਰ ਅੰਦਰ ਇੱਕ ਮਹਿਲਾ ਕਰਮਚਾਰੀ ਨਾਲ ਦੁਰਵਿਹਾਰ ਕਰਨ ਦੇ ਦੋਸ਼ ਲੱਗੇ ਹਨ। ਉਸ ਦੀਆਂ ਸੇਵਾਵਾਂ 'ਤੇ ਤੁਰੰਤ ਰੋਕ ਲਗਾ ਦਿੱਤੀ ਗਈ ਹੈ।

## ਪਟਨਾ ਸਾਹਿਬ ਦੇ ਪੰਜ ਪਿਆਰਿਆਂ ਦਾ ਵੱਡਾ ਐਲਾਨ

# ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਟੇਕ ਸਿੰਘ ਧਨੌਲਾ ਤਨਖਾਹੀਆ ਕਰਾਰ

## ਸੁਖਬੀਰ ਬਾਦਲ ਨੂੰ ਵੀ ਆਪਣਾ ਪੱਖ ਰੱਖਣ ਨੂੰ ਕਿਹਾ







ਅੰਮ੍ਰਿਤਸਰ : ਅਕਾਲ ਤਖ਼ਤ ਦੇ ਜਥੇਦਾਰ ਅਤੇ ਤਖ਼ਤ ਪਟਨਾ ਸਾਹਿਬ ਦੇ ਜਥੇਦਾਰਾਂ ਵਿਚਾਲੇ ਨਵਾਂ ਵਿਵਾਦ ਪੈਦਾ ਹੋ ਗਿਆ ਹੈ। ਅਕਾਲ ਤਖ਼ਤ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਕੀਤੇ ਆਦੇਸ਼ ਦੇ ਮੋੜਵੇਂ ਜਵਾਬ 'ਚ ਤਖ਼ਤ ਪਟਨਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਨੇ ਪੰਜ ਪਿਆਰਿਆਂ ਨਾਲ ਮੀਟਿੰਗ ਕਰਕੇ ਅਕਾਲ ਤਖ਼ਤ ਦੇ ਹੁਕਮ ਨੂੰ ਰੱਦ ਕਰ ਦਿੱਤਾ। ਉਨ੍ਹਾਂ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਨੂੰ ਤਨਖਾਹੀਆ ਵੀ ਐਲਾਨ ਦਿੱਤਾ ਹੈ। ਇਸੇ ਮਾਮਲੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸਾਜ਼ਿਸ਼ਕਾਰ ਆਖਦਿਆਂ ਤਖ਼ਤ ਪਟਨਾ ਸਾਹਿਬ ਵਿਖੇ ਤਲਬ ਕੀਤਾ ਗਿਆ ਹੈ। ਤਖ਼ਤ ਪਟਨਾ ਸਾਹਿਬ ਵਿਖੇ ਜਥੇਦਾਰ ਭਾਈ ਬਲਦੇਵ ਸਿੰਘ ਦੀ ਅਗਵਾਈ ਹੇਠ ਮੀਟਿੰਗ ਹੋਈ, ਜਿਸ ਵਿੱਚ ਤਖ਼ਤ ਦੇ ਵਧੀਕ ਹੈੱਡ ਗ੍ਰੰਥੀ ਭਾਈ ਦਲੀਪ ਸਿੰਘ ਤੇ ਭਾਈ ਗੁਰਦਿਆਲ ਸਿੰਘ, ਸੀਨੀਅਰ ਮੀਤ ਗ੍ਰੰਥੀ ਭਾਈ ਪਰਸ਼ੂਰਾਮ ਸਿੰਘ ਅਤੇ ਮੀਤ ਗ੍ਰੰਥੀ ਭਾਈ ਅਮਰਜੀਤ ਸਿੰਘ ਸ਼ਾਮਲ ਹੋਏ। ਮੀਟਿੰਗ ਤੋਂ ਬਾਅਦ ਉਨ੍ਹਾਂ ਹੁਕਮਨਾਮਾ ਜਾਰੀ ਕੀਤਾ ਜਿਸ ਨੂੰ ਤਖ਼ਤ ਪਟਨਾ ਸਾਹਿਬ ਦੀ ਸੋਸ਼ਲ ਮੀਡੀਆ ਸਾਈਟ 'ਤੇ ਵੀ ਅਪਲੋਡ ਕੀਤਾ ਗਿਆ ਹੈ। ਹੁਕਮਨਾਮੇ ਵਿੱਚ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਨੂੰ ਕਥਿਤ ਅਤੇ ਆਪੂੰ ਥਾਪੇ ਜਥੇਦਾਰ ਦੱਸਿਆ ਹੈ। ਉਨ੍ਹਾਂ ਅਕਾਲ ਤਖ਼ਤ ਤੋਂ ਅੱਜ ਜਾਰੀ ਕੀਤੇ ਗਏ ਆਦੇਸ਼ ਨੂੰ ਰਾਜਨੀਤੀ ਤੋਂ ਪ੍ਰੇਰਿਤ ਕਰਾਰ ਦਿੰਦਿਆਂ ਇਸ ਨੂੰ ਰੱਦ ਕਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਅੱਜ ਤੋਂ ਅਕਾਲ ਤਖ਼ਤ ਜਾਂ ਬਾਹਰੀ ਕਿਸੇ ਵੀ ਤਖ਼ਤ ਦੇ ਪੰਜ ਪਿਆਰਿਆਂ ਜਾਂ ਸਿੰਘ ਸਾਹਿਬਾਨ ਵੱਲੋਂ ਕਿਸੇ ਤਰ੍ਹਾਂ ਦਾ ਕੋਈ ਵੀ ਆਦੇਸ਼ ਤਖ਼ਤ ਪਟਨਾ ਸਾਹਿਬ ਵਿਖੇ ਨਾ ਲਾਗੂ ਕੀਤਾ ਜਾਵੇਗਾ ਅਤੇ ਨਾ ਹੀ ਮੰਨਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਪੰਜ ਸਿੰਘ ਸਾਹਿਬਾਨ ਦੀ ਕਾਰਵਾਈ ਪਟਨਾ ਸਾਹਿਬ ਦੇ ਸੰਵਿਧਾਨ ਅਤੇ ਉਪ ਨਿਯਮ ਨੂੰ ਚੁਣੌਤੀ ਦੇਣ ਅਤੇ ਪ੍ਰਬੰਧਕੀ ਕਮੇਟੀ ਦੇ ਅਧਿਕਾਰ ਤੇ ਸ਼ਕਤੀ ਵਿੱਚ ਦਖ਼ਲਅੰਦਾਜ਼ੀ ਹੈ। ਪੰਜ ਪਿਆਰਿਆਂ ਵੱਲੋਂ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਬਾਬਾ ਟੇਕ ਸਿੰਘ ਨੂੰ ਤਖ਼ਤ ਪਟਨਾ ਸਾਹਿਬ ਦੀ ਮਾਣ-ਮਰਿਆਦਾ, ਪਰੰਪਰਾ ਅਤੇ ਪ੍ਰਭੂਸੱਤਾ ਨੂੰ ਠੇਸ ਪਹੁੰਚਾਉਣ ਦਾ ਗੰਭੀਰ ਦੋਸ਼ੀ ਮੰਨਦੇ ਹੋਏ ਤਨਖਾਹੀਆ ਘੋਸ਼ਿਤ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਇਸ ਮਾਮਲੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਦਖ਼ਲਅੰਦਾਜ਼ੀ ਕਰਨ ਅਤੇ ਸਾਜ਼ਿਸ਼ਕਰਤਾ ਵਜੋਂ ਸ਼ਾਮਲ ਹੋਣ ਦੀ ਜਾਣਕਾਰੀ ਵੀ ਮਿਲੀ ਹੈ। ਇਸ ਲਈ ਉਸ ਨੂੰ 10 ਦਿਨਾਂ ਦੇ ਅੰਦਰ ਅੰਦਰ ਤਖ਼ਤ ਪਟਨਾ ਸਾਹਿਬ ਵਿਖੇ ਹਾਜ਼ਰ ਹੋ ਕੇ ਪੱਖ ਰੱਖਣ ਦੇ ਆਦੇਸ਼ ਦਿੱਤੇ ਹਨ। ਉਨ੍ਹਾਂ ਤਖ਼ਤ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਦੇ ਸਾਰੇ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਅਕਾਲ ਤਖ਼ਤ 'ਤੇ ਤਲਬ ਕੀਤੇ ਗਏ ਹੁਕਮਾਂ 'ਤੇ ਰੋਕ ਲਗਾ ਦਿੱਤੀ ਹੈ। ਤਖ਼ਤ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਨੂੰ ਦੋਸ਼ ਮੁਕਤ ਕਰਾਰ ਦੇਣ ਦੇ ਫ਼ੈਸਲੇ ਨੂੰ ਵੀ ਮੰਨਣ ਤੋਂ ਇਨਕਾਰ ਕਰ ਦਿੱਤਾ ਗਿਆ ਹੈ।



ੴ ਸਤਿਗੁਰ ਪ੍ਰਸਾਦਿ
॥ ਅਕਾਲ ਸਹਾਇ ॥ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ ॥
॥ ਹਰਿ ਸਚੇ ਤਖਤ ਰਚਾਇਆ ॥
ਪ੍ਰਕਾਸ਼ ਅਸਥਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ॥ ਪਟਨਾ ਗੁਰੂ ਕਾ ਘਰ ਹੈ। (ਹੁਕਮਨਾਮਾ ਪਾ:੯)

**ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ**
**TAKHAT SRI HARIMANDIR JI, PATNA SAHIB**
ਪਟਨਾ- 800008, ਬਿਹਾਰ (ਭਾਰਤ) Patna - 800008, Bihar (India)
Email: headgranthipatnasahib@gmail.com

ਪੱਤਰ ਨੰ:ਤਪਸ/੩੬/ਹ/੨੦੨੫ ਮਿਤੀ...21-05-2025...

ਹੁਕਮਨਾਮਾ

ਅੱਜ ਮਿਤੀ ੨੧ ਮਈ ੨੦੨੫ ਦਿਨ ਬੁਧਵਾਰ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਸਤਿਕਾਰ ਯਗੋ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕੱਤਰਤਾ ਹੋਈ। ਜਿਸ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਕਥਿਤ ਅਤੇ ਆਪੋਥਾਪੀ ਜਥੇਦਾਰ ਜਿਸ ਨੂੰ ਪੰਥ ਵੱਲੋਂ ਅਸਵੀਕਾਰ ਕਰਦੇ ਹੋਏ ਨਕਾਰ ਦਿਤਾ ਗਿਆ ਹੈ, ਉਨ੍ਹਾਂ ਵੱਲੋਂ ਰਾਜਨੀਤੀ ਤੋਂ ਪ੍ਰੇਰੀਤ ਹੋਕੇ ਅੱਜ ਜਾਰੀ ਕੀਤੇ ਗਏ ਹੁਕਮਨਾਮਾ ਜਿਸ ਰਾਹੀਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਸਤਿਕਾਰ ਯੋਗ ਪੰਜ ਪਿਆਰੇ ਸਿੰਘ ਸਾਹਿਬ ਵੱਲੋਂ ਜਾਰੀ ਹੁਕਮਨਾਮਾ ਅਤੇ ਆਦੇਸ਼ (ਤਪਸ/5/ਹ/2022 ਮਿਤੀ ੧੧/੦੯/੨੦੨੨ ਅਤੇ ਤਪਸ/10/ਹ/2022 ਮਿਤੀ ੨੫/੧੧/੨੦੨੨ ਅਤੇ ਤਪਸ/14/ਹ/2022 ਮਿਤੀ ੦੯/੧੨/੨੦੨੨ ਆਦਿ) ਦੀ ਉਲੰਘਣਾ ਕਰਨ ਦਾ ਦੋਸ਼ੀ ਮਨਦੇ ਹੋਏ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਸੰਵਿਧਾਨ ਅਤੇ ਉਪਨਿਯਮ ਨੂੰ ਚੁਣੌਤੀ ਦਿੰਦੇ ਹੋਏ ਇਥੇ ਦੇ ਪ੍ਰਬੰਧਕ ਕਮੇਟੀ ਦੇ ਅਧੀਕਾਰ ਅਤੇ ਸ਼ਕਤੀ ਵਿਚ ਦਖ਼ਲਅੰਦਾਜ਼ੀ ਕਰਕੇ ਉਸ ਦੇ ਨਿਰਣੇ ਖਿਲਾਫ (ਮਿਤੀ ੯/੧੦ ਮਈ ੨੦੨੩ ਦੀ ਇਕੱਤਰਤਾ ਵਿਚ ਲਿਤੇ ਗਏ ਫੈਸਲੇ) ਹੁਕਮਨਾਮਾ ਜਾਰੀ ਕਰਨ ਦਾ ਦੋਸ਼ੀ ਮਨਦੇ ਹੋਏ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਸਤਿਕਾਰ ਯੋਗ ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ ਗਿਆਨੀ ਕੁਲਦੀਪ ਸਿੰਘ ਗੜਗਜ ਅਤੇ ਗਿਆਨੀ ਟੇਕ ਸਿੰਘ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਮਾਨ-ਸਨਮਾਨ, ਮਰਿਆਦਾ, ਪਰੰਪਰਾ, ਸੰਪ੍ਰਭੂਤਾ ਆਦਿ ਨੂੰ ਠੇਸ ਪਹੁੰਚਾਨ ਦਾ ਗੰਭੀਰ ਦੋਸ਼ੀ ਮਨਦੇ ਹੋਏ ਤਨਖਾਹੀਆ ਘੋਸ਼ੀਤ ਕੀਤਾ ਜਾਂਦਾ ਹੈ।

ਇਸ ਘਟਨਾਕਰਮ ਵਿਚ ਸ. ਸੁਖਬੀਰ ਸਿੰਘ ਬਾਦਲ ਦੇ ਦਖ਼ਲਅੰਦਾਜ਼ੀ ਅਤੇ ਸਾਜਿਸਕਰਤਾ ਦੇ ਰੂਪ ਵਿਚ ਸ਼ਾਮਲ ਹੋਣ ਦੀ ਜਾਣਕਾਰੀ ਵੀ ਪ੍ਰੁੰਜ ਰਹੀਂ ਹੈ, ਇਸ ਲਈ ਸ. ਸੁਖਬੀਰ ਸਿੰਘ ਬਾਦਲ ਨੂੰ ੧੦ ਦਿਨ ਦੇ ਅੰਦਰ-ਅੰਦਰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਸਤਿਕਾਰ ਯੋਗ ਪੰਜ ਪਿਆਰੇ ਸਿੰਘ ਸਾਹਿਬਾਨ ਦੇ ਸਾਹਮਨੇ ਸਾਰੀਰਕ ਰੂਪ ਵਿਚ ਪੇਸ਼ ਹੋਕੇ ਆਪਣਾ ਪੱਖ ਰਖਣ ਲਈ ਆਦੇਸ਼ ਦਿਤਾ ਜਾਂਦਾ ਹੈ, ਇਸ ਆਦੇਸ਼ ਦੀ ਉਲੰਘਣਾ ਹੋਣ ਤੇ ਪੰਥਕ ਰਵਾਇਤ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਨਾਲ ਹੀਂ ਪ੍ਰਬੰਧਕ ਕਮੇਟੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪ੍ਰਬੰਧਕੀ ਬੋਰਡ ਦੇ ਸਾਰੇ ਅਹੁਦੇਦਾਰ ਅਤੇ ਮੈਂਬਰ ਸਾਹਿਬਾਨ ਨੂੰ ਸਖ਼ਤ ਆਦੇਸ਼ ਦਿਤਾ ਜਾਂਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਕਥਿਤ ਅਤੇ ਆਪੋਥਾਪੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗਜ ਅਤੇ ਗਿਆਨੀ ਟੇਕ ਸਿੰਘ ਵੱਲੋਂ ਅੱਜ ਜਾਰੀ ਕੀਤੇ ਗਏ ਮਤਾ ਜਿਸ ਰਾਹੀਂ ਪ੍ਰਬੰਧਕੀ ਬੋਰਡ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕੀਤਾ ਗਿਆ ਹੈ, ਇਸ ਹੁਕਮ ਨੂੰ ਮਨਣ ਤੋਂ ਸਖ਼ਤ ਮਨਾ ਕੀਤਾ ਜਾਂਦਾ ਹੈ ਅਤੇ ਰੋਕ ਲਾਈ ਜਾਂਦੀ ਹੈ।

ਜੇਕਰ ਕੋਈ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਸਤਿਕਾਰ ਯੋਗ ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ ਜਾਰੀ ਹੁਕਮਨਾਮਾ ਦਾ ਵਿਰੋਧ ਕਰਦਾ ਹੈ ਜਾਂ ਮਨਣ ਤੋਂ ਇਨਕਾਰ ਕਰਦਾ ਹੈ ਤਾਂ ਉਨ੍ਹਾਂ ਉਤੇ ਵੀ ਪੰਥਕ ਰਵਾਇਤ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਸਤਿਕਾਰ ਯੋਗ ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੋਂ ਸੰਬੰਧੀਤ ਜਾਰੀ ਕੀਤੇ ਗਏ ਹੁਕਮਨਾਮਾ ਜਾਂ ਆਦੇਸ਼ ਨੂੰ ਰੱਦ ਕੀਤੀ ਜਾਂਦਾ ਹੈ ਅਤੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਸਤਿਕਾਰ ਯੋਗ ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ ਪਹਿਲਾ ਜਾਰੀ ਹੁਕਮਨਾਮਾ ਅਨੁਸਾਰ ਗਿਆਨੀ ਰਣਜੀਤ ਸਿੰਘ ਗੌਹਰ ਦੇ ਉਤੇ ਲਗੇ ਤਨਖਾਹੀਆ ਅਤੇ ਪੰਥ ਤੋਂ ਛੇਕੇ ਹੋਣ ਦਾ ਆਦੇਸ਼ ਪੂਰੀ ਤਰ੍ਹਾਂ ਲਾਗੂ ਰਵੇਗਾ। ਨਾਲ ਨੀਂ ਇਹ ਆਦੇਸ਼ ਦਿਤਾ ਜਾਂਦਾ ਹੈ ਕਿ ਅੱਜ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਜਾਂ ਬਾਹਰੀ ਕਿਸੇ ਵੀ ਤਖ਼ਤ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਦਾ ਕਿਸੇ ਵੀ ਤਰ੍ਹਾਂ ਦਾ ਕੋਈ ਵੀ ਆਦੇਸ਼ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਨਾ ਲਾਗੂ ਕੀਤਾ ਜਾਵੇਗਾ ਅਤੇ ਨਾ ਹੀਂ ਮਨਿਆ ਜਾਵੇਗਾ, ਇਸ ਆਦੇਸ਼ ਦਾ ਸਖ਼ਤੀ ਨਾਲ ਪਾਲਨ ਕੀਤਾ ਜਾਵੇ।

ਪੰਜ ਪਿਆਰੇ ਸਿੰਘ ਸਾਹਿਬਾਨ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਸਿੰਘ ਸਾਹਿਬ ਭਾਈ ਦਲੀਪ ਸਿੰਘ) ਐਡੀਸਨਲ ਹੈਡ ਗ੍ਰੰਥੀ
(ਸਿੰਘ ਸਾਹਿਬ ਭਾਈ ਬਲਦੇਵ ਸਿੰਘ) ਜਥੇਦਾਰ, ਹੈਡ ਗ੍ਰੰਥੀ
(ਸਿੰਘ ਸਾਹਿਬ ਭਾਈ ਗੁਰਦਿਆਲ ਸਿੰਘ) ਐਡੀਸਨਲ ਹੈਡ ਗ੍ਰੰਥੀ
(ਸਿੰਘ ਸਾਹਿਬ ਭਾਈ ਪਰਸ਼ੁਰਾਮ ਸਿੰਘ) ਸੀ: ਮੀਤ ਗ੍ਰੰਥੀ
(ਸਿੰਘ ਸਾਹਿਬ ਭਾਈ ਅਮਰਜੀਤ ਸਿੰਘ) ਮੀਤ ਗ੍ਰੰਥੀ

ਇਸ ਦੌਰਾਨ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਨੇ ਦੋਸ਼ ਲਾਇਆ ਕਿ ਅਕਾਲ ਤਖ਼ਤ ਵੱਲੋਂ ਜਦੋਂ ਜਥੇਦਾਰ ਗੌਹਰ ਨੂੰ ਦੋਸ਼ ਮੁਕਤ ਕਰਾਰ ਦਿੱਤਾ ਗਿਆ ਤਾਂ ਉਨ੍ਹਾਂ ਆਪਣੇ ਸਮਰਥਕਾਂ ਸਮੇਤ ਤਖ਼ਤ ਪਟਨਾ ਸਾਹਿਬ ਵਿਖੇ ਆ ਕੇ ਜਬਰੀ ਡਿਊਟੀ ਸਾਂਭਣ ਦਾ ਯਤਨ ਕੀਤਾ ਜਿਸ ਨਾਲ ਦੋਵੇਂ ਪਾਸੇ ਸਥਿਤੀ ਤਣਾਅਪੂਰਨ ਬਣ ਗਈ ਅਤੇ ਪੁਲੀਸ ਨੇ ਦਖ਼ਲਅੰਦਾਜ਼ੀ ਕਰਕੇ ਸਥਿਤੀ ਨੂੰ ਸੰਭਾਲਿਆ। ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਕੀਤੇ ਗਏ ਇੱਕ ਫ਼ੈਸਲੇ ਤਹਿਤ ਤਖ਼ਤ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਨੂੰ ਦੋਸ਼ ਮੁਕਤ ਕਰਾਰ ਦਿੱਤਾ ਗਿਆ ਸੀ। ਤਖ਼ਤ ਪਟਨਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਭਾਈ ਬਲਦੇਵ ਸਿੰਘ ਅਤੇ ਗ੍ਰੰਥੀ ਭਾਈ ਗੁਰਦਿਆਲ ਸਿੰਘ ਦੀਆਂ ਸੇਵਾਵਾਂ 'ਤੇ ਰੋਕ ਲਾਈ ਗਈ ਸੀ। ਉਨ੍ਹਾਂ ਸਬੰਧੀ ਮਾਮਲੇ ਵਿੱਚ ਅਕਾਲ ਤਖ਼ਤ ਦੇ ਆਦੇਸ਼ਾਂ ਦੀ ਪਾਲਣਾ ਨਾ ਕਰਨ ਦੇ ਦੋਸ਼ ਹੇਠ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਅਤੇ ਸਮੂਹ ਅਹੁਦੇਦਾਰਾਂ ਨੂੰ ਪੇਸ਼ ਹੋ ਕੇ ਆਪਣਾ ਪੱਖ ਸਪੱਸ਼ਟ ਕਰਨ ਦੇ ਆਦੇਸ਼ ਦਿੱਤੇ ਗਏ ਸਨ।

# ਚਰਨਜੀਤ ਸਿੰਘ ਚੰਨੀ ਨੂੰ ਮਿਲੇਗਾ 'ਸੰਸਦ ਰਤਨ' ਪੁਰਸਕਾਰ

## 16 ਸਾਲਾਂ 'ਚ ਪਹਿਲੀ ਵਾਰ ਪੰਜਾਬ ਦੇ ਕਿਸੇ ਸੰਸਦ ਮੈਂਬਰ ਨੂੰ ਮਿਲੇਗਾ ਇਹ ਸਨਮਾਨ



ਚੰਡੀਗੜ੍ਹ : ਜਲੰਧਰ ਤੋਂ ਲੋਕ ਸਭਾ ਮੈਂਬਰ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਸੰਸਦ ਰਤਨ ਪੁਰਸਕਾਰ ਲਈ ਚੁਣਿਆ ਗਿਆ ਹੈ। ਪਿਛਲੇ 16 ਸਾਲਾਂ 'ਚ ਪਹਿਲੀ ਵਾਰ ਪੰਜਾਬ ਦੇ ਕਿਸੇ ਸੰਸਦ ਮੈਂਬਰ ਨੂੰ ਸੰਸਦ ਰਤਨ ਪੁਰਸਕਾਰ ਲਈ ਚੁਣਿਆ ਗਿਆ ਹੈ। ਮਰਹੂਮ ਰਾਸ਼ਟਰਪਤੀ ਡਾ. ਏ.ਪੀ.ਜੇ. ਅਬਦੁਲ ਕਲਾਮ ਦੀ ਅਗਵਾਈ 'ਚ 2010 'ਚ ਪ੍ਰਾਈਮ ਪੁਆਇੰਟ ਫਾਊਂਡੇਸ਼ਨ ਵਲੋਂ ਸ਼ੁਰੂ ਕੀਤੇ ਗਏ ਇਸ ਪੁਰਸਕਾਰ ਲਈ ਇਸ ਵਾਰ 17 ਸੰਸਦ ਮੈਂਬਰ ਤੇ ਦੋ ਲੋਕ ਸਭਾ ਦੀਆਂ ਸਥਾਈ ਕਮੇਟੀਆਂ ਦੇ ਚੇਅਰਮੈਨਾਂ ਨੂੰ ਚੁਣਿਆ ਗਿਆ ਹੈ, ਜਿਸ 'ਚ ਖੇਤੀਬਾੜੀ ਤੇ ਕਿਸਾਨ ਭਲਾਈ ਕਮੇਟੀ ਦੇ ਚੇਅਰਮੈਨ ਵਜੋਂ ਸੇਵਾਵਾਂ ਨਿਭਾ ਰਹੇ ਚਰਨਜੀਤ ਸਿੰਘ ਚੰਨੀ ਦੀ ਕਿਸਾਨਾਂ ਤੇ ਖੇਤ ਮਜ਼ਦੂਰਾਂ ਪੱਖੀ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਇਸ ਉੱਤਮ ਪੁਰਸਕਾਰ ਲਈ ਚੋਣ ਕੀਤੀ ਗਈ ਹੈ। ਚਰਨਜੀਤ ਸਿੰਘ ਚੰਨੀ ਨੂੰ ਇਹ ਪੁਰਸਕਾਰ 26 ਜੁਲਾਈ ਨੂੰ ਦਿੱਤਾ ਜਾਣਾ ਹੈ। ਗੌਰਤਲਬ ਹੈ ਕਿ ਚਰਨਜੀਤ ਸਿੰਘ ਚੰਨੀ ਨੇ ਲੋਕ ਸਭਾ 'ਚ ਜਿੱਥੇ ਕਿ ਕਈ ਅਹਿਮ ਮੁੱਦੇ ਚੁੱਕੇ ਤੇ ਲੋਕਾਂ ਦੀ ਆਵਾਜ਼ ਬੁਲੰਦ ਕੀਤੀ ਉੱਥੇ ਹੀ ਖੇਤੀਬਾੜੀ ਨੂੰ ਲਾਹੇਵੰਦ ਬਣਾਉਣ ਤੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਕੇਂਦਰ ਸਰਕਾਰ ਨੂੰ ਕਈ ਸਿਫਾਰਸ਼ਾਂ ਕੀਤੀਆਂ ਹਨ ਜਦਕਿ ਐਮ.ਐਸ.ਪੀ. ਨੂੰ ਲੀਗਲ ਗਾਰੰਟੀ ਕਾਨੂੰਨ ਬਣਾਉਣ ਸਮੇਤ ਪਰਾਲੀ ਨੂੰ ਅੱਗ ਲਗਾਉਣ ਦੀ ਸਮੱਸਿਆ ਦਾ ਹੱਲ ਕਰਨ ਲਈ ਕਿਸਾਨਾਂ ਨੂੰ ਫ਼ਸਲ ਤੇ ਐਮ.ਐਸ.ਪੀ. ਦੇ ਨਾਲ 100 ਰੁਪਏ ਪ੍ਰਤੀ ਕੁਇੰਟਲ ਵਾਧੂ ਦੇਣ ਦੀ ਸਿਫਾਰਿਸ਼ ਕੀਤੀ। ਉਨ੍ਹਾਂ ਗਊਆਂ ਦੀ ਚੰਗੀ ਸੰਭਾਲ ਲਈ ਗਊਸ਼ਾਲਾਵਾਂ ਦਾ ਮਾਡਲ ਤਿਆਰ ਕਰਨ ਦੀ ਵੀ ਗੱਲ ਰੱਖੀ। ਸ. ਚੰਨੀ ਨੇ ਇਸ ਪੁਰਸਕਾਰ ਲਈ ਚੁਣੇ ਜਾਣ 'ਤੇ ਪੰਜਾਬ ਤੇ ਖਾਸ ਕਰਕੇ ਜਲੰਧਰ ਦੇ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਪੁਰਸਕਾਰ ਪੰਜਾਬ ਤੇ ਪੰਜਾਬੀਅਤ ਨੂੰ ਸਮਰਪਿਤ ਹੈ।

# ਸਿੰਧੂ ਜਲ ਸਮਝੌਤੇ ਨੂੰ ਮੁਅੱਤਲ ਕਰਨ ਦੇ ਸਰਕਾਰ ਦੇ ਕਦਮ ਦਾ ਕਿਸਾਨ ਜਥੇਬੰਦੀਆਂ ਨੇ ਕੀਤਾ ਸਮਰਥਨ

## ਖੇਤੀਬਾੜੀ ਮੰਤਰੀ ਨੇ ਕਿਹਾ-ਪਾਣੀ ਤੇ ਖ਼ੂਨ ਇਕੱਠੇ ਨਹੀਂ ਵਹਿ ਸਕਦੇ




ਨਵੀਂ ਦਿੱਲੀ : ਪੰਜਾਬ, ਹਰਿਆਣਾ, ਉਤਰਾਖੰਡ ਅਤੇ ਰਾਜਸਥਾਨ ਦੇ ਕਿਸਾਨ ਸੰਗਠਨਾਂ ਦੇ ਇਕ ਸਮੂਹ ਨੇ ਸਿੰਧੂ ਜਲ ਸਮਝੌਤੇ (ਆਈ.ਡਬਲਿਊ.ਟੀ.) ਨੂੰ ਮੁਲਤਵੀ ਕਰਨ ਦੇ ਸਰਕਾਰ ਦੇ ਫੈਸਲੇ ਦਾ ਸਮਰਥਨ ਕੀਤਾ ਹੈ।

ਇੱਥੇ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨਾਲ ਗੱਲਬਾਤ ਦੌਰਾਨ ਸੰਯੁਕਤ ਕਿਸਾਨ ਮੋਰਚਾ, ਭਾਰਤੀ ਕਿਸਾਨ ਯੂਨੀਅਨ (ਬੀ.ਕੇ.ਯੂ.-ਗੈਰ-ਸਿਆਸੀ) ਦੇ ਨੁਮਾਇੰਦਿਆਂ ਅਤੇ ਹੋਰ ਕਿਸਾਨ ਨੇਤਾਵਾਂ ਨੇ ਇਸ ਨੂੰ 'ਇਤਿਹਾਸਕ ਫੈਸਲਾ' ਕਰਾਰ ਦਿਤਾ ਅਤੇ ਪੁਸ਼ਟੀ ਕੀਤੀ ਕਿ ਕਿਸਾਨ ਭਾਈਚਾਰਾ ਇਸ ਮੁੱਦੇ 'ਤੇ ਸਰਕਾਰ ਦੇ ਨਾਲ ਖੜਾ ਹੈ।

ਚੌਹਾਨ ਨੇ ਕਿਹਾ, "ਸੰਧੀ ਨੂੰ ਮੁਲਤਵੀ ਰੱਖਣ ਦਾ ਫੈਸਲਾ ਦੇਸ਼ ਅਤੇ ਕਿਸਾਨਾਂ ਦੇ ਹਿੱਤ 'ਚ ਹੈ। ... ਸਿੰਧੂ ਨਦੀ ਦੇ ਪਾਣੀ ਨੂੰ ਖੇਤੀਬਾੜੀ ਅਤੇ ਹੋਰ ਉਦੇਸ਼ਾਂ ਲਈ ਵਰਤਣ ਲਈ ਵਿਆਪਕ ਯੋਜਨਾ ਤਿਆਰ ਕੀਤੀ ਜਾਵੇਗੀ।" ਉਨ੍ਹਾਂ ਨੇ ਮਾਹਰਾਂ ਦੇ ਵਿਰੋਧ ਦੇ ਬਾਵਜੂਦ ਸੰਧੀ 'ਤੇ ਦਸਤਖ਼ਤ ਕਰਨ ਲਈ ਸਾਬਕਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਆਲੋਚਨਾ ਕੀਤੀ।

ਚੌਹਾਨ ਨੇ ਕਿਹਾ, "ਉਸ ਸਮੇਂ ਨਹਿਰੂ ਨੇ ਨਾ ਸਿਰਫ ਪਾਕਿਸਤਾਨ ਨੂੰ ਪਾਣੀ ਦਿਤਾ ਬਲਕਿ 83 ਕਰੋੜ ਰੁਪਏ ਦਾ ਫੰਡ ਵੀ ਦਿਤਾ। 1960 ਵਿਚ ਹਸਤਾਖਰ ਕੀਤੇ ਗਏ ਆਈਡਬਲਯੂਟੀ ਸਿੰਧੂ ਨਦੀ ਪ੍ਰਣਾਲੀ ਦੇ ਪਾਣੀਆਂ ਦੀ ਵੰਡ ਲਈ ਭਾਰਤ ਅਤੇ ਪਾਕਿਸਤਾਨ ਵਿਚਾਲੇ ਇਕ ਇਤਿਹਾਸਕ ਸਮਝੌਤਾ ਹੈ। ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ ਹੋਏ ਵੱਡੇ ਅਤਿਵਾਦੀ ਹਮਲੇ ਤੋਂ ਬਾਅਦ ਇਸ ਸੰਧੀ ਨੂੰ ਮੁਅੱਤਲ ਕਰ ਦਿਤਾ ਗਿਆ ਸੀ।" ਸਮਾਗਮ ਦੌਰਾਨ ਚੌਹਾਨ ਨੇ ਭਾਰਤ-ਪਾਕਿਸਤਾਨ ਸਰਹੱਦ 'ਤੇ ਹੁਸੈਨੀਵਾਲਾ ਪਿੰਡ ਦੇ ਪੰਜਾਬ ਦੇ ਕਿਸਾਨ ਗੋਮਾ ਸਿੰਘ ਨੂੰ ਲੜਾਈ ਦੌਰਾਨ ਫੌਜ ਦੇ ਜਵਾਨਾਂ ਲਈ ਅਪਣਾ ਘਰ ਖਾਲੀ ਕਰਨ ਲਈ ਸਨਮਾਨਿਤ ਕੀਤਾ। ਖੇਤੀਬਾੜੀ ਸਕੱਤਰ ਦੇਵੇਸ਼ ਚਤੁਰਵੇਦੀ ਅਤੇ ਆਈਸੀਏਆਰ (ਭਾਰਤੀ ਖੇਤੀਬਾੜੀ ਖੋਜ ਪਰਿਸ਼ਦ) ਦੇ ਡਾਇਰੈਕਟਰ ਜਨਰਲ ਐਮ ਐਲ ਜਾਟ ਵੀ ਇਸ ਸਮਾਰੋਹ 'ਚ ਮੌਜੂਦ ਸਨ।

# ਆਗੂਆਂ ਦੀਆਂ ਗ਼ਲਤੀਆਂ ਕਾਰਨ ਨਿਘਾਰ ਵੱਲ ਗਿਆ ਅਕਾਲੀ ਦਲ: ਇਯਾਲੀ

## ਅਕਾਲ ਤਖ਼ਤ ਵੱਲੋਂ ਬਣਾਈ ਪੰਜ ਮੈਂਬਰੀ ਕਮੇਟੀ ਦੀ ਅਗਵਾਈ ਹੇਠ ਸਮਾਗਮ



ਮੋਗਾ : ਅਕਾਲ ਤਖ਼ਤ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਲਈ ਬਣਾਈ ਪੰਜ ਮੈਂਬਰੀ ਕਮੇਟੀ ਦੇ ਮੈਂਬਰਾਂ ਦੀ ਅਗਵਾਈ ਹੇਠ ਇੱਥੇ ਜ਼ਿਲ੍ਹਾ ਪੱਧਰੀ ਸਮਾਗਮ ਕਰਵਾਇਆ ਗਿਆ। ਇਸ ਵਿੱਚ ਅਕਾਲੀ ਦਲ ਦੀ ਭਰਤੀ ਲਈ ਲੋਕਾਂ 'ਚ ਉਤਸ਼ਾਹ ਦਿਖਾਈ ਦਿੱਤਾ। ਇਸ ਮੌਕੇ ਕਮੇਟੀ ਮੈਂਬਰਾਂ ਨੇ ਆਖਿਆ ਕਿ ਪਾਰਟੀ ਦੇ ਆਗੂਆਂ ਦੀਆਂ ਗ਼ਲਤੀਆਂ ਕਾਰਨ ਪੰਥਕ ਜਮਾਤ ਨੂੰ ਲੋਕਾਂ ਦਾ ਭਰੋਸਾ ਹਾਸਲ ਕਰਨ ਲਈ ਯਤਨ ਕਰਨੇ ਪੈ ਰਹੇ ਹਨ। ਇਸ ਮੌਕੇ ਮਨਪ੍ਰੀਤ ਸਿੰਘ ਇਯਾਲੀ, ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਜਥੇਦਾਰ ਇਕਬਾਲ ਸਿੰਘ ਝੂੰਦਾਂ, ਜਥੇਦਾਰ ਸੰਤਾ ਸਿੰਘ ਉਮੈਦਪੁਰੀ ਅਤੇ ਬੀਬੀ ਸਤਵੰਤ ਕੌਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਆਪਣੇ ਆਗੂਆਂ ਦੀਆਂ ਗ਼ਲਤੀਆਂ ਕਰ ਕੇ ਨਿਘਾਰ ਵੱਲ ਜਾ ਚੁੱਕਾ ਹੈ। ਇਸ ਕਾਰਨ ਪੰਥਕ ਜਮਾਤ ਨੂੰ ਸੌ ਸਾਲ ਬਾਅਦ ਪੁਨਰ ਸੁਰਜੀਤੀ ਦੀ ਲੋੜ ਪਈ ਹੈ। ਉਨ੍ਹਾਂ ਨੇ ਕੈਨੇਡਾ ਲੋਕ ਸਭਾ ਵਿੱਚ ਚੁਣੇ 22 ਪੰਜਾਬੀਆਂ ਨੂੰ ਵਧਾਈ ਦਿੱਤੀ। ਸ੍ਰੀ ਇਯਾਲੀ ਨੇ ਪੰਥ ਅਤੇ ਪੰਜਾਬ ਕਮਜ਼ੋਰ ਹੋ ਚੁੱਕੇ ਹਨ। ਇਸ ਦਾ ਨੁਕਸਾਨ ਪੰਜਾਬ ਭੁਗਤ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਵੱਡੇ ਮੁੱਦੇ ਜਿਵੇਂ ਪਾਣੀਆਂ ਦਾ ਮਸਲਾ, ਰਾਜਧਾਨੀ ਤੋਂ ਲੈ ਕੇ ਪੰਜਾਬੀ ਬੋਲਦੇ ਇਲਾਕੇ ਖੋਹੇ ਗਏ ਪਰ ਪੰਜਾਬ ਦੀ ਆਵਾਜ਼ ਕਿਤੇ ਨਹੀਂ ਸੁਣੀ ਜਾ ਰਹੀ। ਬੰਦੀ ਸਿੰਘਾਂ ਦੀ ਰਿਹਾਈ ਲਈ 25 ਲੱਖ ਦਸਤਖ਼ਤਾਂ ਵਾਲੀ ਫਾਈਲ ਨੂੰ ਦਿੱਲੀ ਸਰਕਾਰ ਫੜਨ ਲਈ ਤਿਆਰ ਨਹੀਂ। ਜਥੇਦਾਰ ਵਡਾਲਾ ਨੇ ਕਿਹਾ ਕਿ ਹੁਣ ਫ਼ੈਸਲੇ ਦੀ ਘੜੀ ਹੈ। ਜਥੇਦਾਰ ਇਕਬਾਲ ਸਿੰਘ ਝੂੰਦਾਂ ਨੇ ਕਿਹਾ ਕਿ ਅੱਜ ਪੰਥਪ੍ਰਸਤ ਅਤੇ ਪੰਜਾਬ ਪ੍ਰਸਤ ਲੋਕ ਚਿੰਤਤ ਹਨ। ਜਥੇਦਾਰ ਉਮੈਦਪੁਰੀ ਨੇ ਬਿਨਾਂ ਨਾਮ ਲਏ ਕਿਹਾ ਕਿ ਇੱਕ ਪਰਿਵਾਰ ਦੇ ਮਨਮਰਜ਼ੀ ਦੇ ਫ਼ੈਸਲੇ ਕਾਰਨ ਅਕਾਲ ਤਖ਼ਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਮਾਣ ਮਰਿਯਾਦਾ ਨੂੰ ਛਿੱਕੇ ਟੰਗਿਆ ਜਾ ਚੁੱਕਾ ਹੈ। ਇਸ ਮੌਕੇ ਬੀਬੀ ਸਤਵੰਤ ਕੌਰ ਨੇ ਕਿਹਾ ਅਕਾਲ ਤਖ਼ਤ ਤੋਂ ਮੂੰਹ ਫੇਰ ਚੁੱਕੇ ਆਗੂਆਂ ਤੋਂ ਪੰਥ ਦੀ ਨੁਮਾਇੰਦਾ ਜਮਾਤ ਦੀ ਵਾਂਗਡੋਰ ਆਪਣੇ ਹੱਥ ਲੈਣ ਦਾ ਸਮਾਂ ਹੈ। ਇਸ ਮੌਕੇ ਕਰਨੈਲ ਸਿੰਘ ਪੀਰ ਮੁਹੰਮਦ, ਬਰਜਿੰਦਰ ਸਿੰਘ ਮੱਖਣ ਬਰਾੜ, ਜਗਤਾਰ ਸਿੰਘ ਰਾਜੇਆਣਾ, ਮਾ. ਗੁਰਚਰਨ ਸਿੰਘ ਰੋਡੇ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

# ਗੁਰਦੁਆਰਾ ਛੋਟੇ ਸਾਹਿਬਜਾਦੇ ਫਤਹਿ ਨਗਰ ਵਿਖੇ ਸੰਗਤਾਂ ਲਈ ਬੀਬੀ ਸ਼ਰਨ ਕੌਰ ਨਿਵਾਸ ਦਾ ਹੋਇਆ ਉਦਘਾਟਨ

## ਗੁਰਦੁਆਰਾ ਸਾਹਿਬ ਵਲੋਂ ਜ਼ਰੂਰਤਮੰਦ ਸੰਗਤਾਂ ਲਈ ਚਲ ਰਹੀਆਂ ਹਨ ਵੱਖ ਵੱਖ ਖੇਤਰ ਦੀ ਸੇਵਾਵਾਂ



ਨਵੀਂ ਦਿੱਲੀ : ਗੁਰਦੁਆਰਾ ਬਾਬਾ ਜੋਰਾਵਰ ਸਿੰਘ ਬਾਬਾ ਫਤਹਿ ਸਿੰਘ ਫਤਹਿ ਨਗਰ ਵਿਖੇ ਕਾਰ ਸੇਵਾ ਮੁੱਖੀ ਬਾਬਾ ਬੱਚਨ ਸਿੰਘ ਜੀ ਨੇ ਬੀਬੀ ਸ਼ਰਨ ਕੌਰ ਨਿਵਾਸ ਦਾ ਉਦਘਾਟਨ ਕੀਤਾ। ਬੀਬੀ ਸ਼ਰਨ ਕੌਰ ਨਿਵਾਸ ਜੋ ਕਿ ਤਕਰੀਬਨ ਡੇਢ ਸਾਲ ਵਿਚ ਬਣ ਕੇ ਤਿਆਰ ਹੋਇਆ ਹੈ ਵਿਖੇ ਮਿੱਤੀ 16 ਮਈ ਨੂੰ ਅਖੰਡ ਪਾਠ ਸਾਹਿਬ ਰੱਖੇ ਗਏ ਸਨ ਜਿਨ੍ਹਾਂ ਦੀ ਸਮਾਪਤੀ ਅਜ 18 ਮਈ ਨੂੰ ਸਵੇਰੇ 10 ਵਜੇ ਕੀਤੀ ਗਈ ਉਪਰੰਤ ਭਾਈ ਜਸਕਰਨ ਸਿੰਘ ਪਟਿਆਲਾ ਵਾਲਿਆਂ ਨੂੰ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਸੀ। ਇਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਹਜ਼ੂਰੀ ਰਾਗੀ ਭਾਈ ਮੱਖਣ ਸਿੰਘ ਆਸਟ੍ਰੇਲਿਆ ਵਾਲੇ, ਭਾਈ ਦਵਿੰਦਰ ਸਿੰਘ, ਭਾਈ ਸੁਰਜੀਤ ਸਿੰਘ, ਭਾਈ ਬਰਨ ਸਿੰਘ ਅਤੇ ਹੋਰ ਹਜ਼ੂਰੀ ਰਾਗੀ ਜਥੇਆਂ ਨੇ ਵੀਂ ਹਾਜ਼ਿਰੀਆਂ ਭਰ ਕੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਸੀ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਇਕਬਾਲ ਸਿੰਘ ਨੇ ਅਰਦਾਸ ਕੀਤੀ ਸੀ ਅਤੇ ਗਿਆਨੀ ਅਮਰਜੀਤ ਸਿੰਘ ਨੇ ਹੁਕਮਨਾਮਾ ਲਿਆ ਸੀ। ਗਿਆਨੀ ਇਕਬਾਲ ਸਿੰਘ ਨੇ ਦਸਿਆ ਕਿ ਬੀਬੀ ਸ਼ਰਨ ਕੌਰ ਨਿਵਾਸ ਵਿਚ ਸੰਗਤਾਂ ਦੀ ਸਹੂਲੀਅਤ ਲਈ 25 ਕਮਰਿਆਂ ਦਾ ਏਸੀ ਨਿਵਾਸ ਤਿਆਰ ਕੀਤਾ ਗਿਆ ਹੈ ਤੇ ਇਸ ਵਿਚ ਦੋ ਵੱਡੇ ਹਾਲ ਵੀਂ ਬਣਾਏ ਗਏ ਹਨ। ਗਿਆਨੀ ਪ੍ਰੀਤਮ ਸਿੰਘ ਚੱਕਪਖੀ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੀ ਸਰਪ੍ਰਸਤੀ ਹੇਠ ਸੰਗਤਾਂ ਦੀ ਸਿਹਤ ਸੇਵਾਵਾਂ ਦੀ ਦੇਖਭਾਲ ਲਈ ਦਸ਼ਮੇਸ਼ ਹਸਪਤਾਲ ਚਲ ਰਿਹਾ ਹੈ ਜਿਸ ਵਿਚ ਆਧੁਨਿਕ ਪ੍ਰਬੰਧ ਡਾਕਟਰੀ ਸੇਵਾਵਾਂ ਦਾ ਦਿਨ/ਰਾਤ ਪ੍ਰਬੰਧ, ਓ.ਪੀ.ਡੀ. ਸੇਵਾ ਅਤੇ ਮਾਹਰ ਡਾਕਟਰ, ਮੈਡੀਕਲ ਕੈਂਪ, ਰਿਆਇਤੀ ਦਰਾਂ ਤੇ ਟੈਸਟ/ਇਲਾਜ ਕੀਤਾ ਜਾਂਦਾ ਹੈ ਤੇ ਇਸਦੇ ਨਾਲ ਹੀ ਆਰਥਿਕ ਤੌਰ ਤੇ ਕਮਜ਼ੋਰ ਵਰਗ ਦੇ ਬੱਚਿਆਂ ਵਾਸਤੇ ਰਿਆਯਤੀ ਦਰਾਂ ਤੇ ਕੰਪਿਊਟਰ ਕੌਰਸ ਐਨਆਈਆਈਟੀ ਦੇ ਸਹਿਯੋਗ ਨਾਲ ਚਲਾਏ ਜਾ ਰਹੇ ਹਨ, ਹੁਣ ਤੱਕ 4 ਹਜਾਰ ਤੋਂ ਵੱਧ ਵਿਦਿਆਰਥੀ ਕੰਪਿਊਟਰ ਕੋਰਸ ਕਰ ਚੁੱਕੇ ਹਨ ਅਤੇ ਵੱਖ-ਵੱਖ ਅਦਾਰਿਆ ਵਲੋਂ 15 ਸੌ ਤੋਂ ਵੱਧ ਵਿਦਿਆਰਥੀਆਂ ਨੂੰ ਰੋਜ਼ਗਾਰ ਦਿੱਤਾ ਜਾ ਚੁੱਕਾ ਹੈ।

ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਵਲੋਂ ਗੁਰਮਤਿ ਕੈਂਪ, ਕੋਚਿੰਗ ਕਲਾਸਾਂ, ਕੈਰਿਅਰ ਕਾਉਂਸਲਿੰਗ, ਇੰਗਲਿਸ਼ ਵਿਆਕਰਣ ਅਤੇ ਬੋਲਣਾ, ਸਮਰ ਕੈਂਪ, ਵਿੰਟਰ ਕੈਂਪ ਆਦਿਕ ਦਾ ਆਯੋਜਨ ਕੀਤਾ ਜਾਂਦਾ ਹੈ। ਬੀਬੀ ਸ਼ਰਨ ਕੌਰ ਨਿਵਾਸ ਦੇ ਉਦਘਾਟਨ ਮੌਕੇ ਬਾਬਾ ਬੱਚਨ ਸਿੰਘ ਜੀ ਕਾਰ ਸੇਵਾ ਵਾਲੇ, ਦਿੱਲੀ ਦੇ ਕੈਬਿਨੇਟ ਮਨਿਸਟਰ ਆਸ਼ਿਸ਼ ਸੂਦ, ਐਮਐਲਏ ਸ਼ਾਮ ਸ਼ਰਮਾ, ਦਿੱਲੀ ਕਮੇਟੀ ਮੈਂਬਰ ਅਮਰਜੀਤ ਸਿੰਘ ਪੱਪੂ, ਰਮਨਦੀਪ ਸਿੰਘ ਥਾਪਰ, ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਯੂਥ ਵਿੰਗ ਪ੍ਰਧਾਨ ਰਮਨਦੀਪ ਸਿੰਘ ਸੋਨੂੰ, ਗੁਰਪ੍ਰੀਤ ਸਿੰਘ ਰਿੰਟਾ, ਗੁਰਦੁਆਰਾ ਕਮੇਟੀ ਮੈਂਬਰ ਮਨਮੋਹਨ ਸਿੰਘ, ਰਮਿੰਦਰਪਾਲ ਸਿੰਘ ਬਖ਼ਸ਼ੀ ਸਮੇਤ ਵਡੀ ਗਿਣਤੀ ਵਿਚ ਪਤਵੰਤੇ ਸੱਜਣ ਅਤੇ ਸੰਗਤਾਂ ਹਾਜਿਰ ਸਨ।

# ਜ਼ਹਿਰੀਲੀ ਸ਼ਰਾਬ ਕਾਂਡ: ਸਿਹਤ ਟੀਮਾਂ ਵੱਲੋਂ ਅੱਠ ਪਿੰਡਾਂ ਦੇ ਲੋਕਾਂ ਦੀ ਜਾਂਚ

## 17 ਗੰਭੀਰ ਮਰੀਜ਼ਾਂ ਦੀ ਜਾਨ ਬਚੀ



ਅੰਮ੍ਰਿਤਸਰ : ਜ਼ਹਿਰੀਲੀ ਸ਼ਰਾਬ ਕਾਂਡ ਮਗਰੋਂ ਅੰਮ੍ਰਿਤਸਰ ਜ਼ਿਲ੍ਹੇ ਦੇ ਮਜੀਠਾ ਉਪ ਮੰਡਲ ਦੇ ਪਿੰਡਾਂ ਵਿੱਚ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਲਗਭਗ ਅੱਠ ਪਿੰਡਾਂ ਦੇ 400 ਤੋਂ ਵੱਧ ਵਿਅਕਤੀਆਂ ਦੀ ਜਾਂਚ ਕੀਤੀ ਗਈ। ਸਿਹਤ ਵਿਭਾਗ ਵੱਲੋਂ ਸਮੇਂ ਸਿਰ ਕੀਤੀ ਗਈ ਇਸ ਕਾਰਵਾਈ ਕਾਰਨ ਜ਼ਹਿਰੀਲੀ ਸ਼ਰਾਬ ਨਾਲ ਪ੍ਰਭਾਵਿਤ ਹੋਏ ਲਗਪਗ 17 ਗੰਭੀਰ ਮਰੀਜ਼ਾਂ ਦੀ ਜਾਨ ਬਚੀ ਹੈ। ਇਸ ਘਟਨਾ ਵਿੱਚ ਉਪ ਮੰਡਲ ਦੇ ਪੰਜ ਪਿੰਡਾਂ ਵਿੱਚ ਲਗਪਗ 28 ਵਿਅਕਤੀਆਂ ਦੀ ਮੌਤ ਹੋ ਗਈ ਸੀ ਅਤੇ ਪੁਲੀਸ ਨੇ ਜ਼ਹਿਰੀਲੀ ਸ਼ਰਾਬ ਦੇ ਧੰਦੇ ਦੇ ਦੋਸ਼ ਹੇਠ 16 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ। ਸਿਹਤ ਵਿਭਾਗ ਵੱਲੋਂ ਉਪ ਮੰਡਲ ਦੇ ਅੱਠ ਪਿੰਡਾਂ ਭੰਗਾਲੀ ਕਲਾਂ, ਥਰੀਏਵਾਲ, ਮਰੜੀ ਕਲਾਂ, ਤਲਵੰਡੀ ਖੁੰਮਣ, ਭਗਵਾਂ, ਕਰਨਾਲਾ, ਪਤਾਲਪੁਰੀ ਤੇ ਗਾਲੋਵਾਲੀ ਕੁੱਲੀਆਂ ਵਿੱਚ ਜਾਂਚ ਮੁਹਿੰਮ ਛੇੜੀ ਗਈ ਸੀ। ਇਸ ਵਾਸਤੇ ਡਾਕਟਰਾਂ ਤੇ ਹੋਰ ਅਮਲੇ ਦੀਆਂ ਲਗਪਗ ਅੱਠ ਟੀਮਾਂ ਤਿਆਰ ਕੀਤੀਆਂ ਗਈਆਂ ਸਨ।

ਇਨ੍ਹਾਂ ਸਿਵਲ ਸਰਜਨ ਡਾਕਟਰ ਕਿਰਨਦੀਪ ਕੌਰ ਦੀ ਅਗਵਾਈ ਹੇਠ ਇਨ੍ਹਾਂ ਅੱਠ ਪਿੰਡਾਂ ਵਿੱਚ ਸ਼ਰਾਬ ਪੀਣ ਨਾਲ ਲਗਭਗ 400 ਤੋਂ ਵੱਧ ਲੋਕਾਂ ਦੀ ਜਾਂਚ ਕੀਤੀ ਗਈ ਤਾਂ ਜੋ ਇਹ ਪਤਾ ਲਾਇਆ ਜਾ ਸਕੇ ਕਿ ਇਨ੍ਹਾਂ ਵਿੱਚੋਂ ਕਿਸੇ ਨੇ ਜ਼ਹਿਰੀਲੀ ਸ਼ਰਾਬ ਤਾਂ ਨਹੀਂ ਸੀ ਪੀਤੀ। ਸਿਵਲ ਸਰਜਨ ਡਾਕਟਰ ਕਿਰਨ ਦੀਪ ਕੌਰ ਨੇ ਦੱਸਿਆ ਕਿ ਪਿਛਲੇ ਲਗਪਗ ਚਾਰ ਦਿਨ ਲਗਾਤਾਰ ਇਨ੍ਹਾਂ ਪਿੰਡਾਂ ਵਿੱਚ ਮੈਡੀਕਲ ਟੀਮਾਂ ਨੇ ਘਰ ਘਰ ਜਾ ਕੇ ਸਰਵੇਖਣ ਕੀਤਾ ਅਤੇ ਲੋਕਾਂ ਦਾ ਚੈੱਕਅੱਪ ਕੀਤਾ ਹੈ। ਉਨ੍ਹਾਂ ਦੱਸਿਆ ਕਿ ਗੰਭੀਰ ਹਾਲਤ ਵਾਲੇ ਮਰੀਜ਼ਾਂ ਨੂੰ ਹਸਪਤਾਲਾਂ ਵਿੱਚ ਰੈਫਰ ਕਰ ਕੇ ਕਈ ਜਾਨਾਂ ਬਚਾਈਆਂ ਗਈਆਂ ਹਨ। ਜਾਂਚ ਟੀਮਾਂ ਨੇ ਘਰ ਘਰ ਜਾ ਕੇ ਲੋਕਾਂ ਕੋਲੋਂ ਪੁੱਛ-ਪੜਤਾਲ ਕੀਤੀ। ਉਨ੍ਹਾਂ ਦੱਸਿਆ ਕਿ ਜਦੋਂ ਇਹ ਘਟਨਾ ਵਾਪਰੀ ਅਤੇ ਕਈ ਵਿਅਕਤੀਆਂ ਦੀਆਂ ਮੌਤਾਂ ਹੋਈਆਂ, ਇਸ ਤੋਂ ਬਾਅਦ ਡਰ ਕਾਰਨ ਸ਼ਰਾਬ ਪੀਣ ਕਾਰਨ ਪ੍ਰਭਾਵਿਤ ਵਿਅਕਤੀ ਆਪਣੇ-ਆਪ ਵੀ ਸਾਹਮਣੇ ਆਏ ਹਨ ਤਾਂ ਜੋ ਉਨ੍ਹਾਂ ਦਾ ਬਚਾਅ ਹੋ ਸਕੇ। ਉਨ੍ਹਾਂ ਦੱਸਿਆ ਕਿ ਅਜਿਹੇ ਵਿਅਕਤੀਆਂ ਦੀ ਜਾਂਚ ਮਗਰੋਂ ਲੋੜ ਮੁਤਾਬਕ ਇਲਾਜ ਕੀਤਾ ਗਿਆ ਹੈ।



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਜੰਮੂ : ਜੰਮੂ ਦੇ ਇਲਾਕੇ ਤੋਂ ਪ੍ਰਚਾਰ ਸੇਵਾ ਤੋਂ ਵਾਪਸ ਆਏ ਭਾ. ਗੁਰਦਿੱਤ ਸਿੰਘ ਜੀ ਰਿਪੋਰਟ ਦਿੰਦੇ ਹਨ ਕਿ ਉਧਰ ਭੀ ਸਿੱਖੀ ਦੀ ਭਾਰੀ ਮੰਗ ਹੈ। ਰਵਿਦਾਸੀਆਂ (ਜਿਨ੍ਹਾਂ ਦੀ ਉਸ ਪਾਸੇ ਲੱਖਾਂ ਦੀ ਗਿਣਤੀ ਹੈ) ਵਿਚੋਂ 24 ਨੰਬਰਦਾਰਾਂ ਨੇ ਸਹਿਤ ਪਰਿਵਾਰਾਂ ਦੇ ਅੰਮ੍ਰਿਤ ਛਕਿਆ। ਇਨ੍ਹਾਂ ਵਿਚੋਂ ਇਕ ਉਘਾ ਜ਼ਿਮੀਂਦਾਰ ਬ੍ਰਾਹਮਣ ਖਾਨਦਾਨ ਦਾ ਭੀ ਹੈ। ਕਕਾਰਾਂ ਦੀ ਇਧਰ ਵੀ ਹਜ਼ਾਰ ਦੀ ਗਿਣਤੀ ਵਿਚ ਲੋੜ ਹੈ।

**ਜ਼ਿਲ੍ਹਾ ਲਾਹੌਰ :** ਸਰਬ-ਹਿੰਦ ਸਿੱਖ ਮਿਸ਼ਨ ਵਲੋਂ ਸ੍ਰ. ਚਰਨ ਸਿੰਘ ਜੀ ਭੂੰਗਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਗਰ ਦੂਲਬ ਜ਼ਿਲ੍ਹਾ ਲਾਹੌਰ ਵਿਖੇ 24,25,26 ਅਗਸਤ ਨੂੰ ਧਾਰਮਿਕ ਪ੍ਰਚਾਰ ਦੀਵਾਨ ਵਿਚ ਸ਼ਾਮਲ ਹੋਏ। ਅੰਮ੍ਰਿਤ ਪ੍ਰਚਾਰ ਵੀ ਹੋਇਆ। ਅਖੌਤੀ ਅਛੂਤਾਂ ਵਿਚੋਂ 67 ਵਿਚੋਂ 67 ਪ੍ਰਾਣੀ ਅੰਮ੍ਰਿਤ ਛਕ ਕੇ ਖ਼ਾਲਸਾ ਪੰਥ ਵਿਚ ਸ਼ਾਮਲ ਹੋਏ।

**ਦਾਸ-ਸਕੱਤਰ**

**ਸਰਬ ਹਿੰਦ ਸਿੱਖ ਮਿਸ਼ਨ ਅੰਮ੍ਰਿਤਸਰ**

ਗੁਰਦੁਆਰਾ ਗਜ਼ਟ ਅੰਮ੍ਰਿਤਸਰ (26) ਦਸੰਬਰ 1936

ਸਰਬ-ਹਿੰਦ ਸਿੱਖ ਮਿਸ਼ਨ ਵਲੋਂ ਪ੍ਰਚਾਰ

**ਆਗਰਾ :** ਭਾਈ ਸਾਧੂ ਸਿੰਘ ਜੀ ਪ੍ਰਚਾਰਕ ਮਿਸ਼ਨ ਇਤਲਾਹ ਦਿੰਦੇ ਹਨ ਕਿ (ਖਾਸ ਸ਼ਹਿਰ ਆਗਰਾ ਵਿਚ ਮਹਲਾ ਨੌਬਸਤਾ) ਗੁਰਦੁਆਰਾ ਮਾਹੀ ਥਾਨ ਵਿਖੇ 36 ਸੱਜਣਾਂ ਨੇ ਅੰਮ੍ਰਿਤਪਾਨ ਕੀਤਾ। ਇਹ ਸ਼ਰਧਾਲੂ ਕਾਫ਼ੀ ਸਮੇਂ ਤੋਂ ਕੇਸ ਆਦਿਕ ਰੱਖ ਕੇ ਸਿੱਖੀ ਰਹਿਤ ਦੇ ਧਾਰਨੀ ਸਨ। ਸਥਾਨਕ ਪੰਜਾਬੀ ਸੰਗਤਾਂ ਕਾਫ਼ੀ ਦਿਲਚਸਪੀ ਲੈ ਰਹੀਆਂ ਹਨ। ਲੋੜੀਂਦੇ ਕਕਾਰ ਮਿਸ਼ਨ ਵਲੋਂ ਦਿੱਤੇ ਗਏ। ਆਗਰਾ ਗੁਰੂ ਸਾਹਿਬਾਨ ਦੇ ਕਦੀਮੀ ਵਕਤ ਤੋਂ ਹੀ ਸਿੱਖੀ ਪ੍ਰਚਾਰ ਦਾ ਸੈਂਟਰ ਰਿਹਾ ਹੈ। ਮਿਸ਼ਨ ਵਲੋਂ ਭੀ ਇਸ ਨੂੰ ਯੂ.ਪੀ. ਵਿਚ ਇਕ ਪ੍ਰਚਾਰ ਕੇਂਦਰ ਬਣਾਇਆ ਗਿਆ ਹੈ।

**ਸਹਾਰਨਪੁਰ :** ਭਾਈ ਨੰਦ ਸਿੰਘ ਪ੍ਰਚਾਰਕ ਖ਼ਬਰ ਘੱਲਦੇ ਹਨ ਕਿ ਗੁਰੂ ਨਾਨਕ ਜਨਮ ਉਤਸਵ ਦੀਵਾਨ ਵਾਲੇ ਦਿਨ 29-11-36 ਨੂੰ ਅਖੌਤੀ ਅਛੂਤਾਂ ਵਿਚੋਂ 22 ਸੱਜਣ ਖੰਡੇ ਦਾ ਅੰਮ੍ਰਿਤ ਪਾਨ ਕਰਕੇ ਤਿਆਰ ਬਰ ਤਿਆਰ ਸਿੰਘ ਸਜ ਗਏ। ਅੰਮ੍ਰਿਤ ਅਸਥਾਨ ਤੋਂ ਇਹ ਨਵੇਂ ਸਜੇ ਸਿੰਘ ਪੂਰਨ ਉਤਸ਼ਾਹ ਨਾਲ ਜਲੂਸ ਦੀ ਸ਼ਕਲ ਵਿਚ ਕਿਰਪਾਨਾਂ ਸਜਾਈ ''ਸੋ ਅੰਮ੍ਰਿਤ ਗੁਰ ਤੇ ਪਾਇਆ'' ਸ਼ਬਦ ਗੜਗੱਜ ਗਾਇਨ ਕਰਦੇ ਹੋਏ ਗੁਰਪੁਰਬੀ ਸਜ ਰਹੇ ਦੀਵਾਨ ਵਿਖੇਗਏ। ਪਰਸਪਰ ਪ੍ਰੇਮ ਅਤੇ ਉਤਸ਼ਾਹ ਪੂਰਨ ਸੰਗਤਾਂ ਨੇ ਨਵੇਂ ਵੀਰਾਂ ਨੂੰ ਆਪਣੇ ਵਿਚ ਪ੍ਰਵੇਸ਼ ਕਰਦਿਆਂ ਵੇਖ ਕੇ ਜੈਕਾਰਿਆਂ ਨਾਲ ਅਸਮਾਨ ਗੂੰਜਾ ਦਿੱਤਾ।




ਗੁਰਦੁਆਰਾ ਗਜ਼ਟ ਅੰਮ੍ਰਿਤਸਰ (27) ਦਸੰਬਰ 1936

**ਸਰਗੋਧਾ :** ਭਾਈ ਦੀਵਾਨ ਸਿੰਘ ਜੀ ਸਕੱਤਰ ਅੰਮ੍ਰਿਤ ਪ੍ਰਚਾਰ ਜਥਾ ਹੇਠ ਲਿਖੇ ਮੁਤਾਬਿਕ ਅੰਮ੍ਰਿਤ ਪ੍ਰਚਾਰ ਰਿਪੋਰਟ ਘੱਲਦੇ ਹਨ :

2 ਕੱਤਕ ਨੂੰ ਗੁਰਦੁਆਰਾ ਬਲਾਕ ਨੰ. 3 ਵਿਚ 12 ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ। 6 ਕੱਤਕ ਨੂੰ ਗੁਰਦੁਆਰਾ ਬਲਾਕ ਨੰ. 3 ਬੂੜੇ ਨਟ ਨੇ ਪਰਿਵਾਰ ਸਹਿਤ ਅੰਮ੍ਰਿਤ ਛਕਿਆ।

**ਮਹਾਰਾਜਾ ਰਣਜੀਤ ਸਿੰਘ ਦੇ ਸਮਕਾਲੀ ਬਜ਼ੁਰਗ ਦੁਆਰਾ ਅੰਮ੍ਰਿਤਪਾਨ**

ਇਹ ਬੂੜਾ 125 ਸਾਲ ਉਮਰ ਦਾ ਉਹ ਬਾਜ਼ੀਗਰ ਹੈ, ਜੋ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਭੀ ਆਪਣੇ ਕਰਤਬ ਦਿਖਾ ਚੁੱਕਾ ਹੈ। ਹੁਣ ਬਿਰਧ ਅਵਸਥਾ ਵਿਚ ਭੀ ਕਾਫ਼ੀ ਤਾਕਤਵਰ ਹੈ ਤੇ ਸਣੇ ਪਰਿਵਾਰ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ ਹੈ। ਇਸ ਸਮਾਗਮ ਵਿਚ ਸਾਰੇ ਅੰਮ੍ਰਿਤ ਅਭਿਲਾਸ਼ੀ 30 ਸਨ। ਅੰਮ੍ਰਿਤ ਛਕਣ ਤੋਂ ਪਿਛੋਂ ਫੋਟੋ ਲਿਆ ਗਿਆ ਤੇ ਪੁਰਾਤਨ ਖ਼ਾਲਸਾ ਸ਼ਸਤਰ ਵਿਦਿਆ ਤੇ ਗਤਕੇ ਆਦਿ ਦੇ ਕਰਤਬ ਹੋਏ। ਇਸ ਦੇ ਪਿਛੋਂ ਫਿਰ ਅੰਮ੍ਰਿਤ ਪ੍ਰਚਾਰ ਹੋਇਆ। 25 ਪ੍ਰਾਣੀ ਜਹਾਜ਼ ਚੜ੍ਹੇ। ਕੁਲ ਗਿਣਤੀ ਹੁਣ ਤੱਕ 68 ਦੀ ਹੈ।

**ਸਿੰਧ :** ਭਾਈ ਤੀਰਥ ਸਿੰਘ ਪ੍ਰਚਾਰਕ ਲਿਖਦੇ ਹਨ ਕਿ ਇਹ ਪਹਿਲੇ ਸਿੰਘ ਸਜ ਚੁੱਕੇ ਮੁਸਲਮਾਨ ਘਰਾਣੇ ਵਿਚੋਂ ਇਕ ਹੋਰ ਬੀਬੀ ਨੂੰ ਅੰਮ੍ਰਿਤ ਛਕਾ ਕੇ ਇਕ ਸਿੰਘ ਨਾਲ ਅਨੰਦ ਕਾਰਜ ਕਰਾਇਆ ਗਿਆ।

**ਮੀਆਂ ਚੰਨੂ :** ਭਾਈ ਹਜ਼ਾਰਾ ਸਿੰਘ ਪ੍ਰਚਾਰਕ ਮਿਸ਼ਨ ਰਿਪੋਰਟ ਦਿੰਦੇ ਹਨ ਕਿ ਚੱਕ ਨੰ. 179 ਵਿਚ ਅੰਮ੍ਰਿਤ ਦਾ ਪ੍ਰਚਾਰ ਹੋਇਆ। 52 ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ। ਲੋੜੀਂਦੇ ਕਕਾਰ ਮਿਸ਼ਨ ਵਲੋਂ ਦਿੱਤੇ ਗਏ।

**ਮਾਲਾਬਾਰ :** ਭਾਈ ਜਗਜੀਤ ਸਿੰਘ ਜੀ ਇੰਚਾਰਜ ਕੈਰਿਲਾ ਸਿੱਖ ਮਿਸ਼ਨ ਇਤਲਾਹ ਦਿੰਦੇ ਹਨ ਕਿ ਕਸਬਾ ਰਾਨੀ ਵਿਖੇ ਅੰਮ੍ਰਿਤਧਾਰੀਆਂ ਦੀ ਗਿਣਤੀ 75 ਤੱਕ ਪੁੱਜ ਗਈ ਹੈ ਜਿਸ ਕਰਕੇ ਉਥੇ ਗੁਰਦੁਆਰੇ ਦੀ ਸਖ਼ਤ ਜ਼ਰੂਰਤ ਹੈ।

**(ਚਲਦਾ)**



ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



## ਹੈਲਥ ਗਾਈਡ

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

3. ਆਪਣੇ ਪੈਰਾਂ ਨੂੰ ਧੋਣ ਤੋਂ ਬਾਅਦ ਚੰਗੀ ਤਰ੍ਹਾਂ ਸੁਕਾਓ।
4. ਪੈਰਾਂ ਦੀਆਂ ਗਲੀਆਂ ਦੇ ਨਹੁੰ ਸਿੱਧੇ ਕੱਟੋ।
5. ਸਹੀ ਸਾਈਜ਼ ਦੀਆਂ ਜੁੱਤੀਆਂ ਅਤੇ ਜਰਾਬਾਂ ਹੀ ਪਹਿਨੋ।

**ਇਹ ਨਾ ਕਰੋ :**

1. ਨੰਗੇ ਪੈਰ ਨਾ ਚੱਲੋ।
2. ਗ਼ਲਤ ਸਾਈਜ਼ ਦੀਆਂ ਜੁੱਤੀਆਂ ਅਤੇ ਜਰਾਬਾਂ ਨਾ ਪਹਿਨੋ।
3. ਜਦੋਂ ਤੁਹਾਡੇ ਪੈਰ ਸੁੰਨ ਹੋਣ ਤਾਂ ਆਪਣੇ ਪੈਰਾਂ ਦੇ ਨਹੁੰ ਆਪਣੇ ਆਪ ਨਾ ਕੱਟੋ।
4. ਆਪਣੇ ਪੈਰਾਂ ਨੂੰ ਗਰਮ ਪਾਣੀ ਵਿੱਚ ਨਾ ਰੱਖੋ ਅਤੇ ਗਰਮ ਪੈਡ ਦੀ ਵਰਤੋਂ ਨਾ ਕਰੋ, ਕਿਉਂਕਿ ਪੈਰ ਸੁੰਨ ਹੋਣ ਕਾਰਨ ਪੈਰਾਂ ਵਿੱਚ ਛਾਲੇ ਪੈ ਸਕਦੇ ਹਨ।
5. ਆਪਣੇ ਪੈਰਾਂ ਨੂੰ ਤਿੱਖੇ ਬਲੇਡ ਜਾਂ ਕਿਸੇ ਵੀ ਤਿੱਖੀ ਵਸਤੂ ਤੋਂ ਬਚਾ ਕੇ ਰੱਖੋ।
6. ਸਿਗਰਟ ਨਾ ਪੀਓ, ਕਿਉਂਕਿ ਸਿਗਰਟ ਪੀਣ ਨਾਲ ਤੁਹਾਡੇ ਪੈਰਾਂ ਵਿੱਚ ਖ਼ੂਨ ਦਾ ਵਹਾਅ ਘਟਦਾ ਹੈ, ਜਿਸ ਨਾਲ ਪੈਰਾਂ ਵਿੱਚ ਦਰਦ, ਕਮਜ਼ੋਰੀ ਅਤੇ ਸੁੰਨਾਪਣ ਹੋ ਸਕਦਾ ਹੈ।

**ਥਾਈਰੌਇਡ ਦੀਆਂ ਬਿਮਾਰੀਆਂ**

ਥਾਈਰੌਇਡ ਇੱਕ ਗ੍ਰੰਥੀ ਹੈ ਜੋ ਕਿ ਗਲੇ ਦੇ ਸਾਹਮਣੇ ਵਾਲੇ ਉੱਪਰਲੇ ਹਿੱਸੇ ਵਿੱਚ ਹੁੰਦੀ ਹੈ ਜੋ ਕਿ ਇੱਕ ਹਾਰਮੋਨ (ਰਸਾਇਣਿਕ ਪਦਾਰਥ) ਬਣਾਉਂਦੀ ਹੈ ਜੋ ਸਰੀਰ ਵਿੱਚ ਊਰਜਾ ਪੈਦਾ ਕਰਨ ਲਈ ਬਹੁਤ ਜ਼ਿਆਦਾ ਮਹੱਤਵਪੂਰਨ ਰਸਾਇਣ ਹੈ । ਇਹ ਬਿਮਾਰੀ ਆਮ ਤੌਰ 'ਤੇ ਔਰਤਾਂ ਵਿੱਚ ਜ਼ਿਆਦਾ ਪਾਈ ਜਾਂਦੀ ਹੈ।

**ਥਾਈਰੌਇਡ ਦਾ ਘਟਣਾ (ਹਾਈਪੋਥਾਇਰੌਇਡਿਜ਼ਮ)**




ਇਹ ਇੱਕ ਆਮ ਅਤੇ ਆਸਾਨੀ ਨਾਲ ਠੀਕ ਹੋਣ ਵਾਲੀ ਬਿਮਾਰੀ ਹੈ।

**ਕਾਰਨ :**

ਥਾਇਰੌਇਡ ਦੀ ਗ੍ਰੰਥੀ ਵਿੱਚ ਥਾਇਰੌਇਡ ਹਾਰਮੋਨ ਦਾ ਘੱਟ ਬਣਨਾ।

**ਲੱਛਣ :**

1. ਥਕਾਵਟ।
2. ਭਾਰ ਦਾ ਵਧਣਾ।
3. ਠੰਡ ਮਹਿਸੂਸ ਹੋਣਾ।
4. ਖ਼ੁਸ਼ਕ ਚਮੜੀ।
5. ਮਾਨਸਿਕ ਨਿਰਾਸ਼ਾ।
6. ਕਬਜ਼ ਹੋਣਾ।
7. ਵਾਲਾਂ ਦਾ ਝੜਨਾ।
8. ਮਾਂਹਵਾਰੀ ਦੀ ਸਮੱਸਿਆ।
9. ਭੁੱਖ ਘੱਟ ਲੱਗਣਾ।

**ਇਲਾਜ :**

ਖ਼ੂਨ ਦੀ ਜਾਂਚ ਨਾਲ ਇਸ ਬਿਮਾਰੀ ਦਾ ਪਤਾ ਲਗਾਇਆ ਜਾ ਸਕਦਾ ਹੈ।

ਇਸ ਦਾ ਇਲਾਜ ਥਾਈਰੌਇਡ ਹਾਰਮੋਨ ਦੀ ਦਵਾਈ ਨਾਲ ਕੀਤਾ ਜਾਂਦਾ ਹੈ, ਜੋ ਹਰ ਰੋਜ਼ ਲੈਣੀ ਪੈਂਦੀ ਹੈ।

**ਥਾਈਰੌਇਡ ਦਾ ਵਧਣਾ (ਹਾਈਪਰਥਾਇਰੌਇਡਿਜ਼ਮ)**

**ਕਾਰਨ :**

ਥਾਇਰੌਇਡ ਦੀ ਗ੍ਰੰਥੀ ਵਿੱਚ ਥਾਇਰੌਇਡ ਹਾਰਮੋਨ ਦਾ ਵੱਧ ਬਣਨਾ।

**ਲੱਛਣ :**

1. ਜ਼ਿਆਦਾ ਭਾਰ ਘਟਣਾ।
2. ਥਕਾਵਟ।
3. ਜ਼ਿਆਦਾ ਚਿੰਤਾ ਰਹਿਣੀ।
4. ਜ਼ਿਆਦਾ ਗਰਮੀ ਮਹਿਸੂਸ ਹੋਣੀ ।
5. ਹੱਥਾਂ ਦਾ ਕੰਬਣਾ।
6. ਅੱਖਾਂ ਦਾ ਬਾਹਰ ਨੂੰ ਆਉਣਾ।
7. ਦਿਲ ਦੀ ਧੜਕਣ ਦਾ ਵਧਣਾ (ਪੈਲਪੀਟੇਸ਼ਨ)।
8. ਵਾਲਾਂ ਦਾ ਝੜਨਾ।
9. ਭੁੱਖ ਜ਼ਿਆਦਾ ਲੱਗਣਾ।

**ਇਲਾਜ :**

ਖ਼ੂਨ ਦੀ ਜਾਂਚ ਨਾਲ ਇਸ ਬਿਮਾਰੀ ਦਾ ਪਤਾ ਲਗਾਇਆ ਜਾ ਸਕਦਾ ਹੈ।

ਇਸਦਾ ਇਲਾਜ ਅਪ੍ਰੇਸ਼ਨ, ਰੇਡੀਏਸ਼ਨ (ਕਿਰਨਾਂ) ਜਾਂ ਦਵਾਈਆਂ ਨਾਲ ਕੀਤਾ ਜਾਂਦਾ ਹੈ।

**ਥਾਇਰੌਇਡ ਕੈਂਸਰ**

ਇਹ ਕੈਂਸਰ ਬਹੁਤ ਘੱਟ ਪਾਇਆ ਜਾਂਦਾ ਹੈ।

**ਕਾਰਨ :**

ਜੇ ਕਦੇ ਗਲੇ ਦਾ ਰੇਡੀਏਸ਼ਨ (ਕਿਰਨਾਂ) ਨਾਲ ਇਲਾਜ ਹੋਇਆ ਹੋਵੇ ਤਾਂ ਥਾਇਰੌਇਡ ਕੈਂਸਰ ਦਾ ਖ਼ਤਰਾ ਵੱਧ ਜਾਂਦਾ ਹੈ।

**ਲੱਛਣ :**

1. ਥਾਇਰੌਇਡ ਕੈਂਸਰ ਵਿੱਚ ਥਾਇਰੌਇਡ ਹਾਰਮੋਨ ਦੇ ਘੱਟ ਜਾਂ ਵੱਧ ਹੋਣ ਦੇ ਲੱਛਣ ਹੋ ਸਕਦੇ ਹਨ।
2. ਭਾਰ ਦਾ ਘਟਣਾ।
3. ਭੁੱਖ ਦਾ ਘੱਟ ਲੱਗਣਾ।
4. ਕਮਜ਼ੋਰੀ ਮਹਿਸੂਸ ਹੋਣੀ।

**ਜਾਂਚ :**

ਥਾਇਰੌਇਡ ਕੈਂਸਰ ਦੀ ਜਾਂਚ ਥਾਇਰੌਇਡ ਗ੍ਰੰਥੀ ਦੇ ਸਕੈਨ ਅਤੇ ਖ਼ੂਨ ਦਾ ਟੈਸਟ ਕਰ ਕੇ ਹੁੰਦੀ ਹੈ।

**ਇਲਾਜ :**

ਥਾਇਰੌਇਡ ਕੈਂਸਰ ਦਾ ਇਲਾਜ ਰੇਡੀਏਸ਼ਨ (ਕਿਰਨਾਂ) ਜਾਂ ਅਪ੍ਰੇਸ਼ਨ ਨਾਲ ਕੀਤਾ ਜਾਂਦਾ ਹੈ।

**ਗਿੱਲੜ (ਗੋਆਇਟਰ)**

ਜਦੋਂ ਥਾਇਰੌਇਡ ਦੀ ਗ੍ਰੰਥੀ ਦਾ ਆਕਾਰ ਜ਼ਿਆਦਾ ਵੱਧ ਜਾਂਦਾ ਹੈ, ਤਾਂ ਇਸਨੂੰ ਗਿੱਲੜ ਕਿਹਾ ਜਾਂਦਾ ਹੈ। ਇਹ ਜ਼ਿਆਦਾ ਗੰਭੀਰ ਬਿਮਾਰੀ ਨਹੀਂ ਹੈ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਸ਼ਾਹਬਾਜ਼ ਸ਼ਰੀਫ ਨੇ 'ਆਪ੍ਰੇਸ਼ਨ ਸੰਧੂਰ' ਦੌਰਾਨ ਪਾਕਿ 'ਚ ਹੋਈ ਤਬਾਹੀ ਕਬੂਲੀ

ਅੰਮ੍ਰਿਤਸਰ : ਪਾਕਿਸਤਾਨ ਨੇ ਭਾਰਤੀ ਫ਼ੌਜ ਦੇ 'ਆਪ੍ਰੇਸ਼ਨ ਸੰਧੂਰ' ਦੀ ਸਫਲਤਾ ਨੂੰ ਸਵੀਕਾਰ ਕਰ ਲਿਆ ਹੈ। ਪਾਕਿ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਪਾਕਿਸਤਾਨੀ ਫੌਜ ਅਤੇ ਹੋਰ ਆਹਲਾ ਸਰਕਾਰੀ ਅਧਿਕਾਰੀਆਂ ਦੇ ਸਾਹਮਣੇ ਇਹ ਕਬੂਲ ਕੀਤਾ ਕਿ ਭਾਰਤ ਨੇ ਰਾਵਲਪਿੰਡੀ ਦੇ ਨੂਰ ਖਾਨ ਏਅਰਬੇਸ 'ਤੇ ਸਟੀਕ ਹਮਲਾ ਕੀਤਾ ਸੀ। ਸ਼ਰੀਫ ਨੇ ਇਹ ਵੀ ਮੰਨਿਆ ਕਿ ਭਾਰਤ ਦੇ ਜਵਾਬੀ ਹਮਲੇ 'ਚ ਉਨ੍ਹਾਂ ਦੇ ਕਈ ਏਅਰਬੇਸ ਤਬਾਹ ਹੋਏ ਅਤੇ ਪੀ. ਏ. ਐੱਫ. (ਪਾਕਿਸਤਾਨ ਏਅਰ ਫੋਰਸ) ਦੀਆਂ ਕਈ ਜਾਇਦਾਦਾਂ ਨਸ਼ਟ ਹੋ ਗਈਆਂ। ਹਾਲਾਂਕਿ, ਪਾਕਿ ਇਸ ਤੋਂ ਪਹਿਲਾਂ ਭਾਰਤੀ ਹਮਲੇ 'ਚ ਕੋਈ ਨੁਕਸਾਨ ਨਾ ਹੋਣ ਦਾ ਦਾਅਵਾ ਕਰ ਕੇ ਜਿੱਤ ਦਾ ਝੂਠਾ ਜਸ਼ਨ ਮਨਾ ਰਿਹਾ ਸੀ। ਸ਼ਾਹਬਾਜ਼ ਸ਼ਰੀਫ਼ ਦਾ ਹਮਲਿਆਂ 'ਚ ਪਾਕਿ ਦੇ ਨੁਕਸਾਨ ਬਾਰੇ ਸੰਬੋਧਨ ਕਰਦਿਆਂ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਇਸ 'ਚ ਪਾਕਿ ਪ੍ਰਧਾਨ ਮੰਤਰੀ ਕਹਿ ਰਹੇ ਹਨ ਕਿ 9 ਅਤੇ 10 ਮਈ ਦੀ ਵਿਚਕਾਰਲੀ ਰਾਤ ਨੂੰ ਲਗਭਗ 2:30 ਵਜੇ ਫ਼ੌਜ ਮੁਖੀ ਜਨਰਲ ਅਸੀਮ ਮੁਨੀਰ ਨੇ ਉਨ੍ਹਾਂ ਨੂੰ ਫ਼ੋਨ ਰਾਹੀਂ ਦੱਸਿਆ ਕਿ ਭਾਰਤ ਨੇ ਹੁਣੇ ਹੀ ਆਪਣੀਆਂ ਬੈਲਿਸਟਿਕ ਮਿਜ਼ਾਈਲਾਂ ਦਾਗੀਆਂ ਹਨ, ਜਿਨ੍ਹਾਂ 'ਚੋਂ ਇਕ ਨੂਰਖਾਨ ਏਅਰਬੇਸ 'ਤੇ ਡਿੱਗੀ ਹੈ ਅਤੇ ਕੁਝ ਹੋਰ ਖੇਤਰਾਂ ਵਿਚ ਵੀ ਡਿੱਗੀਆਂ ਹਨ। ਹਾਲਾਂਕਿ, ਪਾਕਿਸਤਾਨੀ ਹਵਾਈ ਸੈਨਾ ਨੇ ਦੇਸ਼ ਦੀ ਰੱਖਿਆ ਲਈ ਸਵਦੇਸ਼ੀ ਤਕਨਾਲੋਜੀ ਦੀ ਵਰਤੋਂ ਕੀਤੀ ਅਤੇ ਉਨ੍ਹਾਂ ਨੇ ਚੀਨੀ ਲੜਾਕੂ ਜਹਾਜ਼ਾਂ ਤੋਂ ਆਧੁਨਿਕ ਯੰਤਰਾਂ ਅਤੇ ਤਕਨਾਲੋਜੀ ਦੀ ਵੀ ਵਰਤੋਂ ਕੀਤੀ, ਪਰ ਭਾਰਤੀ ਹਮਲੇ 'ਚ ਪੀ. ਏ. ਐੱਫ. ਦੀਆਂ ਜਾਇਦਾਦਾਂ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ। ਦੱਸਿਆ ਜਾ ਰਿਹਾ ਹੈ ਕਿ ਨੂਰ ਖਾਨ ਏਅਰਬੇਸ ਪਾਕਿ ਦੇ ਵੀ.ਵੀ.ਆਈ.ਪੀ. ਅਤੇ ਉੱਚ ਪੱਧਰੀ ਫੌਜੀ ਹਵਾਬਾਜ਼ੀ ਦਾ ਕੇਂਦਰ ਹੈ। ਇਸਲਾਮਾਬਾਦ ਨੇੜੇ ਸਥਿਤ ਹੋਣ ਕਰਕੇ ਇਸ ਏਅਰਬੇਸ ਨੂੰ ਪਾਕਿ ਦੇ ਸਭ ਤੋਂ ਸੰਵੇਦਨਸ਼ੀਲ ਹਵਾਈ ਅੱਡਿਆਂ 'ਚੋਂ ਇਕ ਮੰਨਿਆ ਜਾਂਦਾ ਹੈ। ਹਮਲਿਆਂ ਤੋਂ ਬਾਅਦ ਹੁਣ ਤੱਕ ਉਪਲੱਬਧ ਸਾਰੀਆਂ ਸੈਟੇਲਾਈਟ ਤਸਵੀਰਾਂ ਦਰਸਾਉਂਦੀਆਂ ਹਨ ਕਿ ਭਾਰਤੀ ਹਵਾਈ ਸੈਨਾ ਦੇ ਹਮਲੇ ਦੌਰਾਨ ਕੋਈ ਵੀ ਨਿਸ਼ਾਨਾ ਕਿਤੇ ਵੀ ਨਹੀਂ ਖੁੰਝਿਆ। ਸਪੇਸ ਕੰਪਨੀ ਸੈਟੇਲੌਜਿਕ ਦੀਆਂ ਸੈਟੇਲਾਈਟ ਤਸਵੀਰਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ ਕਿ 10 ਮਈ ਨੂੰ ਨੂਰ ਖਾਨ ਬੇਸ 'ਤੇ ਮਿਜ਼ਾਈਲ ਪ੍ਰਭਾਵ ਵਾਲੀ ਥਾਂ ਤੋਂ ਲਗਭਗ 435 ਮੀਟਰ ਦੀ ਦੂਰੀ 'ਤੇ ਜੀ-450 ਦੀਆਂ ਵਿਸ਼ੇਸ਼ਤਾਵਾਂ ਨਾਲ ਮੇਲ ਖਾਂਦਾ ਇਕ ਚਿੱਟਾ ਜਹਾਜ਼ ਮੌਜੂਦ ਸੀ। ਪਾਕਿ ਸਰਕਾਰ ਪ੍ਰਧਾਨ ਮੰਤਰੀ, ਰਾਸ਼ਟਰਪਤੀ ਅਤੇ ਵਿਦੇਸ਼ ਮੰਤਰੀਆਂ ਲਈ ਵਿਸ਼ੇਸ਼ ਤੌਰ 'ਤੇ ਇਸ ਚਿੱਟੇ ਗਲਫਸਟ੍ਰੀਮ ਦੀ ਵਰਤੋਂ ਕਰਦੀ ਹੈ। ਸੈਟੇਲਾਈਟ ਤਸਵੀਰਾਂ ਇਹ ਵੀ ਵਿਖਾਉਂਦੀਆਂ ਹਨ ਕਿ ਭਾਰਤੀ ਹਵਾਈ ਸੈਨਾ ਨੇ ਰਾਵਲਪਿੰਡੀ ਦੇ ਏਅਰਬੇਸ ਨੂੰ ਨਿਸ਼ਾਨਾ ਬਣਾਇਆ, ਜਿਸ ਨਾਲ ਇਕ ਕਮਾਂਡ ਅਤੇ ਕੰਟਰੋਲ ਯੂਨਿਟ ਤਬਾਹ ਹੋ ਗਿਆ।



# ਜੰਗ ਦੌਰਾਨ ਇਜ਼ਰਾਇਲੀ ਫੌਜ ਨੂੰ ਏਆਈ ਸੇਵਾਵਾਂ ਦਿੱਤੀਆਂ: ਮਾਈਕਰੋਸਾਫਟ

## ਕੰਪਨੀ ਨੇ ਕਿਹਾ ਇਜ਼ਰਾਈਲੀ ਫੌਜ ਵੱਲੋਂ ਏਆਈ ਨਿਯਮਾਂ ਦੀਆਂ ਸ਼ਰਤਾਂ ਤੋੜਨ ਬਾਰੇ ਕੋਈ ਸਬੂਤ ਨਹੀਂ ਮਿਲਿਆ

ਵਾਸ਼ਿੰਗਟਨ : ਤਕਨਾਲੋਜੀ ਖੇਤਰ ਦੀ ਵਿਸ਼ਾਲ ਕੰਪਨੀ 'ਮਾਈਕਰੋਸਾਫਟ' ਨੇ ਮੰਨਿਆ ਹੈ ਕਿ ਉਸ ਨੇ ਗਾਜ਼ਾ ਵਿਚ ਚੱਲ ਰਹੀ ਜੰਗ ਦੌਰਾਨ ਇਜ਼ਰਾਇਲੀ ਫੌਜ ਨੂੰ ਉੱਨਤ ਮਸਨੂਈ ਬੌਧਿਕਤਾ (ਏਆਈ) ਅਤੇ 'ਕਲਾਊਡ ਕੰਪਿਊਟਿੰਗ' ਸੇਵਾਵਾਂ ਵੇਚੀਆਂ ਹਨ। ਇਹ ਸੇਵਾਵਾਂ ਇਜ਼ਰਾਇਲੀ ਬੰਧਕਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਵਿਚ ਮਦਦਗਾਰ ਸਾਬਤ ਹੋਈਆਂ। ਹਾਲਾਂਕਿ, ਕੰਪਨੀ ਨੇ ਇਹ ਵੀ ਕਿਹਾ ਕਿ ਉਸ ਨੂੰ ਅਜੇ ਤੱਕ ਅਜਿਹਾ ਕੋਈ ਸਬੂਤ ਨਹੀਂ ਮਿਲਿਆ ਕਿ ਉਸ ਦੇ Azure platform ਜਾਂ ਏਆਈ ਤਕਨੀਕਾਂ ਦੀ ਵਰਤੋਂ ਗਾਜ਼ਾ ਵਿਚ ਲੋਕਾਂ ਨੂੰ ਨਿਸ਼ਾਨਾ ਬਣਾਉਣ ਜਾਂ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣ ਲਈ ਕੀਤੀ ਗਈ ਹੋਵੇ। ਮਾਈਕ੍ਰੋਸਾਫਟ ਨੇ ਆਪਣੀ ਕਾਰਪੋਰੇਟ ਵੈੱਬਸਾਈਟ 'ਤੇ ਪ੍ਰਕਾਸ਼ਿਤ ਇਕ 'ਬਲੌਗ ਪੋਸਟ' ਵਿਚ ਉਪਰੋਕਤ ਗੱਲ ਸਵੀਕਾਰ ਕੀਤੀ ਹੈ। ਹਾਲਾਂਕਿ ਇਸ ਪੋਸਟ ਹੇਠਾਂ ਕਿਸੇ ਵਿਅਕਤੀ ਦੇ ਹਸਤਾਖ਼ਰ ਨਹੀਂ ਹਨ, ਪਰ ਕੰਪਨੀ ਨੇ ਜੰਗ ਵਿੱਚ ਆਪਣੀ ਸ਼ਮੂਲੀਅਤ ਨੂੰ ਜਨਤਕ ਤੌਰ 'ਤੇ ਪਹਿਲੀ ਵਾਰ ਸਵੀਕਾਰ ਕੀਤਾ ਹੈ। 'ਐਸੋਸੀਏਟਡ ਪ੍ਰੈੱਸ' (ਏਪੀ) ਵੱਲੋਂ ਤਿੰਨ ਮਹੀਨੇ ਪਹਿਲਾਂ ਕੀਤੀ ਗਈ ਜਾਂਚ ਦੌਰਾਨ ਸਾਹਮਣੇ ਆਇਆ ਸੀ ਕਿ ਅਮਰੀਕੀ ਕੰਪਨੀ 'ਮਾਈਕਰੋਸਾਫਟ' ਦੀ ਇਜ਼ਰਾਇਲੀ ਰੱਖਿਆ ਮੰਤਰਾਲੇ ਨਾਲ ਗੂੜ੍ਹੀ ਸਾਂਝ ਹੈ ਅਤੇ 7 ਅਕਤੂਬਰ 2023 ਨੂੰ ਹਮਾਸ ਦੇ ਹਮਲੇ ਤੋਂ ਬਾਅਦ ਵਪਾਰਕ ਏਆਈ ਉਤਪਾਦਾਂ ਦੀ ਫੌਜੀ ਵਰਤੋਂ ਕਰੀਬ 200 ਗੁਣਾਂ ਵਧੀ ਸੀ। ਖ਼ਬਰ ਏਜੰਸੀ ਨੇ ਦੱਸਿਆ ਸੀ ਕਿ ਇਜ਼ਰਾਇਲੀ ਫੌਜ ਉੱਚ ਪੱਧਰੀ ਨਿਗਰਾਨੀ ਰਾਹੀਂ ਇਕੱਠੀ ਕੀਤੀ ਗਈ ਖੁਫੀਆ ਜਾਣਕਾਰੀ ਨੂੰ ਲਿਖਣ ਅਤੇ ਅਨੁਵਾਦ ਕਰਨ ਲਈ Azure platform ਦੀ ਵਰਤੋਂ ਕਰਦੀ ਹੈ। ਇਹ ਭਾਈਵਾਲੀ ਇਜ਼ਰਾਈਲ, ਯੂਕਰੇਨ ਅਤੇ ਅਮਰੀਕਾ ਸਮੇਤ ਕਈ ਦੇਸ਼ਾਂ ਵਿੱਚ ਫੌਜਾਂ ਨੂੰ ਮਸਨੂਈ ਬੌਧਿਕਤਾ (19) ਉਤਪਾਦ ਵੇਚਣ ਲਈ ਤਕਨਾਲੋਜੀ ਕੰਪਨੀਆਂ ਦੇ ਵਧ ਰਹੇ ਯਤਨਾਂ ਨੂੰ ਦਰਸਾਉਂਦੀ ਹੈ ਉਧਰ ਮਨੁੱਖੀ ਅਧਿਕਾਰ ਸੰਗਠਨਾਂ ਨੇ ਫ਼ਿਕਰ ਜਤਾਇਆ ਹੈ ਕਿ ਏਆਈ ਸਿਸਟਮ ਗਲਤ ਹੋ ਸਕਦੇ ਹਨ ਪਰ ਇਨ੍ਹਾਂ ਦੀ ਵਰਤੋਂ ਇਹ ਫੈਸਲਾ ਕਰਨ ਲਈ ਕੀਤੀ





ਜਾ ਰਹੀ ਹੈ ਕਿ ਕਿਸ ਨੂੰ ਜਾਂ ਕਿਸ ਚੀਜ਼ ਨੂੰ ਨਿਸ਼ਾਨਾ ਬਣਾਇਆ ਜਾਵੇ, ਜਿਸ ਕਰਕੇ ਬੇਕਸੂਰ ਲੋਕਾਂ ਦੀ ਮੌਤ ਹੋ ਰਹੀ ਹੈ। ਮਾਈਕਰੋਸਾਫਟ ਨੇ ਵੀਰਵਾਰ ਨੂੰ ਕਿਹਾ ਕਿ ਕਰਮਚਾਰੀਆਂ ਦੇ ਫ਼ਿਕਰਾਂ ਅਤੇ ਕਈ ਮੀਡੀਆ ਰਿਪੋਰਟਾਂ ਦੇ ਮੱਦੇਨਜ਼ਰ ਕੰਪਨੀ ਨੇ ਅੰਦਰੂਨੀ ਸਮੀਖਿਆ ਸ਼ੁਰੂ ਕੀਤੀ ਹੈ ਅਤੇ ਹੋਰ ਜਾਂਚ ਲਈ ਇਕ ਬਾਹਰੀ ਕੰਪਨੀ ਨਿਯੁਕਤ ਕੀਤੀ ਹੈ। ਹਾਲਾਂਕਿ ਕੰਪਨੀ ਵੱਲੋਂ ਬਿਆਨ ਵਿਚ ਇਸ ਬਾਹਰੀ ਕੰਪਨੀ ਦਾ ਨਾਮ ਨਹੀਂ ਦੱਸਿਆ ਗਿਆ ਅਤੇ ਨਾ ਹੀ ਰਿਪੋਰਟ ਦੀ ਕੋਈ ਕਾਪੀ ਦਿੱਤੀ ਗਈ ਹੈ ਕੰਪਨੀ ਦੇ ਬਿਆਨ ਵਿੱਚ ਕਿਹਾ ਕਿ ਉਸ ਨੇ ਇਜ਼ਰਾਇਲੀ ਫੌਜ ਨੂੰ ਸਾਫਟਵੇਅਰ, ਪੇਸ਼ੇਵਰ ਸੇਵਾਵਾਂ, 'Azure ਕਲਾਊਡ ਸਟੋਰੇਜ' ਅਤੇ ਭਾਸ਼ਾ ਅਨੁਵਾਦ ਸਮੇਤ Azure ਏਆਈ ਸੇਵਾਵਾਂ ਪ੍ਰਦਾਨ ਕੀਤੀਆਂ ਅਤੇ ਇਜ਼ਰਾਇਲੀ ਸਰਕਾਰ ਨਾਲ ਮਿਲ ਕੇ ਬਾਹਰੀ ਖਤਰਿਆਂ ਤੋਂ 'ਸਾਈਬਰਸਪੇਸ' ਦੀ ਰੱਖਿਆ ਕਰਨ ਲਈ ਕੰਮ ਕੀਤਾ। ਮਾਈਕਰੋਸਾਫਟ ਨੇ ਕਿਹਾ ਕਿ 7 ਅਕਤੂਬਰ 2023 ਨੂੰ ਹਮਾਸ ਵੱਲੋਂ ਬੰਧਕ ਬਣਾਏ ਗਏ 250 ਤੋਂ ਵੱਧ ਲੋਕਾਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਤਹਿਤ ਉਸ ਨੇ ਇਜ਼ਰਾਈਲ ਨੂੰ ਵਪਾਰਕ ਸਮਝੌਤਿਆਂ ਦੀਆਂ ਸ਼ਰਤਾਂ ਤੋਂ ਉੱਪਰ ਤਕਨੀਕ ਤੱਕ ਵਿਸ਼ੇਸ਼ ਪਹੁੰਚ ਅਤੇ ਸੀਮਤ ਹੰਗਾਮੀ ਸਹਾਇਤਾ ਵੀ ਦਿੱਤੀ।

ਕੰਪਨੀ ਨੇ ਕਿਹਾ, "ਸਾਡਾ ਵਿਸ਼ਵਾਸ ਹੈ ਕਿ ਅਸੀਂ ਆਪਣੇ ਸਿਧਾਂਤਾਂ ਦੀ ਸਾਵਧਾਨੀ ਅਤੇ ਸੋਚ-ਵਿਚਾਰ ਨਾਲ ਪਾਲਣਾ ਕੀਤੀ, ਤਾਂ ਜੋ ਬੰਧਕਾਂ ਦੀ ਜ਼ਿੰਦਗੀ ਬਚਾਈ ਜਾ ਸਕੇ ਅਤੇ ਨਾਲ ਹੀ ਗਾਜ਼ਾ ਵਿਚ ਆਮ ਨਾਗਰਿਕਾਂ ਦੀ ਨਿੱਜਤਾ ਅਤੇ ਹੋਰ ਅਧਿਕਾਰਾਂ ਦਾ ਆਦਰ ਕੀਤਾ ਜਾ ਸਕੇ।"

ਜ਼ਿਕਰਯੋਗ ਹੈ ਕਿ ਮਾਈਕਰੋਸਾਫਟ ਤੋਂ ਇਲਾਵਾ, ਇਜ਼ਰਾਇਲੀ ਫੌਜ ਨੇ ਗੂਗਲ, ਐਮੇਜ਼ੋਨ, ਪੈਲੈਂਟੀਅਰ ਅਤੇ ਹੋਰ ਕਈ ਪ੍ਰਮੁੱਖ ਅਮਰੀਕੀ ਟੈਕਨਾਲੋਜੀ ਕੰਪਨੀਆਂ ਨਾਲ ਕਲਾਊਡ ਜਾਂ ਏਆਈ ਸੇਵਾਵਾਂ ਲਈ ਵਿਸ਼ਾਲ ਸਮਝੌਤੇ ਕੀਤੇ ਹਨ। ਮਾਈਕਰੋਸਾਫਟ ਨੇ ਕਿਹਾ ਕਿ ਇਜ਼ਰਾਇਲੀ ਫੌਜ ਹੋਰ ਗਾਹਕਾਂ ਵਾਂਗ ਕੰਪਨੀ ਦੀ ਮਨਜ਼ੂਰਸ਼ੁਦਾ ਵਰਤੋਂ ਨੀਤੀ ਅਤੇ ਏਆਈ ਨਿਯਮਾਂ ਦੀ ਪਾਲਣਾ ਕਰਨ ਲਈ ਪਾਬੰਦ ਹੈ, ਜੋ ਕਿਸੇ ਵੀ ਤਰੀਕੇ ਨਾਲ ਨੁਕਸਾਨ ਪਹੁੰਚਾਉਣ ਵਾਲੀ ਉਤਪਾਦ ਵਰਤੋਂ ਨੂੰ ਕਾਨੂੰਨੀ ਤੌਰ 'ਤੇ ਰੋਕਦੀ ਹੈ। ਕੰਪਨੀ ਨੇ ਇਹ ਵੀ ਕਿਹਾ ਹੈ ਕਿ ਉਸ ਨੂੰ ਕੋਈ ਸਬੂਤ ਨਹੀਂ ਮਿਲਿਆ ਕਿ ਇਜ਼ਰਾਇਲੀ ਫੌਜ ਨੇ ਇਹ ਸ਼ਰਤਾਂ ਤੋੜੀਆਂ ਹਨ।

# ਜੰਗ-ਬੰਦੀ ਮਗਰੋਂ ਸ਼ਬਦੀ-ਜੰਗ ਕਿਉਂ ?



ਭਾਰਤ-ਪਾਕਿਸਤਾਨ ਵਿਚਕਾਰ ਕੁੱਝ ਦਿਨ ਚੱਲੀ 'ਲੜਾਈ' ਸਿਆਣੇ ਆਗੂਆਂ ਨੇ ਰੋਕ ਦਿੱਤੀ! ਜੰਗ-ਬੰਦੀ ਲਾਗੂ ਹੋਣ 'ਤੇ ਅਮਨ ਪਸੰਦ ਲੋਕਾਂ ਨੇ ਸੁਖ ਦਾ ਸਾਹ ਲਿਆ। ਪਰ ਇਸੇ ਦੌਰਾਨ ਖ਼ਬਰਾਂ ਆਈਆਂ ਕਿ ਪਾਕਿਸਤਾਨ ਨੇ ਕਈ ਭਾਰਤੀ ਇਲਾਕਿਆਂ ਵਿਚ ਠਾਹ-ਠੂਹ ਕੀਤੀ। ਮਤਲਬ ਕਿ ਉਸ ਨੇ ਜੰਗ-ਬੰਦੀ ਦੀ ਇਕਤਰਫਾ ਉਲੰਘਣਾ ਕਰੀ! ਉਸ ਦੇਸ਼ ਦੀ ਇਸ ਹਿਮਾਕਤ ਤੋਂ ਬਾਅਦ ਚੱਲੀ ਸ਼ਬਦੀ-ਜੰਗ ਦੇਖਦਿਆਂ ਸੁਣਦਿਆਂ ਮੈਨੂੰ ਬਜ਼ੁਰਗਾਂ ਪਾਸੋਂ ਸੁਣੀ ਹੋਈ ਇਕ 'ਲੋਕ-ਰੂਹੀ' ਕਹਾਣੀ ਚੇਤੇ ਆ ਗਈ !

ਪਿੰਡ ਵਿਚ ਦੋ ਗੁਆਂਢੀਆਂ ਦੀ ਆਪਸ 'ਚ ਲੜਾਈ ਹੋ ਗਈ। ਡਾਂਗ-ਸੋਟੇ ਤੋਂ ਸ਼ੁਰੂ ਹੋਈ ਲੜਾਈ ਵਿਚ ਜਦ ਹਥਿਆਰਾਂ ਦੀ ਵਰਤੋਂ ਹੋਣ ਲੱਗੀ ਤਾਂ ਪਿੰਡ ਦੇ ਕਿਸੇ ਸਿਆਣੇ ਬੰਦੇ ਨੇ ਪੁਲੀਸ ਨੂੰ ਫੋਨ ਕਰ ਦਿੱਤਾ। ਚੰਗੇ ਭਾਗਾਂ ਨੂੰ ਠਾਣੇਦਾਰ ਵੀ ਇਮਾਨਦਾਰ ਸੀ ਜਿਸਨੇ ਆਉਂਦਿਆਂ ਸਾਰ ਦੋਹਾਂ ਧਿਰਾਂ ਤੋਂ ਹਥਿਆਰ ਰਖਵਾ ਲਏ ਅਤੇ ਪਿੰਡ ਦਾ ਇਕੱਠ ਕਰਕੇ ਲੜਨ ਵਾਲਿਆਂ ਨੂੰ ਮਿਸਾਲਾਂ ਦੇ ਦੇ ਕੇ ਸਮਝਾਇਆ ਕਿ ਕਲੇਸ ਦਾ ਮੂੰਹ ਕਾਲਾ ਹੁੰਦਾ ਐ ਤੇ ਕਤਲੋਗਾਰਤ ਹੋਣ ਨਾਲ ਦੋਹਾਂ ਧਿਰਾਂ ਦਾ ਹੀ ਉਜਾੜਾ ਤਹਿ ਹੁੰਦਾ ਹੈ।

ਤਰਲੋਚਨ ਸਿੰਘ ਦੁਪਾਲ ਪੁਰ
tsdupalpuri@yahoo.com
78146-92724



ਠਾਣੇਦਾਰ ਦੇ ਰੋਹਬ ਅਤੇ ਉਸਦੇ ਵਿਚਾਰਾਂ ਦਾ ਅਸਰ ਕਬੂਲਦਿਆਂ ਦੋਏ ਧਿਰਾਂ ਰਾਜ਼ੀਨਾਮਾ ਕਰਨ ਲਈ ਸਹਿਮਤ ਹੋ ਗਈਆਂ। ਠਾਣੇਦਾਰ ਨੇ ਉਸੇ ਵੇਲੇ ਕਾਗਜ਼ ਕਲਮ ਲੈ ਕੇ ਰਾਜ਼ੀਨਾਮਾ ਲਿਖ ਦਿੱਤਾ। ਲੜਾਈ ਵਿਚ ਸ਼ਾਮਲ ਸਾਰੇ ਜਣਿਆਂ ਨੇ ਰਾਜ਼ੀਨਾਮੇ ਦੀ ਪ੍ਰਵਾਨਗੀ ਵਜੋਂ ਦਸਖ਼ਤ ਵੀ ਕਰ ਦਿੱਤੇ।

ਜਦ ਸਾਰੇ ਪਿੰਡ ਵਲੋਂ ਸ਼ੁਕਰ ਮਨਾਇਆ ਜਾ ਰਿਹਾ ਸੀ ਤਾਂ ਰਾਜ਼ੀਨਾਮਾਂ ਕਰਨ ਵਾਲਿਆਂ 'ਚੋਂ ਇਕ ਜਣਾ ਉੱਠ ਕੇ ਦੂਜੀ ਧਿਰ ਵਾਲਿਆਂ ਨੂੰ ਗਾਲਾਂ ਕੱਢਣ ਲੱਗ ਪਿਆ! ਗਾਲਾਂ ਸੁਣਕੇ ਠਾਣੇਦਾਰ ਸਮੇਤ ਸਾਰਾ ਪਿੰਡ ਹੈਰਾਨ ਰਹਿ ਗਿਆ! ਗਾਲਾਂ ਕੱਢਣ ਵਾਲੇ ਨੂੰ ਠਾਣੇਦਾਰ ਖਿਝ ਕੇ ਕਹਿੰਦਾ ਕਿ ਤੂੰ ਇਹ ਕੀ ਕੀਤਾ ਉਏ?

ਉਹ ਬੰਦਾ ਕਹਿੰਦਾ- 'ਠਾਣੇਦਾਰ ਸਾਹਬ, ਲੜਾਈ ਮੌਕੇ ਜਦ ਮੈਂ ਇਨ੍ਹਾਂ ਨੂੰ ਗਾਲਾਂ ਕੱਢ ਰਿਹਾ ਸਾਂ ਤਦ ਤੁਸੀਂ ਆ ਕੇ ਸਾਨੂੰ ਹਟਾ ਦਿੱਤਾ ਸੀ। ਹੁਣ ਭਾਵੇਂ ਸਾਡਾ ਰਾਜ਼ੀਨਾਮਾ ਹੋ ਗਿਆ ਐ ਪਰ ਉਹ ਦੋ-ਚਾਰ ਗਾਲਾਂ ਉਦੋਂ ਦੀਆਂ ਹੀ 'ਸੰਘ' ਵਿਚ ਅਟਕੀਆਂ ਹੋਈਆਂ ਸੀਗੀਆਂ। ਮੈਂ ਸੋਚਿਆ ਉਹ ਏਥੇ ਹੀ ਕੱਢ ਜਾਵਾਂ ਇਹ ਘਰ ਨੂੰ ਕਾਹਨੂੰ ਲਿਜਾਣੀਆਂ ਐਂ!!'

# ਗੁਰਦੁਆਰਾ ਮੱਲ ਅਖਾੜਾ ਸਾਹਿਬ ਪਾ:ਛੇਵੀਂ ਵਿਖੇ ਚਾਰ ਗੁਰੂ ਸਾਹਿਬਾਨਾਂ ਦੇ ਪ੍ਰਕਾਸ਼ ਪੁਰਬ ਸਰਧਾ ਭਾਵਨਾ ਨਾਲ ਮਨਾਇਆ





ਅੰਮ੍ਰਿਤਸਰ : ਨਿਹੰਗ ਸਿੰਘਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੇ ਉਤਸ਼ਾਹ ਪ੍ਰੇਰਨਾ ਅਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੀਬੀਆਂ ਦੀਆਂ ਸੁਖਮਨੀ ਸੇਵਾ ਸੁਸਾਇਟੀਆਂ ਵੱਲੋਂ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਗੁਰਮਤਿ ਸਮਾਗਮ ਅੱਜ ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ, ਗੁ: ਮੱਲ ਅਖਾੜਾ ਸਾਹਿਬ ਪਾਤਸ਼ਾਹੀ ਛੇਵੀਂ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਵਿਖੇ ਪੂਰਨ ਸਰਧਾ ਸਤਿਕਾਰ ਤੇ ਨਿਮਰ ਭਾਵਨਾ ਨਾਲ ਗੁਰੂ ਦੇ ਜਸ ਗਾਉਂਦਿਆਂ ਮਨਾਇਆ ਗਿਆ। ਬੀਬੀ ਕੌਲਾਂ ਜੀ ਭਲਾਈ ਕੇਂਦਰ ਸੁਖਮਨੀ ਸੇਵਾ ਸੁਸਾਇਟੀ ਦੀ ਮੁਖੀ ਬੀਬੀ ਪਰਮਜੀਤ ਕੌਰ ਪੰਮਾ ਦੇ ਜਥੇ ਸਮੇਤ ਹੋਰ ਵੀ ਵੱਖ-ਵੱਖ ਸੁਖਮਨੀ ਸੇਵਾ ਸੁਸਾਇਟੀਆਂ ਦੀਆਂ ਬੀਬੀਆਂ ਇਸ ਗੁਰਮਤਿ ਸਮਾਗਮ ਵਿੱਚ ਸਮੂਲੀਅਤ ਕੀਤੀ। ਗੁਰਦੁਆਰਾ ਸਾਹਿਬ ਵੱਲੋਂ ਗੁਰੂ ਕੇ ਲੰਗਰ ਤੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਦੀਆਂ ਸੇਵਾਵਾਂ ਅਤੁੱਟ ਵਰਤੀਆਂ। ਬੀਬੀ ਪਰਮਜੀਤ ਕੌਰ ਪੰਮਾ ਦੇ ਜਥੇ ਦੀਆਂ ਬੀਬੀਆਂ ਨੇ ਸੁਖਮਨੀ ਸਾਹਿਬ ਦੇ ਜਾਪ ਉਪਰੰਤ ਗੁਰੂ ਸਾਹਿਬਾਨਾਂ ਦੇ ਰਚਿਤ ਸ਼ਬਦਾਂ ਨੂੰ ਮਿੱਠੀ ਤੇ ਰਸੀਲੀ ਸੁਰ ਵਿੱਚ ਸੰਗਤੀ ਰੂਪ ਵਿੱਚ ਕੀਰਤਨ ਕੀਤਾ। ਵਾਰ ਵਾਰ ਖਾਲਸਾਈ ਜੈਕਾਰੇ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ॥ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ, ਗੁਰਬਰ ਅਕਾਲ ਸਤਿ ਸ੍ਰੀ ਅਕਾਲ ਨੇ ਗੁਰਦੁਆਰਾ ਸਾਹਿਬ ਵਿਚ ਵਖਰਾ ਮਾਹੌਲ ਸਿਰਜ ਦਿੱਤਾ। ਇਸ ਮੌਕੇ ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਚਾਰ ਗੁਰੂ ਸਾਹਿਬਾਨ ਦੇ ਜੀਵਨ ਤੇ ਉਨ੍ਹਾਂ ਵੱਲੋਂ ਮਨੁੱਖਤਾ ਲਈ ਘਾਲੀਆ ਘਾਲਣਾਵਾਂ ਬਾਰੇ ਭਾਵਪੂਰਤ ਤਰੀਕੇ ਨਾਲ ਆਪਣੇ ਸੰਬੋਧਨ ਰਾਹੀਂ ਸੰਗਤਾਂ ਨਾਲ ਸਾਂਝ ਪਾਈ। ਉਨ੍ਹਾਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਵੱਲੋਂ ਗੁਰੂ ਸਾਹਿਬਾਨਾਂ ਦੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੱਤੀ।

# ਰਾਜੋਆਣਾ ਸਬੰਧੀ ਪਟੀਸ਼ਨ ਬਾਰੇ ਧਾਮੀ ਵੱਲੋਂ ਕਾਨੂੰਨੀ ਮਾਹਿਰਾਂ ਨਾਲ ਮੀਟਿੰਗ

## ਸ਼੍ਰੋਮਣੀ ਕਮੇਟੀ ਵੱਲੋਂ ਪਾਈ ਗਈ ਪਟੀਸ਼ਨ ਸਬੰਧੀ ਵਿਚਾਰ-ਚਰਚਾ



ਅੰਮ੍ਰਿਤਸਰ : ਭਾਈ ਬਲਵੰਤ ਸਿੰਘ ਰਾਜੋਆਣਾ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਪਾਈ ਪਟੀਸ਼ਨ ਦੇ ਮਾਮਲੇ ਵਿੱਚ ਸੀਨੀਅਰ ਵਕੀਲਾਂ ਅਤੇ ਸਾਬਕਾ ਜੱਜਾਂ ਦੀ ਰਾਇ ਲੈਣ ਲਈ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਬ ਆਫਿਸ ਚੰਡੀਗੜ੍ਹ ਵਿੱਚ ਮੀਟਿੰਗ ਕੀਤੀ ਗਈ।

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ ਇਸ ਮੀਟਿੰਗ ਵਿੱਚ ਪਟੀਸ਼ਨ ਸਬੰਧੀ ਲੰਬੀ ਵਿਚਾਰ ਚਰਚਾ ਹੋਈ। ਚਰਚਾ ਦੌਰਾਨ ਇਹ ਵਿਚਾਰ ਸਾਹਮਣੇ ਆਇਆ ਕਿ ਸਰਕਾਰ ਅੱਗੇ ਗੋਡੇ ਨਹੀਂ ਟੇਕਣੇ ਚਾਹੀਦੇ ਅਤੇ ਪਟੀਸ਼ਨ ਵਾਪਸ ਨਹੀਂ ਲੈਣੀ ਚਾਹੀਦੀ, ਸਗੋਂ ਦ੍ਰਿੜਤਾ ਨਾਲ ਅੱਗੇ ਵਧਣਾ ਚਾਹੀਦਾ ਹੈ।

ਇਕੱਤਰਤਾ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਬਹੁਤ ਹੀ ਸੰਜੀਦਾ ਮਾਮਲਾ ਹੈ, ਜਿਸ ਲਈ ਕੌਮੀ ਰਾਏ ਬਣਾਉਣੀ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਸਬੰਧੀ ਲੰਮੇ ਸਮੇਂ ਤੋਂ ਕਨੂੰਨੀ ਲੜਾਈ ਲੜ ਰਹੀ ਹੈ ਪਰ ਸਰਕਾਰਾਂ ਦੀ ਅੜੀ ਇਸ ਮਾਮਲੇ ਵਿਚ ਮਨੁੱਖੀ ਅਧਿਕਾਰਾਂ ਖ਼ਿਲਾਫ਼ ਭੁਗਤ ਰਹੀ ਹੈ।

ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਸਰਕਾਰ ਨੂੰ ਮਾਮਲੇ ਬਾਰੇ ਫ਼ੈਸਲਾ ਲੈਣ ਲਈ ਕਹਿਣ ਦੇ ਬਾਵਜੂਦ ਵੀ ਸਰਕਾਰ ਦਾ ਰਵੱਈਆ ਬੇਹੱਦ ਦੁਖਦਾਈ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਦਾ ਫਰਜ਼ ਬਣਦਾ ਹੈ ਕਿ ਆਪਣੀ ਕਾਰਜਸ਼ੈਲੀ ਵਿਚ ਸਾਰਿਆਂ ਨੂੰ ਇੱਕ ਸਮਾਨ ਜਾਨਣ ਪਰ ਸਿੱਖ ਕੌਮ ਦੀਆਂ ਭਾਵਨਾਵਾਂ ਨਾਲ ਜੁੜੇ ਅਹਿਮ ਮਾਮਲੇ ਸਬੰਧੀ ਅਪਣਾਈ ਜਾ ਰਹੀ ਪਹੁੰਚ ਸਰਕਾਰ ਦੀ ਮਨਸ਼ਾ 'ਤੇ ਸਵਾਲ ਖੜ੍ਹੇ ਕਰਦੀ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਬੀਤੇ ਦਿਨੀਂ ਜਦੋਂ ਭਾਈ ਰਾਜੋਆਣਾ ਨਾਲ ਮੁਲਾਕਾਤ ਕੀਤੀ ਗਈ ਸੀ ਤਾਂ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਨੂੰ ਆਪਣੀ ਪਟੀਸ਼ਨ ਵਾਪਸ ਲੈਣ ਲਈ ਕਿਹਾ ਸੀ। ਇਸ 'ਤੇ ਵਿਚਾਰ ਲਈ ਪਹਿਲਾਂ ਸਿੱਖ ਜਥੇਬੰਦੀਆਂ, ਸਿੱਖ ਬੁੱਧੀਜੀਵੀਆਂ ਅਤੇ ਫੈਡਰੇਸ਼ਨਾਂ ਨਾਲ ਮੀਟਿੰਗਾਂ ਕਰਕੇ ਵਿਚਾਰ ਲਏ ਗਏ ਹਨ। ਇਸੇ ਤਹਿਤ ਅੱਜ ਦੀ ਮੀਟਿੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਭਾਵੇਂ ਭਾਈ ਰਾਜੋਆਣਾ ਦਾ ਪਟੀਸ਼ਨ ਨੂੰ ਲੈ ਕੇ ਰੋਸ ਜਾਇਜ਼ ਹੈ ਅਤੇ ਉਹ ਆਪਣੇ ਅਕੀਦੇ 'ਤੇ ਦ੍ਰਿੜ ਹਨ ਪਰ ਇਸ ਮਾਮਲੇ 'ਚ ਜਲਦਬਾਜ਼ੀ ਨਾਲ ਫ਼ੈਸਲਾ ਲੈਣਾ ਠੀਕ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਆਉਂਦੇ ਦਿਨਾਂ ਵਿੱਚ ਪੰਥ ਦਾ ਨੁਮਾਇੰਦਾ ਇਕੱਠ ਬੁਲਾ ਕੇ ਅਗਲੀ ਰੂਪ ਰੇਖਾ ਉਲੀਕੀ ਜਾਵੇਗੀ।

ਮੀਟਿੰਗ ਵਿੱਚ ਜਸਟਿਸ ਮਨਿੰਦਰਮੋਹਨ ਸਿੰਘ ਬੇਦੀ ਸਾਬਕਾ ਜੱਜ, ਸੀਨੀਅਰ ਵਕੀਲ ਐਡਵੋਕੇਟ ਪੂਰਨ ਸਿੰਘ ਹੁੰਦਲ, ਐਡਵੋਕੇਟ ਜੀਐੱਸ ਬੱਲ, ਐਡਵੋਕੇਟ ਅਮਰ ਸਿੰਘ ਚਾਹਲ, ਐਡਵੋਕੇਟ ਰਾਜਵਿੰਦਰ ਸਿੰਘ ਬੈਂਸ, ਸਿੱਖ ਵਿਦਵਾਨ ਡਾ. ਕੇਹਰ ਸਿੰਘ, ਕਾਹਨ ਸਿੰਘ ਪੰਨੂੰ ਸਾਬਕਾ ਆਈਏਐੱਸ, ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸੀਨੀਅਰ ਵਕੀਲ ਐਡਵੋਕੇਟ ਬਰਜਿੰਦਰ ਸਿੰਘ ਸੋਢੀ, ਐਡਵੋਕੇਟ ਪਰਮਜੀਤ ਸਿੰਘ ਬਰਾੜ, ਐਡਵੋਕੇਟ ਬਲਤੇਜ ਸਿੰਘ ਸਾਬਕਾ ਡੀਏ, ਐਡਵੋਕੇਟ ਬਲਵੰਤ ਸਿੰਘ ਗੁਲਿਆਨੀ, ਡਾ. ਪੁਨੀਤ ਕੌਰ ਸੇਖੋਂ, ਐਡਵੋਕੇਟ ਅਰਸ਼ਦੀਪ ਸਿੰਘ ਕਲੇਰ, ਐਡਵੋਕੇਟ ਰਵਿੰਦਰ ਸਿੰਘ ਸੈਂਪਲਾ, ਐਡਵੋਕੇਟ ਬਲਵਿੰਦਰ ਸਿੰਘ ਸੂਦਨ, ਐਡਵੋਕੇਟ ਹਰਭਜਨ ਸਿੰਘ ਥਾਂਦੀ, ਐਡਵੋਕੇਟ ਰਾਜੇਸ਼ਵਰ ਸਿੰਘ ਸੂਲਰ ਅਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ ਨੇ ਪੁਣਛ ਹਮਲੇ ਦੇ ਪੀੜਤ ਸਿੱਖ ਪਰਿਵਾਰਾਂ ਨੂੰ 5-5 ਲੱਖ ਰੁਪਏ ਦੇ ਚੈੱਕ ਦਿੱਤੇ

## ਧਾਮੀ ਸਣੇ ਸ਼੍ਰੋਮਣੀ ਕਮੇਟੀ ਦੇ ਹੋਰ ਮੈਂਬਰ ਅੰਤਿਮ ਅਰਦਾਸ ਵਿਚ ਸ਼ਾਮਲ ਹੋਏ




ਅੰਮ੍ਰਿਤਸਰ : ਭਾਰਤ ਪਾਕਿਸਤਾਨ ਵਿੱਚ ਹੋਈ ਜੰਗ ਦੌਰਾਨ ਬੀਤੇ ਦਿਨੀਂ ਜੰਮੂ ਕਸ਼ਮੀਰ ਦੇ ਪੁਣਛ ਵਿੱਚ ਹੋਏ ਹਮਲੇ 'ਚ ਮਾਰੇ ਗਏ ਚਾਰ ਸਿੱਖਾਂ ਦੇ ਪਰਿਵਾਰਾਂ ਨੂੰ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ 5-5 ਲੱਖ ਰੁਪਏ ਦੀ ਮਾਲੀ ਸਹਾਇਤਾ ਦੇ ਚੈੱਕ ਦਿੱਤੇ ਗਏ ਹਨ। ਐਡਵੋਕੇਟ ਧਾਮੀ ਸਮੇਤ ਸ਼੍ਰੋਮਣੀ ਕਮੇਟੀ ਮੈਂਬਰਾਂ ਦਾ ਇੱਕ ਵਫ਼ਦ ਅੱਜ ਪੁਣਛ ਵਿਖੇ ਰਾਗੀ ਭਾਈ ਅਮਰੀਕ ਸਿੰਘ ਨਮਿੱਤ ਭੋਗ ਤੇ ਅਰਦਾਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਪੁੱਜਾ ਹੈ। ਜਿੱਥੇ ਉਨ੍ਹਾਂ ਸਮੂਹ ਪੀੜਤ ਪਰਿਵਾਰਾਂ ਦੇ ਮੈਂਬਰਾਂ ਨਾਲ ਹਮਦਰਦੀ ਪ੍ਰਗਟ ਕੀਤੀ। ਇਸ ਮੌਕੇ ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇਸ਼ ਦੁਨੀਆਂ ਵਿੱਚ ਜਦੋਂ ਵੀ ਕਿਸੇ ਸਿੱਖ ਨਾਲ ਔਖੀ ਘੜੀ ਬਣੀ ਹੈ ਤਾਂ ਸਿੱਖ ਸੰਸਥਾ ਨੇ ਆਪਣਾ ਫਰਜ਼ ਸਮਝ ਕੇ ਉਸ ਨਾਲ ਖੜ੍ਹੇ ਹੁੰਦਿਆਂ ਆਪਣੀ ਜ਼ਿੰਮੇਵਾਰੀ ਨਿਭਾਈ ਹੈ।


ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਪਾਕਿਸਤਾਨੀ ਫੌਜ ਵੱਲੋਂ ਕੀਤੇ ਗਏ ਹਮਲੇ ਸਮੇਂ ਪੁਣਛ ਵਿੱਚ ਉੱਥੋਂ ਦੇ ਵਾਸੀ ਰਣਜੀਤ ਸਿੰਘ, ਰਾਗੀ ਭਾਈ ਅਮਰੀਕ ਸਿੰਘ, ਸਾਬਕਾ ਫੌਜੀ ਅਮਰਜੀਤ ਸਿੰਘ ਅਤੇ ਬੀਬੀ ਬਲਵਿੰਦਰ ਕੌਰ (ਚਾਰੇ ਵਾਸੀ ਪੁਣਛ) ਦੀ ਮੌਤ ਹੋ ਗਈ ਸੀ। ਇਸ ਹਮਲੇ ਵਿੱਚ ਜ਼ਖ਼ਮੀ ਹੋਏ ਗੁਰਮੀਤ ਸਿੰਘ ਅਤੇ ਉਸ ਦਾ ਪੁੱਤਰ ਇੱਥੇ ਅੰਮ੍ਰਿਤਸਰ ਵਿੱਚ ਇੱਕ ਨਿੱਜੀ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ ਅਤੇ ਉਨ੍ਹਾਂ ਨੂੰ ਵੀ ਸ਼੍ਰੋਮਣੀ ਕਮੇਟੀ ਵੱਲੋਂ ਹਰ ਸੰਭਵ ਸਹਾਇਤਾ ਦੀ ਪੇਸ਼ਕਸ਼ ਕੀਤੀ ਗਈ ਹੈ। ਭੋਗ ਸਮਾਗਮ ਵਿੱਚ ਸ਼ਾਮਲ ਹੋਣ ਲਈ ਜੰਮੂ ਕਸ਼ਮੀਰ ਪਹੁੰਚੇ ਐਡਵੋਕੇਟ ਧਾਮੀ ਦੇ ਨਾਲ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਸੁਰਜੀਤ ਸਿੰਘ ਭਿੱਟੇਵੱਡ, ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਅੰਮ੍ਰਿਤਪਾਲ ਸਿੰਘ ਕੁਲਾਰ, ਮਹੰਤ ਮਨਜੀਤ ਸਿੰਘ ਮੁਖੀ ਸ਼੍ਰੋਮਣੀ ਡੇਰਾ ਨੰਗਲੀ ਸਾਹਿਬ ਪੁਣਛ, ਭਾਈ ਹਰਭਿੰਦਰ ਸਿੰਘ ਇੰਚਾਰਜ ਸਿੱਖ ਮਿਸ਼ਨ, ਭਾਈ ਜਗਤਾਰ ਸਿੰਘ ਸਲਾਹਕਾਰ/ਕੋਆਰਡੀਨੇਟਰ (ਜੰਮੂ ਕਸ਼ਮੀਰ) ਧਰਮ ਪ੍ਰਚਾਰ ਕਮੇਟੀ, ਪਰਵਿੰਦਰ ਸਿੰਘ ਚੇਅਰਮੈਨ ਗੁਰੂ ਨਾਨਕ ਸੇਵਾ ਚੈਰੀਟੇਬਲ ਟਰੱਸਟ (ਜੰਮੂ ਕਸ਼ਮੀਰ), ਨਰਿੰਦਰ ਸਿੰਘ ਪ੍ਰਧਾਨ ਡਿਸਟ੍ਰਿਕ ਗੁਰਦੁਆਰਾ ਪ੍ਰਬੰਧਕ ਕਮੇਟੀ ਪੁਣਛ, ਚਰਨਜੀਤ ਸਿੰਘ ਖਾਲਸਾ ਸਾਬਕਾ ਐਮਐਲਸੀ ਅਤੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਜੰਮੂ ਕਸ਼ਮੀਰ ਦੇ ਪ੍ਰਤੀਨਿਧ ਸ਼ਾਮਲ ਸਨ।

# ਦਿੱਲੀ, ਸ਼ਾਹਬਾਦ ਅਤੇ ਨਰਾਇਣਗੜ੍ਹ ਵਿੱਚ ਤਿਰੰਗਾ ਯਾਤਰਾਵਾਂ



ਨਵੀਂ ਦਿੱਲੀ : ਇੱਥੇ ਚਾਂਦਨੀ ਚੌਕ ਲੋਕ ਸਭਾ ਹਲਕੇ ਦੇ ਸੰਸਦ ਮੈਂਬਰ ਪ੍ਰਵੀਣ ਖੰਡੇਲਵਾਲ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਨੇ ਅਪਰੇਸ਼ਨ ਸਿੰਧੂਰ ਲਈ ਫੌਜੀ ਬਲਾਂ ਦੀ ਸ਼ਲਾਘਾ ਕਰਨ ਦੇ ਉਦੇਸ਼ ਨਾਲ ਅੱਜ ਤਿਰੰਗਾ ਯਾਤਰਾ ਕੱਢੀ। ਇਹ ਤਿਰੰਗਾ ਯਾਤਰਾ ਬਿਟਾਨੀਆ ਚੌਕ ਤੋਂ ਸ਼ੁਰੂ ਹੋਈ। ਇਸ ਵਿੱਚ ਜ਼ਿਆਦਾ ਗਿਣਤੀ ਵਿੱਚ ਪਾਰਟੀ ਦੀਆਂ ਮਹਿਲਾ ਵਰਕਰਾਂ ਸ਼ਾਮਲ ਸਨ। ਇਸ ਦੌਰਾਨ ਖੰਡੇਲਵਾਲ ਨੇ ਕਿਹਾ ਕਿ ਇਹ ਯਾਤਰਾ ਸਾਡੇ ਫੌਜੀਆਂ ਦੇ ਸਨਮਾਨ ਵਿੱਚ ਕੱਢੀ ਗਈ ਹੈ, ਜਿਨ੍ਹਾਂ ਨੇ ਆਪਣੀ ਬੀਰਤਾ ਅਤੇ ਸਾਹਸ ਨਾਲ ਪਾਕਿਸਤਾਨ ਨੂੰ ਸਬਕ ਸਿਖਾਇਆ। ਉਨ੍ਹਾਂ ਆਖਿਆ ਕਿ ਸਾਨੂੰ ਇਸ ਯਾਤਰਾ ਵਿੱਚ ਸ਼ਾਮਲ ਹੋ ਕੇ ਮਾਣ ਮਹਿਸੂਸ ਹੋ ਰਿਹਾ ਹੈ।





# FREEDOM MARCH & SOVEREGNTY RALLY



# ਨਗਰ ਕੀਰਤਨ

88 Second St, San Francisco

**ਸਥਾਨ : ਸੈਨ ਫਰਾਂਸਿਸਕੋ ਡਾਊਨ ਟਾਊਨ ਵਿਖੇ**

**ਸ਼ਨੀਵਾਰ 7 ਜੂਨ 2025 ਸਵੇਰੇ 10.30 ਵਜੇ ਤੋਂ ਅਰੰਭ ਹੋਵੇਗਾ।**

ਨਗਰ ਕੀਰਤਨ ਸੈਕੰਡ ਸਟਰੀਟ ਅਤੇ ਮਾਰਕੀਟ ਸਟਰੀਟ ਤੋਂ ਸ਼ੁਰੂ ਹੋਵੇਗਾ ਤੇ ਸਿਵਿਕ ਸੈਂਟਰ-ਸਿਟੀ ਹਾਲ ਜਾ ਕੇ ਸੰਪੂਰਨ ਹੋਵੇਗਾ।

ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹਾਦਤ ਅਤੇ ਉਨ੍ਹਾਂ ਵਲੋਂ ਪਾਏ ਪੂਰਨਿਆਂ 'ਤੇ ਚੱਲਦੇ ਹੋਏ ਜੂਨ 1984 ਅਤੇ ਬਾਅਦ ਵਿਚ ਸ਼ਹੀਦ ਹੋਰ ਸਿੰਘ ਸਿੰਘਣੀਆਂ, ਭੁਝੰਗੀ ਭੁਝੰਗਣਾ ਦੀ ਯਾਦ ਵਿਚ 7 ਜੂਨ ਨੂੰ ਸੈਨ ਫਰਾਂਸਿਸਕੋ ਸ਼ਹਿਰ ਵਿਚ ਹਰ ਸਾਲ ਦੀ ਤਰ੍ਹਾਂ ਮਹਾਨ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ।

BART ਨਗਰ ਕੀਰਤਨ 'ਤੇ ਜਾਣ ਵਾਲੀਆਂ ਸੰਗਤਾਂ Montgomery ਸਟੇਸ਼ਨ 'ਤੇ ਉਤਰਨ

For More Info : 1-844-REM-1984. WWW.REMEMBER84.COM


ਜਾਰੀ ਕਰਤਾ : ਸਮੂਹ ਗੁਰਦੁਆਰਾ ਸਾਹਿਬ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ, ਕੈਲੀਫੋਰਨੀਆ

## ਪਾਕਿਸਤਾਨ ਪਾਣੀ ਤੋਂ ਬਿਨਾਂ ਤਰਸੇਗਾ !

# ਭਾਰਤ ਨਹਿਰ ਬਣਾ ਕੇ ਚਨਾਬ ਨਦੀ ਦੇ ਪਾਣੀ ਨੂੰ ਮੋੜੇਗਾ

ਨਵੀਂ ਦਿੱਲੀ : ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ, ਭਾਰਤ ਪਾਕਿਸਤਾਨ ਦੀ ਰੀੜ੍ਹ ਦੀ ਹੱਡੀ ਤੋੜਨ ਲਈ ਤੀਹਰਾ ਹਮਲਾ ਕਰਨ ਦੀ ਤਿਆਰੀ ਕਰ ਰਿਹਾ ਹੈ। ਇਸ ਸਬੰਧ ਵਿੱਚ, ਪਾਕਿਸਤਾਨ ਵਿੱਚੋਂ ਹੰਕਾਰ ਨੂੰ ਦੂਰ ਕਰਨ ਲਈ, ਭਾਰਤ ਰਣਬੀਰ ਨਹਿਰ ਨੂੰ ਦੁੱਗਣਾ ਕਰਨ 'ਤੇ ਵਿਚਾਰ ਕਰ ਰਿਹਾ ਹੈ।

ਇਸ ਰਾਹੀਂ ਪਾਕਿਸਤਾਨ ਦੇ ਪੰਜਾਬ ਨੂੰ ਜਾਣ ਵਾਲੇ ਚਨਾਬ ਨਦੀ ਦੇ ਪਾਣੀ ਦੀ ਵੱਡੀ ਮਾਤਰਾ ਨੂੰ ਭਾਰਤ ਵਿੱਚ ਹੀ ਰੋਕ ਦਿੱਤਾ ਜਾਵੇਗਾ। ਇਸ ਵੇਲੇ, ਚਨਾਬ ਦਾ ਪਾਣੀ ਸਿਰਫ਼ ਇੱਕ ਰਣਬੀਰ ਨਹਿਰ ਰਾਹੀਂ ਜੰਮੂ ਦੇ ਵੱਖ-ਵੱਖ ਇਲਾਕਿਆਂ ਵਿੱਚ ਪਹੁੰਚਾਇਆ ਜਾਂਦਾ ਹੈ। ਜ਼ਾਹਿਰ ਹੈ, ਇਸ ਕਾਰਨ ਅਸੀਂ ਆਪਣੇ ਪੂਰੇ ਹਿੱਸੇ ਦਾ ਪਾਣੀ ਨਹੀਂ ਲੈ ਪਾ ਰਹੇ।



ਨਹਿਰ ਨੂੰ ਦੁੱਗਣਾ ਕਰਨ ਨਾਲ, ਭਾਰਤ 150 ਕਿਊਬਿਕ ਮੀਟਰ ਪਾਣੀ ਨੂੰ ਮੋੜ ਸਕੇਗਾ। ਕਸ਼ਮੀਰ ਵਿੱਚ 26 ਨਾਗਰਿਕਾਂ ਦੀ ਹੱਤਿਆ ਤੋਂ ਤੁਰੰਤ ਬਾਅਦ ਭਾਰਤ ਨੇ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰ ਦਿੱਤਾ ਸੀ। ਇਹ ਸਮਝੌਤਾ ਸਿੰਧੂ ਨਦੀ ਪ੍ਰਣਾਲੀ ਅਧੀਨ ਪਾਣੀ ਦੀ ਵੰਡ ਦਾ ਪ੍ਰਬੰਧਨ ਕਰਦਾ ਹੈ।

ਭਾਰਤ ਅਤੇ ਪਾਕਿਸਤਾਨ ਜੰਗਬੰਦੀ ਲਈ ਸਹਿਮਤ ਹੋਣ ਦੇ ਬਾਵਜੂਦ, ਸਮਝੌਤਾ ਬਹਾਲ ਨਹੀਂ ਹੋਇਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਧਿਕਾਰੀਆਂ ਨੂੰ ਚਨਾਬ, ਜੇਹਲਮ ਅਤੇ ਸਿੰਧੂ ਨਦੀ ਪ੍ਰੋਜੈਕਟਾਂ ਦੇ ਕੰਮ ਵਿੱਚ ਤੇਜ਼ੀ ਲਿਆਉਣ ਦੇ ਆਦੇਸ਼ ਦਿੱਤੇ ਹਨ। ਇਨ੍ਹਾਂ ਵਿੱਚੋਂ ਇੱਕ ਪ੍ਰਮੁੱਖ ਯੋਜਨਾ ਰਣਬੀਰ ਨਹਿਰ ਨੂੰ ਦੋਹਰਾ ਕਰਨਾ ਹੈ।

ਇੱਕ ਅਧਿਕਾਰੀ ਨੇ ਕਿਹਾ ਕਿ ਇਸ ਬਾਰੇ ਚਰਚਾ ਪਿਛਲੇ ਮਹੀਨੇ ਸ਼ੁਰੂ ਹੋਈ ਸੀ ਅਤੇ ਜੰਗਬੰਦੀ ਤੋਂ ਬਾਅਦ ਵੀ ਜਾਰੀ ਹੈ। ਪਾਕਿਸਤਾਨ ਦੀ ਲਗਭਗ 80 ਪ੍ਰਤੀਸ਼ਤ ਖੇਤੀਬਾੜੀ ਸਿੰਧੂ ਨਦੀ ਪ੍ਰਣਾਲੀ 'ਤੇ ਨਿਰਭਰ ਕਰਦੀ ਹੈ ਅਤੇ ਲਗਭਗ ਸਾਰੇ ਪਣ-ਬਿਜਲੀ ਪ੍ਰੋਜੈਕਟ ਵੀ ਇਸ 'ਤੇ ਸਥਿਤ ਹਨ।

ਇਸਲਾਮਾਬਾਦ ਇਸ ਗੱਲ ਤੋਂ ਜਾਣੂ ਹੈ ਕਿ ਜੇਕਰ ਭਾਰਤ ਡੈਮ, ਨਹਿਰਾਂ ਜਾਂ ਹੋਰ ਬੁਨਿਆਦੀ ਢਾਂਚੇ ਬਣਾ ਕੇ ਪਾਣੀ ਨੂੰ ਰੋਕਣਾ ਸ਼ੁਰੂ ਕਰਦਾ ਹੈ ਤਾਂ ਉਸਨੂੰ ਕਿਸ ਤਰ੍ਹਾਂ ਦੇ ਦਬਾਅ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਇਸ ਵੇਲੇ ਰਣਬੀਰ ਨਹਿਰ ਲਗਭਗ 120 ਕਿਲੋਮੀਟਰ ਲੰਬੀ ਹੈ। ਜੇਕਰ ਇਸਦਾ ਵਿਸਤਾਰ ਕੀਤਾ ਜਾਂਦਾ ਹੈ, ਤਾਂ ਭਾਰਤ ਹਰ ਸਕਿੰਟ ਚਨਾਬ ਨਦੀ ਤੋਂ 150 ਘਣ ਮੀਟਰ ਪਾਣੀ ਮੋੜ ਸਕਦਾ ਹੈ, ਜਦੋਂ ਕਿ ਇਸ ਵੇਲੇ ਇਹ ਮਾਤਰਾ ਸਿਰਫ 40 ਘਣ ਮੀਟਰ ਹੈ।

# ਗਾਜ਼ਾ 'ਚ ਇਜ਼ਰਾਈਲੀ ਹਮਲਿਆਂ 'ਚ 100 ਤੋਂ ਵੱਧ ਹਲਾਕ

## ਮ੍ਰਿਤਕਾਂ 'ਚ ਜ਼ਿਆਦਾਤਰ ਔਰਤਾਂ ਤੇ ਬੱਚੇ



ਦੀਰ ਅਲ-ਬਲਾਹ (ਗਾਜ਼ਾ ਪੱਟੀ) : ਗਾਜ਼ਾ ਪੱਟੀ 'ਚ ਬੀਤੀ ਰਾਤ ਇਜ਼ਰਾਈਲ ਵਲੋਂ ਕੀਤੇ ਗਏ ਜ਼ੋਰਦਾਰ ਹਮਲਿਆਂ ਕਾਰਨ ਘੱਟੋ-ਘੱਟ 103 ਲੋਕ ਮਾਰੇ ਗਏ ਹਨ। ਇਹ ਜਾਣਕਾਰੀ ਪ੍ਰਭਾਵਿਤ ਇਲਾਕਿਆਂ ਦੇ ਹਸਪਤਾਲਾਂ ਤੇ ਡਾਕਟਰਾਂ ਨੇ ਦਿੱਤੀ ਹੈ। ਜਾਣਕਾਰੀ ਮੁਤਾਬਿਕ ਇਜ਼ਰਾਈਲ ਇਸ ਖੇਤਰ 'ਚ ਆਪਣੀ ਜੰਗ ਨੂੰ ਹੋਰ ਤੇਜ਼ ਕਰ ਰਿਹਾ ਹੈ ਤੇ ਬੀਤੇ 19 ਮਹੀਨਿਆਂ ਤੋਂ ਵੱਧ ਸਮੇਂ ਤੋਂ ਜਾਰੀ ਇਸ ਜੰਗ ਨੂੰ ਰੋਕਣ ਦਾ ਉਸ ਵਲੋਂ ਕੋਈ ਸੰਕੇਤ ਨਹੀਂ ਦਿੱਤਾ ਜਾ ਰਿਹਾ। ਖਾਨ ਯੂਨਿਸ ਸ਼ਹਿਰ ਦੇ ਨਾਸਰ ਹਸਪਤਾਲ ਅਨੁਸਾਰ ਦੱਖਣੀ ਗਾਜ਼ਾ 'ਚ ਉੱਜੜੇ ਲੋਕਾਂ ਨੂੰ ਪਨਾਹ ਦੇਣ ਵਾਲੇ ਘਰਾਂ ਤੇ ਤੰਬੂਆਂ 'ਤੇ ਹੋਏ ਹਵਾਈ ਹਮਲਿਆਂ 'ਚ 20 ਤੋਂ ਵੱਧ ਲੋਕ ਮਾਰੇ ਗਏ। ਗਾਜ਼ਾ ਸਿਹਤ ਮੰਤਰਾਲੇ ਦੀਆਂ ਐਮਰਜੈਂਸੀ ਸੇਵਾਵਾਂ ਅਨੁਸਾਰ ਉੱਤਰੀ ਗਾਜ਼ਾ 'ਚ ਜਬਾਲੀਆ ਸ਼ਰਨਾਰਥੀ ਕੈਂਪ 'ਚ ਇਕ ਘਰ 'ਤੇ ਹੋਏ ਹਮਲੇ 'ਚ ਇਕੋ ਪਰਿਵਾਰ ਦੇ 9 ਲੋਕਾਂ ਦੀ ਮੌਤ ਹੋ ਗਈ। ਹਮਾਸ ਦੁਆਰਾ ਚਲਾਈ ਜਾ ਰਹੀ ਸਰਕਾਰ ਅਧੀਨ ਕੰਮ ਕਰਨ ਵਾਲੀ ਸਿਵਲ ਡਿਫੈਂਸ ਅਨੁਸਾਰ ਜਬਾਲੀਆ 'ਚ ਇਕ ਪਰਿਵਾਰ ਦੇ ਘਰ 'ਤੇ ਇਕ ਹੋਰ ਹਮਲੇ 'ਚ 10 ਲੋਕ ਮਾਰੇ ਗਏ, ਜਿਨ੍ਹਾਂ 'ਚ 7 ਬੱਚੇ ਤੇ 1 ਔਰਤ ਸ਼ਾਮਿਲ ਸੀ। ਇਜ਼ਰਾਈਲੀ ਫੌਜ ਨੇ ਰਾਤ ਭਰ ਹੋਏ ਹਮਲਿਆਂ 'ਤੇ ਤੁਰੰਤ ਕੋਈ ਟਿੱਪਣੀ ਨਹੀਂ ਕੀਤੀ। ਜ਼ਿਕਰਯੋਗ ਹੈ ਕਿ ਇਜ਼ਰਾਈਲ ਆਪਣੇ ਨਵੇਂ ਫ਼ੌਜੀ ਅਪਰੇਸ਼ਨ ਗੀਡੀਔਨਜ਼ ਚੈਰੀਅਟਜ਼ ਤਹਿਤ ਇਹ ਹਮਲੇ ਕਰ ਰਿਹਾ ਹੈ ਤੇ ਉਸ ਨੇ ਜੰਗ ਹੋਰ ਤੇਜ਼ ਕਰ ਦਿੱਤੀ ਹੈ। ਇਜ਼ਰਾਈਲ ਦਾ ਕਹਿਣਾ ਹੈ ਕਿ ਉਹ ਖੇਤਰ 'ਤੇ ਕਬਜ਼ਾ ਕਰਨ, ਲੱਖਾਂ ਫਲਸਤੀਨੀਆਂ ਨੂੰ ਗਾਜ਼ਾ ਦੇ ਦੱਖਣ 'ਚ ਭੇਜਣ ਤੇ ਸਹਾਇਤਾ ਦੀ ਵੰਡ 'ਤੇ ਵਧੇਰੇ ਕੰਟਰੋਲ ਕਰਨ ਦੀ ਯੋਜਨਾ ਬਣਾ ਰਿਹਾ ਹੈ।

# ਮੈਲਬੌਰਨ 'ਚ ਕਿਸਾਨਾਂ ਤੇ ਅੱਗ ਬੁਝਾਊ ਦਸਤਿਆਂ ਵਲੋਂ ਜ਼ਬਰਦਸਤ ਪ੍ਰਦਰਸ਼ਨ




ਮੈਲਬੌਰਨ : ਮੈਲਬੌਰਨ ਵਿਖੇ ਹਜ਼ਾਰਾਂ ਕਿਸਾਨਾਂ, ਕੰਟਰੀ ਫਾਇਰ ਅਥਾਰਟੀ ਤੇ ਵਲੰਟੀਅਰਾਂ ਵਲੋਂ ਸੂਬਾ ਸਰਕਾਰ ਵਲੋਂ ਲਿਆਂਦੇ ਜਾ ਰਹੇ ਐਮਰਜੈਂਸੀ ਸਰਵਿਸਿਜ਼ ਵਲੰਟੀਅਰਜ਼ ਫੰਡ (ESVF) ਲੈਵੀ, ਜਿਸ ਨੂੰ 'ਜੈਸਿੰਟਾ ਟੈਕਸ' ਵਜੋਂ ਜਾਣਿਆ ਜਾਂਦਾ ਹੈ, ਦੇ ਵਿਰੋਧ ਵਿੱਚ ਵਿਕਟੋਰੀਅਨ ਪਾਰਲੀਮੈਂਟ ਦੇ ਬਾਹਰ ਇਕੱਠੇ ਹੋ ਕੇ ਪ੍ਰਦਰਸ਼ਨ ਕੀਤਾ ਗਿਆ। ਇਹ ਪ੍ਰਦਰਸ਼ਨ ਸਵੇਰੇ 9:45 ਵਜੇ ਸ਼ੁਰੂ ਹੋਇਆ, ਜਿਸ ਵਿੱਚ 100 ਤੋਂ ਵੱਧ ਅੱਗ ਬੁਝਾਊ ਟਰੱਕ ਲਾਇਟਾਂ ਤੇ ਸਾਇਰਨ ਚਾਲੂ ਕਰਕੇ ਸ਼ਹਿਰ ਵਿੱਚ ਦਾਖਲ ਹੋਏ ਤੇ ਪਾਰਲੀਮੈਂਟ ਵੱਲ ਮਾਰਚ ਕੀਤਾ, ਜਿੰਨਾਂ ਉਪਰ ਸੂਬਾ ਸਰਕਾਰ ਖ਼ਿਲਾਫ਼ ਬੈਨਰ ਲੱਗੇ ਹੋਏ ਸਨ ਅਤੇ ਇਸੇ ਦੌਰਾਨ ਦੂਜੇ ਪਾਸੇ ਹਜ਼ਾਰਾਂ ਕਿਸਾਨ ਹੱਥਾਂ ਵਿਚ ਤਖ਼ਤੀਆਂ ਫੜ ਕੇ ਸੂਬਾ ਸਰਕਾਰ ਦੇ ਇਸ ਫੈਸਲੇ ਦੇ ਵਿਰੁੱਧ ਨਾਹਰੇਬਾਜ਼ੀ ਵੀ ਕਰ ਰਹੇ ਸਨ।

ਇਸ ਮੌਕੇ ਵਿਕਟੋਰੀਆ ਦੀ ਪਾਰਲੀਮੈਂਟ ਦੇ ਅੱਗੇ ਇੱਕ ਵੱਡੇ ਇੱਕਠ ਨੂੰ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਵਲੋ ਲਿਆਂਦਾ ਗਿਆ ਇਹ ਨਵਾਂ ਐਮਰਜੈਂਸੀ ਸਰਵਿਸਿਜ਼ ਲੈਵੀ ਪੇਂਡੂ ਖੇਤਰਾਂ, ਖਾਸ ਕਰਕੇ ਕਿਸਾਨਾਂ 'ਤੇ ਵਧੇਰੇ ਬੋਝ ਪਾਉਂਦਾ ਹੈ। ਵਿਕਟੋਰੀਅਨ ਫਾਰਮਰਜ਼ ਫੈਡਰੇਸ਼ਨ (VFF) ਦੇ ਅਨੁਸਾਰ, ਇਸ ਲੈਵੀ ਨਾਲ ਕਿਸਾਨਾਂ 'ਤੇ ਹੋਰ ਵਿੱਤੀ ਬੋਝ ਵਧੇਗਾ। ਕਿਸਾਨਾਂ ਨੂੰ ਹਜ਼ਾਰਾਂ ਡਾਲਰ ਵਾਧੂ ਅਦਾ ਕਰਨੇ ਪੈਣਗੇ, ਜੋ ਕਿ ਸੋਕੇ ਦੀ ਮਾਰ ਅਤੇ ਵਧਦੀਆਂ ਖੇਤੀਬਾੜੀ ਲਾਗਤਾਂ ਦੇ ਵਿਚਕਾਰ ਅਸੰਭਵ ਮੰਨਿਆ ਜਾ ਰਿਹਾ ਹੈ।

ਕਿਸਾਨ ਰੌਬ ਆਰਮਸਟਰੌਂਗ ਨੇ ਕਿਹਾ, 'ਇਹ ਟੈਕਸ ਕਿਸਾਨਾਂ ਲਈ ਵਿੱਤੀ ਤੌਰ 'ਤੇ ਵਿਹਾਰਕ ਨਹੀਂ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਇਹ £2 ਬਿਲੀਅਨ ਦਾ ਟੈਕਸ ਪੇਂਡੂ ਵਿਕਟੋਰੀਆ 'ਤੇ ਵਾਧੂ ਦਾ ਬੋਝ ਪਾਵੇਗਾ। ਕਿਸਾਨ ਇਸ ਨਵੇਂ ਟੈਕਸ ਨੂੰ ਰੱਦ ਕਰਨ ਦੀ ਮੰਗ 'ਤੇ ਅੜੇ ਹੋਏ ਹਨ।'

ਪ੍ਰੀਮੀਅਰ ਜੈਸਿੰਟਾ ਐਲਨ ਨੇ ਵੀ ਇੱਕ ਬਿਆਨ ਚ ਕਿਹਾ ਕਿ ਇਹ ਲੈਵੀ ਐਮਰਜੈਂਸੀ ਸਰਵਿਸਿਜ਼, ਜਿਵੇਂ ਕਿ ਫਾਇਰ ਸਰਵਿਸ, ਐਮਰਜੈਂਸੀ ਸਰਵਿਸ ਅਤੇ ਟ੍ਰਿਪਲ-ਜ਼ੀਰੋ ਵਰਗੀਆਂ ਸੇਵਾਵਾਂ ਨੂੰ ਸਮਰਥਨ ਦੇਣ ਲਈ ਜ਼ਰੂਰੀ ਹੈ। ਹਾਲਾਂਕਿ, ਪ੍ਰਦਰਸ਼ਨਕਾਰੀਆਂ ਦਾ ਮੰਨਣਾ ਹੈ ਕਿ ਇਹ ਟੈਕਸ ਪੇਂਡੂ ਭਾਈਚਾਰਿਆਂ 'ਤੇ ਅਨੁਪਾਤਕ ਤੌਰ 'ਤੇ ਜ਼ਿਆਦਾ ਬੋਝ ਪਾਉਂਦਾ ਹੈ ਅਤੇ ਸਥਾਨਕ ਫਾਇਰ ਸੇਵਾਵਾਂ ਨੂੰ ਸਿੱਧਾ ਲਾਭ ਨਹੀਂ ਪਹੁੰਚਾਉਂਦਾ। ਇਸ ਮੌਕੇ ਕੁਝ ਸੀ. ਐਫ. ਏ ਵਲੰਟੀਅਰਾਂ ਨੇ ਪ੍ਰੀਮੀਅਰ ਦੇ ਬੇਂਡੀਗੋ ਦਫਤਰ ਵਿਖੇ ਫਾਇਰ ਟਰੱਕਾਂ ਦੀਆਂ ਚਾਬੀਆਂ ਵਾਪਸ ਕਰਕੇ ਰੋਸ ਪ੍ਰਦਰਸ਼ਨ ਕੀਤਾ ਅਤੇ ਪ੍ਰੀਮੀਅਰ ਜੈਸਿੰਟਾ ਐਲਨ ਦੇ ਅਸਤੀਫੇ ਦੀਆਂ ਮੰਗਾਂ ਵੀ ਉੱਠੀਆਂ।

# ਅਮਨ ਵਾਰਤਾ ਦੇ 24 ਘੰਟਿਆਂ ਦੇ ਅੰਦਰ, ਰੂਸ ਨੇ ਫਿਰ ਯੂਕਰੇਨ 'ਤੇ ਹਮਲਾ ਕੀਤਾ, ਡਰੋਨ ਹਮਲੇ 'ਚ 9 ਦੀ ਮੌਤ ਤੇ 4 ਜ਼ਖ਼ਮੀ



ਕੀਵ : ਰੂਸ ਅਤੇ ਯੂਕਰੇਨ ਵਿਚਕਾਰ ਜੰਗ ਨੂੰ 3 ਸਾਲ ਤੋਂ ਵੱਧ ਸਮਾਂ ਹੋ ਗਿਆ ਹੈ, ਪਰ ਇਹ ਜੰਗ ਖਤਮ ਹੋਣ ਦੇ ਕੋਈ ਸੰਕੇਤ ਨਹੀਂ ਦਿਖਾ ਰਹੀ ਹੈ। ਤਿੰਨ ਸਾਲਾਂ ਵਿੱਚ ਪਹਿਲੀ ਵਾਰ ਦੋਵਾਂ ਦੇਸ਼ਾਂ ਵਿਚਕਾਰ ਜੰਗਬੰਦੀ 'ਤੇ ਚਰਚਾ ਹੋਈ। ਇਹ ਗੱਲਬਾਤ ਪੂਰੀ ਤਰ੍ਹਾਂ ਅਸਫਲ ਰਹੀ। ਇਸ ਦੌਰਾਨ, ਯੂਕਰੇਨ ਨੇ ਰੂਸ 'ਤੇ ਡਰੋਨ ਹਮਲੇ ਦਾ ਦੋਸ਼ ਲਗਾਇਆ ਹੈ। ਯੂਕਰੇਨ ਦੇ ਅਨੁਸਾਰ, ਰੂਸ ਨੇ ਇੱਕ ਯੂਕਰੇਨੀ ਨਾਗਰਿਕ ਬੱਸ 'ਤੇ ਹਮਲਾ ਕੀਤਾ ਹੈ। ਯੂਕਰੇਨ ਨੇ ਰੂਸ 'ਤੇ ਡਰੋਨ ਹਮਲੇ ਦਾ ਦੋਸ਼ ਲਗਾਇਆ ਹੈ।

ਯੂਕਰੇਨ ਅਤੇ ਰੂਸ ਵਿਚਕਾਰ ਜੰਗ ਰੁਕਣ ਦੇ ਕੋਈ ਸੰਕੇਤ ਨਹੀਂ ਮਿਲ ਰਹੇ ਹਨ। ਇਸ ਦੇ ਨਾਲ ਹੀ ਹੁਣ ਯੂਕਰੇਨ ਨੇ ਰੂਸ 'ਤੇ ਡਰੋਨ ਹਮਲੇ ਦਾ ਦੋਸ਼ ਲਗਾਇਆ ਹੈ। ਯੂਕਰੇਨ ਦਾ ਕਹਿਣਾ ਹੈ ਕਿ ਇਸ ਹਮਲੇ ਵਿੱਚ 9 ਲੋਕ ਮਾਰੇ ਗਏ ਅਤੇ 4 ਲੋਕ ਗੰਭੀਰ ਜ਼ਖਮੀ ਹੋਏ ਹਨ।

ਯੂਕਰੇਨੀ ਅਧਿਕਾਰੀਆਂ ਨੇ ਅੱਜ ਇਸ ਘਟਨਾ ਬਾਰੇ ਜਾਣਕਾਰੀ ਦਿੱਤੀ ਹੈ। ਹਾਲ ਹੀ ਵਿੱਚ ਰੂਸ ਅਤੇ ਯੂਕਰੇਨ ਸ਼ਾਂਤੀ ਵਾਰਤਾ ਲਈ ਸਹਿਮਤ ਹੋਏ ਹਨ। ਅਜਿਹੇ ਵਿੱਚ, ਇਸ ਖ਼ਬਰ ਨੇ ਇੱਕ ਵਾਰ ਫਿਰ ਦੁਨੀਆ ਦੀ ਚਿੰਤਾ ਵਧਾ ਦਿੱਤੀ ਹੈ।

ਯੂਕਰੇਨ ਦੀ ਰਾਸ਼ਟਰੀ ਪੁਲਿਸ ਨੇ ਟੈਲੀਗ੍ਰਾਮ 'ਤੇ ਇੱਕ ਪੋਸਟ ਸਾਂਝੀ ਕਰਦਿਆਂ ਕਿਹਾ ਕਿ ਇਹ ਸਿਰਫ਼ ਗੋਲੀਬਾਰੀ ਨਹੀਂ ਸਗੋਂ ਇੱਕ ਗੰਭੀਰ ਯੁੱਧ ਅਪਰਾਧ ਸੀ। ਯੂਕਰੇਨ ਵਿੱਚ ਇੱਕ ਰੂਸੀ ਡਰੋਨ ਨੇ ਇੱਕ ਬੱਸ 'ਤੇ ਹਮਲਾ ਕੀਤਾ। ਇਸ ਹਮਲੇ ਵਿੱਚ 9 ਯੂਕਰੇਨੀ ਨਾਗਰਿਕ ਮਾਰੇ ਗਏ ਅਤੇ 4 ਯਾਤਰੀ ਜ਼ਖਮੀ ਹੋ ਗਏ। ਯੂਕਰੇਨੀ ਪੁਲਿਸ ਨੇ ਇਸ ਹਾਦਸੇ ਦੀਆਂ ਤਸਵੀਰਾਂ ਟੈਲੀਗ੍ਰਾਮ 'ਤੇ ਵੀ ਸਾਂਝੀਆਂ ਕੀਤੀਆਂ ਹਨ। ਇਨ੍ਹਾਂ ਤਸਵੀਰਾਂ ਵਿੱਚ ਇੱਕ ਨੀਲੀ ਵੈਨ ਦਿਖਾਈ ਦੇ ਰਹੀ ਹੈ, ਜਿਸ 'ਤੇ ਯੂਕਰੇਨੀ ਪੁਲਿਸ ਡਰੋਨ ਹਮਲੇ ਦਾ ਦਾਅਵਾ ਕਰ ਰਹੀ ਹੈ। ਹਾਲਾਂਕਿ, ਰੂਸ ਨੇ ਨਾਗਰਿਕਾਂ 'ਤੇ ਹਮਲੇ ਦੀਆਂ ਖ਼ਬਰਾਂ ਤੋਂ ਸਪੱਸ਼ਟ ਤੌਰ 'ਤੇ ਇਨਕਾਰ ਕੀਤਾ ਹੈ।

# ਅਮਰੀਕਾ 'ਚ ਭਿਆਨਕ ਤੂਫਾਨ ਨੇ ਮਚਾਈ ਤਬਾਹੀ, 27 ਲੋਕਾਂ ਦੀ ਮੌਤ



ਲੰਡਨ : ਅਮਰੀਕਾ ਵਿਚ ਆਏ ਭਿਆਨਕ ਤੂਫ਼ਾਨ ਕਾਰਨ ਪਿਛਲੇ 48 ਘੰਟਿਆਂ ਵਿਚ 27 ਲੋਕਾਂ ਦੀ ਮੌਤ ਹੋ ਗਈ। ਇਸਦਾ ਸਭ ਤੋਂ ਵੱਧ ਪ੍ਰਭਾਵ ਸੱਤ ਰਾਜਾਂ ਵਿਚ ਪਿਆ ਹੈ, ਜਿਨ੍ਹਾਂ ਵਿਚ ਮਿਸੂਰੀ ਤੇ ਦੱਖਣ-ਪੂਰਬੀ ਕੈਂਟਕੀ ਸ਼ਾਮਿਲ ਹਨ। 27 ਮੌਤਾਂ ਵਿਚੋਂ 18 ਕੈਂਟਕੀ ਵਿਚ, 7 ਮਿਸੂਰੀ ਵਿਚ ਤੇ 2 ਉੱਤਰੀ ਵਰਜੀਨੀਆ ਵਿਚ ਹੋਈਆਂ। ਸਨਿਚਰਵਾਰ ਸਵੇਰ ਤੱਕ, 12 ਰਾਜਾਂ ਵਿਚ ਲਗਭਗ 6.60 ਲੱਖ ਘਰਾਂ ਵਿਚ ਬਿਜਲੀ ਸਪਲਾਈ ਬੰਦ ਹੋ ਗਈ ਸੀ। ਤੂਫਾਨ ਦੌਰਾਨ 160 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾਵਾਂ ਚੱਲੀਆਂ। ਕਈ ਘਰਾਂ ਦੀਆਂ ਛੱਤਾਂ ਅਤੇ ਕੰਧਾਂ ਹਵਾ ਵਿਚ ਉੱਡ ਗਈਆਂ। ਸ਼ਹਿਰ ਮਲਬੇ ਵਿਚ ਬਦਲ ਗਏ। ਹਜ਼ਾਰਾਂ ਲੋਕ ਬੇਘਰ ਹੋ ਗਏ ਹਨ। ਹਜ਼ਾਰਾਂ ਲੋਕਾਂ ਨੂੰ ਰਾਹਤ ਕੈਂਪਾਂ ਵਿਚ ਭੇਜਿਆ ਗਿਆ ਹੈ। ਕੈਂਟਕੀ ਵਿਚ, ਤੂਫਾਨ ਨੇ ਬਹੁਤ ਸਾਰੇ ਘਰ ਮਲਬੇ ਵਿਚ ਬਦਲ ਦਿੱਤੇ। ਤਬਾਹੀ ਦਾ ਹਵਾਈ ਦ੍ਰਿਸ਼। ਕੈਂਟਕੀ ਵਿਚ, ਤੂਫਾਨ ਨੇ ਬਹੁਤ ਸਾਰੇ ਘਰ ਮਲਬੇ ਵਿਚ ਬਦਲ ਦਿੱਤੇ ਤੂਫਾਨ ਦੀ ਤੇਜ਼ ਰਫ਼ਤਾਰ ਕਾਰਨ, ਇਹ ਇੱਕ ਭਿਆਨਕ ਤੂਫਾਨ ਵਿਚ ਬਦਲ ਗਿਆ। ਇਸ ਕਾਰਨ ਇਨ੍ਹਾਂ ਇਲਾਕਿਆਂ ਵਿਚ ਜਿਆਦਾ ਨੁਕਸਾਨ ਹੋਇਆ। ਮੀਡੀਆ ਰਿਪੋਰਟਾਂ ਅਨੁਸਾਰ, ਇਹ ਤੂਫਾਨ ਕਈ ਦਿਨਾਂ ਤੱਕ ਰਹੇਗਾ। ਅਗਲੇ ਕੁਝ ਹਫ਼ਤਿਆਂ ਤੱਕ ਭਾਰੀ ਬਾਰਿਸ਼ ਤੇ ਤੇਜ਼ ਹਵਾਵਾਂ ਜਾਰੀ ਰਹਿ ਸਕਦੀਆਂ ਹਨ। ਹਾਲਾਂਕਿ ਇਹ ਰਾਹਤ ਦੀ ਗੱਲ ਹੈ ਕਿ ਤੂਫਾਨ ਲਿਆਉਣ ਵਾਲਾ ਇਹ ਸਿਸਟਮ ਹੁਣ ਕਮਜ਼ੋਰ ਪੈ ਰਿਹਾ ਹੈ, ਪਰ ਮੈਕਸੀਕੋ ਸਰਹੱਦ ਦੇ ਨੇੜੇ ਇੱਕ ਹੋਰ ਭਿਆਨਕ ਤੂਫਾਨ ਆਉਣ ਦੀ ਸੰਭਾਵਨਾ ਹੈ, ਜਿਸ ਕਾਰਨ ਦੱਖਣ-ਪੱਛਮੀ ਅਮਰੀਕਾ ਦੇ 2 ਕਰੋੜ ਤੋਂ ਵੱਧ ਲੋਕਾਂ ਨੂੰ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

# ਪ੍ਰਸ਼ਾਸਨ ਨੂੰ ਸਿਰਫ਼ ਬਲੈਕਆਊਟ 'ਚ ਸਹਿਯੋਗ ਦਿੱਤਾ: ਹਰਜਿੰਦਰ ਸਿੰਘ ਧਾਮੀ

ਅੰਮ੍ਰਿਤਸਰ : ਫ਼ੌਜ ਦੇ ਅਧਿਕਾਰੀ ਵੱਲੋਂ ਇਸ ਬਿਆਨ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ, ‘‘ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਉਨ੍ਹਾਂ ਨਾਲ ਬਲੈਕਆਊਟ ਦੇ ਸਮੇਂ ਲਾਈਟਾਂ ਬੰਦ ਕਰਵਾਉਣ ਸਬੰਧੀ ਸੰਪਰਕ ਕੀਤਾ ਗਿਆ ਸੀ, ਜਿਸ ਸਬੰਧੀ ਪ੍ਰਬੰਧਕੀ ਤੌਰ ’ਤੇ ਜ਼ਿੰਮੇਵਾਰੀ ਸਮਝਦਿਆਂ ਅਸੀਂ ਪੂਰਨ ਸਹਿਯੋਗ ਕੀਤਾ ਸੀ।’’ ਉਨ੍ਹਾਂ ਕਿਹਾ ਕਿ ਭਾਰਤੀ ਫ਼ੌਜ ਦੇ ਅਧਿਕਾਰੀਆਂ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹਵਾਈ ਸੁਰੱਖਿਆ ਗੰਨਾਂ ਲਗਾਉਣ ਸਬੰਧੀ ਕਿਸੇ ਕਿਸਮ ਦਾ ਸੰਪਰਕ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਾਰੀ ਹਦਾਇਤਾਂ ਦਾ ਪਾਲਣ ਕਰਨ ਲਈ ਐਡੀਸ਼ਨਲ ਮੁੱਖ ਗ੍ਰੰਥੀ ਨਾਲ ਸਲਾਹ ਕਰਕੇ ਬਾਹਰੀ ਲਾਈਟਾਂ ਹੀ ਬੰਦ ਕਰਵਾਈਆਂ ਗਈਆਂ ਸਨ। ਐਡਵੋਕੇਟ ਧਾਮੀ ਨੇ ਕਿਹਾ ਕਿ ਬਲੈਕਆਊਟ ਦੌਰਾਨ ਵੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੱਡੀ ਗਿਣਤੀ ਵਿੱਚ ਸੰਗਤ ਨਤਮਸਤਕ ਹੋਣ ਤੇ ਸੇਵਾ ਕਰਨ ਪੁੱਜਦੀ ਰਹੀ ਹੈ ਅਤੇ ਜੇਕਰ ਗੰਨਾਂ ਲਗਾਉਣ ਜਿਹੀ ਕੋਈ ਘਟਨਾ ਵਾਪਰੀ ਹੁੰਦੀ ਤਾਂ ਸੰਗਤ ਨੇ ਵੀ ਇਸ ਨੂੰ ਜ਼ਰੂਰ ਦੇਖਿਆ ਅਤੇ ਨੋਟਿਸ ਕੀਤਾ ਹੁੰਦਾ।



ਉਨ੍ਹਾਂ ਕਿਹਾ ਕਿ ਫੌਜ ਦੇ ਇੱਕ ਅਧਿਕਾਰੀ ਵੱਲੋਂ ਅਜਿਹੀ ਗੱਲ ਕਰਨਾ ਹੈਰਾਨੀਜਨਕ ਹੈ। ਉਨ੍ਹਾਂ ਕਿਹਾ ਭਾਰਤ ਸਰਕਾਰ ਨੂੰ ਇਹ ਗੱਲ ਸਪੱਸ਼ਟ ਕਰਨੀ ਚਾਹੀਦੀ ਹੈ ਕਿ ਅਜਿਹੇ ਬਿਆਨ ਫੌਜ ਦੇ ਅਧਿਕਾਰੀਆਂ ਵੱਲੋਂ ਕਿਉਂ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਬਣੇ ਤਣਾਅਪੂਰਨ ਹਾਲਾਤ ਵਿੱਚ ਦੇਸ਼ ਅਤੇ ਫੌਜ ਵੱਲੋਂ ਨਿਭਾਈ ਭੂਮਿਕਾ ਸ਼ਲਾਘਾਯੋਗ ਹੈ ਪਰ ਸਿੱਖਾਂ ਦੇ ਕੇਂਦਰੀ ਧਾਰਮਿਕ ਅਸਥਾਨ ਬਾਰੇ ਕਈ ਦਿਨਾਂ ਬਾਅਦ ਅਜਿਹੀ ਗਲਤ ਜਾਣਕਾਰੀ ਫੈਲਾਉਣੀ ਹੈਰਾਨੀਜਨਕ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹੋਣ ਵਜੋਂ ਐਡਵੋਕੇਟ ਧਾਮੀ ਨੇ ਸਪੱਸ਼ਟ ਕੀਤਾ ਕਿ ਗੰਨਾਂ ਲਗਾਉਣ ਜਿਹੀ ਕੋਈ ਪ੍ਰਵਾਨਗੀ ਨਹੀਂ ਦਿੱਤੀ ਗਈ।

# ਪਾਕਿਸਤਾਨ ਨੇ ਦਰਬਾਰ ਸਾਹਿਬ ਨੂੰ ਬਣਾਇਆ ਸੀ ਨਿਸ਼ਾਨਾ : ਭਾਰਤੀ ਫ਼ੌਜ

## ਭਾਰਤੀ ਰੱਖਿਆ ਪ੍ਰਣਾਲੀ ਨੇ ਡਰੋਨ ਹਮਲੇ ਤੇ ਹੋਰ ਕਈ ਤਰ੍ਹਾਂ ਦੇ ਹਵਾਈ ਹਮਲਿਆਂ ਨੂੰ ਕੀਤਾ ਨਾਕਾਮ

ਅੰਮ੍ਰਿਤਸਰ : ਭਾਰਤੀ ਫ਼ੌਜ ਨੇ ਖ਼ੁਲਾਸਾ ਕੀਤਾ ਕਿ ਪਾਕਿਸਤਾਨ ਨੇ ਅੰਮ੍ਰਿਤਸਰ ’ਚ ਹਰਿਮੰਦਰ ਸਾਹਿਬ ਤੋਂ ਇਲਾਵਾ ਪੰਜਾਬ ਦੇ ਹੋਰ ਸ਼ਹਿਰਾਂ ਨੂੰ ਨਿਸ਼ਾਨਾ ਬਣਾਉਣ ਦਾ ਯਤਨ ਕੀਤਾ ਸੀ, ਜਿਸ ਨੂੰ ਫ਼ੌਜ ਨੇ ਮਜ਼ਬੂਤ ਹਵਾਈ ਰੱਖਿਆ ਪ੍ਰਣਾਲੀ ਦੀ ਮਦਦ ਨਾਲ ਨਾਕਾਮ ਬਣਾ ਦਿੱਤਾ ਸੀ। ਇਹ ਦਾਅਵਾ 15 ਇਨਫੈਂਟਰੀ ਡਿਵੀਜ਼ਨ ਦੇ ਜਨਰਲ ਆਫੀਸਰ ਕਮਾਂਡਿੰਗ ਮੇਜਰ ਜਨਰਲ ਕਾਰਤਿਕ ਸੀ. ਸ਼ੇਸ਼ਾਧਰੀ ਨੇ ਕੀਤਾ। ਖ਼ਬਰ ਏਜੰਸੀ ਨਾਲ ਗੱਲਬਾਤ ਦੌਰਾਨ ਉਨ੍ਹਾਂ ਇਸ ਦਾ ਜ਼ਿਕਰ ਕੀਤਾ ਹੈ ਅਤੇ ਇਸ ਦੀ ਵੀਡੀਓ ਵੀ ‘ਐੱਕਸ’ ’ਤੇ ਜਾਰੀ ਕੀਤੀ ਗਈ ਹੈ। ਵੀਡੀਓ ਵਿੱਚ ਪਾਕਿਸਤਾਨੀ ਫ਼ੌਜ ਵੱਲੋਂ ਕੀਤੇ ਗਏ ਹਮਲੇ ਦੌਰਾਨ ਮਿਜ਼ਾਈਲਾਂ ਅਤੇ ਡਰੋਨਾਂ ਦੇ ਵੱਖ-ਵੱਖ ਥਾਵਾਂ ’ਤੇ ਡਿੱਗੇ ਮਲਬੇ ਨੂੰ ਦਿਖਾਇਆ ਗਿਆ ਹੈ, ਜਿਨ੍ਹਾਂ ਨੂੰ ਭਾਰਤੀ ਹਵਾਈ ਫ਼ੌਜ ਨੇ ਹਵਾ ਵਿੱਚ ਹੀ ਫੁੰਡ ਦਿੱਤਾ ਸੀ। ਭਾਰਤੀ ਫ਼ੌਜ ਵੱਲੋਂ ਇਸ ਸਬੰਧੀ ਪ੍ਰਗਟਾਵਾ ਅੱਜ ਪਹਿਲੀ ਵਾਰ ਕੀਤਾ ਗਿਆ ਹੈ।

ਪਹਿਲਗਾਮ ਵਿੱਚ ਅਤਿਵਾਦੀ ਹਮਲੇ ਮਗਰੋਂ ਭਾਰਤ ਨੇ ‘ਅਪਰੇਸ਼ਨ ਸਿੰਧੂਰ’ ਤਹਿਤ ਪਾਕਿਸਤਾਨ ਵਿੱਚ 9 ਅਤਿਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਸੀ। ਇਸ ਮਗਰੋਂ ਪਾਕਿਸਤਾਨੀ ਫੌਜ ਵੱਲੋਂ ਵੀ ਡਰੋਨ ਅਤੇ ਮਿਜ਼ਾਈਲਾਂ ਨਾਲ ਭਾਰਤੀ ਫੌਜੀ ਟਿਕਾਣਿਆਂ ਅਤੇ ਹੋਰ ਥਾਵਾਂ ’ਤੇ ਹਮਲੇ ਕੀਤੇ ਗਏ ਸਨ। ਲਗਪਗ 86 ਘੰਟੇ ਚੱਲੇ ਇਸ ਟਕਰਾਅ ਦੌਰਾਨ ਭਾਰਤੀ ਫ਼ੌਜ ਨੇ ਮਜ਼ਬੂਤ ਹਵਾਈ ਰੱਖਿਆ ਪ੍ਰਣਾਲੀ ਦੀ ਮਦਦ ਨਾਲ ਪਾਕਿਸਤਾਨ ਵੱਲੋਂ ਕੀਤੇ ਗਏ



ਮਿਜ਼ਾਈਲ ਅਤੇ ਡਰੋਨ ਹਮਲਿਆਂ ਨੂੰ ਨਾਕਾਮ ਬਣਾ ਦਿੱਤਾ ਸੀ।

ਫੌਜ ਅਧਿਕਾਰੀ ਨੇ ਕਿਹਾ ਕਿ ਭਾਰਤ ਵੱਲੋਂ ਪਾਕਿਸਤਾਨ ਵਿੱਚ ਸਿਰਫ਼ ਅਤਿਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ ਅਤੇ ਕਿਸੇ ਵੀ ਆਮ ਨਾਗਰਿਕ ਜਾਂ ਫ਼ੌਜੀ ਟਿਕਾਣੇ ਨੂੰ ਨੁਕਸਾਨ ਨਹੀਂ ਪਹੁੰਚਾਇਆ ਸੀ ਪਰ ਪਾਕਿਸਤਾਨ ਵੱਲੋਂ 7 ਮਈ ਦੀ ਰਾਤ ਨੂੰ ਫ਼ੌਜ ਦੇ ਟਿਕਾਣਿਆਂ, ਧਾਰਮਿਕ ਸਥਾਨਾਂ ਅਤੇ ਖਾਸ ਕਰਕੇ ਹਰਿਮੰਦਰ ਸਾਹਿਬ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਸੀ। ਪਾਕਿਸਤਾਨੀ ਫ਼ੌਜ ਦੀ ਇਸ ਯੋਜਨਾ ਦੀ ਜਾਣਕਾਰੀ ਮਿਲਣ ਮਗਰੋਂ ਭਾਰਤੀ ਫ਼ੌਜ ਵੱਲੋਂ ਆਧੁਨਿਕ ਹਵਾਈ ਰੱਖਿਆ ਪ੍ਰਣਾਲੀ, ਜਿਸ ਵਿੱਚ ਆਕਾਸ਼ ਮਿਜ਼ਾਈਲ ਸਿਸਟਮ ਤੇ ਹੋਰ ਏਅਰ ਡਿਫੈਂਸ ਗੰਨ ਪ੍ਰਣਾਲੀਆਂ ਸ਼ਾਮਲ ਸਨ, ਤਾਇਨਾਤ ਕੀਤੀਆਂ ਗਈਆਂ। ਸ੍ਰੀ ਹਰਿਮੰਦਰ ਸਾਹਿਬ ਵੱਲ ਕਿਸੇ ਵੀ ਮਿਜ਼ਾਈਲ ਅਤੇ ਡਰੋਨ ਨੂੰ ਨਹੀਂ ਆਉਣ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਹਵਾ ਵਿੱਚ ਹੀ ਫੁੰਡ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਵੱਖ-ਵੱਖ ਥਾਵਾਂ ’ਤੇ ਮਿਜ਼ਾਈਲਾਂ ਅਤੇ ਡਰੋਨਾਂ ਦਾ ਡਿੱਗਿਆ ਮਲਬਾ ਇਸ ਗੱਲ ਦਾ ਪ੍ਰਤੱਖ ਸਬੂਤ ਹੈ ਕਿ ਪਾਕਿਸਤਾਨੀ ਹਮਲੇ ਨੂੰ ਕਿਵੇਂ ਨਾਕਾਮ ਬਣਾਇਆ ਗਿਆ। ਅਧਿਕਾਰੀ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਪਾਕਿਸਤਾਨ ਨੇ ਮੁੜ ਅਜਿਹੀ ਕੋਈ ਕੋਸ਼ਿਸ਼ ਕੀਤੀ ਤਾਂ ਉਸ ਨੂੰ ਕਰਾਰਾ ਜਵਾਬ ਦਿੱਤਾ ਜਾਵੇਗਾ ਕਿਉਂਕਿ ‘ਅਪਰੇਸ਼ਨ ਸਿੰਧੂਰ’ ਹਾਲੇ ਖਤਮ ਨਹੀਂ ਹੋਇਆ ਹੈ ਸਗੋਂ ਮੁਲਤਵੀ ਕੀਤਾ ਗਿਆ ਹੈ।

ਇਸ ਦੌਰਾਨ ਵੀਡੀਓ ਵਿੱਚ ਇੱਕ ਹੋਰ ਫ਼ੌਜੀ ਅਧਿਕਾਰੀ ਨੇ ਦਾਅਵਾ ਕੀਤਾ ਕਿ 8 ਅਤੇ 9 ਮਈ ਦੀ ਦਰਮਿਆਨੀ ਰਾਤ ਨੂੰ ਦੁਸ਼ਮਣ ਨੇ ਅਚਾਨਕ ਭਾਰਤੀ ਚੌਕੀਆਂ ’ਤੇ ਫਾਇਰਿੰਗ ਕੀਤੀ ਅਤੇ ਘੁਸਪੈਠ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਦਾਅਵਾ ਕੀਤਾ ਕਿ ਸਵੇਰ ਵੇਲੇ ਪਾਕਿਸਤਾਨੀ ਚੌਕੀ ’ਤੇ ਸਫੈਦ ਝੰਡਾ ਲਹਿਰਾ ਕੇ ਦੁਸ਼ਮਣਾਂ ਨੇ ਗੋਡੇ ਟੇਕ ਦਿੱਤੇ ਸਨ।

# ਆਸਥਾ ਦੇ ਕੇਂਦਰ ਪਾਵਨ ਅਸਥਾਨ ਵਿਖੇ ਕੋਈ ਵੀ ਫ਼ੌਜੀ ਜਰਨੈਲ ਹਮਲਾ ਕਰਨ ਬਾਰੇ ਸੋਚ ਵੀ ਨਹੀਂ ਸਕਦਾ : ਮੰਨਣ

ਅੰਮ੍ਰਿਤਸਰ : ਪਾਕਿਸਤਾਨ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਤੇ ਹਮਲਾ ਕੀਤੇ ਜਾਣ ਸਬੰਧੀ ਭਾਰਤੀ ਫੌਜ ਵੱਲੋਂ ਕੀਤੇ ਖੁਲਾਸੇ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਆਖਿਆ ਕਿ ਉਹ ਅਜਿਹੇ ਕਿਸੇ ਵੀ ਬਿਆਨ ਤੇ ਵਿਸ਼ਵਾਸ ਨਹੀਂ ਕਰਦੇ ਹਨ। ਉਨ੍ਹਾਂ ਕਿਹਾ ਕਿ ਚਾਹੇ ਭਾਰਤੀ ਫੌਜ ਹੋਵੇ ਜਾਂ ਪਾਕਿਸਤਾਨੀ ਫੌਜ ਗੁਰੂ ਘਰ ਤੇ ਹਮਲੇ ਬਾਰੇ ਸੋਚ ਨਹੀਂ ਸਕਦੀ। ਇਹ ਅਜਿਹਾ ਸਥਾਨ ਹੈ, ਜਿੱਥੋਂ ਲੋਕਾਂ ਨੂੰ ਜੀਵਨ ਮਿਲਦਾ ਹੈ, ਖੁਸ਼ੀਆਂ ਅਤੇ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਭਾਰਤੀ ਫੌਜ ਦੇ ਇਸ ਦਾਅਵੇ ਨੂੰ ਖਾਰਜ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਇਸ ਤੇ ਵਿਸ਼ਵਾਸ ਹੀ ਨਹੀਂ ਕਰਦੇ। ਮੁੱਖ ਸਕੱਤਰ ਨੇ ਕਿਹਾ ਕਿ ਇਸ ਮਾਮਲੇ ਬਾਰੇ ਸੰਗਤ ਦੇ ਮਨ ਵਿੱਚ ਨਾ ਕੋਈ ਦੁਵਿਧਾ ਹੈ ਅਤੇ ਨਾ ਹੀ ਕੋਈ ਤੌਖਲਾ ਹੈ। ਸੰਗਤ ਪਹਿਲਾਂ ਵਾਂਗ ਹੀ ਵੱਡੀ ਗਿਣਤੀ ਵਿਚ ਗੁਰੂ ਘਰ ਵਿਖੇ ਨਤਮਸਤਕ ਹੋਣ ਲਈ ਪੁੱਜ ਰਹੀ ਹੈ। ਹਰਿਆਣਾ ਦੇ ਇਕ ਵਿਅਕਤੀ ਵੱਲੋਂ ਸਿੱਖ ਜਰਨੈਲਾਂ ਬਾਰੇ ਬਣਾਈਆਂ ਵੀਡੀਓਜ਼ ਬਾਰੇ ਉਨ੍ਹਾਂ ਕਿਹਾ ਕਿ ਸਿੱਖ ਜਰਨੈਲਾਂ ਬਾਰੇ ਫਿਲਮਾਂਕਣ ਕਰਨ ਤੇ ਰੋਕ ਹੈ। ਸਿੱਖ ਜਰਨੈਲਾਂ ਬਾਰੇ ਕਿਸੇ ਵੀ ਕਿਸਮ ਦਾ ਗਲਤ ਪ੍ਰਚਾਰ ਨਹੀਂ ਕਰਨਾ ਚਾਹੀਦਾ। ਇਸ ਤੇ ਉਨ੍ਹਾਂ ਚੇਤਾਵਨੀ ਦਿੱਤੀ ਹੈ ਕਿ ਅਜਿਹਾ ਕਰਨ ਵਾਲਿਆਂ ਖ਼ਿਲਾਫ਼ ਸ਼੍ਰੋਮਣੀ ਕਮੇਟੀ ਕਾਨੂੰਨੀ ਕਾਰਵਾਈ ਕਰੇਗੀ।



# ‘ਹਰਿਮੰਦਰ ਸਾਹਿਬ ਵਿੱਚ ਹਵਾਈ ਰੱਖਿਆ ਤੋਪਾਂ ਤਾਇਨਾਤ ਨਹੀਂ ਕੀਤੀਆਂ ਗਈਆਂ ਸਨ’, ਭਾਰਤੀ ਫੌਜ ਨੇ ਦਿੱਤੀ ਜਾਣਕਾਰੀ

ਅੰਮ੍ਰਿਤਸਰ : ਭਾਰਤੀ ਫੌਜ ਨੇ ਹਰਿਮੰਦਰ ਸਾਹਿਬ ਵਿੱਚ ਹਵਾਈ ਰੱਖਿਆ ਤੋਪਾਂ ਦੀ ਤਾਇਨਾਤੀ ਬਾਰੇ ਜਾਣਕਾਰੀ ਦਿੱਤੀ। ਫੌਜ ਨੇ ਕਿਹਾ ਕਿ ਦਰਬਾਰ ਸਾਹਿਬ ਅੰਮ੍ਰਿਤਸਰ (ਹਰਿਮੰਦਰ ਸਾਹਿਬ ) ਦੇ ਅਹਾਤੇ ਵਿੱਚ ਕੋਈ ਹਵਾਈ ਰੱਖਿਆ ਤੋਪਾਂ ਤਾਇਨਾਤ ਨਹੀਂ ਕੀਤੀਆਂ ਗਈਆਂ ਸਨ। ਹਾਲ ਹੀ ਵਿੱਚ ਕੁਝ ਮੀਡੀਆ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਗੋਲਡਨ ਟੈਂਪਲ ਮੈਨੇਜਮੈਂਟ ਨੇ ਪਾਕਿਸਤਾਨ ਤੋਂ ਡਰੋਨ ਅਤੇ ਮਿਜ਼ਾਈਲ ਖਤਰਿਆਂ ਨਾਲ ਨਜਿੱਠਣ ਲਈ ਫੌਜ ਨੂੰ ਮੰਦਰ ਦੇ ਅੰਦਰ ਹਵਾਈ ਰੱਖਿਆ ਤੋਪਾਂ ਤਾਇਨਾਤ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ।

ਭਾਰਤੀ ਫੌਜ ਦੇ ਹਵਾਈ ਰੱਖਿਆ ਮੁਖੀ ਲੈਫਟੀਨੈਂਟ ਜਨਰਲ ਸੁਮੇਰ ਇਵਾਨ ਡੀ’ਕੁੰਹਾ ਨੇ ਇੱਕ ਨਿਊਜ਼ ਏਜੰਸੀ ਦੇ ਪੋਡਕਾਸਟ ਵਿੱਚ ਦਾਅਵਾ ਕੀਤਾ ਸੀ ਕਿ ਭਾਰਤ-ਪਾਕਿਸਤਾਨ ਤਣਾਅ ਦੇ ਵਿਚਕਾਰ ਫੌਜ ਵੱਲੋਂ ਸ੍ਰੀ ਹਰਿਮੰਦਰ ਸਾਹਿਬ (ਸਵਰਣ ਮੰਦਿਰ) ਵਿਖੇ ਹਵਾਈ ਰੱਖਿਆ ਤੋਪਾਂ ਲਗਾਈਆਂ ਗਈਆਂ ਹਨ। ਇਸ ਦਾਅਵੇ ਨੂੰ ਫੌਜ ਨੇ ਹੀ ਰੱਦ ਕਰ ਦਿੱਤਾ ਸੀ।

ਇਸ ਤੋਂ ਪਹਿਲਾਂ, ਗੁਰਦੁਆਰੇ ਦੇ ਵਧੀਕ ਮੁੱਖ ਗ੍ਰੰਥੀ ਅਤੇ ਸਿੱਖਾਂ ਦੀ ਸਰਵਉੱਚ ਧਾਰਮਿਕ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਨੇ ਕਿਹਾ ਸੀ ਕਿ ਭਾਰਤੀ ਫੌਜ ਨੂੰ ਕੋਈ ਵੀ ਹਵਾਈ ਰੱਖਿਆ ਤੋਪਾਂ ਤਾਇਨਾਤ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪ੍ਰਸ਼ਾਸਨ ਨੇ ਉਨ੍ਹਾਂ ਨਾਲ ਸੰਪਰਕ ਕੀਤਾ ਸੀ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਹਾਲ ਹੀ ਵਿੱਚ ਤਣਾਅ ਵਧਣ ਤੋਂ ਬਾਅਦ ਬਲੈਕਆਊਟ ਦੌਰਾਨ ਸਿਰਫ਼ ਲਾਈਟਾਂ ਬੰਦ ਕੀਤੀਆਂ ਜਾਣ। ਪਰ ਉਸਨੇ ਚੱਲ ਰਹੇ ਧਾਰਮਿਕ ਅਭਿਆਸ ਦੀ ਪਵਿੱਤਰਤਾ ਨੂੰ ਬਣਾਈ ਰੱਖਦੇ ਹੋਏ ਪ੍ਰਬੰਧਕੀ ਜ਼ਿੰਮੇਵਾਰੀ ਦੇ ਹਿੱਤ ਵਿੱਚ ਪੂਰਾ ਸਹਿਯੋਗ ਕੀਤਾ। ਧਾਮੀ ਨੇ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਏਅਰ ਡਿਫੈਂਸ ਤੋਪਾਂ ਲਗਾਉਣ ਸਬੰਧੀ ਕਿਸੇ ਵੀ ਫੌਜੀ ਅਧਿਕਾਰੀ ਨਾਲ ਕੋਈ ਸੰਪਰਕ ਨਹੀਂ ਹੋਇਆ ਹੈ। ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਵੀ ਕਿਹਾ ਕਿ ਉਹ ਆਪ੍ਰੇਸ਼ਨ ਸਿੰਦੂਰ ਦੌਰਾਨ ਵਿਦੇਸ਼ ਦੌਰੇ ‘ਤੇ ਸਨ, ਪਰ ਉਨ੍ਹਾਂ ਨਾਲ ਹਵਾਈ ਰੱਖਿਆ ਤੋਪਾਂ ਦੀ ਤਾਇਨਾਤੀ ਬਾਰੇ ਕੋਈ ਚਰਚਾ ਨਹੀਂ ਹੋਈ ਅਤੇ ਨਾ ਹੀ ਹਰਿਮੰਦਰ ਸਾਹਿਬ ਵਿਖੇ ਅਜਿਹੀ ਕੋਈ ਘਟਨਾ ਵਾਪਰੀ।

# ਧਾਲੀਵਾਲ ਨੇ ਡੌਂਕਰਾਂ ਦੇ ਚੁੰਗਲ 'ਚੋਂ ਛੁਡਵਾਏ ਸੱਤ ਪੰਜਾਬੀ ਮੁੰਡੇ

## ਗ਼ੈਰ-ਕਾਨੂੰਨੀ ਤਰੀਕੇ ਨਾਲ ਵਿਦੇਸ਼ਾਂ 'ਚ ਨਾ ਭੇਜੋ ਆਪਣੇ ਬੱਚੇ : ਕੁਲਦੀਪ ਸਿੰਘ ਧਾਲੀਵਾਲ

ਅੰਮ੍ਰਿਤਸਰ : ਪਰਵਾਸੀ ਭਾਰਤੀ ਮਾਮਲਿਆਂ ਬਾਰੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਬੀਤੇ ਦਿਨੀਂ ਕੋਲੰਬੀਆ ਤੋਂ ਆਈ ਇਕ ਵੀਡੀਓ, ਜਿਸ ’ਚ ਕੁਝ ਪੰਜਾਬੀ ਮੁੰਡਿਆਂ ਨੂੰ ਉਥੇ ਡੌਂਕਰਾਂ ਵੱਲੋਂ ਅਗਵਾ ਕਰ ਕੇ ਫਿਰੌਤੀ ਮੰਗੀ ਜਾ ਰਹੀ ਸੀ, ਉੱਤੇ ਤੁਰੰਤ ਕਾਰਵਾਈ ਕਰਦੇ ਹੋਏ ਸੱਤ ਪੰਜਾਬੀ ਮੁੰਡਿਆਂ ਨੂੰ ਛੁਡਵਾ ਲਿਆ ਹੈ। ਉਕਤ ਜਾਣਕਾਰੀ ਦਿੰਦੇ ਧਾਲੀਵਾਲ ਨੇ ਦੱਸਿਆ ਕਿ ਇਹ ਵੀਡੀਓ ਮਿਲਣ ਮਗਰੋਂ ਉਨ੍ਹਾਂ ਤੁਰੰਤ ਵਿਦੇਸ਼ ਵਿਭਾਗ ਰਾਹੀਂ ਕੋਲੰਬੀਆਂ ਦੇ ਦੂਤਘਰ ਨਾਲ ਸੰਪਰਕ ਕੀਤਾ, ਜਿਨਾਂ ਕੁਝ ਹੀ ਘੰਟਿਆਂ ’ਚ ਕਾਰਵਾਈ ਕਰਦੇ ਹੋਏ ਉਕਤ ਮੁੰਡਿਆਂ ਨਾਲ ਰਾਬਤਾ ਕਾਇਮ ਕਰ ਲਿਆ, ਜਿਸ ਦਾ ਸਿੱਟਾ ਇਹ ਹੋਇਆ ਕਿ ਇਨ੍ਹਾਂ ’ਚੋਂ ਦੋ ਪੰਜਾਬੀ ਮੁੰਡੇ ਕੋਲੰਬੀਆ ਤੋਂ ਵਾਪਸ ਦਿੱਲੀ ਪਹੁੰਚ ਚੁੱਕੇ ਹਨ, ਜਦਕਿ ਬਾਕੀ ਪੰਜ ਮੁੰਡੇ ਕੋਲੰਬੀਆ ਦੂਤ ਘਰ ਦੇ ਸੰਪਰਕ ’ਚ ਹਨ ਅਤੇ ਆਉਣ ਵਾਲੇ ਇਕ-ਦੋ ਦਿਨਾਂ ’ਚ ਉਹ ਵੀ ਵਾਪਸ ਭਾਰਤ ਪਹੁੰਚ ਜਾਣਗੇ। ਧਾਲੀਵਾਲ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਗ਼ਲਤ ਤਰੀਕਿਆਂ ਰਾਹੀਂ ਵਿਦੇਸ਼ਾਂ ’ਚ ਨਾ ਭੇਜਣ। ਉਨ੍ਹਾਂ ਕਿਹਾ ਕਿ ਇਹ ਰਸਤੇ ਜਿੱਥੇ ਬਹੁਤ ਮਹਿੰਗੇ ਤੇ ਖਤਰਿਆਂ ਭਰੇ ਹਨ। ਉਨ੍ਹਾਂ ਨੌਜਵਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਮਾਂ ਪਿਓ ਨੂੰ ਵਿਦੇਸ਼ਾਂ ਪਿੱਛੇ ਬਲੈਕਮੇਲ ਕਰਨ ਨਾਲੋਂ ਇੱਥੇ ਕੋਈ ਕਾਰੋਬਾਰ ਕਰਕੇ ਵਧੀਆ ਰੋਟੀ ਪਾਣੀ ਦਾ ਪ੍ਰਬੰਧ ਕਰਨ, ਜਿਸ ਨਾਲ ਜਿੱਥੇ ਉਹ ਆਪ ਵਧੀਆ ਪੈਸੇ ਕਮਾ ਸਕਣਗੇ ਉੱਥੇ ਉਹ ਕਈਆਂ ਨੂੰ ਰੁਜ਼ਗਾਰ ਵੀ ਦੇ ਸਕਣਗੇ।



# ਪੰਜਾਬ ਦੀਆਂ ਤਿੰਨੇ ਜੇਸੀਪੀ’ਜ਼ ਤੇ ਬਹਾਲ ਹੋਵੇਗੀ ਰੀਟ੍ਰੀਟ ਰਸਮ

ਅੰਮ੍ਰਿਤਸਰ : ਭਾਰਤ ਤੇ ਪਾਕਿਸਤਾਨ ਵਿਚਾਲੇ ਜੰਗਬੰਦੀ ਤੋਂ ਬਾਅਦ ਅੱਜ 20 ਮਈ ਸ਼ਾਮ ਤੋਂ ਪੰਜਾਬ ਦੀ ਸਰਹੱਦ ਤੇ ਅਟਾਰੀ (ਅੰਮ੍ਰਿਤਸਰ), ਹੁਸੈਨੀ ਵਾਲਾ (ਫਿਰੋਜ਼ਪੁਰ), ਸਾਦਕੀ (ਫਾਜ਼ਿਲਕਾ )ਵਿਖੇ ਰੀਟ੍ਰੀਟ ਰਸਮ ਬਹਾਲ ਕੀਤੀ ਜਾ ਰਹੀ ਹੈ। ਇਕ ਬੀਐਸਐੱਫ ਅਧਿਕਾਰੀ ਵੱਲੋਂ ਇਹ ਜਾਣਕਾਰੀ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਅੱਜ ਪੰਜਾਬ ਦੀਆਂ ਤਿੰਨਾਂ ਜੇਸੀਪੀ ਵਿਖੇ ਸ਼ਾਮ 6 ਵਜੇ ਰੀਟ੍ਰੀਟ ਰਸਮ ਹੋਵੇਗੀ। ਅੱਜ ਪਹਿਲੇ ਦਿਨ ਸ਼ਾਮ 6 ਵਜੇ ਮੀਡੀਆ ਨੂੰ ਇਸ ਵਿੱਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਗਿਆ ਹੈ। ਜਦੋਂ ਕਿ ਆਮ ਲੋਕਾਂ ਅਤੇ ਸੈਲਾਨੀਆਂ ਵਾਸਤੇ ਇਹ ਕੱਲ੍ਹ 21 ਮਈ ਤੋਂ ਪਹਿਲਾਂ ਵਾਂਗ ਸੈਲਾਨੀ ਇਸ ਨੂੰ ਦੇਖ ਸਕਣਗੇ। ਦੱਸਣ ਯੋਗ ਹੈ ਕਿ ਪਹਿਲਗਾਮ ਵਿਚ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਭਾਰਤ ਸਰਕਾਰ ਵੱਲੋਂ ਪਾਕਿਸਤਾਨ ਖ਼ਿਲਾਫ਼ ਕੁਝ ਸਖ਼ਤ ਫੈਸਲੇ ਲਏ ਗਏ ਸਨ, ਜਿਸ ਦਾ ਪ੍ਰਭਾਵ ਰੀਟ੍ਰੀਟ ਰਸਮ ਤੇ ਵੀ ਪਿਆ ਸੀ।

ਭਾਰਤ ਸਰਕਾਰ ਵੱਲੋਂ ਝੰਡਾ ਉਤਾਰਨ ਸਮੇਂ ਗੇਟ ਬੰਦ



ਰੱਖਣ ਅਤੇ ਪਰੇਡ ਕਮਾਂਡਰ ਨਾਲ ਹੱਥ ਨਾ ਮਿਲਾਉਣ ਦਾ ਫੈਸਲਾ ਕੀਤਾ ਗਿਆ ਸੀ। ਇਹ ਸਿਲਸਿਲਾ ਕੁਝ ਦਿਨ ਤੋਂ ਜਾਰੀ ਸੀ ਅਤੇ ਇਸ ਦਾ ਸੈਲਾਨੀਆਂ ਦੀ ਗਿਣਤੀ ਤੇ ਵੀ ਅਸਰ ਪਿਆ ਸੀ। ਭਾਰਤ ਅਤੇ ਪਾਕਿਸਤਾਨ ਵਿਚਕਾਰ ਸ਼ੁਰੂ ਹੋਏ ਟਕਰਾਅ ਦੌਰਾਨ ਇਸ ਨੂੰ ਬੰਦ ਕਰ ਦਿੱਤਾ ਗਿਆ ਸੀ।

# ਉੱਘੇ ਕਥਾਵਾਚਕ ਗਿਆਨੀ ਪਿੰਦਰਪਾਲ ਸਿੰਘ ਨੇ ਲੰਗਰ ਗੁਰੂ ਰਾਮਦਾਸ ਜੀ ਵਿਖੇ ਕੀਤੀ ਸੇਵਾ

## ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਤੇ ਸੇਵਾ ਕਰ ਕੇ ਮਨ ਨੂੰ ਬਹੁਤ ਸਕੂਨ ਮਿਲਦਾ



ਅੰਮ੍ਰਿਤਸਰ : ਸਿੱਖ ਪੰਥ ਦੇ ਪ੍ਰਸਿੱਧ ਕਥਾਵਾਚਕ ਗਿਆਨੀ ਪਿੰਦਰਪਾਲ ਸਿੰਘ ਲੁਧਿਆਣਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਕਰਨ ਪੁੱਜੇ। ਉਪਰੰਤ ਉਨ੍ਹਾਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਅੱਜ ਸੰਗਤਾਂ ਨੂੰ ਹੁਕਮਨਾਮੇ ਦੀ ਕਥਾ ਅਤੇ ਗੁਰਮਤਿ ਵਿਚਾਰਾਂ ਸਰਵਣ ਕਰਾਈਆਂ। ਇਸ ਤੋਂ ਬਾਅਦ ਗਿਆਨੀ ਪਿੰਦਰਪਾਲ ਸਿੰਘ ਲੰਗਰ ਗੁਰੂ ਰਾਮਦਾਸ ਜੀ ਵਿਖੇ ਪੁੱਜੇ ਅਤੇ ਸੰਗਤਾਂ ਦੇ ਜੂਠੇ ਬਰਤਨ ਸਾਫ਼ ਕਰਨ ਦੀ ਸੇਵਾ ਵੀ ਸ਼ਰਧਾ ਸਹਿਤ ਨਿਭਾਈ। ਇਸ ਮੌਕੇ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਕਿ ਦੁਨੀਆਂ ਵਿਚ ਜਿਥੇ-ਜਿਥੇ ਵੀ ਸਿੱਖ ਵਸਦੇ ਹਨ, ਉਹ ਰੋਜ਼ ਅੰਮ੍ਰਿਤਸਰ ਸਾਹਿਬ ਦੇ ਦਰਸ਼ਨ ਇਸ਼ਨਾਨ ਦੀ ਦਾਤ ਮੰਗਦੇ ਹਨ। ਉਨ੍ਹਾਂ ਕਿਹਾ ਕਿ ਮੈਂ ਕਾਫੀ ਸਮੇਂ ਤੋਂ ਵਿਦੇਸ਼ ਵਿਚ ਸੀ ਤੇ ਹੁਣ ਸ੍ਰੀ ਗੁਰੂ ਰਾਮਦਾਸ ਜੀ ਦੇ ਦਰ ਦੇ ਦਰਸ਼ਨ ਕਰਨ ਆਇਆ ਹਾਂ ਅਤੇ ਇੱਥੇ ਹਰ ਵਾਰ ਦਰਸ਼ਨ ਤੇ ਸੇਵਾ ਕਰਕੇ ਮਨ ਨੂੰ ਬਹੁਤ ਸਕੂਨ ਮਿਲਦਾ ਹੈ।

# ਦਿਲਜੀਤ ਸਿੰਘ ਬੇਦੀ ਦੀ ਲਿਖੀ ਕਿਤਾਬ ਬੁੱਢਾ ਦਲ ਦੇ ਜਥੇਦਾਰ ਸਾਹਿਬਾਨਾਂ ਦਾ ਜੀਵਨ ਬਿਉਰਾ ਬਾਬਾ ਬਲਬੀਰ ਸਿੰਘ ਸਮੇਤ ਪੰਥ ਦੀਆਂ ਪ੍ਰਮੁੱਖ ਸ਼ਖ਼ਸ਼ੀਅਤਾਂ ਵੱਲੋਂ ਸੰਗਤ ਅਰਪਣ




ਅੰਮ੍ਰਿਤਸਰ : ਬੁੱਢਾ ਦਲ ਦੇ ਜਥੇਦਾਰ ਸਾਹਿਬਾਨਾਂ ਦਾ ਜੀਵਨ ਬਿਉਰਾ ਕਿਤਾਬ ਜੋ ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਵੱਲੋਂ ਲਿਖੀ ਗਈ ਹੈ ਨੂੰ ਗੁਰਦੁਆਰਾ ਮੱਲ ਅਖਾੜਾ ਸਾਹਿਬ ਪਾ:ਛੇਵੀਂ, ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਵਿਖੇ ਬਾਬਾ ਜੱਸਾ ਸਿੰਘ ਆਹਲੂਵਾਲੀਆ ਦੇ 307ਵੇਂ ਜਨਮ ਦਿਹਾੜੇ ਤੇ ਅਯੋਜਤ ਗੁਰਮਤਿ ਸਮਾਗਮ ਸਮੇਂ ਬਾਬਾ ਬਲਬੀਰ ਸਿੰਘ 96 ਕਰੋੜੀ, ਗਿ. ਰਘੁਬੀਰ ਸਿੰਘ, ਸੰਤ ਮਨਮੋਹਨ ਸਿੰਘ ਬਾਰਨਵਾਲੇ, ਬਾਬਾ ਮੇਜਰ ਸਿੰਘ ਸੋਢੀ, ਬਾਬਾ ਬਲਦੇਵ ਸਿੰਘ ਤੇ ਹੋਰ ਪੰਥ ਦੀਆਂ ਨਾਮਵਰ ਪ੍ਰਮੁੱਖ ਸਖ਼ਸ਼ੀਅਤਾਂ ਵੱਲੋਂ ਜਨਤਕ ਕੀਤੀ ਗਈ।

ਇਸ ਰਲੀਜ਼ ਸਮਾਗਮ ਸਮੇਂ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਕਿ ਬੁੱਢਾ ਦਲ ਦੇ ਜਥੇਦਾਰ ਸਾਹਿਬਾਨਾਂ ਦੇ ਜੀਵਨ ਬਾਰੇ ਸੰਖੇਪ ਤੇ ਭਾਵਪੂਰਤ ਇਹ ਕਿਤਾਬ ਹੈ। ਬਾਬਾ ਬਿਨੋਦ ਸਿੰਘ ਬੁੱਢਾ ਦਲ ਦੇ ਪਹਿਲੇ ਜਥੇਦਾਰ ਸਾਹਿਬਾਨ ਤੋਂ ਲੈ ਕੇ ਮੌਜੂਦਾ 14ਵੇਂ ਮੁਖੀ ਤੀਕ ਦਾ ਜੀਵਨ ਵੇਰਵਾ ਇਸ ਪੁਸਤਕ ਅੰਦਰ ਦਰਜ ਹੈ। ਸ. ਦਿਲਜੀਤ ਸਿੰਘ ਬੇਦੀ ਨੇ ਚੰਗੀ ਮੇਹਨਤ ਕੀਤੀ ਹੈ ਕਿ ਇਸ ਕਿਤਾਬ ਅੰਦਰ ਬੁੱਢਾ ਦਲ ਦੇ ਸਾਰੇ ਜਥੇਦਾਰ ਸਾਹਿਬਾਨਾਂ ਦੀ ਜੀਵਨ ਝਲਕ ਪ੍ਰਾਪਤ ਹੋ ਜਾਵੇਗੀ। ਸਿੰਘ ਸਾਹਿਬ ਗਿ. ਰਘੁਬੀਰ ਸਿੰਘ ਨੇ ਕਿਹਾ ਕਿ ਸ. ਦਿਲਜੀਤ ਸਿੰਘ ਬੇਦੀ ਦਾ ਇਹ ਖੋਜ ਭਰਪੂਰ ਕਾਰਜ ਪ੍ਰਸ਼ੰਸਾਜਨਕ ਹੈ ਇਨ੍ਹਾਂ ਸ਼ ?ਰੋ:ਗੁ:ਪ੍ਰ ਕਮੇਟੀ ਦੇ ਸੇਵਾ ਕਾਲ ਵਿੱਚ ਵੀ ਯਾਦਗਾਰੀ ਪੁਸਤਕਾਂ ਪੰਥ ਦੀ ਝੋਲੀ ਵਿੱਚ ਪਾਈਆਂ ਹਨ। ਸੂਰਬੀਰਾਂ ਯੋਧਿਆਂ ਦੀ ਇਕ ਸ਼ਾਨਾਮੱਤੀ ਜਥੇਬੰਦੀ ਦੇ ਆਗੂਆਂ ਦਾ ਜੀਵਨ ਬਿਉਰਾ ਸੰਗ੍ਰਹਿ ਕਰਕੇ ਪੰਥ ਲਈ ਪ੍ਰਕਾਸ਼ਤ ਕਰਨਾ ਇਸ ਲਈ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ ਅਤੇ ਲੇਖਕ ਸ. ਦਿਲਜੀਤ ਸਿੰਘ ਬੇਦੀ ਵਧਾਈ ਦੇ ਹੱਕਦਾਰ ਹਨ। ਸਿੰਘ ਸਾਹਿਬ ਗਿ. ਸੁਲਤਾਨ ਸਿੰਘ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਨੇ ਵੀ ਇਸ ਕਾਰਜ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਅਜਿਹੇ ਦਸਤਾਵੇਜ ਇਤਿਹਾਸਕ ਪੱਧਰ ਤੇ ਮੁਲਵਾਨ ਬਣਦੇ ਹਨ।

ਬੁੱਢਾ ਦਲ ਦੇ ਹੈਡ ਪ੍ਰਚਾਰਕ ਸੰਤ ਮਨਮੋਹਨ ਸਿੰਘ ਬਾਰਨਵਾਲਿਆਂ ਨੇ ਦਸਿਆ ਕਿ ਸ. ਦਿਲਜੀਤ ਸਿੰਘ ਬੇਦੀ ਨੇ ਬੁੱਢਾ ਦਲ ਵਿੱਚ ਆ ਕੇ ਚੰਗੀਆਂ ਸੇਵਾਵਾਂ ਦਿੱਤੀਆਂ ਹਨ, ਸਿੰਘ ਸਾਹਿਬ ਬਾਬਾ ਬਲਬੀਰ ਸਿੰਘ 96 ਕਰੋੜੀ ਦੀ ਅਗਵਾਈ ਵਿੱਚ ਉਨ੍ਹਾਂ ਪਹਿਲਾਂ ਸ੍ਰੀ ਸਰਬਲੋਹ ਗ੍ਰੰਥ ਸਾਹਿਬ, ਫਿਰ ਵੱਖ-ਵੱਖ ਜਥੇਦਾਰ ਸਾਹਿਬਾਨਾਂ ਬਾਰੇ ਮੁਕੰਮਲ ਰੂਪ ਵਿੱਚ ਪੁਸਤਕਾਂ ਪ੍ਰਕਾਸ਼ਤ ਕੀਤੀਆਂ ਹਨ। ਬਾਬਾ ਬਿਨੋਦ ਸਿੰਘ, ਨਵਾਬ ਕਪੂਰ ਸਿੰਘ, ਬਾਬਾ ਜੱਸਾ ਸਿੰਘ ਆਹਲੂਵਾਲੀਆ, ਅਕਾਲੀ ਬਾਬਾ ਫੂਲਾ ਸਿੰਘ ਬਾਰੇ ਵੱਡ ਅਕਾਰੀ ਅਭਿਨੰਦਨ ਗ੍ਰੰਥ ਉਨ੍ਹਾਂ ਦੀ ਮੇਹਨਤ ਦਾ ਸਿੱਟਾ ਹਨ। ਪੁਸਤਕ ਰਲੀਜ਼ ਕਰਨ ਸਮੇਂ ਸ. ਦਿਲਜੀਤ ਸਿੰਘ ਬੇਦੀ, ਸੰਤ ਮਨਮੋਹਨ ਸਿੰਘ ਬਾਰਨਵਾਲੇ, ਸਿੰਘ ਸਾਹਿਬ ਗਿ. ਰਘੁਬੀਰ ਸਿੰਘ, ਸਿੰਘ ਸਾਹਿਬ ਬਾਬਾ ਬਲਬੀਰ ਸਿੰਘ 96 ਕਰੋੜੀ, ਬਾਬਾ ਮੇਜਰ ਸਿੰਘ ਸੋਢੀ ਮੁਖੀ ਤਰਨਾ ਦਲ, ਬਾਬਾ ਬਲਦੇਵ ਸਿੰਘ ਵੱਲਾ, ਬਾਬਾ ਸੁਖਵਿੰਦਰ ਸਿੰਘ ਮੌਰ ਆਦਿ ਸਖ਼ਸ਼ੀਅਤਾਂ ਸ਼ਾਮਲ ਸਨ।

# 11 ਅਤੇ 34 ਸਾਲਾ ਲੜਕੀਆਂ 'ਚਿੱਟੇ' ਦੀ ਲਪੇਟ 'ਚ; ਕਪੂਰਥਲਾ ਨਸ਼ਾ ਛੁਡਾਊ ਕੇਂਦਰ ਭੇਜੀਆਂ

## ਮਹਿਲਾ ਨੇ ਰੋਜ਼ਾਨਾ 3,500 ਤੋਂ 4,000 ਰੁਪਏ ਦਾ 'ਚਿੱਟਾ' ਲੈਣ ਦੀ ਗੱਲ ਕਬੂਲ ਕੀਤੀ




ਮੁਕਤਸਰ : ਸੂਬੇ ਵਿਚ ਨੌਜਵਾਨਾਂ ਤੋਂ ਬਾਅਦ ਹੁਣ ਮੁਟਿਆਰਾਂ ਵਿਚ ਨਸ਼ੇ ਦਾ ਰੁਝਾਨ ਵਧਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧਤ ਇਕ ਮਾਮਲੇ ਵਿਚ 11 ਸਾਲਾ ਨਾਬਾਲਗ ਲੜਕੀ ਅਤੇ 34 ਸਾਲਾ ਮਹਿਲਾ, ਦੋਵੇਂ ਕਥਿਤ ਤੌਰ 'ਤੇ 'ਚਿੱਟੇ' ਦੀਆਂ ਆਦੀ ਅਤੇ ਕਥਿਤ ਤੌਰ 'ਤੇ ਅਨੈਤਿਕ ਗਤੀਵਿਧੀਆਂ ਵਿਚ ਸ਼ਾਮਲ, ਨੂੰ ਗਿੱਦੜਬਾਹਾ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ। ਹਾਲਾਂਕਿ ਬਾਅਦ ਵਿਚ ਦੋਵਾਂ ਨੂੰ ਕਪੂਰਥਲਾ ਦੇ ਇੱਕ ਨਸ਼ਾ ਛੁਡਾਊ ਅਤੇ ਮਹਿਲਾਵਾਂ ਲਈ ਮੁੜ ਵਸੇਬਾ ਕੇਂਦਰ ਵਿਚ ਰੈਫਰ ਕਰ ਦਿੱਤਾ ਗਿਆ ਹੈ।

ਗਿੱਦੜਬਾਹਾ ਸਥਿਤ ਸਮਾਜਿਕ ਕਾਰਕੁਨ ਐਡਵੋਕੇਟ ਐਂਨਡੀ ਸਿੰਗਲਾ ਅਤੇ ਪਵਨ ਬਾਂਸਲ ਨੇ ਉਨ੍ਹਾਂ ਨੂੰ ਦਾਖਲ ਕਰਵਾਉਣ ਵਿਚ ਮੁੱਖ ਭੂਮਿਕਾ ਨਿਭਾਈ ਹੈ। ਇਸ ਸਬੰਧੀ ਸਿੰਗਲਾ ਨੇ ਕਿਹਾ, "ਸਾਡੀਆਂ ਟੀਮਾਂ ਨੇ ਪੁਲੀਸ ਦੇ ਨਾਲ ਮਿਲ ਕੇ ਮਹਿਲਾ ਦੀਆਂ ਗਤੀਵਿਧੀਆਂ ਦਾ ਪਤਾ ਲਗਾਇਆ ਅਤੇ ਇਹ ਯਕੀਨੀ ਬਣਾਇਆ ਕਿ ਉਸ ਨੂੰ ਇਲਾਜ ਲਈ ਹਸਪਤਾਲ ਲਿਆਂਦਾ ਜਾਵੇ।" ਉਨ੍ਹਾਂ ਦੱਸਿਆ ਕਿ ਉਸ ਮਹਿਲਾ ਨੇ ਬਠਿੰਡਾ ਜ਼ਿਲ੍ਹੇ ਦੀ ਇਕ 11 ਸਾਲਾ ਲੜਕੀ ਨੂੰ ਵੀ ਆਪਣੀਆਂ ਅਨੈਤਿਕ ਗਤੀਵਿਧੀਆਂ ਵਿਚ ਸ਼ਾਮਲ ਕੀਤਾ ਸੀ

ਉਨ੍ਹਾਂ ਖੁਲਾਸਾ ਕੀਤਾ ਕਿ 34 ਸਾਲਾ ਮਹਿਲਾ, ਜੋ ਕਿ ਪੰਜ ਅਤੇ ਡੇਢ ਸਾਲ ਦੇ ਦੋ ਪੁੱਤਰਾਂ ਦੀ ਮਾਂ ਹੈ, ਨੂੰ ਦੋ ਮਹੀਨੇ ਪਹਿਲਾਂ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ ਪਰ ਉਹ ਭੱਜ ਗਈ ਸੀ। ਸਿੰਗਲਾ ਨੇ ਅੱਗੇ ਦੱਸਿਆ ਕਿ, "ਉਸਦਾ ਪਤੀ ਇਸ ਸਮੇਂ ਐਂਨਡੀਪੀਐੱਸ ਐਕਟ ਦੇ ਤਹਿਤ ਜੇਲ੍ਹ ਵਿਚ ਬੰਦ ਹੈ। ਜੇਕਰ ਸਹੀ ਦੇਖਭਾਲ ਨਾ ਕੀਤੀ ਗਈ, ਤਾਂ ਉਸ ਦੇ ਦੋਵੇਂ ਬੱਚਿਆਂ ਦਾ ਨਸ਼ਿਆਂ ਦੀ ਅਲਾਮਤ ਵਿਚ ਫਸਣ ਦਾ ਖ਼ਤਰਾ ਹੈ।"

ਕਾਰਕੁੰਨਾਂ ਦੇ ਅਨੁਸਾਰ ਮਹਿਲਾ ਨੇ ਰੋਜ਼ਾਨਾ 3,500 ਤੋਂ 4,000 ਰੁਪਏ ਦਾ 'ਚਿੱਟਾ' ਲੈਣ ਦੀ ਗੱਲ ਕਬੂਲ ਕੀਤੀ ਸੀ। ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਵੀ ਇਕ ਮਹਿਲਾ ਨੂੰ ਮੁਕਤਸਰ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ, ਪਰ ਉਹ ਉੱਥੋਂਭੱਜ ਗਈ ਸੀ, ਅਤੇ ਅਗਲੇ ਦਿਨ ਕੁਝ ਸਮਾਜਿਕ ਕਾਰਕੁਨਾਂ ਨੇ ਉਸ ਨੂੰ ਮੁੜ ਦਾਖਲ ਕਰਵਾਇਆ।

# ਹਰ ਜ਼ਿਲ੍ਹੇ 'ਚ ਚਾਰ ਤੋਂ ਪੰਜ ਨਿਹੰਗ ਸਿੰਘ ਛਾਉਣੀਆਂ ਜ਼ਰੂਰੀ: ਗੜਗੱਜ

## ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਨੇ ਬਾਗਪੁਰ ਸਤੌਰ 'ਚ ਛਾਉਣੀ ਨਿਹੰਗ ਸਿੰਘਾਂ ਦਾ ਨੀਂਹ ਪੱਥਰ ਰੱਖਿਆ



ਹੁਸ਼ਿਆਰਪੁਰ : ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਖਾਲਸਾ ਪੰਥ ਦੀਆਂ ਸ਼ਾਨਾਮਤੀ ਰੀਤਾਂ ਤੇ ਰਵਾਇਤਾਂ ਨੂੰ ਅੱਗੇ ਤੋਰਨ ਲਈ ਸੂਬੇ ਦੇ ਹਰ ਜ਼ਿਲ੍ਹੇ ਵਿੱਚ ਚਾਰ-ਪੰਜ ਨਿਹੰਗ ਸਿੰਘ ਛਾਉਣੀਆਂ ਹੋਣੀਆਂ ਜ਼ਰੂਰੀ ਹਨ। ਅਜਿਹਾ ਕਰਕੇ ਹੀ ਗਊ ਗਰੀਬ ਦੀ ਰੱਖਿਆ ਕੀਤੀ ਜਾ ਸਕਦੀ ਹੈ ਅਤੇ ਸਿੱਖ ਧਰਮ ਪ੍ਰਚਾਰ ਲਹਿਰ ਨੂੰ ਪ੍ਰਚੰਡ ਕੀਤਾ ਜਾ ਸਕਦਾ ਹੈ। ਉਹ ਜ਼ਿਲ੍ਹੇ ਦੇ ਪਿੰਡ ਬਾਗਪੁਰ ਸਤੌਰ ਵਿੱਚ ਛਾਉਣੀ ਨਿਹੰਗ ਸਿੰਘਾਂ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਦਾ ਨੀਂਹ ਪੱਥਰ ਰੱਖਣ ਪੁੱਜੇ ਸਨ। ਪਿੰਡ ਬੱਸੀ ਮੁੱਦਾ ਨੇੜੇ ਨਵੇਂ ਬਣਨ ਵਾਲੇ ਇਸ ਧਾਰਮਿਕ ਸਥਾਨ ਤੇ ਛਾਉਣੀ ਨਿਹੰਗ ਸਿੰਘਾਂ ਦੀ ਕਾਰ ਸੇਵਾ ਸ਼੍ਰੋਮਣੀ ਭਗਤ ਧੰਨਾ ਤਰਨਾ ਦਲ ਦੇ ਮੁਖੀ ਜਥੇਦਾਰ ਬਾਬਾ ਗੁਰਦੇਵ ਸਿੰਘ ਕਰਵਾ ਰਹੇ ਹਨ। ਇਸ ਮੌਕੇ ਸ੍ਰੀ ਗੜਗੱਜ ਨੇ ਕਿਹਾ ਕਿ ਅਜੋਕੇ ਸਮੇਂ ਅੰਦਰ ਵਧ ਰਹੇ ਧਰਮ ਪਰਿਵਰਤਨ ਨੂੰ ਰੋਕਣ ਲਈ ਅਤੇ ਸਿੱਖੀ ਤੋਂ ਟੁੱਟਦੇ ਜਾ ਰਹੇ ਭੁੱਲੜ ਵੀਰਾਂ ਨੂੰ ਘਰ ਵਾਪਸ ਮੋੜਨ ਲਈ ਸਿੱਖ ਰਹਿਤ ਮਰਿਆਦਾਵਾਂ ਅਤੇ ਧਰਮ ਦੇ ਪ੍ਰਚਾਰ ਦੀ ਵਧੇਰੇ ਲੋੜ ਹੈ। ਇਸ ਕਾਰਜ ਲਈ ਸਮੂਹ ਪੰਥਕ ਜਥੇਬੰਦੀਆਂ ਨੂੰ ਆਪੋ ਆਪਣੇ ਪੱਧਰ 'ਤੇ ਉਪਰਾਲੇ ਕਰਨੇ ਚਾਹੀਦੇ ਹਨ। ਉਨ੍ਹਾਂ ਇਸ ਅਸਥਾਨ ਲਈ ਜ਼ਮੀਨ ਦੀ ਸੇਵਾ ਕਰਨ ਵਾਲੇ ਨਿਹੰਗ ਸਿੰਘ ਬਾਬਾ ਦਲੀਪ ਸਿੰਘ ਦੇ ਪੁੱਤਰ ਅਜੈਬ ਸਿੰਘ ਅਤੇ ਪੋਤਰੀ ਬੀਬੀ ਇੰਦਰਜੀਤ ਕੌਰ ਦਾ ਸਨਮਾਨ ਕੀਤਾ। ਇਸ ਮੌਕੇ ਜਥੇਦਾਰ ਬਾਬਾ ਗੁਰਦੇਵ ਸਿੰਘ ਮੁਖੀ ਸ਼੍ਰੋਮਣੀ ਭਗਤ ਧੰਨਾ ਦਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

# ਜਲੰਧਰ ਵਿਚ ਐਨਕਾਊਂਟਰ ਤੋਂ ਬਾਅਦ ਖ਼ਤਰਨਾਕ ਗੈਂਗਸਟਰ ਗ੍ਰਿਫ਼ਤਾਰ

ਜਲੰਧਰ : ਗੈਂਗਸਟਰਾਂ 'ਤੇ ਸ਼ਿਕੰਜਾ ਕੱਸਦੇ ਹੋਏ ਜਲੰਧਰ ਕਮਿਸ਼ਨਰੇਟ ਪੁਲਸ ਨੇ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਦੀ ਅਗਵਾਈ ਹੇਠ ਮੁੱਠਭੇੜ ਤੋਂ ਬਾਅਦ ਦੋ ਬਦਨਾਮ ਗੈਂਗਸਟਰਾਂ ਆਕਾਸ਼ਦੀਪ ਸਿੰਘ ਅਤੇ ਗੌਰਵ ਕਪਿਲਾ ਨੂੰ ਸਫਲਤਾਪੂਰਵਕ ਕਾਬੂ ਕਰ ਲਿਆ। ਵੇਰਵਾ ਦਿੰਦੇ ਹੋਏ, ਸੀਪੀ ਜਲੰਧਰ ਨੇ ਕਿਹਾ ਕਿ ਦੋਸ਼ੀਆਂ ਵਿਰੁੱਧ ਮੁਕੱਦਮਾ ਥਾਣਾ ਬਸਤੀ ਬਾਵਾ ਖੇਲ ਜਲੰਧਰ ਵਿਖੇ ਦਰਜ ਕੀਤਾ ਗਿਆ ਅਤੇ ਧਾਰਾ 61(2) ਅਤੇ 103(1) BNS ਦੇ ਤਹਿਤ ਵਾਧਾ ਜੁਰਮ ਕੀਤਾ ਗਿਆ। ਦੋਸ਼ੀ ਆਕਾਸ਼ਦੀਪ ਸਿੰਘ ਉਰਫ਼ ਆਕਾਸ਼, ਪੁੱਤਰ ਹਰਿੰਦਰ ਸਿੰਘ, ਵਾਸੀ ਮਕਾਨ ਨੰਬਰ 331/6, ਸ਼ਹੀਦ ਬਾਬੂ ਲਾਭ ਸਿੰਘ ਨਗਰ, ਜਲੰਧਰ ਜਿਸਦੇ ਖਿਲਾਫ਼ ਪਹਿਲਾਂ ਹੀ 16 ਮਕੱਦਮੇ ਦਰਜ ਹਨ ਅਤੇ ਦੋਸ਼ੀ ਗੌਰਵ ਕਪਿਲਾ ਪੁੱਤਰ ਸੰਜੀਵ ਕੁਮਾਰ ਵਾਸੀ ਮਕਾਨ ਨੰਬਰ NC 154, ਕੋਟ ਕਿਸ਼ਨ ਚੰਦ, ਜਲੰਧਰ ਖਿਲਾਫ 4 ਮਕੱਦਮੇ ਦਰਜ ਹਨ।

ਉਨ੍ਹਾਂ ਕਿਹਾ ਕਿ ਦੋਵਾਂ ਦੋਸ਼ੀਆਂ ਨੂੰ ਮੋਹਾਲੀ ਦੇ ਥਾਣਾ ਢਕੋਲੀ ਦੇ ਅਧਿਕਾਰ ਖੇਤਰ ਅਧੀਨ ਮੈਟਰੋ ਟਾਊਨ ਸੋਸਾਇਟੀ ਵਿਖੇ ਟਰੈਕ ਕਰਕੇ ਗ੍ਰਿਫ਼ਤਾਰ ਕੀਤਾ ਗਿਆ। ਪੁਲਸ ਟੀਮ ਨੂੰ ਦੇਖ ਕੇ ਦੋਵਾਂ ਗੈਂਗਸਟਰਾਂ ਨੇ ਭੱਜਣ ਦੀ ਕੋਸ਼ਿਸ਼ ਵਿਚ ਗੋਲੀਆਂ ਚਲਾ ਦਿੱਤੀਆਂ। ਪੁਲਸ ਨੇ ਤੇਜ਼ੀ ਨਾਲ ਜਵਾਬੀ ਕਾਰਵਾਈ ਕੀਤੀ, ਜਿਸ ਦੇ ਨਤੀਜੇ ਵਜੋਂ ਇਹ ਮੁਕਾਬਲਾ ਹੋਇਆ। ਗੋਲੀਬਾਰੀ ਦੌਰਾਨ ਦੋਵੇਂ ਗੈਂਗਸਟਰ ਗੰਭੀਰ ਜ਼ਖਮੀ ਹੋ ਗਏ ਅਤੇ ਉਨ੍ਹਾਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿੱਥੇ ਉਨ੍ਹਾਂ ਦਾ ਇਸ ਸਮੇਂ ਇਲਾਜ ਚੱਲ ਰਿਹਾ ਹੈ। ਦੋਸ਼ੀਆਂ ਖਿਲਾਫ਼ ਮੁਕੱਦਮਾ ਨੰਬਰ 54 ਮਿਤੀ 20.05.2025 ਅਧਿਨ ਧਾਰਾ 109, 132, 221, 324(2) BNS, 25 ARMS ACT ਥਾਣਾ ਢਕੋਲੀ, ਜ਼ਿਲ੍ਹਾ ਮੋਹਾਲੀ ਵਿਖੇ ਦਰਜ ਕੀਤਾ ਗਿਆ ਅਤੇ ਦੋਸ਼ੀਆਂ ਕੋਲੋਂ 2 ਪਿਸਤੌਲ, 3 ਜ਼ਿੰਦਾ ਕਾਰਤੂਸ ਅਤੇ 6 ਵਰਤੇ ਹੋਏ ਕਾਰਤੂਸ ਬਰਾਮਦ ਕੀਤੇ ਗਏ।



# ਖ਼ਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਸਜਾਇਆ ਨਗਰ ਕੀਰਤਨ



ਸਾਨ ਫਰਾਂਸਿਸਕੋ : ਅਮਰੀਕਾ ਦੇ ਪ੍ਰਸਿੱਧ ਸੈਲਾਨੀ ਸ਼ਹਿਰ ਰੀਨੋ (ਨਵਾਡਾ) ਵਿਖੇ ਨਾਰਦਰਨ ਨਵਾਡਾ ਸਿੱਖ ਸੁਸਾਇਟੀ ਰੀਨੋ ਵਲੋਂ ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਦੂਜਾ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਗੁਰੂ ਘਰ ਵਿਖੇ ਦੀਪਮਾਲਾ ਵੀ ਕੀਤੀ ਗਈ ਤੇ ਸਹਿਜ ਪਾਠ ਦੇ ਭੋਗ ਪੈਣ ਉਪਰੰਤ ਪੰਜ ਪਿਆਰਿਆਂ ਦੀ ਅਗਵਾਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਇਸ ਵਿਸ਼ਾਲ ਨਗਰ ਕੀਰਤਨ ਵਿਚ ਵੱਡੀ ਗਿਣਤੀ 'ਚ ਸੰਗਤਾਂ ਸ਼ਾਮਿਲ ਹੋਈਆਂ। ਸਿੱਖ ਸੰਗਤ ਤੋਂ ਸਿਵਾ ਸਥਾਨਕ ਗੋਰੇ ਲੋਕ ਤੇ ਅਮਰੀਕਨ ਬੀਬੀਆਂ ਨੇ ਪੰਜਾਬੀ ਪਹਿਰਾਵੇ ਵਿਚ ਇਸ ਨਗਰ ਕੀਰਤਨ 'ਚ ਉਚੇਚਾ ਹਾਜਰੀ ਭਰੀ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਜਸਵਿੰਦਰ ਸਿੰਘ ਭਾਟੀਆ, ਸਕੱਤਰ ਕੁਲਦੀਪ ਸਿੰਘ ਘੁੰਮਣ, ਖਜ਼ਾਨਚੀ ਨਛੱਤਰ ਸਿੰਘ ਗੋਸਲ ਤੇ ਡਾਇਰੈਕਟਰ ਦਵਿੰਦਰ ਸਿੰਘ ਚਾਵਲਾ ਨੇ ਦੱਸਿਆ ਕਿ ਇਸ ਸੈਲਾਨੀ ਸ਼ਹਿਰ 'ਚ ਵੱਡੀ ਗਿਣਤੀ 'ਚ ਸਿੱਖ ਭਾਈਚਾਰੇ ਦੇ ਲੋਕ ਵੱਸਦੇ ਹਨ ਤੇ ਪਿਛਲੇ ਸਾਲ ਤੋਂ ਆਰੰਭ ਕੀਤੇ ਇਸ ਵਿਸ਼ਾਲ ਨਗਰ ਕੀਰਤਨ ਨੂੰ ਬਹੁਤ ਉਤਸ਼ਾਹ ਤੇ ਸਤਿਕਾਰ ਮਿਲਿਆ ਹੈ। ਇਸ ਨਗਰ ਕੀਰਤਨ 'ਚ ਢਾਡੀ ਸੁਖਵਿੰਦਰ ਸਿੰਘ ਗਰੇਵਾਲ ਦੇ ਢਾਡੀ ਜਥੇ ਨੇ ਸਿੱਖ ਇਤਿਹਾਸ ਨੂੰ ਜੋਸ਼ੀਲੀਆਂ ਵਾਰਾਂ ਦੇ ਰੂਪ 'ਚ ਪੇਸ਼ ਕੀਤਾ, ਜਦੋਂ ਕਿ ਭਾਈ ਯਸ਼ਪਾਲ ਸਿੰਘ ਦੀਵਾਲੀ, ਭਾਈ ਸੁਖਦੇਵ ਸਿੰਘ ਅਤੇ ਭਾਈ ਸੁਖਬੀਰ ਸਿੰਘ ਦੇ ਜਥੇ ਨੇ ਕੀਰਤਨ ਕੀਤਾ। ਨਗਰ ਕੀਰਤਨ ਦੌਰਾਨ ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀਆਂ ਰਹੀਆਂ। ਰੀਨੋ ਦੇ ਡਿਪਟੀ ਮੇਅਰ ਨਾਊਮੀ ਡੁਇਰਰ, ਨਵਾਡਾ ਦੇ ਕਾਂਗਰਸਮੈਨ ਰੂਬਨ ਡੀ ਸਿਲਵਰ, ਪੁਲਿਸ ਮੁਖੀ ਕੈਪਟਨ ਜੇਸਨ ਸਟਾਲ ਨੇ ਵੀ ਇਸ ਨਗਰ ਕੀਰਤਨ 'ਚ ਲੰਮਾ ਸਮਾਂ ਆਪਣੀ ਹਾਜਰੀ ਭਰੀ।

# ਗੁਰੂ ਹਰਿਗੋਬਿੰਦ ਸਾਹਿਬ ਦੇ ਗੁਰਤਾਗੱਦੀ ਦਿਵਸ ਮੌਕੇ ਜਲੌਅ ਸਜਾਏ

## ਅਕਾਲ ਤਖ਼ਤ 'ਚ ਸਮਾਗਮ; ਜਥੇਦਾਰ ਗੜਗੱਜ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਅਰਦਾਸ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਕਾਲ ਤਖ਼ਤ ਵਿਖੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਤਾਗੱਦੀ ਦਿਵਸ ਸ਼ਰਧਾ ਨਾਲ ਮਨਾਇਆ ਗਿਆ। ਇਸ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਅਕਾਲ ਤਖ਼ਤ ਅਤੇ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਵਿਖੇ ਜਲੌਅ ਸਜਾਏ ਗਏ। ਵੱਡੀ ਗਿਣਤੀ ਸੰਗਤ ਨੇ ਸ੍ਰੀ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬ ਨੂੰ ਸਤਿਕਾਰ ਭੇਟ ਕੀਤਾ। ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਿੱਖ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਤਾਗੱਦੀ 'ਤੇ ਬਿਰਾਜਮਾਨ ਹੋਣ ਸਮੇਂ ਸੰਗਤ ਨੂੰ ਜੋ ਹੁਕਮ ਕੀਤੇ ਸਨ, ਉਹ ਹੁਕਮ ਅੱਜ ਵੀ ਲਾਗੂ ਹਨ ਅਤੇ ਅਕਾਲ ਤਖ਼ਤ ਦੀ ਸਰਵਉੱਚਤਾ ਅੱਜ ਵੀ ਕਾਇਮ ਹੈ। ਉਨ੍ਹਾਂ ਕਿਹਾ ਕਿ ਗੁਰੂਆਂ ਦੇ ਹੁਕਮਾਂ ਮਤਾਬਕ ਹਰੇਕ ਸਿੱਖ ਨੂੰ ਆਪਣੇ ਕੋਲ ਸ਼ਸਤਰ ਰੱਖਣੇ ਚਾਹੀਦੇ ਹਨ। ਉਨ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਲਈ ਅਰਦਾਸ ਕੀਤੀ ਅਤੇ ਸਮੁੱਚੀ ਕੌਮ ਨੂੰ ਬੰਦੀ ਸਿੰਘਾਂ ਦੀ ਰਿਹਾਈ ਲਈ ਕੀਤੇ ਜਾ ਰਹੇ ਉਪਰਾਲਿਆਂ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਉਣ ਦੀ ਅਪੀਲ ਕੀਤੀ। ਸ੍ਰੀ ਅਖੰਡ ਪਾਠ ਦੇ ਭੋਗ ਮਗਰੋਂ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ।

ਅਰਦਾਸ ਮਗਰੋਂ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਹੈੱਡ ਗ੍ਰੰਥੀ ਗਿਆਨੀ ਅਮਰਜੀਤ ਸਿੰਘ ਨੇ ਗੁਰੂ ਸਾਹਿਬ ਦੇ ਜੀਵਨ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਛੇਵੇਂ ਗੁਰੂ ਨੇ ਮੀਰੀ ਪੀਰੀ ਦੀਆਂ ਕਿਰਪਾਨਾਂ ਧਾਰਨ ਕਰਕੇ ਸਿੱਖਾਂ ਅੰਦਰ ਜੁਲਮ ਖ਼ ?ਲਾਫ਼ ਲੜਨ ਦਾ ਜਜ਼ਬਾ ਪੈਦਾ ਕੀਤਾ। ਇਸ ਮੌਕੇ ਸ੍ਰੀ ਅਕਾਲ ਤਖ਼ਤ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ, ਸੰਤ ਭਿੰਡਰਾਂਵਾਲਿਆਂ ਦੇ ਸਪੁੱਤਰ ਭਾਈ ਈਸ਼ਰ ਸਿੰਘ, ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਵਧੀਕ ਸਕੱਤਰ ਗੁਰਿੰਦਰ ਸਿੰਘ ਮਥਰੇਵਾਲ ਆਦਿ ਹਾਜ਼ਰ ਸਨ।

# ਸਿੱਖ ਇਤਿਹਾਸ ਦੀ ਵੀਡੀਓ ਨੂੰ ਲੈ ਕੇ ਸਿਰਸਾ ਵਲੋਂ ਧਰੁਵ ਰਾਠੀ ਦੀ ਨਿੰਦਾ

ਨਵੀਂ ਦਿੱਲੀ : ਦਿੱਲੀ ਦੇ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਸੋਮਵਾਰ ਨੂੰ ਯੂਟਿਊਬਰ ਧਰੁਵ ਰਾਠੀ ਦੀ ਸਿੱਖ ਇਤਿਹਾਸ 'ਤੇ ਹਾਲ ਹੀ 'ਚ ਕੀਤੀ ਗਈ ਵੀਡੀਓ ਦੀ ਨਿੰਦਾ ਕੀਤੀ ਤੇ ਇਸਨੂੰ ਅਪਮਾਨਜਨਕ ਤੇ ਸਿੱਖ ਗੁਰੂਆਂ ਤੇ ਸ਼ਹੀਦਾਂ ਦੀ ਵਿਰਾਸਤ ਨੂੰ ਵਿਗਾੜਨ ਦੀ ਕੋਸ਼ਿਸ਼ ਕਰਾਰ ਦਿੱਤਾ। ਰਾਠੀ ਦੇ ਏ.ਆਈ.-ਤਿਆਰ ਕੀਤੇ ਵੀਡੀਓ 'ਦ ਸਿੱਖ ਵਾਰੀਅਰ ਹੂ ਟੈਰੀਫਾਈਡ ਦ ਮੁਗਲਸ' ਦੀ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਸਮੇਤ ਵੱਖ-ਵੱਖ ਸੰਗਠਨਾਂ ਵਲੋਂ ਨਿੰਦਾ ਕੀਤੀ ਗਈ, ਜਿਸ 'ਚ ਕਿਹਾ ਗਿਆ ਹੈ ਕਿ ਸਿੱਖ ਗੁਰੂਆਂ ਨੂੰ ਮਨੁੱਖੀ ਰੂਪ 'ਚ ਜਾਂ ਫਿਲਮਾਂ 'ਚ ਨਹੀਂ ਦਰਸਾਇਆ ਜਾਣਾ ਚਾਹੀਦਾ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਈਬਰ ਕ੍ਰਾਈਮ ਸੈੱਲ ਕੋਲ ਸ਼ਿਕਾਇਤ ਦਰਜ ਕਰਵਾਈ ਹੈ, ਜਿਸ 'ਚ ਅਧਿਕਾਰੀਆਂ ਨੂੰ ਰਾਠੀ ਵਿਰੁੱਧ ਕਾਰਵਾਈ ਕਰਨ ਅਤੇ ਉਸਦੇ ਯੂਟਿਊਬ ਖਾਤੇ ਦੀ ਸਮੀਖਿਆ ਕਰਨ ਦੀ ਅਪੀਲ ਕੀਤੀ ਗਈ ਹੈ। ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਵੀਡੀਓ ਨਾ ਸਿਰਫ਼ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਵਿਰਾਸਤ ਬਾਰੇ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਦੀ ਹੈ, ਸਗੋਂ ਸਿੱਖ ਗੁਰੂਆਂ ਦੇ ਏ.ਆਈ.ਵਲੋਂ ਤਿਆਰ ਕੀਤੇ ਵਿਜ਼ੂਅਲ ਵੀ ਦਿਖਾਉਂਦਾ ਹੈ ਜੋ ਸਿੱਖ ਧਰਮ 'ਚ ਸਖ਼ਤੀ ਨਾਲ ਵਰਜਿਤ ਹੈ। ਕਮੇਟੀ ਨੇ ਕਿਹਾ ਕਿ ਰਾਠੀ ਦੇ ਪ੍ਰਭਾਵਸ਼ਾਲੀ ਯੂਟਿਊਬ ਚੈਨਲ, ਜਿਸਦੇ 10 ਮਿਲੀਅਨ ਤੋਂ ਵੱਧ ਫਾਲੋਅਰ ਹਨ, 'ਚ ਗਲਤ ਜਾਣਕਾਰੀ ਫੈਲਾਉਣ ਦੀ ਸੰਭਾਵਨਾ ਹੈ, ਤੇ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਨੂੰ ਇਸ ਮਾਮਲੇ ਨੂੰ ਤੁਰੰਤ ਹੱਲ ਕਰਨ ਦੀ ਅਪੀਲ ਕੀਤੀ।



# ਗੁਰੂ ਸਾਹਿਬ ਦੇ ਐਨੀਮੇਸ਼ਨ ਵੀਡੀਓ ਬਣਾਉਣ 'ਤੇ ਸ਼੍ਰੋਮਣੀ ਕਮੇਟੀ ਨੂੰ ਇਤਰਾਜ਼

## ਵੀਡੀਓ ਬਣਾਉਣ ਵਾਲੇ ਨੂੰ ਸਖਤ ਕਾਨੂੰਨੀ ਕਾਰਵਾਈ ਦੀ ਚਿਤਾਵਨੀ; ਸਰਕਾਰ ਨੂੰ ਕਾਰਵਾਈ ਕਰਨ ਲਈ ਕਿਹਾ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹਰਿਆਣਾ ਦੇ ਧਰੁਵ ਰਾਠੀ ਨਾਂ ਦੇ ਯੂਟਿਊਬਰ ਦੁਆਰਾ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਅਤੇ ਚਾਰ ਸਾਹਿਬਜ਼ਾਦਿਆਂ ਬਾਰੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਨਾਲ ਤਿਆਰ ਕੀਤੀ ਐਨੀਮੇਸ਼ਨ ਵੀਡੀਓ 'ਤੇ ਸਖ਼ਤ ਇਤਰਾਜ਼ ਪ੍ਰਗਟ ਕਰਦਿਆਂ ਇਸ ਨੂੰ ਤੁਰੰਤ ਹਟਾਉਣ ਅਤੇ ਸਰਕਾਰ ਨੂੰ ਇਸ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਆਖਿਆ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਗੁਰੂ ਸਾਹਿਬਾਨ ਅਤੇ ਸਿੱਖ ਸ਼ਖ਼ਸੀਅਤਾਂ ਦਾ ਇਤਿਹਾਸ ਪਵਿੱਤਰ ਅਤੇ ਵਿਰਾਸਤ ਹੈ, ਜਿਸ ਨੂੰ ਕਿਸੇ ਵੀ ਵਿਅਕਤੀ ਨੂੰ ਵਿਗਾੜਨ ਜਾਂ ਗਲਤ ਢੰਗ ਨਾਲ ਪੇਸ਼ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੀ ਫਿਲਮ ਜਾਂ ਐਨੀਮੇਸ਼ਨ ਨਹੀਂ ਬਣਾਈ ਜਾ ਸਕਦੀ। ਇਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਮਤੇ ਪਾਸ ਕਰਕੇ ਪੂਰਨ ਤੌਰ 'ਤੇ ਰੋਕ ਲਗਾਈ ਹੋਈ ਹੈ।

ਉਨ੍ਹਾਂ ਕਿਹਾ ਕਿ ਧਰੁਵ ਰਾਠੀ ਦੀ ਵੀਡੀਓ ਵਿਚ ਇਤਿਹਾਸਕ ਗਲਤੀਆਂ ਤੋਂ ਇਲਾਵਾ ਗੁਰੂ ਸਾਹਿਬਾਨ ਨੂੰ ਦਰਸਾਉਂਦੀ ਏਆਈ ਨਾਲ ਤਿਆਰ ਕੀਤੀ ਵੀਡੀਓ ਸ਼ਾਮਲ ਕਰਕੇ ਸਿੱਖ ਭਾਵਨਾਵਾਂ ਨੂੰ ਸੱਟ ਮਾਰੀ ਗਈ ਹੈ। ਅਜਿਹੇ ਚਿਤਰਣ ਸਿੱਖ ਸਿਧਾਂਤਾਂ ਤੇ ਪ੍ਰੰਪਰਾਵਾਂ ਦੀ ਉਲੰਘਣਾ ਹਨ, ਕਿਉਂਕਿ ਸਿੱਖ ਧਰਮ ਅੰਦਰ ਗੁਰੂ ਸਾਹਿਬਾਨ, ਸਾਹਿਬਜ਼ਾਦਿਆਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਪਾਤਰ ਦੇ ਰੂਪ ਵਿਚ ਨਹੀਂ ਦਿਖਾਇਆ ਜਾ ਸਕਦਾ। ਇਸ ਯੂਟਿਊਬਰ ਨੇ ਸਿੱਖ ਸਿਧਾਂਤਾਂ ਵਿਰੁੱਧ ਜਾਣ ਦੀ ਹਰਕਤ ਕੀਤੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸਬੰਧਤ ਯੂਟਿਊਬਰ ਨੂੰ ਇਹ ਵੀਡੀਓ ਤੁਰੰਤ ਹਟਾਉਣ ਲਈ ਆਖਿਆ ਅਤੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਵੀਡੀਓ ਨਾ ਹਟਾਈ ਗਈ ਤਾਂ ਸ਼੍ਰੋਮਣੀ ਕਮੇਟੀ ਉਸ ਖਿਲਾਫ਼ ਕਾਨੂੰਨੀ ਕਾਰਵਾਈ ਵੀ ਅਮਲ ਵਿਚ ਲਿਆਵੇਗੀ। ਇਸ ਤੋਂ ਪਹਿਲਾਂ ਅੱਜ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਵੀਡੀਓ 'ਤੇ ਸਖਤ ਇਤਰਾਜ਼ ਕਰਦਿਆਂ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਦਿੱਤਾ ਸੀ ਕਿ ਉਹ ਇਸ ਵਿਅਕਤੀ ਖਿਲਾਫ ਕਾਨੂੰਨੀ ਕਾਰਵਾਈ ਕਰਨ ਦਾ ਅਮਲ ਆਰੰਭਣ।

# ਫਰਿਜ਼ਨੋ ਦੀ ਪੰਜਾਬੀ ਕੁੜੀ ਦੀ ਦਰਦਨਾਕ ਹਾਦਸੇ 'ਚ ਮੌਤ



ਕੈਲੀਫੋਰਨੀਆ (ਗੁਰਿੰਦਰਜੀਤ ਨੀਟਾ ਮਾਛੀਕੇ) - ਫਰਿਜ਼ਨੋ ਦੇ ਵੁੱਡਵਰਡ ਪਾਰਕ ਨੇੜੇ ਸ਼ੁੱਕਰਵਾਰ ਸਵੇਰੇ ਇੱਕ ਵੱਡੇ ਹਾਦਸੇ ਵਿੱਚ ਇੱਕ ਪੰਜਾਬੀ ਕੁੜੀ ਦੀ ਮੌਤ ਹੋ ਗਈ। ਹਾਦਸਾ ਫ੍ਰਿਆਂਟ ਅਤੇ ਸ਼ੈਫਰਡ ਏਵਿਨਿਊਜ਼ ਦੇ ਇਲਾਕੇ ਵਿੱਚ ਵਾਪਰਿਆ, ਜਿਸ ਵਿੱਚ ਫਰਿਜ਼ਨੋ ਦੀ 21 ਸਾਲਾ ਖੁਸ਼ਮੀਤ ਕੌਰ ਮਾਹਲ ਦੀ ਜਾਨ ਚਲੀ ਗਈ।

ਫਰਿਜ਼ਨੋ ਪੁਲਸ ਵਿਭਾਗ ਨੇ ਦੱਸਿਆ ਕਿ ਕਾਰ ਇੱਕ ਇੰਟਰਸੈਕਸ਼ਨ ਵਿਚੋਂ ਬੁੱੜਕ ਕੇ ਇੱਕ ਘਰ ਦੇ ਯਾਰਡ ਵਿੱਚ ਖੜੀ ਹੋਰ ਗੱਡੀ 'ਤੇ ਜਾ ਕੇ ਡਿੱਗੀ ਅਤੇ ਕਾਰ ਨੂੰ ਅੱਗ ਲੱਗ ਗਈ। ਖੁਸ਼ਮੀਤ ਮਾਹਲ ਨੂੰ ਬਾਹਰ ਨਿਕਲਣ ਦਾ ਮੌਕਾ ਨਹੀ ਮਿਲਿਆ 'ਤੇ ਉਸਨੂੰ ਮੌਕੇ 'ਤੇ ਹੀ ਮ੍ਰਿਤ ਘੋਸ਼ਿਤ ਕਰ ਦਿੱਤਾ ਗਿਆ।

ਇੱਕ ਯੂਟਿਊਬ ਚੈਨਲ ਵਲੋਂ ਮਿਲੀ ਵੀਡੀਓ ਵਿੱਚ ਸਾਰੀ ਫੁਟੇਜ਼ ਵਿੱਚ ਕੈਦ ਹੋ ਗਈ ਕਿ ਕਿਵੇਂ ਕਾਰ ਬੁੱੜਕੀ ਤੇ ਕਿਸ ਤਰਾਂ ਭਾਣਾ ਵਾਪਰਿਆ। ਅੱਗ ਦੀਆਂ ਲਪਟਾਂ ਵੁੱਡਵਰਡ ਪਾਰਕ ਦੀ ਫਿੰਸ ਵਿੱਚੋਂ ਚਸ਼ਮਦੀਦਾਂ ਨੇ ਵੇਖੀਆਂ। ਹਾਦਸੇ ਦੇ ਕਾਰਣਾਂ ਦੀ ਜਾਂਚ ਚੱਲ ਰਹੀ ਹੈ। ਇਸ ਭਿਆਨਕ ਹਾਦਸੇ ਕਾਰਨ ਫਰਿਜ਼ਨੋ ਦਾ ਪੰਜਾਬੀ ਭਾਈਚਾਰਾ ਗਹਿਰੇ ਸਦਮੇ ਵਿੱਚ ਹੈ।

# ਸਿੱਖ ਵਫਦ ਵਲੋਂ ਪੋਪ ਨਾਲ ਮੁਲਾਕਾਤ

ਬਰਮਿੰਘਮ : ਸਿੱਖ ਚੈਰੀਟੇਬਲ ਸੰਸਥਾ ਦੇ ਚੇਅਰਮੈਨ ਨੇ ਨਵੇਂ ਪੋਪ ਨਾਲ ਮੁਲਾਕਾਤ ਤੋਂ ਬਾਅਦ ਵੱਖ-ਵੱਖ ਧਰਮਾਂ ਦੇ ਲੋਕਾਂ ਵਿਚਕਾਰ ਗੱਲਬਾਤ ਦੀ ਮਹੱਤਤਾ ਬਾਰੇ ਗੱਲ ਕੀਤੀ ਹੈ। ਭਾਈ ਸਾਹਿਬ, ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਬਰਮਿੰਘਮ ਦੇ, ਇੱਕ ਸਿੱਖ ਵਫ਼ਦ ਵਿਚ ਸ਼ਾਮਿਲ ਸਨ ਜਿਨ੍ਹਾਂ ਸੋਮਵਾਰ ਨੂੰ ਪੋਪ ਲੀਓ ਨਾਲ ਮੁਲਾਕਾਤ ਕੀਤੀ। ਪੋਪ ਨੇ ਕਈ ਗੈਰ-ਕੈਥੋਲਿਕ ਚਰਚਾਂ ਤੇ ਹੋਰ ਧਰਮਾਂ ਦੇ ਪ੍ਰਤੀਨਿਧੀਆਂ ਨਾਲ ਮੁਲਾਕਾਤ ਕੀਤੀ ਜੋ ਪਿਛਲੇ ਦਿਨ ਪੋਪ ਦੇ ਉਦਘਾਟਨ ਸਮਾਰੋਹ ਵਿਚ ਸ਼ਾਮਿਲ ਹੋਏ ਸਨ। ਇਹ ਪ੍ਰੋਫੈਸਰ ਮਹਿੰਦਰ ਸਿੰਘ ਲਈ ਪੋਪ ਨਾਲ ਤੀਜੀ ਮੁਲਾਕਾਤ ਸੀ, ਜੋ ਇਤਿਹਾਸ ਵਿਚ ਪਹਿਲੇ ਸਿੱਖ ਸਨ ਜਿਨ੍ਹਾਂ ਨੂੰ ਅੰਤਰ-ਧਰਮ ਸਬੰਧਾਂ ਦੀ ਸੇਵਾ ਲਈ ਨਾਈਟਹੁੱਡ ਦਾ ਪੋਪ ਦਾ ਆਦੇਸ਼ ਪ੍ਰਾਪਤ ਹੋਇਆ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਨਵਾਂ ਪੋਪ ਆਪਣੇ ਪੂਰਵਗਾਮੀ, ਪੋਪ ਫਰਾਂਸਿਸ ਦੁਆਰਾ ਉਮੀਦ ਤੇ ਸ਼ਾਂਤੀ ਦੇ ਪ੍ਰਤੀਕ ਵਜੋਂ ਸਥਾਪਤ ਕੀਤੀ ਗਈ ਉਦਾਹਰਣ ਨੂੰ ਜਾਰੀ ਰੱਖੇਗਾ। 'ਸਿੱਖਾਂ ਵਿਚ ਸਵਰਗੀ ਪੋਪ ਜੋ ਕਰ ਰਹੇ ਸਨ ਤੇ ਕਰ ਚੁੱਕੇ ਹਨ, ਉਸ ਬਾਰੇ ਬਹੁਤ ਆਸ਼ਾਵਾਦੀ ਭਾਵਨਾ ਸੀ,' ਉਸਨੇ ਸਮਝਾਇਆ ਤੇ ਅਸੀਂ ਮਹਿਸੂਸ ਕਰਦੇ ਹਾਂ ਕਿ ਇਹ ਨਵੇਂ ਪੋਪ ਨਾਲ ਵੀ ਜਾਰੀ ਰਹੇਗਾ। ਡੈਲੀਗੇਟਾਂ ਨੂੰ ਸੰਬੋਧਨ ਕਰਦੇ ਹੋਏ, ਪੋਪ ਲੀਓ ਨੇ ਆਪਣੇ ਪੂਰਵਜ਼ ਦੁਆਰਾ ਅੰਤਰ-ਧਾਰਮਿਕ ਸੰਵਾਦ ਵੱਲ ਕੀਤੇ ਗਏ ਕੰਮ ਦੀ ਪ੍ਰਸ਼ੰਸਾ ਕੀਤੀ।



ਵੈਟੀਕਨ ਵਿਖੇ ਪੋਪ ਲਿਓ ਨਾਲ ਮੁਲਾਕਾਤ ਸਮੇਂ ਪ੍ਰੋ. ਮਹਿੰਦਰ ਸਿੰਘ।

# ਭਗਵੰਤ ਮਾਨ ਅਤੇ ਕੇਜਰੀਵਾਲ ਨੇ ਨਸ਼ਿਆਂ ਵਿਰੁੱਧ ਲੜਾਈ 'ਚ ਲੋਕਾਂ ਦਾ ਸਹਿਯੋਗ ਮੰਗਿਆ

## • ਸੂਬੇ ਵਿੱਚ ਫੈਲੀ ਨਸ਼ਿਆਂ ਦੀ ਸਮੱਸਿਆ ਪਿਛਲੀਆਂ ਸਰਕਾਰਾਂ ਦੀ ਵਿਰਾਸਤ ਹੈ : ਮੁੱਖ ਮੰਤਰੀ

## • ਸਰਕਾਰ ਨੌਜਵਾਨਾਂ ਅਤੇ ਸੂਬੇ ਨੂੰ ਬਚਾਉਣ ਲਈ ਹਰ ਸੰਭਵ ਯਤਨ ਕਰੇਗੀ





ਜਲਾਲਪੁਰ (ਹੁਸ਼ਿਆਰਪੁਰ), ਰਵਿੰਦਰ ਸਿੰਘ ਟਾਂਡਾ) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅੱਜ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਸੂਬੇ ਵਿੱਚੋਂ ਨਸ਼ਿਆਂ ਦੇ ਬੀਜਾਂ ਦਾ ਪੂਰੀ ਤਰ੍ਹਾਂ ਸਫ਼ਾਇਆ ਕਰ ਦਿੱਤਾ ਜਾਵੇ।

ਇੱਥੇ ਲੋਕਾਂ ਨੂੰ ਸਹੁੰ ਚੁਕਾਉਣ ਤੋਂ ਪਹਿਲਾਂ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਨਸ਼ਿਆਂ ਦੀ ਸਮੱਸਿਆ ਪਿਛਲੀਆਂ ਸਰਕਾਰਾਂ ਦੀ ਵਿਰਾਸਤ ਹੈ, ਜਿਨ੍ਹਾਂ ਨੇ ਪੰਜਾਬ ਦੀ ਭਲਾਈ ਨੂੰ ਨਜ਼ਰਅੰਦਾਜ਼ ਕੀਤਾ, ਜਿਸ ਕਾਰਨ ਸੂਬੇ ਦੀ ਹਾਲਤ ਤਰਸਯੋਗ ਹੋਈ ਹੈ। ਨਸ਼ਿਆਂ ਵਿਰੁੱਧ ਜੰਗ ਵਿੱਚ ਲੋਕਾਂ ਦੇ ਪੂਰਨ ਸਹਿਯੋਗ ਦੀ ਮੰਗ ਕਰਦਿਆਂ ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਲਾਹਨਤ ਸੂਬੇ ਦੇ ਚਿਹਰੇ 'ਤੇ ਕਲੰਕ ਹੈ ਅਤੇ ਇਸ ਸਰਾਪ ਨੂੰ ਜੜ੍ਹੋਂ ਪੁੱਟਣ ਲਈ ਸੂਬਾ ਸਰਕਾਰ ਨੂੰ ਦੋ ਸਾਲ ਤੋਂ ਵੱਧ ਦਾ ਸਮਾਂ ਲੱਗ ਗਿਆ ਹੈ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੁਣ ਨਸ਼ਿਆਂ ਦੀ ਸਪਲਾਈ ਲਾਈਨ ਤੋੜ ਦਿੱਤੀ ਗਈ, ਇਸ ਘਿਨਾਉਣੇ ਅਪਰਾਧ ਵਿਚ ਸ਼ਾਮਲ ਵੱਡੀਆਂ ਮੱਛੀਆਂ ਨੂੰ ਸਲਾਖਾਂ ਪਿੱਛੇ ਡੱਕਿਆ ਗਿਆ, ਨਸ਼ਾ ਪੀੜਤਾਂ ਦਾ ਮੁੜ ਵਸੇਬਾ ਯਕੀਨੀ ਬਣਾਇਆ ਗਿਆ ਅਤੇ ਨਸ਼ਾ ਤਸਕਰਾਂ ਦੀ ਜਾਇਦਾਦ ਨੂੰ ਜ਼ਬਤ ਕਰ ਕੇ ਨਸ਼ਟ ਕਰ ਦਿੱਤਾ ਗਿਆ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ, 'ਯੁੱਧ ਨਸ਼ਿਆਂ ਵਿਰੁੱਧ' ਦੇ ਰੂਪ ਵਿੱਚ ਸ਼ੁਰੂ ਕੀਤੀ ਹੈ, ਜਿਸ ਦਾ ਉਦੇਸ਼ ਸੂਬੇ ਨੂੰ ਨਸ਼ਾ ਮੁਕਤ ਬਣਾਉਣਾ ਹੈ। ਉਨ੍ਹਾਂ ਨਸ਼ਿਆਂ ਵਿਰੁੱਧ ਇਸ ਜੰਗ ਨੂੰ ਲੋਕ ਲਹਿਰ ਵਿੱਚ ਬਦਲਣ ਲਈ ਲੋਕਾਂ ਤੋਂ ਭਰਪੂਰ ਸਹਿਯੋਗ ਦੀ ਮੰਗ ਕੀਤੀ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਿਸ ਤਰ੍ਹਾਂ ਇਸ ਪਿੰਡ ਨੇ ਪੁਲਿਸ ਨੂੰ ਪੂਰਾ ਸਹਿਯੋਗ ਦੇ ਕੇ ਆਪਣੇ ਆਪ ਨੂੰ ਨਸ਼ਾ ਮੁਕਤ ਐਲਾਨਿਆ ਹੈ, ਉਸੇ ਤਰ੍ਹਾਂ ਸੂਬੇ ਦੇ ਹੋਰ ਹਿੱਸਿਆਂ ਵਿੱਚ ਵੀ ਇਸ ਨੂੰ ਦੁਹਰਾਇਆ ਜਾਣਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਜੇ ਪੰਜਾਬੀਆਂ ਨੇ ਸੂਬੇ ਨੂੰ ਨਸ਼ਾ ਮੁਕਤ ਕਰਨ ਦਾ ਦ੍ਰਿੜ੍ਹ ਸੰਕਲਪ ਲਿਆ ਹੈ ਤਾਂ ਸਾਨੂੰ ਇਸ ਨੇਕ ਕਾਰਜ ਤੋਂ ਕੋਈ ਨਹੀਂ ਰੋਕ ਸਕਦਾ। ਉਨ੍ਹਾਂ ਕਿਹਾ ਕਿ ਇਸ ਪਵਿੱਤਰ ਧਰਤੀ ਦੇ ਇਕ-ਇਕ ਇੰਚ ਵਿਚ ਮਹਾਨ ਗੁਰੂਆਂ, ਪੀਰਾਂ, ਪੈਗ਼ੰਬਰਾਂ ਅਤੇ ਸ਼ਹੀਦਾਂ ਦੀ ਚਰਨ ਛੋਹ ਪ੍ਰਾਪਤ ਹਨ, ਜਿਨ੍ਹਾਂ ਨੇ ਸਾਨੂੰ ਜ਼ੁਲਮ ਅਤੇ ਅਨਿਆਂ ਦਾ ਡਟ ਕੇ ਵਿਰੋਧ ਕਰਨ ਦਾ ਰਾਹ ਦਿਖਾਇਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੇ ਨਕਸ਼ੇ-ਕਦਮਾਂ 'ਤੇ ਚੱਲਦਿਆਂ ਸੂਬਾ ਸਰਕਾਰ ਨੇ ਨਸ਼ਿਆਂ ਵਿਰੁੱਧ ਮੁਹਿੰਮ ਵਿੱਢੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਖ਼ੁਸ਼ੀ ਦੀ ਗੱਲ ਹੈ ਕਿ ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਨੇ ਸ਼ਿਰਕਤ ਕੀਤੀ, ਜੋ ਚੰਗਾ ਸੰਕੇਤ ਹੈ। ਉਨ੍ਹਾਂ ਕਿਹਾ ਕਿ ਜੇ ਔਰਤਾਂ ਕਿਸੇ ਵੀ ਖ਼ਤਰੇ ਨੂੰ ਖ਼ਤਮ ਕਰਨ ਲਈ ਇੰਨੇ ਵੱਡੇ ਪੱਧਰ 'ਤੇ ਅੱਗੇ ਆਉਣਗੀਆਂ ਤਾਂ ਬਹੁਤ ਜਲਦੀ ਇਸ ਖ਼ਤਰੇ ਦਾ ਸਫਾਇਆ ਹੋ ਜਾਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਦਿਨ ਦੂਰ ਨਹੀਂ, ਜਦੋਂ ਪੰਜਾਬ ਦੀਆਂ ਔਰਤਾਂ ਦੀ ਸਰਗਰਮ ਸ਼ਮੂਲੀਅਤ ਨਾਲ ਸੂਬਾ ਪੂਰੀ ਤਰ੍ਹਾਂ ਨਸ਼ਾ ਮੁਕਤ ਹੋ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ ਸਮੇਂ ਵਿੱਚ ਸੂਬੇ ਦੇ ਆਗੂ ਪੰਜਾਬ ਦੇ ਹਿੱਤਾਂ ਨੂੰ ਖ਼ਤਰੇ ਵਿੱਚ ਪਾਉਂਦੇ ਸਨ, ਜਦੋਂ ਕਿ ਅੱਜ ਸੂਬਾ ਸਰਕਾਰ ਸੂਬੇ ਦੇ ਸਮੁੱਚੇ ਵਿਕਾਸ ਅਤੇ ਖ਼ੁਸ਼ਹਾਲੀ ਵੱਲ ਧਿਆਨ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਆਗੂ ਲੋਕਾਂ ਨੂੰ ਮਿਲਣ ਤੋਂ ਡਰਦੇ ਸਨ, ਜਦੋਂ ਕਿ ਅੱਜ ਸੂਬਾ ਸਰਕਾਰ ਲੋਕਾਂ ਨਾਲ ਗੱਲਬਾਤ ਕਰ ਕੇ ਉਨ੍ਹਾਂ ਤੋਂ ਫੀਡਬੈਕ ਲੈ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਸਰਗਰਮ ਭਾਈਵਾਲ ਬਣਾ ਕੇ ਸੂਬੇ ਅਤੇ ਇੱਥੋਂ ਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ।

ਰਵਾਇਤੀ ਪਾਰਟੀਆਂ ਦੇ ਆਗੂਆਂ 'ਤੇ ਤਿੱਖਾ ਵਿਅੰਗ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਆਪਣੇ ਬਾਥਰੂਮਾਂ 'ਚ ਸੋਨੇ ਦੀਆਂ ਟੂਟੀਆਂ ਲਗਾਉਣ ਅਤੇ ਆਪਣੇ ਨਿੱਜੀ ਖੇਤਾਂ ਲਈ ਨਹਿਰੀ ਪਾਣੀਆਂ 'ਤੇ ਅਜਾਰੇਦਾਰੀ ਕਰਨ ਵਾਲੇ ਆਮ ਨਾਗਰਿਕਾਂ ਦੇ ਸੰਘਰਸ਼ ਨੂੰ ਕਦੇ ਵੀ ਨਹੀਂ ਸਮਝ ਸਕਦੇ। ਉਨ੍ਹਾਂ ਦੇ ਨਿਘਾਰ ਨੂੰ ਉਜਾਗਰ ਕਰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੂੰ ਸੂਬੇ ਦੇ ਲੋਕਾਂ ਨੇ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਆਗੂ ਆਪਣੇ ਗੁਨਾਹਾਂ ਦੀ ਕੀਮਤ ਚੁਕਾ ਰਹੇ ਹਨ ਅਤੇ ਇਨ੍ਹਾਂ ਵਿੱਚੋਂ ਬਹੁਤੇ ਸਿਆਸਤਦਾਨ ਹੁਣ ਜਾਂ ਤਾਂ ਸਲਾਖਾਂ ਪਿੱਛੇ ਹਨ ਜਾਂ ਜ਼ਮਾਨਤ ਲਈ ਭੱਜ ਨੱਸ ਕਰ ਰਹੇ ਹਨ।

ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬੀਆਂ ਨੇ ਹਮੇਸ਼ਾ ਦ੍ਰਿੜ੍ਹ ਇਰਾਦੇ ਨਾਲ ਆਪਣੇ ਟੀਚਿਆਂ ਨੂੰ ਪ੍ਰਾਪਤ ਕੀਤਾ ਹੈ ਅਤੇ ਇਹੀ ਸੰਕਲਪ ਇਸ ਅਹਿਮ ਲੜਾਈ ਵਿੱਚ ਜਿੱਤ ਯਕੀਨੀ ਬਣਾਏਗਾ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਸੂਬਾ ਸਰਕਾਰ ਦ੍ਰਿੜ੍ਹਤਾ ਨਾਲ ਵਚਨਬੱਧ ਹੈ ਅਤੇ ਇਸ ਨੇਕ ਕਾਰਜ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਦਿਨ ਦੂਰ ਨਹੀਂ, ਜਦੋਂ ਪੰਜਾਬੀਆਂ ਦੇ ਸਰਗਰਮ ਸਹਿਯੋਗ ਨਾਲ ਸੂਬਾ ਇਸ ਨੇਕ ਕਾਰਜ ਨੂੰ ਨੇਪਰੇ ਚਾੜ੍ਹੇਗਾ।

ਹੁਸ਼ਿਆਰਪੁਰ ਨਾਲ ਭਾਵਨਾਤਮਕ ਸਾਂਝ ਦੀ ਗੱਲ ਕਰਦਿਆਂ ਮੁੱਖ ਮੰਤਰੀ ਨੇ ਜ਼ਿਲ੍ਹੇ ਦੀ ਉੱਚ ਸਾਖਰਤਾ ਦਰ ਅਤੇ ਇਤਿਹਾਸਕ ਮਹੱਤਤਾ ਲਈ ਸ਼ਲਾਘਾ ਕੀਤੀ ਅਤੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਇੱਥੇ ਸਥਾਪਿਤ ਕੀਤੀ ਗਈ ਸੀ। ਉਨ੍ਹਾਂ ਨੇ ਸਥਾਨਕ ਪਿੰਡ ਨੂੰ ਨਸ਼ਾ ਮੁਕਤ ਜ਼ੋਨ ਹੋਣ ਦਾ ਮਾਣ ਹਾਸਲ ਕਰਨ ਲਈ ਵੀ ਪ੍ਰਸੰਸਾ ਕੀਤੀ, ਜਿਸ ਤੋਂ ਲੋਕਾਂ ਦੀ ਸਮੂਹਿਕ ਇੱਛਾ ਸ਼ਕਤੀ ਝਲਕਦੀ ਹੈ। ਭਗਵੰਤ ਸਿੰਘ ਮਾਨ ਨੇ ਹਲਕਾ ਹੁਸ਼ਿਆਰਪੁਰ ਦੇ 'ਆਪ' ਵਿਧਾਇਕਾਂ ਵੱਲੋਂ ਖੇਤਰ ਦੇ ਵਿਕਾਸ ਲਈ ਕੀਤੇ ਜਾ ਰਹੇ ਅਣਥੱਕ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਲਾਕੇ ਦੇ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਂਦੀ ਜਾਵੇਗੀ।

ਲੋਕਾਂ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਇੱਥੇ ਬੱਸਾਂ ਜਾਂ ਰੈਸਟੋਰੈਂਟਾਂ ਜਾਂ ਲੋਕਾਂ ਦੇ ਕਾਰੋਬਾਰਾਂ ਵਿੱਚ ਹਿੱਸਾ ਪਾਉਣ ਨਹੀਂ ਆਏ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਆਮ ਆਦਮੀ ਦੇ ਦੁੱਖ ਵੰਡਾ ਰਹੀ ਹੈ, ਜਿਸ ਲਈ ਉਹ ਪੂਰੀ ਤਰ੍ਹਾਂ ਵਚਨਬੱਧ ਹਨ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਦੀ ਭਲਾਈ ਅਤੇ ਲੋਕਾਂ ਦੀ ਖ਼ੁਸ਼ਹਾਲੀ ਯਕੀਨੀ ਬਣਾਉਣ ਦੀ ਮੁਹਿੰਮ ਉਨ੍ਹਾਂ ਦੇ ਆਖਰੀ ਸਾਹ ਤੱਕ ਜਾਰੀ ਰਹੇਗੀ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਕੇਂਦਰ, ਬੀ.ਬੀ.ਐਮ.ਬੀ. ਅਤੇ ਹਰਿਆਣਾ ਸਰਕਾਰ ਵੱਲੋਂ ਸੂਬੇ ਦੇ ਪਾਣੀਆਂ ਦੀ ਚੋਰੀ ਕਰਨ ਦੇ ਕਦਮ ਦਾ ਸਖ਼ਤ ਵਿਰੋਧ ਕੀਤਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੁਰਾਣੇ ਆਗੂ ਆਪਣੇ ਸਵਾਰਥਾਂ ਲਈ ਵੱਡੇ ਪੱਧਰ 'ਤੇ ਰਾਜ ਵਿਰੋਧੀ ਕੰਮ ਕਰਦੇ ਸਨ ਪਰ ਸੂਬੇ ਦੇ ਪਾਣੀਆਂ ਦੇ ਰਖਵਾਲੇ ਹੋਣ ਦੇ ਨਾਤੇ ਉਹ ਅਜਿਹਾ ਕਦੇ ਵੀ ਨਹੀਂ ਹੋਣ ਦੇਣਗੇ। ਉਨ੍ਹਾਂ ਕਿਹਾ ਕਿ ਪੰਜਾਬ ਨੇ ਆਪਣੀ ਨਹਿਰੀ ਪਾਣੀ ਪ੍ਰਣਾਲੀ ਨੂੰ ਅਪਗ੍ਰੇਡ ਕੀਤਾ ਹੈ ਅਤੇ ਹੁਣ ਝੋਨੇ ਦੇ ਸੀਜ਼ਨ ਦੇ ਮੱਦੇਨਜ਼ਰ ਸੂਬੇ ਦੇ ਕਿਸਾਨਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਪਾਣੀ ਦੀ ਲੋੜ ਹੈ। ਉਨ੍ਹਾਂ ਸਪੱਸ਼ਟ ਕਿਹਾ ਕਿ ਪੰਜਾਬ ਕੋਲ ਦੂਜੇ ਰਾਜਾਂ ਨਾਲ ਵੰਡਣ ਲਈ ਪਾਣੀ ਦੀ ਇੱਕ ਬੂੰਦ ਵੀ ਵਾਧੂ ਨਹੀਂ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਪਾਣੀ ਅਤੇ ਜਵਾਨੀ ਨੂੰ ਬਚਾਏਗੀ ਅਤੇ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਪਹਿਲਾਂ ਹੀ ਯੋਗਤਾ ਦੇ ਆਧਾਰ 'ਤੇ ਨੌਜਵਾਨਾਂ ਨੂੰ 54000 ਤੋਂ ਵੱਧ ਨੌਕਰੀਆਂ ਦਿੱਤੀਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਕਦਮ ਦਾ ਉਦੇਸ਼ ਨੌਜਵਾਨਾਂ ਨੂੰ ਸੂਬੇ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਸਰਗਰਮ ਭਾਈਵਾਲ ਬਣਾਉਣਾ ਹੈ।

# ਸ਼ਰਾਬ ਹਾਦਸੇ 'ਚ ਮਾਰੇ ਗਏ ਪਰਿਵਾਰਾਂ ਦਾ ਸਾਰਾ ਖਰਚਾ ਚੁੱਕੇਗੀ ਸੂਬਾ ਸਰਕਾਰ : ਧਾਲੀਵਾਲ

## 10-10 ਲੱਖ ਦੀ ਆਰਥਿਕ ਸਹਾਇਤਾ ਮੁਆਵਜ਼ੇ ਵਜੋਂ ਦਿੱਤੀ



ਅੰਮ੍ਰਿਤਸਰ : ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਪਿੰਡ ਭੰਗਵਾਂ ਵਿਖੇ ਪਹੁੰਚ ਕੇ ਮਜੀਠਾ ਸ਼ਰਾਬ ਹਾਦਸੇ ਦੇ ਉਨ੍ਹਾਂ ਪੀੜਤ ਪਰਿਵਾਰਾਂ ਨੂੰ ਮੁੱਖ ਮੰਤਰੀ ਪੰਜਾਬ ਵੱਲੋਂ ਐਲਾਨੀ ਮੁਆਵਜ਼ਾ ਰਾਸ਼ੀ ਦੇ ਚੈੱਕ ਦਿੱਤੇ, ਜਿਹੜੇ ਪਹਿਲੇ ਦਿਨ ਦਿੱਤੇ ਮੁਆਵਜੇ ਸਮੇਂ ਰਹਿ ਗਏ ਸਨ।

ਇਸ ਮੌਕੇ ਜਗਵਿੰਦਰਪਾਲ ਸਿੰਘ ਜੱਗਾ ਮਜੀਠਾ ਹਲਕਾ ਇੰਚਾਰਜ ਵੀ ਉਨ੍ਹਾਂ ਨਾਲ ਮੌਜੂਦ ਰਹੇ। ਧਾਲੀਵਾਲ ਨੇ ਪਿੰਡ ਦੇ ਚਾਰ ਪੀੜਤ ਪਰਿਵਾਰਾਂ ਨੂੰ 10-10 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਦੇ ਚੈੱਕ ਦਿੱਤੇ। ਇਸ ਮੌਕੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਮੰਤਰੀ ਧਾਲੀਵਾਲ ਨੇ ਕਿਹਾ ਕਿ ਇਸ ਹਾਦਸੇ ਨਾਲ ਕਈ ਘਰਾਂ ਦੇ ਕਮਾਊ ਜੀਅ ਘਰੋਂ ਤੁਰ ਗਏ ਹਨ। ਸਰਕਾਰ ਨੇ ਆਪਣਾ ਫਰਜ਼ ਸਮਝਦੇ ਹੋਏ ਇਨ੍ਹਾਂ ਪਰਿਵਾਰਾਂ ਨੂੰ 10-10 ਲੱਖ ਰੁਪਏ ਦੀ ਆਰਥਿਕ ਸਹਾਇਤਾ ਮੁਆਵਜ਼ੇ ਵਜੋਂ ਦਿੱਤੀ ਹੈ। ਇਸ ਤੋਂ ਇਲਾਵਾ ਮੁੱਖ ਮੰਤਰੀ ਪੰਜਾਬ ਨੇ ਇਹ ਵੀ ਐਲਾਨ ਕੀਤਾ ਹੈ ਕਿ ਇਨ੍ਹਾਂ ਮ੍ਰਿਤਕਾਂ ਦੇ ਸਸਕਾਰ ਅਤੇ ਭੋਗ ਉੱਤੇ ਆਉਣ ਵਾਲਾ ਸਾਰਾ ਖਰਚ ਵੀ ਅਸੀਂ ਕਰਾਂਗੇ।

ਇਸ ਤੋਂ ਇਲਾਵਾ ਜੋ ਬੱਚੇ ਪੜ੍ਹਣਯੋਗ ਹਨ, ਉਨ੍ਹਾਂ ਨੂੰ ਪੜ੍ਹਾਇਆ ਵੀ ਜਾਵੇਗਾ। ਉਨ੍ਹਾਂ ਨੇ ਹਾਜ਼ਰ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਜਿਨਾਂ ਪਰਿਵਾਰਾਂ ਦੇ ਕੋਲ ਕੱਚੇ ਘਰ ਹਨ ਜਾਂ ਰਹਿਣ ਲਈ ਛੱਤ ਨਹੀਂ ਹੈ, ਉਨ੍ਹਾਂ ਦੇ ਕੇਸ ਵੀ ਦਿੱਤੇ ਜਾਣ ਤਾਂ ਜੋ ਉਨ੍ਹਾਂ ਨੂੰ ਪੱਕਾ ਘਰ ਬਣਾ ਕੇ ਦਿੱਤਾ ਜਾ ਸਕੇ। ਧਾਲੀਵਾਲ ਨੇ ਪਿੰਡ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਇਨ੍ਹਾਂ ਲੋੜਵੰਦ ਪਰਿਵਾਰਾਂ ਦੀ ਬਾਂਹ ਫੜਣ ਤਾਂ ਜੋ ਇਹ ਆਪਣਾ ਔਖਾ ਸਮਾਂ ਕੱਟ ਸਕਣ। ਉਨ੍ਹਾਂ ਕਿਹਾ ਕਿ ਹਾਦਸੇ ਦੇ ਦੋਸ਼ੀਆਂ ਨੂੰ ਫੜ ਲਿਆ ਗਿਆ ਹੈ ਅਤੇ ਪੁਲਿਸ ਆਪਣਾ ਕੰਮ ਕਰ ਰਹੀ ਹੈ।

ਸਰਕਾਰ ਇਨ੍ਹਾਂ ਮੌਤ ਤੇ ਸੌਦਾਗਰਾਂ ਨੂੰ ਸਖਤ ਤੋਂ ਸਖਤ ਸਜ਼ਾ ਦਿਵਾਉਣ ਲਈ ਚਾਰਜੋਈ ਕਰੇਗੀ ਤਾਂ ਜੋ ਭਵਿੱਖ ਵਿੱਚ ਇਹੋ ਜਿਹੀਆਂ ਅਣਹੋਣੀਆਂ ਘਟਨਾਵਾਂ ਨਾ ਵਾਪਰਨ। ਇਸ ਮੌਕੇ ਮਜੀਠਾ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਜਗਵਿੰਦਰਪਾਲ ਸਿੰਘ ਜੱਗਾ ਮਜੀਠਾ, ਸਰਪੰਚ ਸੁੱਖ ਭੰਗੂ ਸਮੇਤ ਪਾਰਟੀ ਦੇ ਹੋਰ ਮੋਹਤਬਰ ਵੀ ਉਹਨਾਂ ਦੇ ਨਾਲ ਹਾਜ਼ਰ ਸਨ।

# ਗੁਰੂ ਤੇਗ ਬਹਾਦਰ ਦੇ ਸ਼ਹੀਦੀ ਦਿਵਸ ਸਬੰਧੀ ਸਮਾਗਮਾਂ ਨੂੰ ਪ੍ਰਵਾਨਗੀ

## ਗੁਰੂ ਸਾਹਿਬ ਦੇ ਜੀਵਨ ਅਤੇ ਫ਼ਲਸਫ਼ੇ 'ਤੇ ਖੋਜ ਕਾਰਜਾਂ ਲਈ ਪੰਜਾਬੀ ਯੂਨੀਵਰਸਿਟੀ ਵਿੱਚ ਚੇਅਰ ਸਥਾਪਤ ਕਰਨ ਦਾ ਐਲਾਨ



ਚੰਡੀਗੜ੍ਹ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਅੱਜ ਗੁਰੂ ਤੇਗ ਬਹਾਦਰ ਦੇ 350ਵੇਂ ਸ਼ਹੀਦੀ ਦਿਵਸ ਨੂੰ ਵੱਡੇ ਪੱਧਰ 'ਤੇ ਮਨਾਉਣ ਲਈ ਸੂਬਾ ਸਰਕਾਰ ਵੱਲੋਂ ਕਰਵਾਏ ਜਾਣ ਵਾਲੇ ਲੜੀਵਾਰ ਸਮਾਗਮਾਂ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਮੁੱਖ ਮੰਤਰੀ ਨੇ ਆਪਣੇ ਸਰਕਾਰੀ ਨਿਵਾਸ 'ਤੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਨੌਂਵੇਂ ਗੁਰੂ ਗੁਰੂ ਤੇਗ ਬਹਾਦਰ ਦੇ 350ਵੇਂ ਸ਼ਹੀਦੀ ਦਿਵਸ ਮੌਕੇ ਲੜੀਵਾਰ ਸਮਾਗਮ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਗੁਰੂ ਸਾਹਿਬ ਦੇ ਜੀਵਨ ਅਤੇ ਫ਼ਲਸਫ਼ੇ 'ਤੇ ਖੋਜ ਕਾਰਜਾਂ ਲਈ ਪੰਜਾਬੀ ਯੂਨੀਵਰਸਿਟੀ (ਪਟਿਆਲਾ) ਵਿੱਚ ਚੇਅਰ ਸਥਾਪਤ ਕੀਤੀ ਜਾਵੇਗੀ। ਗੁਰੂ ਸਾਹਿਬ ਦੇ ਇਤਿਹਾਸ ਨੂੰ ਬਿਆਨਦਾ ਕਿਤਾਬਚਾ ਜਾਰੀ ਕਰਨ ਦੇ ਨਾਲ-ਨਾਲ ਗੁਰੂ ਸਾਹਿਬ ਦੀ ਬਾਣੀ 'ਤੇ ਵੀ ਬੁੱਕਲੈੱਟ ਜਾਰੀ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਆਨੰਦਪੁਰ ਸਾਹਿਬ ਵਿੱਚ ਅੰਡਰ-17 ਫੁੱਟਬਾਲ ਟੂਰਨਾਮੈਂਟ ਦੇ ਨਾਲ-ਨਾਲ ਰਾਜ ਭਰ ਵਿੱਚ ਵਿਸ਼ਵ ਸਾਂਤੀ ਸੰਮੇਲਨ, ਵਿਸ਼ਵ ਅੰਤਰ-ਧਰਮ ਸੰਮੇਲਨਾਂ ਸਣੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਸੈਮੀਨਾਰ ਕਰਵਾਏ ਜਾਣਗੇ। ਮੁੱਖ ਮੰਤਰੀ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਦੀ ਸ਼ਾਨਾਮੱਤੀ ਵਿਰਾਸਤ ਨੂੰ ਸਦੀਵੀ ਰੱਖਣ ਲਈ ਜੰਮੂ ਤੋਂ ਦਿੱਲੀ ਵਾਇਆ ਬਾਬਾ ਬਕਾਲਾ ਅਤੇ ਸ੍ਰੀ ਅਨੰਦਪੁਰ ਸਾਹਿਬ ਤੱਕ ਯਾਤਰਾ ਕੱਢੀ ਜਾਵੇਗੀ। ਉਨ੍ਹਾਂ ਕਿਹਾ ਕਿ ਰੂਪਨਗਰ, ਮਾਨਸਾ, ਬਠਿੰਡਾ, ਪਟਿਆਲਾ, ਜਲੰਧਰ, ਸੰਗਰੂਰ, ਐੱਸਬੀਐੱਸ ਨਗਰ, ਤਰਨ ਤਾਰਨ, ਸ੍ਰੀ ਫਤਿਹਗੜ੍ਹ ਸਾਹਿਬ, ਬਰਨਾਲਾ, ਸ੍ਰੀ ਮੁਕਤਸਰ ਸਾਹਿਬ, ਅੰਮ੍ਰਿਤਸਰ, ਐੱਸਏਐੱਸ ਨਗਰ ਸਣੇ ਜ਼ਿਲ੍ਹਿਆਂ ਵਿੱਚ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ 63 ਥਾਵਾਂ 'ਤੇ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਵੱਡਾ ਹੁਲਾਰਾ ਦਿੱਤਾ ਜਾਵੇਗਾ। ਸੂਬਾ ਸਰਕਾਰ ਨੇ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਫਲਸਫੇ 'ਤੇ ਯਾਦਗਾਰੀ ਡਾਕ ਟਿਕਟ ਜਾਰੀ ਕਰਨ ਲਈ ਭਾਰਤ ਸਰਕਾਰ ਨੂੰ ਅਪੀਲ ਕੀਤੀ।

# ਜਦੋਂ ਤੱਕ ਅੱਤਵਾਦ ਦਾ ਸਾਥ ਨਹੀਂ ਛੱਡਦਾ, ਪਾਣੀ ਦੀ ਬੂੰਦ-ਬੂੰਦ ਲਈ ਤਰਸਦਾ ਰਹੇਗਾ ਪਾਕਿਸਤਾਨ : ਅਮਿਤ ਸ਼ਾਹ



ਨਵੀਂ ਦਿੱਲੀ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਪੱਸ਼ਟ ਸ਼ਬਦਾਂ 'ਚ ਕਿਹਾ ਹੈ ਕਿ ਅੱਤਵਾਦ ਅਤੇ ਵਪਾਰ ਨਾਲੋ-ਨਾਲ ਨਹੀਂ ਚੱਲ ਸਕਦੇ। ਐਤਵਾਰ ਨੂੰ ਅਹਿਮਦਾਬਾਦ ਨਗਰ ਨਿਗਮ ਦੇ ਵੱਖ-ਵੱਖ ਵਿਕਾਸ ਪ੍ਰਾਜੈਕਟਾਂ ਦਾ ਨੀਂਹ ਪੱਥਰ ਰੱਖਦਿਆਂ ਤੇ ਉਦਘਾਟਨ ਕਰਦਿਆਂ ਉਨ੍ਹਾਂ ਆਪ੍ਰੇਸ਼ਨ ਸਿੰਧੂਰ ਦੌਰਾਨ ਭਾਰਤੀ ਹਥਿਆਰਬੰਦ ਫੌਜਾਂ ਦੀ ਸ਼ਲਾਘਾ ਕੀਤੀ।

ਉਨ੍ਹਾਂ ਕਿਹਾ ਕਿ ਜੇ ਪਾਕਿ ਅੱਤਵਾਦ ਨਹੀਂ ਰੋਕਦਾ ਤਾਂ ਉਸ ਨੂੰ ਸਿੰਧੂ ਨਦੀ ਤੋਂ ਪਾਣੀ ਦੀ ਇਕ ਬੂੰਦ ਵੀ ਨਹੀਂ ਮਿਲੇਗੀ। ਅਸੀਂ ਪਾਕਿਸਤਾਨ ਨੂੰ ਢੁਕਵਾਂ ਜਵਾਬ ਦਿੱਤਾ ਹੈ। ਉਸ ਦੇ ਹਵਾਈ ਅੱਡੇ ਤਬਾਹ ਕਰ ਦਿੱਤੇ ਹਨ। ਅਮਿਤ ਸ਼ਾਹ ਨੇ ਕਿਹਾ ਕਿ ਜਦੋਂ ਮੋਦੀ ਨੇ ਰਾਸ਼ਟਰ ਨੂੰ ਸੰਬੋਧਨ ਕੀਤਾ ਤਾਂ ਉਨ੍ਹਾਂ ਸਪੱਸ਼ਟ ਕਰ ਦਿੱਤਾ ਕਿ ਖ਼ੂਨ ਅਤੇ ਪਾਣੀ ਇਕੱਠੇ ਨਹੀਂ ਵਹਿਣਗੇ। ਗੁਆਂਢੀ ਦੇਸ਼ ਨੂੰ ਚਿਤਾਵਨੀ ਦਿੰਦੇ ਹੋਏ ਸ਼ਾਹ ਨੇ ਕਿਹਾ ਕਿ ਉਹ ਜਦੋਂ ਤੱਕ ਅੱਤਵਾਦ ਦੇ ਵਪਾਰ ਨੂੰ ਨਹੀਂ ਰੋਕਦਾ, ਸਿੰਧੂ ਦੇ ਪਾਣੀ ਦੀ ਹਰ ਬੂੰਦ ਲਈ ਤਰਸਦਾ ਰਹੇਗਾ। ਅੱਤਵਾਦ ਅਤੇ ਵਪਾਰ ਇਕੱਠੇ ਨਹੀਂ ਚੱਲ ਸਕਦੇ। ਜੇ ਪਾਕਿ ਅੱਤਵਾਦ ਨੂੰ ਪਨਾਹ ਦੇਣੀ ਚਾਹੁੰਦਾ ਹੈ ਤਾਂ ਫਿਰ ਆਪਣੇ ਹੋਰ ਸਭ ਕਾਰੋਬਾਰ ਬੰਦ ਕਰ ਦੇਵੇ।

ਸ਼ਾਹ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਜੇ ਪਾਕਿਸਤਾਨ ਨਾਲ ਗੱਲਬਾਤ ਹੋਵੇਗੀ ਤਾਂ ਉਹ ਸਿਰਫ਼ ਪਾਕਿਸਤਾਨ ਦੇ ਕਬਜ਼ੇ ਹੇਠਲੇ ਕਸ਼ਮੀਰ ਨੂੰ ਵਾਪਸ ਲੈਣ ਤੇ ਅੱਤਵਾਦ ਨੂੰ ਖਤਮ ਕਰਨ ਬਾਰੇ ਹੀ ਹੋਵੇਗੀ। ਇਸ ਤੋਂ ਪਹਿਲਾਂ ਅਮਿਤ ਸ਼ਾਹ ਨੇ ਹਥਿਆਰਬੰਦ ਫੋਰਸਾਂ ਦੇ ਮਾਣ 'ਚ ਗੁਜਰਾਤ ਦੇ ਅਹਿਮਦਾਬਾਦ 'ਚ ਤਿਰੰਗਾ ਯਾਤਰਾ ਦੀ ਅਗਵਾਈ ਕੀਤੀ। ਇਸ ਦੌਰਾਨ ਅਮਿਤ ਸ਼ਾਹ ਨੂੰ ਭਾਰੀ ਭੀੜ ਦਰਮਿਆਨ ਰਾਸ਼ਟਰੀ ਝੰਡਾ ਫੜ ਕੇ ਤੁਰਦੇ ਦੇਖਿਆ ਗਿਆ।

ਤਿਰੰਗਾ ਫੜ ਕੇ ਗ੍ਰਹਿ ਮੰਤਰੀ ਨਲ ਸਰੋਵਰ ਚੌਕੜੀ ਤੋਂ ਏਕਲਿੰਗਜੀ ਰੋਡ 'ਤੇ ਮਹਾਰਾਣਾ ਪ੍ਰਤਾਪ ਚੌਕ ਤੱਕ ਪੈਦਲ ਚੱਲੇ। ਇੱਥੇ ਉਨ੍ਹਾਂ 16ਵੀਂ ਸਦੀ ਦੇ ਮਹਾਨ ਯੋਧੇ ਦੀ ਮੂਰਤੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਗੁਜਰਾਤ ਭਾਜਪਾ ਨੇ ਕਿਹਾ ਕਿ ਸਾਨੰਦ ਅਤੇ ਆਸ ਪਾਸ ਦੇ ਇਲਾਕਿਆਂ ਤੋਂ ਵੱਡੀ ਗਿਣਤੀ 'ਚ ਲੋਕ, ਸਮਾਜਿਕ ਤੇ ਸਿਆਸੀ ਨੇਤਾ ਤਿਰੰਗਾ ਯਾਤਰਾ 'ਚ ਸ਼ਾਮਲ ਹੋਏ । ਉਨ੍ਹਾਂ 'ਭਾਰਤ ਮਾਤਾ ਕੀ ਜੈ' ਦੇ ਨਾਅਰੇ ਲਾਏ ਤੇ ਹਥਿਆਰਬੰਦ ਫੋਰਸਾਂ ਦੀ ਹਿੰਮਤ ਅਤੇ ਬਹਾਦਰੀ ਨੂੰ ਸਲਾਮ ਕੀਤਾ। ਆਪ੍ਰੇਸ਼ਨ ਸਿੰਧੂਰ ਤੋਂ ਬਾਅਦ ਭਾਜਪਾ ਹਥਿਆਰਬੰਦ ਫੋਰਸਾਂ ਦੇ ਸਨਮਾਨ 'ਚ ਪੂਰੇ ਦੇਸ਼ 'ਚ ਤਿਰੰਗਾ ਯਾਤਰਾ ਦਾ ਆਯੋਜਨ ਕਰ ਰਹੀ ਹੈ।

# ਭਾਰਤ ਦੇ ਹਮਲੇ ਨਾਲ ਹਿੱਲਿਆ ਚੀਨ ! ਆਪ੍ਰੇਸ਼ਨ ਸਿੰਦੂਰ ਨਾਲ ਮਿੱਟੀ 'ਚ ਮਿਲੀ ਡਰੈਗਨ ਦੀ ਇੱਜ਼ਤ



ਨਵੀਂ ਦਿੱਲੀ : ਭਾਰਤ ਵੱਲੋਂ ਪਾਕਿਸਤਾਨ ਵਿਰੁੱਧ ਸ਼ੁਰੂ ਕੀਤਾ ਗਿਆ 'ਆਪ੍ਰੇਸ਼ਨ ਸਿੰਦੂਰ' ਨਾ ਸਿਰਫ਼ ਅੱਤਵਾਦ ਵਿਰੁੱਧ ਇੱਕ ਨਿਰਣਾਇਕ ਕਾਰਵਾਈ ਨੂੰ ਦਰਸਾਉਂਦਾ ਸੀ, ਸਗੋਂ ਚੀਨ ਦੇ ਹਥਿਆਰਾਂ ਦੀ ਗੁਣਵੱਤਾ ਅਤੇ ਵਿਸ਼ਵ ਰੱਖਿਆ ਬਾਜ਼ਾਰ ਵਿੱਚ ਇਸਦੀ ਭਰੋਸੇਯੋਗਤਾ ਨੂੰ ਵੀ ਭਾਰੀ ਸੱਟ ਲੱਗੀ ਹੈ। ਭਾਰਤ ਦੀ ਇਸ ਫੌਜੀ ਕਾਰਵਾਈ ਵਿੱਚ, 9 ਅੱਤਵਾਦੀ ਟਿਕਾਣੇ ਤਬਾਹ ਹੋ ਗਏ। ਪਾਕਿਸਤਾਨ ਦੀ ਹਵਾਈ ਰੱਖਿਆ ਪ੍ਰਣਾਲੀ ਨੂੰ ਤਬਾਹ ਕਰ ਦਿੱਤਾ ਗਿਆ। 12 ਤੋਂ ਵੱਧ ਏਅਰਬੇਸਾਂ ਨੂੰ ਨਿਸ਼ਾਨਾ ਬਣਾਇਆ ਗਿਆ। ਆਧੁਨਿਕ ਯੁੱਧ ਮਾਹਰ ਜੌਨ ਸਪੈਂਸਰ ਨੇ ਇਸਨੂੰ 'ਸਿਰਫ ਤਾਕਤ ਦਾ ਪ੍ਰਦਰਸ਼ਨ ਨਹੀਂ, ਸਗੋਂ ਇੱਕ ਨਿਰਣਾਇਕ ਅਤੇ ਯੋਜਨਾਬੱਧ ਕਾਰਵਾਈ' ਦੱਸਿਆ।

ਜਦੋਂ ਪਾਕਿਸਤਾਨ ਨੇ ਜੰਗਬੰਦੀ ਦੀ ਅਪੀਲ ਕੀਤੀ, ਤਾਂ ਇਹ ਸਪੱਸ਼ਟ ਹੋ ਗਿਆ ਕਿ ਉਸਦੀ ਫੌਜੀ ਸਮਰੱਥਾ ਢਹਿ ਗਈ ਹੈ। ਮਾਹਿਰਾਂ ਅਨੁਸਾਰ ਪਾਕਿਸਤਾਨ ਦੇ 80% ਹਥਿਆਰ ਚੀਨ ਤੋਂ ਪ੍ਰਾਪਤ ਹੁੰਦੇ ਹਨ। ਚੀਨੀ ਲੜਾਕੂ ਜਹਾਜ਼ਾਂ ਦੇ HQ-I ਹਵਾਈ ਰੱਖਿਆ ਪ੍ਰਣਾਲੀਆਂ, PL-AE ਹਵਾ ਤੋਂ ਹਵਾ ਵਿੱਚ ਮਾਰ ਕਰਨ ਵਾਲੀਆਂ ਮਿਜ਼ਾਈਲਾਂ, ਸਾਰੇ ਬੇਅਸਰ ਜਾਂ ਅਸਫਲ ਸਾਬਤ ਹੋਈਆਂ। ਸੈਟੇਲਾਈਟ ਤਸਵੀਰਾਂ ਅਤੇ ਜੰਗੀ ਸਬੂਤਾਂ ਨੇ ਇਹ ਵੀ ਸਪੱਸ਼ਟ ਕਰ ਦਿੱਤਾ ਕਿ ਪਾਕਿਸਤਾਨੀ ਦਾਅਵਿਆਂ ਦੇ ਉਲਟ, ਭਾਰਤੀ ਰਾਫੇਲ ਜਹਾਜ਼ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ।

ਚੀਨੀ ਰੱਖਿਆ ਕੰਪਨੀਆਂ ਦੇ ਸ਼ੇਅਰ 9% ਤੱਕ ਡਿੱਗ ਗਏ। ਪਹਿਲਾਂ ਇਹ ਮੰਨਿਆ ਜਾ ਰਿਹਾ ਸੀ ਕਿ ਪਾਕਿਸਤਾਨ ਨੂੰ ਹੋਰ ਹਥਿਆਰ ਵੇਚਣ ਨਾਲ ਚੀਨ ਨੂੰ ਫਾਇਦਾ ਹੋਵੇਗਾ, ਪਰ ਹੁਣ ਬਾਜ਼ਾਰ ਵਿੱਚ ਇਸਦੀ ਭਰੋਸੇਯੋਗਤਾ 'ਤੇ ਸਵਾਲ ਖੜ੍ਹੇ ਹੋ ਰਹੇ ਹਨ। 2020-2024 ਦਰਮਿਆਨ ਵਿਸ਼ਵ ਹਥਿਆਰਾਂ ਦੇ ਨਿਰਯਾਤ ਵਿੱਚ ਚੀਨ ਦਾ ਹਿੱਸਾ 5.9% ਸੀ, ਜਿਸ ਵਿੱਚੋਂ ਦੋ ਤਿਹਾਈ ਤੋਂ ਵੱਧ ਪਾਕਿਸਤਾਨ ਨੂੰ ਨਿਰਯਾਤ ਕੀਤਾ ਗਿਆ ਸੀ। ਹੁਣ ਬਹੁਤ ਸਾਰੇ ਦੇਸ਼, ਖਾਸ ਕਰਕੇ ਅਫਰੀਕਾ, ਏਸ਼ੀਆ ਅਤੇ ਲਾਤੀਨੀ ਅਮਰੀਕਾ ਦੇ, ਚੀਨੀ ਹਥਿਆਰਾਂ ਪ੍ਰਤੀ ਸਾਵਧਾਨ ਰਹਿਣ ਲੱਗ ਪਏ ਹਨ।

ਰਾਡਾਰ ਦੀ ਖਰਾਬੀ ਕਾਰਨ ਮਿਆਂਮਾਰ ਨੇ ਚੀਨੀ ਲੜਾਕੂ ਜਹਾਜ਼ਾਂ ਨੂੰ ਜ਼ਮੀਨ 'ਤੇ ਉਤਾਰਿਆ। ਨਾਈਜੀਰੀਆ ਨੂੰ 9 ਵਿੱਚੋਂ 7 ਲੜਾਕੂ ਜਹਾਜ਼ ਵਾਪਸ ਕਰਨੇ ਪਏ। ਹੁਣ ਪਾਕਿਸਤਾਨ, ਜੋ ਕਿ ਚੀਨ ਦਾ ਸਭ ਤੋਂ ਨਜ਼ਦੀਕੀ ਰਣਨੀਤਕ ਭਾਈਵਾਲ ਹੈ, ਖੁਦ ਇਨ੍ਹਾਂ ਹਥਿਆਰਾਂ ਤੋਂ ਅਸੰਤੁਸ਼ਟ ਜਾਪਦਾ ਹੈ। ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ 'ਜਾਂ ਤਾਂ ਚੀਨ ਪਾਕਿਸਤਾਨ ਨੂੰ ਘਟੀਆ ਹਥਿਆਰ ਸਪਲਾਈ ਕਰਦਾ ਹੈ, ਜਾਂ ਫਿਰ ਇਸਦੇ ਹਥਿਆਰ ਭਾਰਤ ਨਾਲੋਂ ਸੱਚਮੁੱਚ ਘਟੀਆ ਹਨ।' ਜੇਕਰ ਚੀਨ ਇਨ੍ਹਾਂ ਤਕਨੀਕੀ ਅਤੇ ਪ੍ਰਦਰਸ਼ਨ ਸਮੱਸਿਆਵਾਂ ਨੂੰ ਜਲਦੀ ਹੱਲ ਨਹੀਂ ਕਰਦਾ, ਤਾਂ ਦੁਨੀਆ ਦਾ ਸਭ ਤੋਂ ਵੱਡਾ ਹਥਿਆਰ ਨਿਰਯਾਤਕ ਬਣਨ ਦਾ ਉਸਦਾ ਸੁਪਨਾ ਅਧੂਰਾ ਰਹੇਗਾ।

# ਰਾਕੇਸ਼ ਟਿਕੈਤ ਦਾ ਸਿਰ ਵੱਢਣ ਦੀ ਦਿੱਤੀ ਧਮਕੀ, 5 ਲੱਖ ਰੁਪਏ ਇਨਾਮ ਦਾ ਕੀਤਾ ਐਲਾਨ

ਮੁਜ਼ੱਫਰਨਗਰ : ਭਾਕਿਯੂ ਦੇ ਬੁਲਾਰੇ ਰਾਕੇਸ਼ ਟਿਕੈਤ ਦਾ ਸਿਰ ਕਲਮ ਕਰਨ ਵਾਲੇ ਨੂੰ 5 ਲੱਖ ਰੁਪਏ ਦੇ ਇਨਾਮ ਦਾ ਐਲਾਨ ਕਰਨ ਵਾਲੇ ਇੱਕ ਨੌਜਵਾਨ ਦਾ ਵੀਡੀਓ ਇੰਟਰਨੈੱਟ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ, ਜਿਸ 'ਤੇ ਭਾਕਿਯੂ ਦੇ ਜ਼ਿਲ੍ਹਾ ਪ੍ਰਧਾਨ ਨੇ ਸਿਵਲ ਲਾਈਨਜ਼ ਥਾਣੇ ਵਿੱਚ ਮੁਲਜ਼ਮਾਂ ਖ਼ ?ਲਾਫ਼ ਕੇਸ ਦਰਜ ਕਰਵਾਇਆ ਹੈ।



ਪ੍ਰਸਾਰਿਤ ਵੀਡੀਓ ਵਿੱਚ, ਦੋਸ਼ੀ ਆਪਣੇ ਆਪ ਨੂੰ ਬੀਕੇਯੂ ਅਟਲ ਦਾ ਰਾਸ਼ਟਰੀ ਪ੍ਰਧਾਨ ਦੱਸ ਰਿਹਾ ਹੈ।

ਭਾਕਿਯੂ ਦੇ ਜ਼ਿਲ੍ਹਾ ਪ੍ਰਧਾਨ ਨਵੀਨ ਰਾਠੀ ਨੇ ਕਿਹਾ ਕਿ ਇੰਟਰਨੈੱਟ ਮੀਡੀਆ 'ਤੇ ਪ੍ਰਸਾਰਿਤ ਵੀਡੀਓ ਵਿੱਚ ਅਮਿਤ ਚੌਧਰੀ ਨਾਮ ਦਾ ਇੱਕ ਨੌਜਵਾਨ ਭਾਕਿਯੂ ਬੁਲਾਰੇ ਵਿਰੁੱਧ ਅਪਮਾਨਜਨਕ ਭਾਸ਼ਾ ਦੀ ਵਰਤੋਂ ਕਰ ਰਿਹਾ ਹੈ। ਉਸ ਬਾਰੇ ਜਾਣਕਾਰੀ ਮਿਲੀ। ਇਹ ਖੁਲਾਸਾ ਹੋਇਆ ਕਿ ਉਹ ਆਗਰਾ ਜ਼ਿਲ੍ਹੇ ਦਾ ਵਸਨੀਕ ਹੈ ਅਤੇ ਬੀਕੇਯੂ ਅਟਲ ਦਾ ਰਾਸ਼ਟਰੀ ਪ੍ਰਧਾਨ ਹੈ। ਇਸ ਤੋਂ ਪਹਿਲਾਂ ਵੀ ਮੁਲਜ਼ਮ ਨੇ ਬੀਕੇਯੂ ਦੇ ਬੁਲਾਰੇ ਵਿਰੁੱਧ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕੀਤੀ ਸੀ। ਇਸ ਮਾਮਲੇ ਵਿੱਚ ਐਸਐਸਪੀ ਸੰਜੇ ਕੁਮਾਰ ਵਰਮਾ ਨਾਲ ਫ਼ੋਨ 'ਤੇ ਗੱਲਬਾਤ ਵੀ ਹੋਈ। ਮੁਲਜ਼ਮ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

ਇਸ ਦੌਰਾਨ ਸਦਰ ਬਲਾਕ ਪ੍ਰਧਾਨ ਦੇਵ ਅਹਲਾਵਤ, ਮੀਡੀਆ ਇੰਚਾਰਜ ਸ਼ਕਤੀ ਸਿੰਘ, ਗੁਲਸ਼ਨ ਚੌਧਰੀ, ਮਨੀਸ਼ ਅਹਲਾਵਤ, ਸੁਮਿਤ, ਰਾਮਪਾਲ ਸਿੰਘ, ਗੁਲਬਹਾਰ ਰਾਓ, ਸਚਿਨ ਚੌਧਰੀ, ਹੈਪੀ ਬਾਲੀਆਂ, ਅਕਾਸ਼ ਬਾਲੀਆਂ, ਸਾਜਿਦ ਮਲਿਕ, ਸ਼ਹਿਜ਼ਾਦ, ਦਿਵਾਕਰ ਤਿਆਗੀ ਆਦਿ ਹਾਜ਼ਰ ਸਨ।

ਸਿਵਲ ਲਾਈਨਜ਼ ਪੁਲਿਸ ਸਟੇਸ਼ਨ ਦੇ ਇੰਚਾਰਜ ਆਸ਼ੂਤੋਸ਼ ਕੁਮਾਰ ਸਿੰਘ ਨੇ ਦੱਸਿਆ ਕਿ ਭਾਕਿਯੂ ਦੇ ਜ਼ਿਲ੍ਹਾ ਪ੍ਰਧਾਨ ਨਵੀਨ ਰਾਠੀ ਦੀ ਸ਼ਿਕਾਇਤ ਦੇ ਆਧਾਰ 'ਤੇ ਅਮਿਤ ਚੌਧਰੀ ਖ਼ ?ਲਾਫ਼ ਭੜਕਾਊ ਭਾਸ਼ਣ ਅਤੇ ਜਾਨੋਂ ਮਾਰਨ ਦੀ ਧਮਕੀ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਬੀਕੇਯੂ ਦੇ ਜ਼ਿਲ੍ਹਾ ਪ੍ਰਧਾਨ ਸਮੇਤ ਵਰਕਰ ਐਤਵਾਰ ਨੂੰ ਸਿਵਲ ਲਾਈਨਜ਼ ਪੁਲਿਸ ਸਟੇਸ਼ਨ ਪਹੁੰਚੇ ਅਤੇ ਇੰਟਰਮੀਡੀਏਟ ਮੀਡੀਆ 'ਤੇ ਪ੍ਰਸਾਰਿਤ ਵੀਡੀਓ ਦਾ ਹਵਾਲਾ ਦਿੰਦੇ ਹੋਏ ਆਪਣਾ ਗੁੱਸਾ ਜ਼ਾਹਰ ਕੀਤਾ। ਉਨ੍ਹਾਂ ਕਿਹਾ ਕਿ ਦੋਸ਼ੀ ਵਿਰੁੱਧ ਮਾਮਲਾ ਦਰਜ ਕਰਨ ਦੇ ਨਾਲ-ਨਾਲ ਉਸਨੂੰ ਗ੍ਰਿਫ਼ਤਾਰ ਕੀਤਾ ਜਾਣਾ ਚਾਹੀਦਾ ਹੈ। ਕਿਹਾ ਜਾ ਰਿਹਾ ਹੈ ਕਿ ਦੋਸ਼ੀ, ਜੋ ਆਪਣੇ ਆਪ ਨੂੰ ਬੀਕੇਯੂ ਅਟਲ ਦਾ ਰਾਸ਼ਟਰੀ ਪ੍ਰਧਾਨ ਦੱਸਦਾ ਹੈ, ਵਪਾਰਕ ਹਿੱਤਾਂ ਦੀ ਗੱਲ ਕਰਦੇ ਹੋਏ ਰਾਕੇਸ਼ ਟਿਕੈਤ ਨੂੰ ਧਮਕੀ ਦੇ ਰਿਹਾ ਹੈ। ਇੰਟਰਨੈੱਟ ਮੀਡੀਆ 'ਤੇ ਪ੍ਰਸਾਰਿਤ ਵੀਡੀਓ ਵਿੱਚ, ਦੋਸ਼ੀ ਆਪਣਾ ਨਾਮ ਅਮਿਤ ਚੌਧਰੀ, ਰਾਸ਼ਟਰੀ ਪ੍ਰਧਾਨ ਅਟਲ ਦੱਸਦਾ ਹੈ। ਉਹ ਕਹਿੰਦਾ ਹੈ ਕਿ ਰਾਕੇਸ਼ ਟਿਕੈਤ ਆਪਣਾ ਮਾਨਸਿਕ ਸੰਤੁਲਨ ਗੁਆ ਚੁੱਕਾ ਹੈ। ਕਾਰੋਬਾਰੀ ਦੇਸ਼ ਦੀ ਰੀੜ੍ਹ ਦੀ ਹੱਡੀ ਹਨ। ਵਪਾਰੀ ਉਪਜ ਦੀ ਕੀਮਤ ਪ੍ਰਾਪਤ ਕਰਨ ਲਈ ਕੰਮ ਕਰਦੇ ਹਨ। ਦੇਸ਼ ਦੇ ਕਿਸਾਨਾਂ ਲਈ ਕਾਰੋਬਾਰੀ ਰੱਬ ਦਾ ਰੂਪ ਹੈ।

## ਵੱਡੀ ਅੱਤਵਾਦੀ ਸਾਜ਼ਿਸ਼ ਨਾਕਾਮ

# ਪਾਕਿਸਤਾਨ ਨੂੰ ਫ਼ੌਜ ਦੀ ਖ਼ੁਫ਼ੀਆ ਜਾਣਕਾਰੀ ਭੇਜਣ ਵਾਲਾ ਵਿਅਕਤੀ ਹਰਿਆਣਾ ਤੋਂ ਗ੍ਰਿਫ਼ਤਾਰ



ਪਾਣੀਪਤ : ਪਾਕਿਸਤਾਨੀ ਜਾਸੂਸ ਗ੍ਰਿਫ਼ਤਾਰ ਪਾਕਿਸਤਾਨੀ ਜਾਸੂਸ ਨੋਮਾਨ ਇਲਾਹੀ ਨੂੰ ਹਰਿਆਣਾ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਉਸਨੂੰ ਸ੍ਰੀਨਗਰ ਵਿੱਚ ਫੌਜ ਦੀਆਂ ਗਤੀਵਿਧੀਆਂ ਦੀ ਵੀਡੀਓ ਬਣਾਉਣ ਅਤੇ ਇਸਨੂੰ ਆਈਐਸਆਈ ਨੂੰ ਭੇਜਣ ਦਾ ਕੰਮ ਸੌਂਪਿਆ ਗਿਆ ਸੀ। ਪੁੱਛਗਿੱਛ ਦੌਰਾਨ, ਉਸਨੇ ਦਿੱਲੀ ਤੋਂ ਜੰਮੂ ਜਾਣ ਵਾਲੀਆਂ ਰੇਲਗੱਡੀਆਂ ਨੂੰ ਨਿਸ਼ਾਨਾ ਬਣਾਉਣ ਦੀ ਗੱਲ ਵੀ ਕਬੂਲ ਕੀਤੀ। ਪੁਲਿਸ ਆਈਐਸਆਈ ਦੀਆਂ ਸਾਜ਼ਿਸ਼ਾਂ ਦਾ ਪਰਦਾਫਾਸ਼ ਕਰਨ ਲਈ ਉਸਦੀ ਡਾਇਰੀ ਅਤੇ ਹੋਰ ਸੰਪਰਕਾਂ ਦੀ ਜਾਂਚ ਕਰ ਰਹੀ ਹੈ।

ਪਾਕਿਸਤਾਨ ਲਈ ਜਾਸੂਸੀ ਕਰਨ ਦੇ ਦੋਸ਼ੀ ਨੋਮਾਨ ਇਲਾਹੀ ਤੋਂ ਉਸਦੇ ਰਿਮਾਂਡ ਦੇ ਤੀਜੇ ਦਿਨ ਵਿਆਪਕ ਪੁੱਛਗਿੱਛ ਕੀਤੀ ਗਈ। ਸ਼ੁੱਕਰਵਾਰ ਸ਼ਾਮ 5 ਵਜੇ, ਕੇਂਦਰ, ਫੌਜ, ਉੱਤਰ ਪ੍ਰਦੇਸ਼, ਹਰਿਆਣਾ ਖੁਫੀਆ ਬਿਊਰੋ ਅਤੇ ਦੋ ਹੋਰ ਕੇਂਦਰੀ ਏਜੰਸੀਆਂ ਨੋਮਾਨ ਤੋਂ ਪੁੱਛਗਿੱਛ ਕਰਨ ਲਈ ਪਹੁੰਚੀਆਂ। ਨੋਮਾਨ ਤੋਂ ਦੇਰ ਰਾਤ ਤੱਕ ਪੁੱਛਗਿੱਛ ਕੀਤੀ ਗਈ। ਪੁਲਿਸ ਸੂਤਰਾਂ ਅਨੁਸਾਰ, ਨੋਮਾਨ ਨੇ ਸ਼ੁੱਕਰਵਾਰ ਨੂੰ ਇੱਕ ਵੱਡਾ ਖੁਲਾਸਾ ਕੀਤਾ ਹੈ। ਉਸਨੇ ਦੱਸਿਆ ਕਿ ਆਈਐਸਆਈ ਕਮਾਂਡਰ ਇਕਬਾਲ ਕਾਨਾ ਨੇ ਉਸਨੂੰ ਆਪ੍ਰੇਸ਼ਨ ਸਿੰਦੂਰ ਦੌਰਾਨ ਸ੍ਰੀਨਗਰ ਵਿੱਚ ਫੌਜ ਦੀਆਂ ਗਤੀਵਿਧੀਆਂ ਦੀ ਵੀਡੀਓ ਬਣਾਉਣ ਅਤੇ ਉਸਨੂੰ ਭੇਜਣ ਦਾ ਕੰਮ ਸੌਂਪਿਆ ਸੀ। ਬਦਲੇ ਵਿੱਚ, ਇਕਬਾਲ ਨੇ ਉਸਨੂੰ ਅਮੀਰ ਬਣਾਉਣ ਦਾ ਵਾਅਦਾ ਵੀ ਕੀਤਾ ਸੀ।

ਆਈਐਸਆਈ ਦਾ ਨਿਸ਼ਾਨਾ ਦਿੱਲੀ ਤੋਂ ਜੰਮੂ ਜਾ ਰਹੀ ਫੌਜ ਦੀ ਰੇਲਗੱਡੀ ਸੀ। ਨੋਮਨ ਦੇ ਮੋਬਾਈਲ ਵਿੱਚੋਂ ਟਰੇਨ ਨਾਲ ਸਬੰਧਤ ਕਈ ਵੀਡੀਓ ਮਿਲੇ ਹਨ। ਉਸਦੇ ਮੋਬਾਈਲ 'ਤੇ ਕਈ ਸ਼ੱਕੀ ਵਿਅਕਤੀਆਂ ਨਾਲ ਉਸਦੀ ਗੱਲਬਾਤ ਦੀਆਂ ਰਿਕਾਰਡਿੰਗਾਂ ਵੀ ਮਿਲੀਆਂ ਹਨ। ਸੀਆਈਏ ਵਨ ਟੀਮ ਨੂੰ ਕੈਰਾਨਾ ਦੇ ਬੇਗਮਪੁਰਾ ਬਾਜ਼ਾਰ ਸਥਿਤ ਉਸਦੇ ਘਰ ਵੀ ਲਿਜਾਇਆ ਗਿਆ। ਇੱਥੋਂ ਕਈ ਲੋਕਾਂ ਦੇ ਪਾਸਪੋਰਟ ਮਿਲੇ ਹਨ। ਜਿਨ੍ਹਾਂ ਲੋਕਾਂ ਦੇ ਪਾਸਪੋਰਟ ਮਿਲੇ ਹਨ, ਉਨ੍ਹਾਂ ਨੂੰ ਵੀ ਜਾਂਚ ਵਿੱਚ ਸ਼ਾਮਲ ਕੀਤਾ ਗਿਆ ਹੈ। ਸੂਤਰਾਂ ਅਨੁਸਾਰ ਜਾਸੂਸੀ ਦੇ ਦੋਸ਼ੀ ਨੋਮਾਨ ਨੇ ਕਿਹਾ ਕਿ ਪਾਕਿਸਤਾਨੀ ਖੁਫੀਆ ਏਜੰਸੀ ਆਈਐਸਆਈ ਯਮੁਨਾ ਦੇ ਖਾਦਰ ਖੇਤਰ ਵਿੱਚ ਸਲੀਪਰ ਸੈੱਲ ਤਿਆਰ ਕਰ ਰਹੀ ਹੈ। ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਦੇ ਨੌਜਵਾਨ ਉਨ੍ਹਾਂ ਦੇ ਸਾਫਟ ਟਾਰਗੇਟ ਹਨ।

ਕੈਰਾਨਾ ਨਿਵਾਸੀ ਅਤੇ ਪਾਕਿਸਤਾਨ ਵਿੱਚ ਰਹਿ ਰਹੇ ਆਈਐਸਆਈ ਏਜੰਟ ਇਕਬਾਲ ਕਾਨਾ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਹੈ। ਇਕਬਾਲ ਕਾਨਾ ਅਤੇ ਉਸਦੇ ਦੋਸਤ ਕਈ ਹੋਰ ਨੌਜਵਾਨਾਂ ਦੇ ਸੰਪਰਕ ਵਿੱਚ ਹਨ। ਪੁਲਿਸ ਟੀਮਾਂ ਹੁਣ ਇਨ੍ਹਾਂ ਨੌਜਵਾਨਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਦੋਸ਼ੀ ਨੋਮਾਨ ਤੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਉਸਦੇ ਪਾਸਪੋਰਟ ਦੀ ਜਾਂਚ ਕੀਤੀ ਗਈ ਹੈ। ਉਸਦੀ ਮਾਸੀ ਅਤੇ ਮਾਸੀ ਪਾਕਿਸਤਾਨ ਵਿੱਚ ਰਹਿੰਦੇ ਹਨ। ਉਸਦੇ ਮੋਬਾਈਲ ਵਿੱਚੋਂ ਕੁਝ ਵੀਡੀਓ ਮਿਲੇ ਹਨ। ਉਸਦੇ ਮੋਬਾਈਲ ਵਿੱਚੋਂ ਲਗਭਗ 150 ਨੌਜਵਾਨਾਂ ਦੇ ਸੰਪਰਕ ਨੰਬਰ ਵੀ ਮਿਲੇ ਹਨ। ਉਸਨੂੰ ਵੀ ਜਾਂਚ ਵਿੱਚ ਸ਼ਾਮਲ ਕੀਤਾ ਗਿਆ ਹੈ। ਹਰਿਆਣਾ ਪੁਲਿਸ ਸ਼ੁੱਕਰਵਾਰ ਨੂੰ ਨੋਮਾਨ ਇਲਾਹੀ ਦੇ ਕੈਰਾਨਾ ਘਰ ਪਹੁੰਚੀ, ਜਿਸਨੂੰ ਪਾਕਿਸਤਾਨ ਲਈ ਜਾਸੂਸੀ ਕਰਨ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਆਈਐਸਆਈ ਕਮਾਂਡਰ ਇਕਬਾਲ ਕਾਨਾ ਨੂੰ ਰਿਮਾਂਡ 'ਤੇ ਲਿਆ ਗਿਆ ਸੀ। ਦੋ ਘੰਟੇ ਦੀ ਜਾਂਚ ਤੋਂ ਬਾਅਦ, ਨੋਮਾਨ ਦੇ ਪਾਸਪੋਰਟ ਸਮੇਤ ਕਈ ਦਸਤਾਵੇਜ਼ ਬਰਾਮਦ ਕੀਤੇ ਗਏ। ਘਰ ਦੀ ਤਲਾਸ਼ੀ ਲਈ ਗਈ, ਪਰ ਲੈਪਟਾਪ ਬਰਾਮਦ ਨਹੀਂ ਹੋ ਸਕਿਆ। ਉਸਦੇ ਲੈਪਟਾਪ ਅਤੇ ਪੈੱਨ ਡਰਾਈਵ ਵਿੱਚ ISI ਨਾਲ ਸਬੰਧਤ ਕਈ ਮਹੱਤਵਪੂਰਨ ਫੋਟੋਆਂ ਅਤੇ ਵੀਡੀਓ ਹਨ। ਮੰਗਲਵਾਰ ਨੂੰ, ਪਾਣੀਪਤ ਦੀ ਕ੍ਰਾਈਮ ਇਨਵੈਸਟੀਗੇਸ਼ਨ ਏਜੰਸੀ (ਸੀਆਈਏ) ਵਨ ਦੀ ਟੀਮ ਨੇ ਕੈਰਾਨਾ ਸ਼ਹਿਰ ਦੇ ਮੁਹੱਲਾ ਬੇਗਮਪੁਰਾ ਦੇ ਨਿਵਾਸੀ ਨੋਮਾਨ ਇਲਾਹੀ ਨੂੰ ਪਾਕਿਸਤਾਨ ਲਈ ਜਾਸੂਸੀ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ।

ਨੋਮਨ ਆਪਣੀ ਭੈਣ ਜ਼ੀਨਤ ਨਾਲ ਪਾਣੀਪਤ ਵਿੱਚ ਚਾਰ ਮਹੀਨਿਆਂ ਤੋਂ ਰਹਿ ਰਿਹਾ ਸੀ ਅਤੇ ਇੱਕ ਫੈਕਟਰੀ ਵਿੱਚ ਸੁਰੱਖਿਆ ਗਾਰਡ ਵਜੋਂ ਕੰਮ ਕਰ ਰਿਹਾ ਸੀ। ਉਹ ਆਈਐਸਆਈ ਕਮਾਂਡਰ ਇਕਬਾਲ ਕਾਨਾ ਲਈ ਕੰਮ ਕਰ ਰਿਹਾ ਸੀ। ਸੀਆਈਏ ਟੀਮ ਨੇ ਨੋਮਾਨ ਨੂੰ ਸੱਤ ਦਿਨਾਂ ਦੇ ਰਿਮਾਂਡ 'ਤੇ ਲੈ ਲਿਆ ਹੈ। ਸ਼ੁੱਕਰਵਾਰ ਨੂੰ, ਐਸਆਈ ਦੇਵਰਾਜ ਸਿੰਘ ਦੀ ਅਗਵਾਈ ਵਿੱਚ ਸੀਆਈਏ ਵਨ ਦੀ 10 ਮੈਂਬਰੀ ਟੀਮ ਨੋਮਨ ਨੂੰ ਲੈ ਕੇ ਕੈਰਾਨਾ ਪੁਲਿਸ ਸਟੇਸ਼ਨ ਪਹੁੰਚੀ। ਇਸ ਤੋਂ ਬਾਅਦ, ਉਹ ਸਥਾਨਕ ਪੁਲਿਸ ਦੇ ਨਾਲ ਬੇਗਮਪੁਰਾ ਵਿੱਚ ਨੋਮਾਨ ਦੇ ਘਰ ਗਈ। ਸੀਆਈਏ ਟੀਮ ਨੋਮਾਨ ਦੇ ਘਰ ਉਸਦੇ ਨਾਲ ਗਈ ਸੀ। ਉੱਥੇ ਤਲਾਸ਼ੀ ਦੌਰਾਨ, ਨੋਮਾਨ ਦਾ ਪਾਸਪੋਰਟ ਬਰਾਮਦ ਹੋਇਆ। ਰਿਮਾਂਡ ਦੌਰਾਨ ਨੋਮਾਨ ਤੋਂ ਪੁੱਛਗਿੱਛ ਜਾਰੀ ਹੈ।

# ਐਡਮਿੰਟਨ (ਕਨੇਡਾ) ਵਿਖੇ ਵੈਸਾਖੀ ਅਤੇ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਅਤੇ ਮਹਾਨ ਦੀਵਾਨ ਸਜਾਏ ਗਏ












ਐਡਮਿੰਟਨ (ਕਨੇਡਾ) ਵਿਖੇ ਵੈਸਾਖੀ ਦਾ ਪਵਿੱਤਰ ਦਿਹਾੜਾ ਅਤੇ ਖ਼ਾਲਸਾ ਦਿਵਸ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ ਵਿਚ ਧੂਮ-ਧਾਮ ਅਤੇ ਸ਼ਰਧਾ ਭਾਵ ਨਾਲ ਮਨਾਇਆ ਗਿਆ। ਮੈਡੇਜ ਪਾਰਕ ਦੇ ਵਿਸ਼ਾਲ ਮੈਦਾਨ ਵਿਚ ਪਰੰਪਰਾਵਾਦੀ ਰਹੂਰੀਤ ਵਿਚ ਮਹਾਨ ਦੀਵਾਨ ਸਜਾਏ ਗਏ। ਜਿੱਥੇ ਢਾਡੀ ਜੱਥਿਆਂ, ਕਥਾਕਾਰਾਂ, ਕਵੀਸ਼ਰਾਂ ਅਤੇ ਹੋਰ ਮਹਾਨ ਸ਼ਖ਼ਸੀਅਤਾਂ ਨੇ ਸਿੱਖ ਇਤਿਹਾਸ ਦੀ ਪ੍ਰਾਚੀਨਤਾ ਅਤੇ ਵਰਤਮਾਨ ਹਾਲਾਤਾਂ ਉੱਪਰ ਖੁੱਲ੍ਹ ਕੇ ਚਾਨਣਾ ਪਾਇਆ।

ਹਜ਼ਾਰਾਂ ਹੀ ਸੰਗਤਾਂ ਦਾ ਸੰਘਣਾ ਇਕੱਠ ਸਿੱਖੀ ਪਰੰਪਰਾਵਾਂ ਨੂੰ ਏਕਤਾ ਵਿਚ ਪਿਰੋ ਰਿਹਾ ਸੀ। ਸਾਂਝੀਵਾਲਤਾ ਦੀ ਇੱਕ ਮਿਸਾਲ। ਰੰਗ ਬਿਰੰਗੀਆਂ ਦਸਤਾਰਾਂ ਇੱਕੋ ਪ੍ਰਤੀਤ ਹੋ ਰਹੀਆਂ ਸਨ ਜਿਵੇਂ ਆਸਮਾਨ ਵਿਚ ਤਾਰੇ ਟਿਮਟਿਮਾ ਰਹੇ ਹੋਣ। ਇੱਕ ਪੂਰਾ ਪੰਜਾਬ ਨਜ਼ਰ ਆ ਰਿਹਾ ਸੀ। ਮੁਟਿਆਰਾਂ, ਗੱਭਰੂ, ਬੱਚੇ, ਬਜ਼ੁਰਗ ਪੰਜਾਬੀ ਪਹਿਰਾਵੇ ਵਿਚ ਜੱਚ ਰਹੇ ਸੀ। ਸੰਗਤਾਂ ਦਾ ਇਹ ਵਿਸ਼ਾਲ ਇਕੱਠ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਯਥਾਰਥ ਰੂਪ ਪੇਸ਼ ਕਰਦਾ ਹੋਇਆ ਇੱਕ ਵਿਲੱਖਣਤਾ ਪੈਦਾ ਕਰ ਰਿਹਾ ਸੀ।

ਇਸ ਮਹਾਨ ਦਿਨ ਨੂੰ ਸਫਲ ਬਣਾਉਣ ਵਿਚ ਉੱਦਮੀ ਸੂਤਰਧਾਰ ਭਾਈ ਸੁਰਿੰਦਰ ਸਿੰਘ ਹੂੰਜਣ, ਭਾਈ ਤੇਜਿੰਦਰ ਸਿੰਘ ਮਠਾਰੂ, ਬੀਬੀ ਗੁਰਲਵਲੀਨ ਕੌਰ ਅਤੇ ਗੁਰਦੁਆਰਾ ਮਿਲਵੁਡ, ਗੁਰਦੁਆਰਾ ਸ਼੍ਰੀ ਗੁਰੂ ਨਾਨਕ ਸਿੰਘ ਸਭਾ, ਸ਼੍ਰੀ ਗੁਰੂ ਨਾਨਕ ਸਿੱਖ ਗੁਰਦੁਆਰਾ ਅਤੇ ਪ੍ਰਧਾਨ ਸਰਦਾਰ ਕਰਨੈਲ ਸਿੰਘ ਭੰਮਰਾ, ਪ੍ਰਧਾਨ ਹਰਮੇਲ ਸਿੰਘ ਤੂਰ, ਪ੍ਰਧਾਨ ਜਗਰੂਪ ਸਿੰਘ ਸਿੱਧੂ ਅਤੇ ਹੋਰ ਸਹਿਯੋਗੀ ਸੱਜਣਾਂ ਦਾ ਵਡਮੁੱਲਾ ਯੋਗਦਾਨ।

ਸੁਸ਼ੋਭਿਤ ਮੰਚ ਤੋਂ ਪੰਥਕ ਢਾਡੀ ਜਥਾ ਭਾਈ ਮਲਕੀਅਤ ਸਿੰਘ ਲੌਂਗੋਵਾਲ, ਭਾਈ ਹਰਮਨਪ੍ਰੀਤ ਸਿੰਘ ਗਰੇਵਾਲ, ਢਾਡੀ ਜੱਥਾ ਬੀਬੀ ਬਲਵਿੰਦਰ ਕੌਰ ਖਹਿਰਾ, ਸੁਖਪ੍ਰੀਤ ਖ਼ਾਲਸਾ, ਦਿਲ ਪ੍ਰੀਤੀ, ਰਾਜਜੀਵਨ ਸਿੰਘ, ਸਾਰੰਗੀ, ਢਾਡੀ ਜਥਾ ਭਾਈ ਨਿਰਮਲ ਸਿੰਘ ਨੂਰ, ਢਾਡੀ ਜੱਥਾ ਕੁਲਜੀਤ ਕੌਰ, ਹਰਵਿੰਦਰ ਸਿੰਘ ਖਹਿਰਾ ਸਾਰੰਗੀ, ਢਾਡੀ ਰਾਜਵਿੰਦਰ ਕੌਰ ਖ਼ਾਲਸਾ, ਇਤਿਹਾਸਕਾਰ ਭਾਈ ਜਸਪਾਲ ਸਿੰਘ ਤੋਂ ਇਲਾਵਾ ਕਵਿਤਾਵਾਂ ਦੇ ਦੌਰ ਵਿਚ ਬੰਸ਼ਨੂਰ ਕੌਰ, ਜੀਤੀ ਬੈਨੀਪਾਲ, ਹਰਦਿੱਤ ਸਿੰਘ ਦਾਤ, ਸਹਿਜ ਪ੍ਰੀਤ ਕੌਰ ਢਿੱਲੋਂ, ਜਪਜੋਤ ਕੌਰ ਧਾਲੀਵਾਲ, ਜਸਮੀਨ ਕੌਰ ਧਾਲੀਵਾਲ, ਨਵਪ੍ਰੀਤ ਕੌਰ, ਬਦੇਸ਼ਾ, ਹਰਦਿੱਤ ਦੱਤ, ਰਵੀਇੰਦਰ ਪ੍ਰਤਾਪ ਸਿੰਘ, ਵਿਸਾਖੀ ਬਾਰੇ ਜਾਣਕਾਰੀ ਭਾਈ ਗੁਰਚੇਤਨ ਸਿੰਘ, ਹਰਮਨ ਪ੍ਰੀਤ ਗਰੇਵਾਲ ਨੇ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮਹਾਨ ਸਮਾਗਮ ਵਿਚ ਸਭ ਤੋਂ ਵੱਧ ਖਿੱਚ ਦਾ ਕੇਂਦਰ ਰਿਹਾ ਦਸਤਾਰਾਂ ਦੀ ਨਿਸ਼ਕਾਮ ਸੇਵਾ ਦਾ ਭੰਡਾਲ ਜਿੱਥੇ ਮੁਫਤ ਦਸਤਾਰਾਂ, ਕੜੇ ਅਤੇ ਖੰਡੇ ਦਿੱਤੇ ਜਾਂਦੇ ਸਨ। ਇਸ ਕਾਰਜ ਦੀ ਸੇਵਾ ਨਿਭਾਈ ਗਈ ਭਾਈ ਮਨਦੀਪ ਸਿੰਘ ਧਾਲੀਵਾਲ, ਜਤਿੰਦਰ ਸਿੰਘ, ਮਲਵਿੰਦਰ ਸਿੰਘ, ਰਾਜਿੰਦਰ ਸਿੰਘ, ਸਰਵਨ ਸਿੰਘ ਆਦਿ ਨੇ।

ਸਿੱਖ ਮੋਟਰਸਾਈਕਲ ਕਲੱਬ ਐਡਮਿੰਟਨ ਦੇ ਨੌਜਵਾਨ ਸਿੱਖ ਗੱਭਰੂਆਂ ਵੱਲੋਂ ਲਗਭਗ 25 ਦੇ ਕਰੀਬ ਮੋਟਰਸਾਈਕਲਾਂ ਉੱਪਰ ਸਵਾਰ ਹੋ ਕੇ ਸਮਾਗਮ ਦੀ ਸ਼ੋਭਾ ਨੂੰ ਚਾਰ ਚੰਨ ਲਾਏ ਗਏ। ਸਿੱਖ ਮੋਟਰਸਾਈਕਲਾਂ ਕਲੱਬ ਐਡਮਿੰਟਨ ਦੇ ਹੋਣਹਾਰ ਗੱਭਰੂ ਚਾਲਕ ਮੁਖੀ ਹਰਸਿਮਰਨ ਸਿੰਘ ਰੰਧਾਵਾ, ਹਰਜੋਤ ਸਿੰਘ, ਗੁਰਮਨ ਭੰਵਰਾ, ਅਮਰਬੀਰ ਤੇਜਾ, ਪ੍ਰਭ, ਨੂਰ ਵਿਰਕ, ਕੀਰਤ ਬਾਵਾ, ਜਸਰੀਤ ਸਿੰਘ ਸਿੱਧੂ, ਬਲਜੀਤ ਸਿੰਘ, ਜਸਵਿੰਦਰ ਸਿੰਘ, ਹਰਵੀਰ ਸਿੰਘ, ਗੁਰਪ੍ਰੀਤ ਸਿੰਘ, ਡੀ.ਸੀ, ਗੁਰਜੋਤ ਬਾਸੀ ਆਦਿ ਨੇ ਪ੍ਰਦਰਸ਼ਨ ਕਰਕੇ ਰੌਣਕ ਵਿਚ ਵਾਧਾ ਕੀਤਾ।

ਇੱਥੇ ਹੀ ਵਪਾਰਕ ਅਦਾਰਿਆਂ ਅਤੇ ਸੰਗਤਾਂ ਵੱਲੋਂ ਵੱਖ-ਵੱਖ ਸਟਾਲ ਭੰਡਾਲ ਲਗਾਏ ਗਏ ਜਿਨ੍ਹਾਂ ਵਿਚ ਤਰ੍ਹਾਂ-ਤਰ੍ਹਾਂ ਦੇ ਪਕਵਾਨ ਮਿਸ਼ਠਾਨ ਫਰੂਟ ਅਤੇ ਹੋਰ ਕਈ ਪ੍ਰਕਾਰ ਦੀਆਂ ਸਹੂਲਤਾਂ ਉਪਲਬਧ ਸਨ। ਮੁੱਢਲੀ ਸਹਾਇਤਾ ਕੇਂਦਰ ਅਤੇ ਪੁਲਿਸ ਦਾ ਸੁਚੱਜਾ ਪ੍ਰਬੰਧ ਸੀ।

ਸਟਾਲਾਂ ਅਤੇ ਪ੍ਰਦਰਸ਼ਨ ਵਿਚ ਇਤਿਹਾਸ ਦਰਸ਼ਨ ਡੇਰਾ ਅਕੂਰੇਟ ਪਰਹਾਰ ਸ਼ਰਮਾ ਐਂਡ ਪਵਨ ਡੈਂਟਲ ਗਰੁੱਪ ਡੀਜ ਐਸ ਲੈਟਸ ਬੀਲਾਈਡ ਹੈਬਲ ਸਿੱਖ ਯੂਥ ਐਡਮਿੰਟਨ ਦੇਸ਼ ਪੰਜਾਬ ਰੇਡੀਓ ਬੀ. ਐਮ.ਡੀ ਸ਼ਾਨ ਦਾ ਗਿਲ ਟੀਮ ਐਸ.ਪੀ. ਮੈਨ ਪਾਵਰ ਗਰੁੱਪ ਕੜੀ ਚੋਲ ਫਰਨੀਚਰ ਐਂਡ ਮਾਰ ਟਰੈਨਸ ਪ੍ਰਾਈਮ ਟਰਕਿੰਗ ਡਾਕਟਰ ਸਾਮਤ ਧਾਲੀਵਾਲ ਡਾਕਟਰ ਚਰਨਜੀਤ ਸਹੋਤਾ ਚਾਚਾ ਟਰੱਕ ਰਿਪੇਅਰ ਪ੍ਰਕਾਸ਼ ਸਵੀਟ ਡੇ ਕੇਅਰ ਮੈਨੇਜਮੈਂਟ ਇਹ ਸੀ ਕੰਸਟਰਕਸ਼ਨ ਪੰਜਾਬ ਕਿੰਗਸ ਕ੍ਰਿਕਟ ਕਲੱਬ ਐਸਕੇਟੀ ਸ਼ਬਦ ਕੈਰੀਅਰ ਪਲਸ ਬਾਬਾ ਮੱਖਣ ਸ਼ਾਹ ਲੁਬਾਣਾ ਟਰੱਸਟ ਫਲਾਈਫਨ ਇੰਟਰਨੈਸ਼ਨਲ ਸਟੂਡੈਂਟਸ ਐਡਮਿੰਟਨ ਦਾ ਚਾਈਵਾਰ ਬਾਬਾ ਵਰਨਾ ਸਾਹਿਬ ਮਾਲਵਾ ਬੈਲਟ ਫਾਰਮਿੰਗ ਈ.ਡੀ.ਐਮ. ਪ੍ਰੋਡਕਟ ਆਰਜੇ ਆਟੋ ਰਿਪੇਅਰ ਗਿੱਲ ਬਿਲਡਿੰਗ ਸਪਲਾਈ ਬੂਸਟ ਡਿਵੈਲਪਮੈਂਟ ਐਮ.ਐਮ.ਐਚ ਇੰਜਰੀ ਲਾਇਰ ਹਿਲਸ ਮੈਡੀਕਲ ਕਲੀਨਿਕ ਬਰਦਰ ਕਾਰਪੈਂਟਰੀ ਐਫਐਮ 101.7 ਸੰਤ, ਗਿਆਨੀ ਗੁਰਬਚਨ ਸਿੰਘ ਖ਼ਾਲਸਾ ਭਿੰਡਰਾਂ ਵਾਲੇ ਅਖਾੜਾ, ਫਨ ਪਾਰਕ ਆਦਿ ਨੇ ਸੇਵਾਵਾਂ ਮੁਹੱਈਆ ਕੀਤੀਆਂ।

ਇਸ ਮੌਕੇ ਤੇ ਐਡਮਿੰਟਨ ਦੇ ਨਾਮਚੀਨ ਸ਼ਖ਼ਸੀਅਤਾਂ ਤੋਂ ਇਲਾਵਾ ਜਸਬੀਰ ਦਿਓਲ ਐਮ. ਐਲ. ਏ. ਨਾਹੀਦ ਨੈਨਸੀ, ਗੁਰਤੇਜ ਬਰਾਡ, ਕ੍ਰਿਸਟੀਨਾ ਗ੍ਰੇ ਐਮ.ਐਲ.ਏ. ਅਤੇ ਨੇਥਨ ਇਫ ਐਮ.ਐਲ.ਏ ਨੇ ਵੀ ਹਾਜ਼ਰੀਆਂ ਭਰੀਆਂ। ਸਮਾਪਤੀ ਭਾਸ਼ਣ ਵਿਚ ਸੈਕਟਰੀ ਦੇ ਵੈਸਾਖੀ ਨਗਰ ਕੀਰਤਨ ਕਮੇਟੀ ਸ. ਸੁਰਿੰਦਰ ਸਿੰਘ ਹੂੰਜਣ ਨੇ ਹਾਜਿਰ ਸਾਧ ਸੰਗਤ ਦਾ ਧੰਨਵਾਦ ਕੀਤਾ। ਇਹ ਇੱਕ ਯਾਦਗਾਰੀ ਸਮਾਗਮ ਹੋ ਨਿੱਬੜਿਆ ।

**ਬਲਵਿੰਦਰ ਬਾਲਮ ਗੁਰਦਾਸਪੁਰ**
**ਐਡਮਿੰਟਨ 9815625409**

## ਸਰਬਤ ਖਾਲਸੇ 2015 ਵਲੋਂ ਥਾਪੇ ਜਥੇਦਾਰ ਸਿੰਘ ਸਾਹਿਬ ਜਗਤਾਰ ਸਿੰਘ ਹਵਾਰਾ 36 ਦੇ 36 ਕੇਸਾਂ 'ਚੋਂ ਬਰੀ



ਮੋਹਾਲੀ : ਮੋਹਾਲੀ ਦੀ ਜ਼ਿਲ੍ਹਾ ਅਦਾਲਤ ਨੇ ਜਗਤਾਰ ਸਿੰਘ ਹਵਾਰਾ ਨੂੰ 20 ਸਾਲ ਪੁਰਾਣੇ ਇੱਕ ਹੋਰ ਮਾਮਲੇ ਵਿੱਚੋਂ ਬਰੀ ਕਰ ਦਿੱਤਾ ਹੈ। ਉਸ ਵਿਰੁੱਧ 2005 ਵਿੱਚ ਖਰੜ ਥਾਣੇ ਵਿੱਚ ਵਿਸਫੋਟਕ ਸਮੱਗਰੀ ਐਕਟ ਅਤੇ ਅਸਲਾ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਇਸ ਦੌਰਾਨ ਵੀਡੀਓ ਕਾਨਫਰੰਸਿੰਗ ਰਾਹੀਂ ਜਗਤਾਰ ਸਿੰਘ ਹਵਾਰਾ ਦੀ ਪੇਸ਼ ਹੋਈ। ਇਸ ਤੋਂ ਪਹਿਲਾਂ ਉਸਨੂੰ ਮੋਹਾਲੀ ਦੇ ਸੋਹਾਣਾ ਪੁਲਿਸ ਸਟੇਸ਼ਨ ਤੋਂ ਬਰੀ ਕਰ ਦਿੱਤਾ ਗਿਆ ਸੀ।

ਇਸ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਅੱਜ ਮੁਹਾਲੀ ਅਦਾਲਤ ਵਿਖੇ ਭਾਈ ਜਗਤਾਰ ਸਿੰਘ ਦੀ ਵੀਡਿਓ ਕਾਨਫਰੰਸ ਰਾਹੀਂ ਹੋਈ ਪੇਸ਼ੀ ਦੌਰਾਨ ਉਨ੍ਹਾਂ ਨੂੰ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਤੇਜ ਪ੍ਰਤਾਪ ਸਿੰਘ ਰੰਧਾਵਾ ਨੇ ਵਿਸਫੋਟਕ ਪਦਾਰਥ ਐਕਟ ਦੀ ਧਾਰਾ 3, 4 ਅਤੇ 5 ਨਾਲ ਅਸਲਾ ਐਕਟ ਦੀ ਧਾਰਾ 25, 54 ਅਤੇ 59 ਤਹਿਤ ਦਰਜ ਮਾਮਲੇ ਵਿਚ ਬਰੀ ਕਰ ਦਿੱਤਾ ਹੈ। ਇਸ ਮੌਕੇ ਮੌਜੂਦ ਭਾਈ ਜਗਤਾਰ ਸਿੰਘ ਹਵਾਰਾ ਦੇ ਸਾਥੀ ਜਸਵੰਤ ਸਿੰਘ ਨੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਸੱਚ ਦੀ ਜਿੱਤ ਹੋਈ। ਜਾਣਕਾਰੀ ਅਨੁਸਾਰ, ਹਵਾਰਾ ਅਤੇ ਕੁਝ ਹੋਰਾਂ ਵਿਰੁੱਧ 2005 ਵਿੱਚ ਖਰੜ ਥਾਣੇ ਵਿੱਚ ਵਿਸਫੋਟਕ ਪਦਾਰਥ ਐਕਟ, 1908 ਅਤੇ ਅਸਲਾ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਹਾਲਾਂਕਿ, ਉਸ ਸਮੇਂ ਨਾ ਤਾਂ ਹਵਾਰਾ ਨੂੰ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਸੀ ਅਤੇ ਨਾ ਹੀ ਉਸ ਤੋਂ ਕੁਝ ਵੀ ਬਰਾਮਦ ਕੀਤਾ ਗਿਆ ਸੀ। ਇਸੇ ਤਰ੍ਹਾਂ, 1998 ਵਿੱਚ, ਜਗਤਾਰ ਹਵਾਰਾ 'ਤੇ ਭਾਰਤੀ ਦੰਡਾਵਲੀ ਦੀਆਂ ਧਾਰਾਵਾਂ 1531 , 1241 , 225 , 1202 ਅਤੇ 511 ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਇੱਕ ਸਾਲ ਪਹਿਲਾਂ ਉਸਨੂੰ ਇਸ ਮਾਮਲੇ ਵਿੱਚ ਬਰੀ ਕਰ ਦਿੱਤਾ ਗਿਆ ਸੀ। ਦੋਵਾਂ ਮਾਮਲਿਆਂ ਵਿੱਚ, ਪੇਸ਼ੀ ਵੀਡੀਓ ਕਾਨਫਰੰਸਿੰਗ ਰਾਹੀਂ ਕੀਤੀ ਗਈ ਸੀ। ਉਹ ਚੰਡੀਗੜ੍ਹ ਵਿੱਚ ਵਿਸਫੋਟਕ ਅਤੇ ਦੇਸ਼ਧ੍ਰੋਹ ਦੇ ਦੋ ਮਾਮਲਿਆਂ ਵਿੱਚੋਂ ਪਹਿਲਾਂ ਹੀ ਬਰੀ ਹੋ ਚੁੱਕਾ ਹੈ।

## ਵਾਤਾਵਰਨ ਜਾਗਰੂਕਤਾ ਲਈ ਲਾਇਆ ਪੌਦਿਆਂ ਦਾ ਲੰਗਰ

ਕੈਲਗਰੀ: ਪਿਛਲੇ ਦਿਨੀਂ ਕੈਲਗਰੀ ਵਿੱਚ ਸਜਾਏ ਗਏ ਸਾਲਾਨਾ ਨਗਰ ਕੀਰਤਨ ਦੌਰਾਨ ਹਾਂਸ ਪਰਿਵਾਰ ਰੁੱਖਾਂ ਦਾ ਲੰਗਰ ਲਗਾ ਕੇ ਇੱਕ ਪਿਰਤ ਪਾਉਣ ਵਿੱਚ ਮੋਹਰੀ ਹੋ ਨਿੱਬੜਿਆ। ਇਸ ਪਰਿਵਾਰ ਦਾ ਪਿਛੋਕੜ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸੂਜਾਪੁਰ ਤੋਂ ਹੈ। ਇਸ ਪਿੰਡ ਦੇ ਕਈ ਵਿਅਕਤੀਆਂ ਨੇ ਆਪਣੀ ਕਾਬਲੀਅਤ ਰਾਹੀਂ ਦੇਸ਼-ਵਿਦੇਸ਼ ਵਿੱਚ ਨਾਮਣਾ ਖੱਟਿਆ ਹੈ।

ਕੈਲਗਰੀ ਦਾ ਨਗਰ ਕੀਰਤਨ ਗੁਰੂਘਰ ਦਸਮੇਸ਼ ਕਲਚਰ ਸੈਂਟਰ ਤੋਂ ਸ਼ੁਰੂ ਹੋ ਕੇ ਪਰੇਗੀ ਵਿੰਡ ਪਾਰਕ ਵਿੱਚ ਖ਼ਤਮ ਹੁੰਦਾ ਹੈ। ਪਾਰਕ ਵਿੱਚ ਪੰਡਾਲਾਂ ਵਿੱਚ ਸਜੇ ਦੀਵਾਨਾਂ ਤੋਂ ਇਲਾਵਾ ਵਪਾਰਕ ਤੇ ਸਮਾਜਿਕ ਅਦਾਰੇ ਆਪਣੇ-ਆਪਣੇ ਟੈਂਟ ਲਗਾਉਂਦੇ ਹਨ। 90 ਫੀਸਦ ਟੈਂਟਾਂ 'ਤੇ ਸਾਦੇ ਲੰਗਰ ਤੋਂ ਇਲਾਵਾ ਵੰਨ-ਸੁਵੰਨੇ ਪਕਵਾਨਾਂ ਰਾਹੀਂ ਸੰਗਤ ਦੀ ਸੇਵਾ ਕੀਤੀ ਜਾਂਦੀ ਹੈ। ਇਸ ਰਵਾਇਤੀ ਰੁਝਾਨ ਤੋਂ ਹਟ ਕੇ ਹਾਂਸ ਪਰਿਵਾਰ ਨੇ ਰੁੱਖਾਂ ਦਾ ਲੰਗਰ ਲਗਾਇਆ ਜਿਸ ਵਿੱਚ ਸੰਗਤ ਨੇ ਭਾਰੀ ਰੁਚੀ ਦਿਖਾਈ। ਟੈਂਟ ਦੇ ਬਾਹਰ ਸ਼ਿਵ ਕੁਮਾਰ ਬਟਾਲਵੀ ਦੀ ਕਵਿਤਾ 'ਕੁੱਝ ਰੁੱਖ ਮੈਨੂੰ ਪੁੱਤ ਲੱਗਦੇ ਨੇ' ਦਾ ਵੱਡਾ ਬੈਨਰ ਹਰ ਇੱਕ ਦਾ ਧਿਆਨ ਖਿੱਚ ਰਿਹਾ ਸੀ ਤੇ ਲੋਕ ਵੱਡੀ ਗਿਣਤੀ ਵਿੱਚ ਉਨ੍ਹਾਂ ਦੇ ਟੈਂਟ ਤੋਂ ਮੁਫ਼ਤ ਵਿੱਚ ਰੁੱਖਾਂ ਦੇ ਪੌਦੇ ਲੈ ਕੇ ਜਾ ਰਹੇ ਸਨ। ਜਸਜੀਤ




ਸਿੰਘ ਹਾਂਸ ਨੇ ਦੱਸਿਆ ਕਿ ਉਸ ਦਾ ਬਹੁਤਾ ਸਮਾਂ ਲੁਧਿਆਣੇ ਸ਼ਹਿਰ ਵਿੱਚ ਗੁਜ਼ਰਿਆ ਤੇ ਸ਼ਹਿਰੀ ਜ਼ਿੰਦਗੀ ਵਿੱਚ ਉਸ ਨੇ ਰੁੱਖਾਂ ਦੀ ਅਹਿਮੀਅਤ ਨੂੰ ਸਮਝਿਆ। ਜਸਜੀਤ ਸਿੰਘ ਅਤੇ ਉਨ੍ਹਾਂ ਦੀ ਪਤਨੀ ਨਵਦੀਪ ਕੌਰ ਨੇ ਸਾਲ 2009 ਵਿੱਚ ਬਤੌਰ ਵਿਦਿਆਰਥੀ ਕੈਨੇਡਾ ਦੀ ਧਰਤੀ 'ਤੇ ਪੈਰ ਪਾਇਆ ਤੇ ਇੰਜਨੀਅਰਿੰਗ ਦੇ ਖੇਤਰ ਵਿੱਚ 10 ਸਾਲ ਨੌਕਰੀ ਕਰਨ ਤੋਂ ਬਾਅਦ ਦੋਵਾਂ ਨੇ 2021 ਵਿੱਚ ਇੰਸ਼ੋਰੈਂਸ ਦੇ ਖੇਤਰ ਵਿੱਚ ਸ਼ੁਰੂਆਤ ਕੀਤੀ। ਨਗਰ ਕੀਰਤਨ ਦੌਰਾਨ ਰੁੱਖਾਂ ਦਾ ਲੰਗਰ ਲਗਾਉਣ ਬਾਰੇ ਉਨ੍ਹਾਂ ਨੇ ਬੜਾ ਦਿਲਚਸਪ ਜਵਾਬ ਦਿੱਤਾ ਕਿ ਰੁੱਖ ਤੇ ਇੰਸ਼ੋਰੈਂਸ ਦੋਵੇਂ ਅਜਿਹੇ ਵਿਸ਼ੇ ਹਨ ਜਿਹੜੇ ਅਸੀਂ ਅਗਲੀਆਂ ਪੀੜ੍ਹੀਆਂ ਲਈ ਕਰਦੇ ਹਾਂ। ਉਨ੍ਹਾਂ ਨੇ ਇਸ ਗੱਲ 'ਤੇ ਚਿੰਤਾ ਪ੍ਰਗਟਾਈ ਕਿ ਪਿਛਲੇ ਕੁੱਝ ਸਾਲਾਂ ਦੌਰਾਨ ਕੈਨੇਡਾ ਵਿੱਚ ਜੰਗਲੀ ਅੱਗਾਂ ਵਿੱਚ ਭਾਰੀ ਵਾਧਾ ਹੋਇਆ ਹੈ ਜਿਹੜਾ ਅਗਲੀਆਂ ਨਸਲਾਂ ਲਈ ਠੀਕ ਨਹੀਂ ਹੈ। ਉਨ੍ਹਾਂ ਨੇ ਪੰਜਾਬੀ ਪਰਿਵਾਰਾਂ ਨੂੰ ਵੀ ਅਪੀਲ ਕੀਤੀ ਕਿ ਉਹ ਬੱਚਿਆਂ ਵਿੱਚ ਵਾਤਾਵਰਨ ਬਾਰੇ ਜਾਗਰੂਕਤਾ ਪੈਦਾ ਕਰਨ।

# ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਬਿਜਨਸ ਟਾਈਕੂਨ ਸ੍ਰ. ਇੰਦਰਵੀਰ ਸਿੰਘ ਦੁਸਾਂਝ ਦੀ ਡਬਲਿਨ ਡੀਲਰਸ਼ਿੱਪ ਵਿਖੇ ਡਬਲਿਨ ਕੈਲੀਫੋਰਨੀਆ ਦੀ Distric Attorney Ursula Jones ਦੇ ਫੰਡ ਰੇਜਿੰਗ 'ਤੇ ਪਹੁੰਚੀਆਂ ਅਮਰੀਕਾ ਦੀਆਂ ਵੱਡੀਆਂ ਸ਼ਖ਼ਸ਼ੀਅਤਾਂ








ਲਿਵਰਮੋਰ/ ਕੈਲੀਫੋਰਨੀਆ : ਅਮਰੀਕਾ ਦੇ ਉਘੇ ਸਿੱਖ ਆਗੂ ਜਿਨ੍ਹਾਂ ਨੂੰ ਅਮਰੀਕਾ ਵਿੱਚ Car King ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ ਸ੍ਰ. ਇੰਦਰਵੀਰ ਸਿੰਘ ਦੁਸਾਂਝ ਦੇ ਡਬਲਿਨ ਡੀਲਰਸ਼ਿੱਪ ਵਿਖੇ ਕੈਲੀਫੋਰਨੀਆ ਤੋਂ Distric Attorney Ursula Jones ਦਾ ਫੰਡ ਰੇਜਿੰਗ ਕੀਤਾ ਗਿਆ।

ਜਿਸ ਵਿਚ ਉਘੀਆਂ ਸ਼ਖਸੀਅਤਾਂ ਸ਼ਾਮਲ ਹੋਈਆਂ ਅਤੇ ਸ੍ਰ. ਇੰਦਰਵੀਰ ਸਿੰਘ ਦੁਸਾਂਝ ਦੀ ਗੈਰ ਹਾਜ਼ਰੀ ਵਿੱਚ ਉਨ੍ਹਾਂ ਦੇ ਸਪੁੱਤਰ ਸਰਦਾਰ ਜੈਸੀ ਦੁਸਾਂਝ ਨੇ ਸਭ ਨੂੰ ਜੀ ਆਇਆਂ ਕਿਹਾ। ਉਨ੍ਹਾਂ ਨੇ Distric Attorney Ursula Jones ਦੀ ਗੱਲ ਕਰਦਿਆਂ ਕਿਹਾ ਕਿ ਇਨ੍ਹਾਂ ਨੂੰ ਕਮਿਊਨਿਟੀ ਦੀ ਸੇਵਾ ਕਰਦਿਆਂ ਕਈ ਦਹਾਕੇ ਹੋ ਗਏ ਹਨ ਅਤੇ ਇਹ ਗਵਰਨਰ ਜੈਰੀ ਬਰਾਉਂਨਸ ਵੀ ਕੰਮ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਹ ਯਕੀਨੀ ਹੈ ਕਿ Ursula Jones ਇਸ ਅਹੁਦੇ ਲਈ ਸਭ ਤੋਂ ਕਾਰਗਰ ਉਮੀਦਵਾਰ ਹਨ ਅਤੇ ਇਨ੍ਹਾਂ ਦਾ ਜ਼ਿਲ੍ਹੇ ਦੀ ਅਟਾਰਨੀ ਜਨਰਲ ਬਣਨਾ ਤਹਿ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਸ ਕਾਰਜ ਲਈ ਜਿਥੇ ਕਮਿਊਨਿਟੀ ਦੀ ਜ਼ਰੂਰਤ ਹੈ, ਉਥੇ ਫਾਈਨੈਂਸੀਅਲ ਮਦਦ ਵੀ ਬਹੁਤ ਜ਼ਰੂਰੀ ਹੈ। ਸੋ ਸਾਨੂੰ ਵੱਧ ਤੋਂ ਵੱਧ ਇਸ 'ਚ ਹਿੱਸਾ ਪਾਉਣਾ ਚਾਹੀਦਾ ਹੈ ਅਤੇ ਉਨ੍ਹਾਂ ਨੇ ਸੈਰਿਫ ਨੂੰ ਸਟੇਜ ਉਪਰ ਸੱਦਾ ਦਿੱਤਾ।

ਉਪਰੰਤ ਪੁਲਿਸ ਚੀਫ Yesenia L Sanchez Sheriff ਨੇ ਵੱਖ-ਵੱਖ ਮੁੱਦਿਆਂ ਉਪਰ ਗੱਲਬਾਤ ਕੀਤੀ ਅਤੇ ਉਹਨਾਂ ਨੇ Distric Attorney Ursula Jones ਦੀਆਂ ਲਾਈਫ ਟਾਈਮ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਮੈਨੂੰ ਮਾਣ ਹੈ ਕਿ ਕਮਿਊਨਿਟੀ ਉਪਰ ਜਿਥੇ ਸਿੱਖ ਬਹੁਤ ਹੀ ਸਤਿਕਾਰਯੋਗ ਅਤੇ ਸੇਵਾ ਵਾਲੀ ਕਮਿਊਨਿਟੀ ਹੈ। ਅਸੀਂ ਪੁਲਿਸ ਫੋਰਸ ਵਿਚ ਹੋਰ ਸਿੱਖ ਭਰਤੀ ਕਰ ਰਹੇ ਹਾਂ ਜਿਨ੍ਹਾਂ ਵਿਚ ਸਿੱਖ ਔਰਤਾਂ ਵੀ ਸ਼ਾਮਲ ਹਨ ਤਾਂ ਕਿ ਭਿੰਨਤਾ ਬਾਰੇ ਕੈਲੀਫੋਰਨੀਆ ਦੇ ਲੋਕ ਜਾਣ ਸਕਣ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਸਿੱਖਾਂ ਬਾਰੇ ਇਕ-ਇਕ ਨੂੰ ਪਤਾ ਲੱਗ ਸਕੇ ਕਿ ਸਿੱਖ ਅਮਰੀਕਾ ਦਾ ਇਕ ਇਤਿਹਾਸਕ ਤੇ ਸਤਿਕਾਰਯੋਗ ਤੇ ਅਹਿਮ ਹਿੱਸਾ ਹਨ।

ਇਸ ਸਮੇਂ 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦਿਆਂ ਕੈਲੀਫੋਰਨੀਆਂ ਦੇ ਸਿੱਖ ਆਗੂ ਸ੍ਰ. ਕਸ਼ਮੀਰ ਸਿੰਘ ਸ਼ਾਹੀ ਨੇ ਕਿਹਾ ਕਿ ਸ੍ਰ. ਇੰਦਰਵੀਰ ਸਿੰਘ ਦੁਸਾਂਝ ਸਾਡੀ ਕਮਿਊਨਟੀ ਦਾ ਮਾਣ ਹਨ ਜਿਥੇ ਸਾਨੂੰ ਅਮਰੀਕਨ ਸਿਆਸਤ ਨੂੰ ਸਮਝਣ ਅਤੇ ਸਿੱਖ ਮੁੱਦਿਆਂ ਨੂੰ ਬਰੀਕੀ ਨਾਲ ਸਮਝਣ ਦਾ ਮੌਕਾ ਮਿਲਦਾ ਹੈ।

'ਸਾਡੇ ਲੋਕ' ਅਖ਼ਬਾਰ ਨਾਲ ਗੱਲਬਾਤ ਕਰਦਿਆਂ ਕਮਿਊਨਿਟੀ ਆਗੂ ਕਮਿਸ਼ਨਰ ਅਤੇ ਸਟੇਟ ਡੈਲੀਗੇਟ ਸ੍ਰ.









# ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਬਿਜਨਸ ਟਾਈਕੂਨ ਸ੍ਰ. ਇੰਦਰਵੀਰ ਸਿੰਘ ਦੁਸਾਂਝ ਦੀ ਡਬਲਿਨ ਡੀਲਰਸ਼ਿੱਪ ਵਿਖੇ ਡਬਲਿਨ ਕੈਲੀਫੋਰਨੀਆ ਦੀ Distric Attorney Ursula Jones ਦੇ ਫੰਡ ਰੇਜੰਗ 'ਤੇ ਪਹੁੰਚੀਆਂ ਅਮਰੀਕਾ ਦੀਆਂ ਵੱਡੀਆਂ ਸ਼ਖ਼ਸ਼ੀਅਤਾਂ









ਤੇਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰ. ਦੁਸਾਂਝ ਸਾਡੀ ਕਮਿਊਨਿਟੀ ਦਾ ਮਾਣ ਹਨ। ਅਮਰੀਕਨ ਸਿਆਸਤ ਅਤੇ ਸਿੱਖ ਸਿਆਸਤ ਵਿਚ ਜੋ ਕਿ ਇਕ ਬਰਿਜ (ਪੁਲ) ਦੀ ਤਰ੍ਹਾਂ ਕੰਮ ਕਰ ਰਹੇ ਹਨ। ਅੱਜ ਕੈਲੀਫੋਰਨੀਆ 'ਚ ਸਿੱਖ ਪਹਿਚਾਣ ਵਿਚ ਸ੍ਰ. ਦੁਸਾਂਝ ਦਾ ਅਹਿਮ ਹਿੱਸਾ ਹੈ।

ਗੁਰਦੁਆਰਾ ਫਰੀਮਾਂਟ ਦੇ ਖਜ਼ਾਨਚੀ ਸ੍ਰ. ਭੁਪਿੰਦਰ ਸਿੰਘ ਪਰਮਾਰ ਨੇ 'ਸਾਡੇ ਲੋਕ' ਅਖ਼ਬਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਜਦੋਂ ਸ੍ਰ. ਦੁਸਾਂਝ ਦੇ ਸੱਦੇ ਉਪਰ ਆਉਂਦੇ ਹਾਂ ਤਾਂ ਸਾਨੂੰ ਮਾਣ ਮਹਿਸੂਸ ਹੁੰਦਾ ਹੈ।

ਗੁਰੂ ਘਰ ਫਰੀਮਾਂਟ ਦੇ ਪ੍ਰਧਾਨ ਸ੍ਰ. ਜਸਵਿੰਦਰ ਸਿੰਘ ਜੰਡੀ ਨੇ ਵੀ ਸ੍ਰ. ਦੁਸਾਂਝ ਦੇ ਕਮਿਊਨਿਟੀ ਲਈ ਅਹਿਮ ਰੋਲ ਦੀ ਸ਼ਲਾਘਾ ਕੀਤੀ।

ਅੱਜ ਹੋਰਨਾਂ ਸ਼ਖ਼ਸੀਅਤਾਂ ਵਿਚ ਸ੍ਰ. ਮਨਦੀਪ ਸਿੰਘ ਥਿਆੜਾ, ਸ੍ਰ. ਹਰਬਖਸ਼ ਸਿੰਘ ਰੰਧਾਵਾ, ਸ੍ਰ. ਹਰਦੀਪ ਸਿੰਘ ਭਾਊ ਔਲਖ, ਸ੍ਰ. ਕਰਨੈਲ ਸਿੰਘ ਸੈਣੀ, ਸ੍ਰ. ਇੰਦਰਵੀਰ ਸਿੰਘ ਦੁਸਾਂਝ ਦੇ ਸਪੁਤੱਰ ਸਰਦਾਰ ਜੈਸੀ ਦੁਸਾਂਝ ਨੇ 'ਸਾਡੇ ਲੋਕ' ਅਖ਼ਬਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਫੰਡਰੇਜਿੰਗ ਅਤੇ ਹੋਰ ਸਾਰੇ ਕਮਿਊਨਿਟੀ ਪ੍ਰੋਗਰਾਮ ਸਭ ਕੁਝ ਇਸ ਲਈ ਹੈ ਕਿ ਅਮਰੀਕਾ ਵਿੱਚ ਸਿੱਖਾਂ ਦੀ ਪਹਿਚਾਣ ਅਤੇ ਅਮਰੀਕਨ ਸਿਆਸਤ 'ਚ ਸਿੱਖ ਭਵਿੱਖ ਵਿੱਚ ਅਹਿਮ ਹਿਸਾ ਪਾ ਸਕਣ। ਸਿੱਖਾਂ ਦੀਆਂ ਮਹਾਨ ਪ੍ਰੰਪਰਾਵਾਂ, ਅਸੂਲਾਂ ਤੇ ਸਾਂਝੀਵਾਲਤਾ ਦੇ ਸੁਨੇਹੇ ਨੂੰ ਦੁਨੀਆਂ ਦੇ ਲੋਕਾਂ ਤੱਕ ਪਹੁੰਚਾਇਆ ਜਾ ਸਕੇ। ਉਨ੍ਹਾਂ ਭਾਰੀ ਗਿਣਤੀ 'ਚ ਜੁੜੀਆਂ ਸ਼ਖਸੀਅਤਾਂ ਨੂੰ Distric Attorney Ursula Jones ਨਾਲ ਇੰਟਰਡਿਊਸ ਕਰਵਾਇਆ ਅਤੇ ਧੰਨਵਾਦ ਕੀਤਾ ਅਤੇ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੱਤਾ।

ਇਸ ਫੰਡਰੇਜਿੰਗ ਦੇ ਵਿੱਚ S. Raj Dhami, Alameda county Supervisor.Hon. David Haubert, Hon. Elisa Ma?rquez, Hon. Nate Miley.Bart Board Melissa Hernandez.Alameda county Sheriff Yesenia Sanchez. Alameda county D/A and Fremont Mayor Dr. Raj Salwan and Jack Blach. ਤੋਂ ਇਲਾਵਾ ਸ੍ਰ. ਹਰਜੀਤ ਸਿੰਘ ਵੜੈਚ, ਸ੍ਰ. ਗੁਰਚਰਨ ਸਿੰਘ ਵੜੈਚ, ਗੁਰਦੁਆਰਾ ਸਾਹਿਬ ਫਰੀਮਾਂਟ ਦੇ ਪ੍ਰਧਾਨ ਸ੍ਰ. ਜਸਵਿੰਦਰ ਸਿੰਘ ਜੰਡੀ, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਖਜ਼ਾਨਚੀ ਸ੍ਰ. ਭੁਪਿੰਦਰ ਸਿੰਘ ਪਰਮਾਰ, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸੁਪਰੀਮ ਕੌਂਸਲ ਮੈਂਬਰ ਸ੍ਰ. ਰਜਿੰਦਰ ਸਿੰਘ ਰਾਜਾ, ਅੰਮ੍ਰਿਤਸਰ ਟਾਈਮਜ਼ ਤੋਂ ਸ੍ਰ. ਜਸਜੀਤ ਸਿੰਘ ਸ਼ਾਮਲ ਸਨ। ਅੱਜ ਦਾ ਇਹ ਪ੍ਰਭਾਵਸ਼ਾਲੀ ਅਤੇ ਯਾਦਗਾਰੀ ਸਮਾਗਮ ਸੀ।




















# ਇਹ ਪ੍ਰਵਾਰਕ ਮੇਲਾ ਦਹਾਕਿਆਂ ਤੋਂ ਅਮਰੀਕਾ 'ਚ ਆਪਣੀਆਂ ਪੀੜ੍ਹੀਆਂ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜ ਰਿਹਾ

## ਕੈਲੀਫੋਰਨੀਆਂ ਵਿੱਚ 35 ਸਾਲ ਤੋਂ ਨਿਰੰਤਰ ਪੰਜਾਬੀ ਸਭਿਆਚਾਰ ਨੂੰ ਜਿਊਂਦਾ ਰੱਖਣ ਵਾਲਾ ਪੰਜਾਬੀ ਕਲਚਰਲ ਸੋਸਾਇਟੀ ਸੈਕਰਾਮੈਂਟੋ ਵਲੋਂ 35ਵਾਂ ਸਲਾਨਾ ਮੇਲਾ ਧੂਮਧਾਮ ਨਾਲ ਮਨਾਇਆ ਗਿਆ






ਸੈਕਰਾਮੈਂਟੋ/ ਕੈਲੀਫੋਰਨੀਆਂ : ਪੰਜਾਬੀ ਸਭਿਆਚਾਰ ਦੇ ਨਿਸ਼ਕਾਮ ਸੇਵਕ ਸਰਦਾਰ ਰਛਪਾਲ ਸਿੰਘ ਫਰਵਾਲਾ ਵਲੋਂ ਆਪਣੇ ਸਹਿਯੋਗੀਆ ਨਾਲ ਅੱਜ ਤੋਂ 35 ਸਾਲ ਪਹਿਲਾ ਸ਼ੁਰੂ ਕੀਤਾ ਮੇਲਾ ਅੱਜ ਵੀ ਜਾਰੀ ਹੈ ਜੋ ਕਿ ਹੁਣ ਕੈਲੀਫੋਰਨੀਆਂ 'ਚ ਪੰਜਾਬੀ ਕਲਚਰ ਅਤੇ ਸਭਿਆਚਾਰ ਦੀ ਪਹਿਚਾਣ ਬਣ ਚੁੱਕਾ ਹੈ।

ਪੰਜਾਬੀ ਕਲਚਰਲ ਸੋਸਾਇਟੀ ਸੈਕਰਾਮੈਂਟੋ ਦਾ ਇਹ ਪ੍ਰਵਾਰਕ ਮੇਲਾ ਦਹਾਕਿਆਂ ਤੋਂ ਅਮਰੀਕਾ 'ਚ ਆਪਣੀਆਂ ਪੀੜ੍ਹੀਆਂ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜ ਰਿਹਾ ਹੈ। ਬੱਚੇ ਬੱਚੀਆਂ ਅਤੇ ਉਹਨਾਂ ਦੇ ਮਾਪੇ ਬਹੁਤ ਹੀ ਉਤਸ਼ਾਹ ਨਾਲ ਸਾਰਾ ਸਾਲ ਇਸ ਮੇਲੇ ਦਾ ਇੰਤਜ਼ਾਰ ਕਰਦੇ ਅਤੇ ਚਾਂਈ ਚਾਂਈ ਇਸ ਵਿੱਚ ਭਾਗ ਲੈਂਦੇ ਹਨ।

ਇਸ ਮੇਲੇ ਵਿੱਚ ਉਹਨਾਂ ਨੂੰ ਥਾਂ ਦਿੱਤੀ ਜਾਂਦੀ ਹੈ ਜਿਨ੍ਹਾਂ ਦਾ ਦਿਲੋਂ ਸਭਿਆਚਾਰ ਨਾਲ ਨਾਤਾ ਹੈ ਅਤੇ ਸਨਮਾਨ ਕੀਤਾ ਜਾਂਦਾ ਹੈ।

ਪੰਜਾਬੀ ਕਲਚਰਲ ਸੋਸਾਇਟੀ ਸੈਕਰਾਮੈਂਟੋ ਵਲੋਂ ਆਪਣਾ 35ਵਾਂ ਸਲਾਨਾ ਸੱਭਿਆਚਾਰਕ ਪਰਿਵਾਰਕ ਇਕੱਠ ਬੜੇ ਜੋਸ਼ ਤੇ ਉਤਸ਼ਾਹ ਨਾਲ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਸ਼ਾਇਰ ਕਮਲ ਬੰਗਾ ਨੇ ਆਪਣੀ ਇੱਕ ਕਵਿਤਾ ਕੀਤੀ। ਸ਼ੈਲਡਨ ਹਾਈ ਸਕੂਲ ਦੇ ਖੂਬਸੂਰਤ ਥੀਏਟਰ ਵਿੱਚ 17 ਮਈ, ਸ਼ਨੀਵਾਰ ਸ਼ਾਮ ਨੂੰ ਹੋਏ ਇਸ ਸਮਾਗਮ ਵਿਚ ਗਿੱਧੇ ਅਤੇ ਭੰਗੜੇ ਦੇ 70 ਤੋਂ ਵੱਧ ਕਲਾਕਾਰਾਂ ਨੇ ਖੂਬਸੂਰਤ ਪੰਜਾਬੀ ਪਹਿਰਾਵੇ ਵਿਚ ਪੰਜਾਬ ਦੇ ਲੋਕ ਨਾਚਾਂ ਦੇ ਵੱਖ-ਵੱਖ ਰੰਗ ਦਿਖਾ ਕੇ ਦਰਸ਼ਕਾਂ ਨੂੰ ਨਿਹਾਲ ਕਰ ਦਿੱਤਾ। ਖਾਸ ਕਰਕੇ ਛੋਟੇ ਮੁੰਡੇ ਤੇ ਕੁੜੀਆਂ ਦੇ ਕਮਾਲ ਦੇ ਐਕਸ਼ਨ ਦੇਖ-ਦੇਖ ਦਰਸ਼ਕ ਅਸ਼ ਅਸ਼ ਕਰ ਉੱਠੇ।











# ਇਹ ਪ੍ਰਵਾਰਕ ਮੇਲਾ ਦਹਾਕਿਆਂ ਤੋਂ ਅਮਰੀਕਾ 'ਚ ਆਪਣੀਆਂ ਪੀੜ੍ਹੀਆਂ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜ ਰਿਹਾ

## ਕੈਲੀਫੋਰਨੀਆਂ ਵਿੱਚ 35 ਸਾਲ ਤੋਂ ਨਿਰੰਤਰ ਪੰਜਾਬੀ ਸਭਿਆਚਾਰ ਨੂੰ ਜਿਊਂਦਾ ਰੱਖਣ ਵਾਲਾ ਪੰਜਾਬੀ ਕਲਚਰਲ ਸੋਸਾਇਟੀ ਸੈਕਰਾਮੈਂਟੋ ਵਲੋਂ 35ਵਾਂ ਸਲਾਨਾ ਮੇਲਾ ਧੂਮਧਾਮ ਨਾਲ ਮਨਾਇਆ ਗਿਆ



ਗਿੱਧੇ ਭੰਗੜੇ ਦੀਆਂ ਟੀਮਾਂ ਵਿਚ ਮੁੱਖ ਤੌਰ 'ਤੇ ਟੀਮ ਵਿਰਸੇ ਦੇ ਵਾਰਿਸ, ਪਰੀਆਂ ਦਾ ਗਿੱਧਾ, ਰੌਣਕ ਵਿਹੜੇ ਦੀ, ਪੰਜਾਬੀ ਧੜਕਣ ਡਾਂਸ ਅਕੈਡਮੀ, ਸ਼ੁਕੀਨਣ ਗਿੱਧੇ ਦੀਆਂ ਤੇ ਸ਼ਾਨ ਪੰਜਾਬ ਦੀ ਟੀਮਾਂ ਨੇ ਭਾਗ ਲਿਆ। ਇਨ੍ਹਾਂ ਟੀਮਾਂ ਨੂੰ ਕੋਚ ਪ੍ਰਕਾਸ਼ ਸਿੰਘ ਪੂਨੀਆਂ, ਅਮਨ ਕੌਰ ਸੰਧੂ, ਅਵਿਲੋਕਤਾ ਘੁੰਮਣ, ਵਰਿੰਦਰ ਸਿੰਘ ਸੰਘੇੜਾ ਤੇ ਅੰਮ੍ਰਿਤ ਸਿੰਘ ਸੰਘੇੜਾ ਨੇ ਤਿਆਰ ਕੀਤਾ ਸੀ।

ਗੀਤ ਸੰਗੀਤ ਦੇ ਦੌਰ ਵਿੱਚ "ਸੰਗੀਤ ਗਰੁੱਪ ਕੈਲੀਫੋਰਨੀਆਂ" ਦੇ ਉਘੇ ਗਾਇਕ ਅਨੂਪ ਸਿੰਘ ਚੀਮਾ ਨੇ ਆਪਣੇ ਜਗਤ ਪ੍ਰਸਿੱਧ ਗੀਤ "ਅੱਜ ਆ ਗਿਆ ਵਿਆਹ ਕੇ ਮੇਰਾ ਵੀਰ ਵਈ, ਭਾਬੋ ਲੱਗਦੀ ਸਿਆਲਾਂ ਦੀ ਕੋਈ ਹੀਰ ਵਈ" ਸਮੇਤ ਤਿੰਨ ਗੀਤ ਗਾ ਕੇ ਚੰਗਾ ਰੰਗ ਬੰਨ੍ਹਿਆਂ। ਮੇਲੇ ਦੇ ਰੂਹੇ ਰਵਾਂ ਸ੍ਰ. ਰਛਪਾਲ ਸਿੰਘ ਫਰਵਾਲਾ ਨੇ ਆਏ ਦਰਸ਼ਕਾਂ, ਕਮੇਟੀ ਮੈਂਬਰਾਂ ਤੇ ਸਾਰੇ ਸਹਿਯੋਗੀਆਂ ਦਾ ਧੰਨਵਾਦ ਕੀਤਾ। ਸੋਸਾਇਟੀ ਵਲੋਂ ਪਿਛਲੇ ਵੀਹ ਸਾਲਾਂ ਤੋਂ ਲਗਾਤਾਰ ਸਟੇਜ ਐਂਕਰ ਦੀ ਸੇਵਾ ਨਿਭਾ ਰਹੇ ਜਸਵੰਤ ਸਿੰਘ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਤੇ ਸਮਰਪਿਤ ਸੇਵਾਵਾਂ ਲਈ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ। ਅੰਤ ਵਿਚ ਸਾਰੇ ਕਲਾਕਾਰਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸੋਸਾਇਟੀ ਦੇ ਸਮੂਹ ਮੈਂਬਰ ਸਰਵ ਸ੍ਰੀ ਕਮਲ ਬੰਗਾ, ਅਵਤਾਰ ਸਿੰਘ ਦੋਸਾਂਝ, ਜੱਗੀ ਕੰਦੋਲਾ, ਬਖ਼ਸ਼ੀਸ਼ ਸਿੰਘ ਗਿੱਲ, ਜਸਵੰਤ ਸਿੰਘ ਸ਼ਾਦ, ਰਛਪਾਲ ਸਿੰਘ ਫਰਵਾਲਾ, ਸੁਰਿੰਦਰ ਬਿੰਦਰਾ, ਅਵਤਾਰ ਸਿੰਘ ਡੌਡ, ਮਾਧੋ ਚਾਹਲ ਪਵਿੱਤਰ ਸਿੰਘ ਨਾਹਲ ਤੇ ਬਲਵੰਤ ਸਿੰਘ ਕੰਦੋਲਾ ਹਾਜ਼ਿਰ ਸਨ।











Silicon Valley Gurdwara ੴ ਸੰਗਤ ਦਾ ਗੁਰਦੁਆਰਾ

ੴ ਸਤਿਗੁਰ ਪ੍ਰਸਾਦਿ

ਸੰਤ ਕਾ ਮਾਰਗ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥

ਸੰਤ ਬਾਬਾ ਪ੍ਰੇਮ ਸਿੰਘ ਕਲਚਰਲ ਸੁਸਾਇਟੀ ਕੈਲੀਫੋਰਨੀਆ ਵਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ

ਰਾਜ ਯੋਗੀ, ਵਿਦਿਆ ਦਾਨੀ, ਸਮਾਜ ਸੁਧਾਰਕ, ਬ੍ਰਹਮਗਿਆਨੀ,
ਸੇਵਾ ਦੇ ਪੁੰਜ, ਸੱਚਖੰਡ ਵਾਸੀ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ
ਦੀ ਨਿੱਘੀ ਯਾਦ 'ਚ 75ਵੀਂ ਬਰਸੀ ਮੌਕੇ

# ਮਹਾਨ ਗੁਰਮਤਿ ਸਮਾਗਮ

## ਗੁਰਦੁਆਰਾ ਸਾਹਿਬ ਸਿਲੀਕਾਨ ਵੈਲੀ

**2356, Walsh Ave, Santa Clara, CA - 95051**

**ਵਿਖੇ ਮਨਾਇਆ ਜਾ ਰਿਹਾ ਹੈ।**



ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ ॥
ਆਪ ਜੀ ਦੀ ਸੇਵਾ ਵਿਚ ਬੇਨਤੀ ਹੈ ਕਿ ਪੰਥ ਦੇ ਮਹਾਨ ਤਪੱਸਵੀ, ਗੁਰਮਤਿ ਪ੍ਰਚਾਰਕ, ਸਮਾਜ ਸੇਵਕ, ਵਿੱਦਿਆ-ਦਾਨੀ ਅਤੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹੇ **ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ (ਬੇਗੋਵਾਲ, ਜ਼ਿਲ੍ਹਾ ਕਪੂਰਥਲਾ)** ਦੀ ਸਲਾਨਾ ਬਰਸੀ ਗੁਰਦੁਆਰਾ ਸਾਹਿਬ, ਸਿਲੀਕੋਨ ਵੈਲੀ ਕੈਲੀਫੋਰਨੀਆ ਵਿਖੇ ਬੜੇ ਪਿਆਰ ਸਤਿਕਾਰ ਅਤੇ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ।

ਸਿੱਖ ਪੰਥ ਵਿਚ ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਇਕ ਅਜਿਹੀ ਸ਼ਖਸੀਅਤ ਹੋਏ ਹਨ ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ। ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਵਾੜੀ ਨੂੰ ਅੱਗੇ ਵਧਾਇਆ।

**ਇਸ ਸਬੰਧ ਵਿਚ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹਨ**

13 ਜੂਨ, 2025, ਸ਼ੁੱਕਰਵਾਰ ਅਰੰਭ ਸ੍ਰੀ ਅਖੰਡ ਪਾਠ : ਸਵੇਰੇ 11.00 ਵਜੇ
15 ਜੂਨ, 2025, ਐਤਵਾਰ ਭੋਗ ਸ੍ਰੀ ਅਖੰਡ ਪਾਠ : ਸਵੇਰੇ 10.00 ਵਜੇ

ਉਪਰੰਤ ਪੰਥ ਦੇ ਮਹਾਨ ਕੀਰਤਨੀ ਜਥੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਸਰਵਣ ਕਰਾਉਣਗੇ ਜਿਨ੍ਹਾਂ ਵਿਚ



ਭਾਈ ਇੰਦਰਜੀਤ ਸਿੰਘ ਖਾਲਸਾ
ਸਾਬਕਾ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ



ਸਿੰਘ ਸਾਹਿਬ ਜਸਵਿੰਦਰ ਸਿੰਘ ਜੀ
ਸਾਬਕਾ ਹੈਡ ਗ੍ਰੰਥੀ ਸੱਚਖੰਡ ਸ੍ਰੀ ਦਰਬਾਰ ਸਾਹਿਬ



ਭਾਈ ਦੇਵਿੰਦਰ ਸਿੰਘ ਭਾਈ ਹਰਵਿੰਦਰ ਸਿੰਘ
ਭਾਈ ਜੀਵਨਜੋਤ ਸਿੰਘ ਰਾਗੀਜੱਥਾ (SVG)

ਭਾਈ ਨਿਰਮਲ ਸਿੰਘ ਸੂਰਾ,
ਭਾਈ ਅਵਤਾਰ ਸਿੰਘ
ਭਾਈ ਜੋਤਸਰੂਪ ਸਿੰਘ
ਕਥਾਵਾਚਕ ਭਾਈ ਕੁਲਵਿੰਦਰ ਸਿੰਘ
ਸ੍ਰੀ ਦਰਬਾਰ ਸਾਹਿਬ ਵਾਲੇ

**ਤਿੰਨ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਣਗੇ।**

**ਸਮੂਹ ਸੰਗਤ ਨੂੰ ਸਮੇਤ ਪਰਿਵਾਰ ਹਾਜ਼ਰੀਆਂ ਭਰਨ ਦੀ ਨਿਮਰਤਾ ਸਹਿਤ ਬੇਨਤੀ ਹੈ ਜੀ**

**ਬੇਨਤੀ ਕਰਤਾ : ਸੰਤ ਬਾਬਾ ਪ੍ਰੇਮ ਸਿੰਘ ਕਲਚਰਲ ਸੁਸਾਇਟੀ ਕੈਲੀਫੋਰਨੀਆ ਅਤੇ ਸਮੂਹ ਸਹਿਯੋਗੀ ਸੱਜਣ**

**ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ**

ਸ੍ਰ. ਅਮਰਜੀਤ ਸਿੰਘ ਮੁਲਤਾਨੀ - (408)-497-2888, ਸ੍ਰ. ਗੁਰਦਿਆਲ ਸਿੰਘ ਘੋਤੜਾ - (408)-849-1593, ਸ੍ਰ. ਹਰਜਿੰਦਰ ਸਿੰਘ (408)-498-2860, ਸ੍ਰ. ਸ਼ਰਨਦੀਪ ਸਿੰਘ ਘੋਤੜਾ (408)-469-1787, ਸ੍ਰ. ਅਮਨਪ੍ਰੀਤ ਸਿੰਘ ਬਬਲੂ (408)-469-6494, ਸ੍ਰ. ਲਵਪ੍ਰੀਤ ਸਿੰਘ ਸ਼ਾਹ (669)-260-6251, ਸ੍ਰ. ਬਲਕਾਰ ਸਿੰਘ ਬੌਬੀ (408)-595-6281, ਸ੍ਰ. ਮਨਜੀਤ ਸਿੰਘ ਮਿਆਣੀ (510)-328-5580, ਸ੍ਰ. ਹਰਜੀਤ ਸਿੰਘ (707)-334-7514, ਸ੍ਰ. ਸੁਰਿੰਦਰ ਸਿੰਘ ਬੌਬੀ ਡਰਾਇਵਿੰਗ ਸਕੂਲ ਵਾਲੇ (510)-472-3571, ਸ੍ਰ. ਮਨਪ੍ਰੀਤ ਸਿੰਘ ਗਾੜ੍ਹਾ Law Firm (510)-841-4582
ਸ੍ਰ. ਜਤਿੰਦਰ ਸਿੰਘ (916) 260-7938, ਸ੍ਰ. ਸੁਰਮਿੰਦਰਜੀਤ ਸਿੰਘ (408) 210-5394

# ਪਾਕਿਸਤਾਨ ਨੂੰ ਅਮਰੀਕਾ ਦਾ 'ਵਰਦਾਨ'



*ਪਹਿਲਗਾਮ ਹਮਲੇ ਲਈ ਪਾਕਿਸਤਾਨ 'ਤੇ ਆਰਥਿਕ ਪਾਬੰਦੀ ਲਾਉਣ ਤੇ ਅੱਤਵਾਦੀ ਟਿਕਾਣੇ ਬੰਦ ਕਰ ਕੇ ਅੱਤਵਾਦੀਆਂ ਨੂੰ ਸੌਂਪਣ ਦੀ ਮੰਗ ਕਰਨ ਦੀ ਥਾਂ ਉਸ ਨੇ ਆਈਐੱਮਐੱਫ ਤੋਂ ਉਸ ਲਈ ਕਰੋੜਾਂ ਡਾਲਰ ਦੇ ਕਰਜ਼ੇ ਦੀ ਕਿਸ਼ਤ ਮਨਜ਼ੂਰ ਕਰਵਾ ਦਿੱਤੀ। ਪਾਕਿਸਤਾਨ ਇਸ ਪੈਸੇ ਦੀ ਵਰਤੋਂ ਅੱਤਵਾਦੀਆਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ 'ਚ ਕਰੇਗਾ।*

ਲਗਭਗ 60 ਸਾਲ ਪਹਿਲਾਂ 1965 ਦੀ ਲੜਾਈ ਹਾਰ ਜਾਣ ਤੋਂ ਬਾਅਦ ਪਾਕਿਸਤਾਨ ਦੇ ਵਿਦੇਸ਼ ਮੰਤਰੀ ਜ਼ੁਲਫਿਕਾਰ ਅਲੀ ਭੁੱਟੋ ਨੇ ਕਿਹਾ ਸੀ ਕਿ ਜੇਕਰ ਭਾਰਤ ਨੇ ਪਰਮਾਣੂ ਬੰਬ ਬਣਾਇਆ ਤਾਂ ਅਸੀਂ ਹਜ਼ਾਰ ਸਾਲ ਤੱਕ ਘਾਹ ਤੇ ਪੱਤੇ ਖਾ ਕੇ ਜੀ ਲਵਾਂਗੇ, ਭੁੱਖੇ ਰਹਿ ਲਵਾਂਗੇ, ਪਰ ਆਪਣਾ ਬੰਬ ਬਣਾ ਕੇ ਦਮ ਲਵਾਂਗੇ। ਇਸ ਦਾ ਪਿਛੋਕੜ ਇਹ ਸੀ ਕਿ ਅਮਰੀਕੀ ਰਾਸ਼ਟਰਪਤੀ ਆਈਜਨਹਾਵਰ ਦੀ ਐਟਮ ਫਾਰ ਪੀਸ ਯੋਜਨਾ ਦੇ ਤਹਿਤ ਪਾਕਿਸਤਾਨ ਨੂੰ 1960 'ਚ ਕਰਾਚੀ ਦਾ ਪਰਮਾਣੂ ਬਿਜਲੀ ਘਰ ਤੇ 1965 'ਚ ਰਾਵਲਪਿੰਡੀ ਦਾ ਰਿਸਰਚ ਰਿਐਕਟਰ ਮਿਲਿਆ ਸੀ ਜਿਸ ਦਾ ਈਂਧਨ ਅਮਰੀਕਾ ਸਪਲਾਈ ਕਰਦਾ ਸੀ। ਦੋ ਲੜਾਈਆਂ ਹਾਰ ਚੁੱਕੇ ਪਾਕਿਸਤਾਨ ਨੂੰ ਇਹ ਡਰ ਸਤਾਉਣ ਲੱਗਾ ਸੀ ਕਿ ਜੇ ਭਾਰਤ ਨੇ ਪਹਿਲਾਂ ਪਰਮਾਣੂ ਬੰਬ ਬਣਾ ਲਿਆ ਤਾਂ ਫਿਰ ਉਸ ਦਾ ਕੀ ਹੋਵੇਗਾ?

ਅਮਰੀਕਾ ਦੇ ਨਾਲ-ਨਾਲ ਪਾਕਿਸਤਾਨ ਵੀ ਚੀਨ ਨਾਲ ਰਿਸ਼ਤੇ ਵਧਾਅ ਰਿਹਾ ਸੀ। ਮਾਰਚ 1963 ਦੇ ਚੀਨ-ਪਾਕਿਸਤਾਨ ਦੇ ਸਮਝੌਤੇ ਦੇ ਤਹਿਤ ਉਹ ਕਾਰਾਕੋਰਮ ਕਸ਼ਮੀਰ ਦੀ ਲਗਭਗ 5000 ਵਰਗ ਕਿਲੋਮੀਟਰ ਦੀ ਪੱਟੀ ਉਸ ਨੂੰ ਭੇਟ ਕਰ ਚੁੱਕਾ ਸੀ। ਚੀਨ ਨੇ ਅਕਤੂਬਰ 1964 'ਚ ਜੰਮੂ ਕਸ਼ਮੀਰ ਦੀ ਸਰਹੱਦ ਨਾਲ ਲਗਦੇ ਸ਼ਿਨਜਿਆਂਗ 'ਚ ਆਪਣਾ ਪਹਿਲਾ ਪਰਮਾਣੂ ਪ੍ਰੀਖਣ ਕੀਤਾ ਸੀ। ਸੁਰੱਖਿਆ ਦੀ ਇਸ ਦੋਤਰਫ਼ਾ ਚੁਣੌਤੀ ਨੂੰ ਦੇਖਦੇ ਹੋਏ ਭਾਰਤ ਨੂੰ ਆਪਣੇ ਪਰਮਾਣੂ ਨਿਸ਼ਸਤ੍ਰੀਕਰਨ ਦੇ ਸਿਧਾਂਤ ਦੇ ਬਾਵਜੂਦ ਪਰਮਾਣੂ ਸ਼ਕਤੀ ਦਾ ਵਿਕਾਸ ਕਰਨਾ ਪਿਆ, ਜਿਸ ਦਾ ਸਿਖਰ 1974 ਪੋਖਰਨ ਪ੍ਰੀਖਣ 'ਚ ਹੋਇਆ। ਪੋਖਰਨ ਤੋਂ ਬਾਅਦ ਪਾਕਿਸਤਾਨ ਹੋਰ ਵੀ ਮੁਸਤੈਦੀ ਨਾਲ ਚੀਨ ਦੀ ਮਦਦ ਤੇ ਯੂਰਪ ਤੋਂ ਤਕਨੀਕ ਦੀ ਚੋਰੀ ਕਰਦੇ ਹੋਏ ਪਰਮਾਣੂ ਸ਼ਕਤੀ ਦੇ ਵਿਕਾਸ 'ਚ ਰੁੱਝ ਗਿਆ।

ਪਰਮਾਣੂ ਦਾ ਪਸਾਰ ਨਾ ਕਰਨ ਦੀ ਵਕਾਲਤ ਕਰਨ ਵਾਲਾ ਅਮਰੀਕਾ ਜਾਣਦਾ ਸੀ ਕਿ ਕਮਿਊਨਿਸਟ ਤਾਨਾਸ਼ਾਹੀ ਵਾਲਾ ਚੀਨ ਪਾਕਿਸਤਾਨ ਨੂੰ ਪਰਮਾਣੂ ਤਕਨੀਕ ਦੇ ਰਿਹਾ ਹੈ ਜੋ ਇਕ ਨਾਜਾਇਜ਼ ਕੰਮ ਹੈ ਤੇ ਇਸ ਕਾਰਨ ਪੂਰੇ ਦੱਖਣੀ ਅਤੇ ਪੱਛਮੀ ਏਸ਼ੀਆ 'ਚ ਤਣਾਅ ਫੈਲ ਸਕਦਾ ਹੈ, ਫਿਰ ਵੀ ਉਸ ਨੇ ਇਹ ਸਭ ਨਜ਼ਰਅੰਦਾਜ਼ ਕੀਤਾ ਕਿਉਂਕਿ ਉਹ ਚੀਨ ਨਾਲ ਰਿਸ਼ਤੇ ਬਣਾਉਣ 'ਚ ਲੱਗਾ ਸੀ ਤਾਂ ਜੋ ਉਸ ਨੂੰ ਸੋਵੀਅਤ ਖੇਮੇ ਤੋਂ ਕੱਢ ਸਕੇ। ਇਸੇ ਵਿਚਾਲੇ ਈਰਾਨ 'ਚ ਇਸਲਾਮੀ ਕ੍ਰਾਂਤੀ ਹੋ ਗਈ ਤੇ ਅਫਗਾਨਿਸਤਾਨ 'ਤੇ ਸੋਵੀਅਤ ਸੰਘ ਦਾ ਕਬਜ਼ਾ ਹੋ ਗਿਆ।

ਪਾਕਿਸਤਾਨ ਨੂੰ ਅਮਰੀਕਾ ਵੱਲੋਂ ਮਨਮਰਜ਼ੀ ਕਰਨ ਦੀ ਛੋਟ ਮਿਲ ਗਈ। ਪਾਕਿਸਤਾਨ ਨੇ ਨਾ ਸਿਰਫ਼ ਆਪਣੇ ਪਰਮਾਣੂ ਬੰਬ ਬਣਾਏ, ਬਲਕਿ ਉਨ੍ਹਾਂ ਦੀ ਤਕਨੀਕ ਈਰਾਨ ਤੇ ਉੱਤਰੀ ਕੋਰੀਆ ਨੂੰ ਵੀ ਵੇਚੀ। ਅਮਰੀਕਾ ਨੇ ਭਾਰਤ ਲਈ ਪਾਕਿਸਤਾਨ ਤੇ ਆਪਣੇ ਲਈ ਈਰਾਨ ਤੇ ਉੱਤਰੀ ਕੋਰੀਆ ਦੇ ਰੂਪ 'ਚ ਦੋ ਭਸਮਾਸੁਰ ਖੜ੍ਹੇ ਕਰ ਲਏ।

ਅਫਗਾਨਿਸਤਾਨ ਤੋਂ ਸੋਵੀਅਤ ਸੰਘ ਨੂੰ ਦੂਰ ਕਰਨ ਲਈ ਅਮਰੀਕਾ ਨੇ ਪਾਕਿਸਤਾਨ ਨੂੰ ਹਥਿਆਰ ਦਿੱਤੇ ਤੇ ਸਾਊਦੀ ਅਰਬ ਤੋਂ ਪੈਸਾ ਦਿਵਾਇਆ ਜਿਸ ਦੀ ਵਰਤੋਂ ਉਸ ਨੇ ਇਸਲਾਮੀ ਜਿਹਾਦ ਕਰਨ ਵਾਲੇ ਮੁਜਾਹੀਦੀਨ ਦਸਤੇ ਬਣਾਉਣ ਦੇ ਨਾਲ ਪੰਜਾਬ 'ਚ ਖ਼ਾਲਿਸਤਾਨੀ ਅੱਤਵਾਦ ਨੂੰ ਹਵਾ ਦੇਣ 'ਚ ਕੀਤੀ। ਜਿਹਾਦੀ ਜੰਗ 'ਚ ਸੋਵੀਅਤ ਸੰਘ ਦੀ ਹਾਰ ਨਾਲ ਉਤਸ਼ਾਹਿਤ ਪਾਕਿਸਤਾਨ ਖੁਫੀਆ ਏਜੰਸੀਆਂ ਨੇ ਤੇ ਫ਼ੌਜ ਨੇ ਉਹੀ ਨੁਸਖਾ ਜੰਮੂ-ਕਸ਼ਮੀਰ 'ਚ ਹਿਜ਼ਬੁਲ, ਲਸ਼ਕਰ ਅਤੇ ਜੈਸ਼ ਵਰਗੇ ਜਿਹਾਦੀ ਅੱਤਵਾਦੀ ਭੇਜ ਕੇ ਅਜ਼ਮਾਇਆ, ਜੋ ਅੱਜ ਤੱਕ ਜਾਰੀ ਹੈ। ਇਸ 'ਚ ਅਮਰੀਕਾ ਦਾ ਭਲਾ ਨਹੀਂ ਹੋਇਆ। ਉਸ ਨੇ ਜਿਸ ਅਫਗਾਨਿਸਤਾਨ 'ਚ ਜਿਹਾਦੀ ਜੰਗ ਕਰਵਾ ਕੇ ਸੋਵੀਅਤ ਸੰਘ ਨੂੰ ਦੂਰ ਕੀਤਾ, ਅਲਕਾਇਦਾ ਨੇ ਉਥੇ ਹੀ ਅੱਡਾ ਬਣਾਇਆ ਤੇ ਅਮਰੀਕਾ ਦੇ ਵਰਲਡ ਟਰੇਡ ਸੈਂਟਰ 'ਤੇ 2001 'ਚ ਅੱਤਵਾਦੀ ਹਮਲਾ ਕੀਤਾ।

**-ਸ਼ਿਵਕਾਂਤ ਸ਼ਰਮਾ**

ਹਮਲਾ ਕਰਨ ਵਾਲੇ ਅੱਤਵਾਦੀਆਂ 'ਚ ਪਾਕਿਸਤਾਨ ਦਾ ਤਾਂ ਕੋਈ ਨਹੀਂ ਸੀ, ਪਰ ਉਸ ਦੀ ਯੋਜਨਾ ਬਣਾਉਣ ਵਾਲਾ ਖ਼ਾਲਿਦ ਸ਼ੇਖ਼ ਪਾਕਿਸਤਾਨੀ ਸੀ, ਜਿਸ ਨੂੰ ਫ਼ੌਜ ਮੁੱਖ ਦਫ਼ਤਰ ਕੋਲ ਰਾਵਲਪਿੰਡੀ ਤੋਂ ਫੜਿਆ ਗਿਆ। ਅਲਕਾਇਦਾ ਸਰਗਨਾ ਓਸਾਮਾ ਬਿਨ ਲਾਦੇਨ ਨੂੰ ਵੀ ਰਾਵਲਪਿੰਡੀ ਦੇ ਕੋਲ ਐਬਟਾਬਾਦ ਘਰ 'ਚ ਮਾਰਿਆ ਗਿਆ। ਰਾਵਲਪਿੰਡੀ ਪਾਕਿਸਤਾਨੀ ਫ਼ੌਜ ਦਾ ਮੁੱਖ ਦਫ਼ਤਰ ਹੋਣ ਦੇ ਨਾਲ-ਨਾਲ ਪਰਮਾਣੂ ਕੰਟਰੋਲ ਕੇਂਦਰ ਵੀ ਹੈ। ਲਾਦੇਨ ਤੇ ਖ਼ਾਲਿਦ ਸ਼ੇਖ਼ ਵਰਗੇ ਬਦਨਾਮ ਅੱਤਵਾਦੀਆਂ ਦੇ ਉਸੇ ਖੇਤਰ 'ਚ ਪਾਏ ਜਾਣ ਕਾਰਨ ਇਸ ਦੀ ਚਿੰਤਾ ਹੋਣਾ ਸੁਭਾਵਿਕ ਹੈ ਕਿ ਪਾਕਿਸਤਾਨ ਦੇ ਪਰਮਾਣੂ ਬੰਬ ਇਸਲਾਮੀ ਜਿਹਾਦੀਆਂ ਦੇ ਹੱਥਾਂ 'ਚ ਵੀ ਜਾ ਸਕਦੇ ਹਨ। ਅਮਰੀਕਾ ਨੇ ਕਈ ਵਾਰ ਉਸ ਦੇ ਪਰਮਾਣੂ ਕੰਟਰੋਲ ਕੇਂਦਰ 'ਤੇ ਕਬਜ਼ਾ ਕਰਨ ਦੀ ਐਮਰਜੈਂਸੀ ਯੋਜਨਾ ਦਾ ਜ਼ਿਕਰ ਕੀਤਾ ਹੈ, ਪਰ ਜੇ ਅਮਰੀਕਾ ਨੂੰ ਇੰਨੀ ਹੀ ਚਿੰਤਾ ਸੀ ਤਾਂ ਉਸ ਨੇ ਉਸ ਨੂੰ ਪਰਮਾਣੂ ਹਥਿਆਰ ਬਣਾਉਣ ਤੇ ਵੇਚਣ ਤੋਂ ਰੋਕਣ ਦੀ ਇਮਾਨਦਾਰੀ ਨਾਲ ਕੋਸ਼ਿਸ਼ ਕਿਉਂ ਨਹੀਂ ਕੀਤੀ? ਜੇ ਕੀਤੀ ਹੁੰਦੀ ਤਾਂ ਅੱਜ ਉਸ ਨੂੰ ਈਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਰੋਕਣ ਲਈ ਇੰਨੀ ਜ਼ਿਆਦਾ ਕੋਸ਼ਿਸ਼ ਨਾ ਕਰਨੀ ਪੈਂਦੀ ਤੇ ਦੱਖਣੀ ਏਸ਼ੀਆ 'ਚ ਹਾਲਾਤ ਬਿਹਤਰ ਹੁੰਦੇ।

ਈਰਾਨ ਇਸ ਦੀ ਵੀ ਮਿਸਾਲ ਹੈ ਕਿ ਜਿਹਾਦੀ ਮਾਨਸਿਕਤਾ ਸਿਰਫ਼ ਫ਼ੌਜੀ ਹਮਲਿਆਂ ਨਾਲ ਖ਼ਤਮ ਨਹੀਂ ਕੀਤੀ ਜਾ ਸਕਦੀ। ਉਸ ਲਈ ਸਖ਼ਤ ਆਰਥਿਕ ਪਾਬੰਦੀਆਂ ਲਾ ਕੇ ਅੱਤਵਾਦੀਆਂ ਤੇ ਉਨ੍ਹਾਂ ਦੀ ਸਮਰਥਕ ਫ਼ੌਜ ਦਾ ਲੱਕ ਤੋੜਨ ਦੀ ਲੋੜ ਵੀ ਹੁੰਦੀ ਹੈ, ਪਰ ਅਮਰੀਕਾ ਨੇ ਲਗਭਗ ਹਮੇਸ਼ਾ ਇਸ ਦਾ ਉਲਟਾ ਕੀਤਾ ਹੈ।

ਪਹਿਲਗਾਮ ਹਮਲੇ ਲਈ ਪਾਕਿਸਤਾਨ 'ਤੇ ਆਰਥਿਕ ਪਾਬੰਦੀ ਲਾਉਣ ਤੇ ਅੱਤਵਾਦੀ ਟਿਕਾਣੇ ਬੰਦ ਕਰ ਕੇ ਅੱਤਵਾਦੀਆਂ ਨੂੰ ਸੌਂਪਣ ਦੀ ਮੰਗ ਕਰਨ ਦੀ ਥਾਂ ਉਸ ਨੇ ਆਈਐੱਮਐੱਫ ਤੋਂ ਉਸ ਲਈ ਕਰੋੜਾਂ ਡਾਲਰ ਦੇ ਕਰਜ਼ੇ ਦੀ ਕਿਸ਼ਤ ਮਨਜ਼ੂਰ ਕਰਵਾ ਦਿੱਤੀ। ਪਾਕਿਸਤਾਨ ਇਸ ਪੈਸੇ ਦੀ ਵਰਤੋਂ ਅੱਤਵਾਦੀਆਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ 'ਚ ਕਰੇਗਾ। ਇਸੇ ਤਰ੍ਹਾਂ ਦੀ ਦੁਰਵਰਤੋਂ ਕਾਰਨ ਪਾਕਿਸਤਾਨ 1958 ਤੋਂ ਹੁਣ ਤੱਕ 24 ਵਾਰ ਕਰਜ਼ਾ ਲੈ ਕੇ ਆਈਐੱਮਐੱਫ ਦਾ ਚੌਥਾ ਸਭ ਤੋਂ ਵੱਡਾ ਕਰਜ਼ਦਾਰ ਬਣ ਚੁੱਕਾ ਹੈ।

ਅਮਰੀਕਾ ਨੇ ਬੰਗਲਾਦੇਸ਼ ਦੀ ਨਵੀਂ ਜਿਹਾਦੀ ਸਰਕਾਰ ਲਈ ਵੀ ਹਿੰਦੂਆਂ 'ਤੇ ਜ਼ੁਲਮ ਤੇ ਲੋਕਤੰਤਰ ਦੀ ਬਹਾਲੀ ਦਾ ਹਿਸਾਬ ਮੰਗੇ ਬਿਨਾਂ 1300 ਕਰੋੜ ਡਾਲਰ ਦੀ ਕਿਸ਼ਤ ਮਨਜ਼ੂਰ ਕਰਵਾਈ ਹੈ। ਪਿਛਲੇ ਦਿਨੀਂ ਰਿਆਦ 'ਚ ਹੋਰ ਵੀ ਦਿਲਚਸਪ ਗੱਲ ਹੋਈ ਜਦ ਟਰੰਪ ਨੇ ਆਪਣੇ ਮੇਜ਼ਬਾਨ ਤੇ ਅਮਰੀਕੀ ਮਾਲ ਦੇ ਵੱਡੇ ਗਾਹਕ ਸਾਊਦੀ ਯੁਵਰਾਜ ਸਲਮਾਨ ਦੇ ਕਹਿਣ 'ਤੇ ਸੀਰੀਆ ਦੇ ਨਵੇਂ ਸ਼ਾਸਕ ਅਹਿਮਦ ਅਲ-ਸ਼ਾਰਾ ਦੀ ਸ਼ਲਾਘਾ ਕਰਦੇ ਹੋਏ ਸੀਰੀਆ ਤੋਂ ਸਾਰੀਆਂ ਪਾਬੰਦੀਆਂ ਹਟਾ ਲਈਆਂ। ਅਲ-ਸ਼ਾਰਾ ਅਲਕਾਇਦਾ ਦਾ ਕਮਾਂਡਰ ਤੇ ਸੀਰੀਆ ਦੇ ਬਦਨਾਮ ਅਲ-ਨੁਸਰਾ ਅੱਤਵਾਦੀ ਸੰਗਠਨ ਦਾ ਮੁਖੀ ਸੀ। ਉਸ ਨੂੰ ਗ੍ਰਿਫ਼ਤਾਰ ਕਰਵਾਉਣ ਲਈ ਇਕ ਕਰੋੜ ਡਾਲਰ ਦਾ ਇਨਾਮ ਸੀ, ਪਰ ਟਰੰਪ ਨਾਲ ਹੱਥ ਮਿਲਾਉਂਦੇ ਹੀ ਉਹ ਅਮਰੀਕਾ ਦਾ ਵਪਾਰਕ ਭਾਈਵਾਲ ਬਣ ਗਿਆ। ਇਸੇ ਤਰ੍ਹਾਂ ਪਰਮਾਣੂ ਸਮਝੌਤੇ ਲਈ ਤਿਆਰ ਹੁੰਦੇ ਹੀ ਈਰਾਨ ਵੀ ਅੱਤਵਾਦੀ ਦੇਸ਼ ਤੋਂ ਵਪਾਰਕ ਭਾਈਵਾਲ ਬਣ ਜਾਵੇਗਾ।

ਸਪੱਸ਼ਟ ਹੈ ਕਿ ਜਦ ਵੀ ਅਮਰੀਕਾ ਦੇ ਆਰਥਿਕ ਤੇ ਰਣਨੀਤਕ ਹਿਤਾਂ ਦੀ ਗੱਲ ਆਉਂਦੀ ਹੈ ਤਾਂ ਬਾਕੀ ਰਿਸ਼ਤੇ ਛੋਟੇ ਹੋ ਜਾਂਦੇ ਹਨ, ਚਾਹੇ ਉਹ ਕਿੰਨੇ ਵੀ ਪੁਰਾਣੇ ਤੇ ਡੂੰਘੇ ਹੋਣ। ਯੂਰਪ ਦੇ ਦੇਸ਼ ਇਸ ਦੀ ਮਿਸਾਲ ਹਨ। ਅਮਰੀਕਾ ਨਾਲ ਗਹਿਰਾਉਂਦੇ ਰਣਨੀਤਕ ਰਿਸ਼ਤਿਆਂ ਦੀ ਭਰੋਸੇਯੋਗਤਾ ਭਾਰਤ ਨੂੰ ਇਸੇ ਪੈਮਾਨੇ 'ਤੇ ਪਰਖਣੀ ਪਵੇਗੀ।

## ਆਪ੍ਰੇਸ਼ਨ ਸਿੰਧੂਰ 'ਤੇ ਸਿਆਸਤ




ਸਿਆਸਤ ਦੇਸ਼ ਲਈ ਕਿੰਨੀ ਨੁਕਸਾਨਦੇਹ ਹੋ ਸਕਦੀ ਹੈ, ਇਸ ਦੀ ਤਾਜ਼ੀ ਮਿਸਾਲ ਹੈ ਕਾਂਗਰਸ ਵੱਲੋਂ ਆਪ੍ਰੇਸ਼ਨ ਸਿੰਧੂਰ 'ਤੇ ਵਿਦੇਸ਼ ਮੰਤਰੀ ਜੈਸ਼ੰਕਰ ਦੇ ਇਕ ਬਿਆਨ ਨੂੰ ਤੋੜ-ਮਰੋੜ ਕੇ ਪੇਸ਼ ਕਰਨਾ ਅਤੇ ਅਜਿਹੇ ਬੇਤੁਕੇ ਸਵਾਲ ਖੜ੍ਹੇ ਕਰਨਾ, ਜਿਹੜੇ ਪਾਕਿਸਤਾਨ ਨੂੰ ਰਾਸ ਆਉਣ। ਆਪ੍ਰੇਸ਼ਨ ਸਿੰਧੂਰ ਨੂੰ ਲੈ ਕੇ ਪਾਕਿਸਤਾਨ ਨੂੰ ਚੌਕਸ ਕਰਨ ਸਬੰਧੀ ਵਿਦੇਸ਼ ਮੰਤਰੀ ਦੇ ਬਿਆਨ ਨੂੰ ਪਹਿਲਾਂ ਰਾਹੁਲ ਗਾਂਧੀ ਨੇ ਇਸ ਰੂਪ 'ਚ ਪਰਿਭਾਸ਼ਿਤ ਕੀਤਾ ਕਿ ਉਨ੍ਹਾਂ ਨੇ ਤਾਂ ਪਾਕਿਸਤਾਨ ਨੂੰ ਪਹਿਲਾਂ ਹੀ ਸੂਚਨਾ ਦੇ ਦਿੱਤੀ ਕਿ ਅਸੀਂ ਉਸ ਦੇ ਅੱਤਵਾਦੀ ਟਿਕਾਣਿਆਂ 'ਤੇ ਹਮਲਾ ਕਰਨ ਜਾ ਰਹੇ ਹਾਂ।

ਹਾਲਾਂਕਿ ਵਿਦੇਸ਼ ਮੰਤਰਾਲੇ ਵੱਲੋਂ ਸਪੱਸ਼ਟ ਕੀਤਾ ਗਿਆ ਕਿ ਐੱਸ. ਜੈਸ਼ੰਕਰ ਨੇ ਅਜਿਹਾ ਕੁਝ ਨਹੀਂ ਕਿਹਾ, ਜਿਵੇਂ ਕਾਂਗਰਸੀ ਆਗੂ ਸਮਝ ਰਹੇ ਹਨ ਪਰ ਰਾਹੁਲ ਗਾਂਧੀ 'ਤੇ ਇਸ ਗੱਲ ਦਾ ਕੋਈ ਅਸਰ ਨਹੀਂ ਪਿਆ। ਉਹ ਆਪਣੇ ਸਵਾਲ 'ਤੇ ਅੜੇ ਰਹੇ ਤੇ ਇਸ ਨਤੀਜੇ 'ਤੇ ਪਹੁੰਚ ਗਏ ਕਿ ਵਿਦੇਸ਼ ਮੰਤਰੀ ਜੈਸ਼ੰਕਰ ਕਾਰਨ ਪਾਕਿਸਤਾਨ ਪਹਿਲਾਂ ਤੋਂ ਹੀ ਚੌਕਸ ਹੋ ਗਿਆ ਅਤੇ ਇਸ ਦੇ ਨਤੀਜੇ 'ਚ ਸਾਡੇ ਲੜਾਕੂ ਜਹਾਜ਼ ਨਿਸ਼ਾਨਾ ਬਣ ਗਏ।

ਕੀ ਕੋਈ ਸਹੀ ਸਮਝ ਵਾਲਾ ਵਿਅਕਤੀ ਅਜਿਹਾ ਅਜੀਬ ਨਤੀਜਾ ਕੱਢ ਸਕਦਾ ਹੈ? ਰਾਹੁਲ ਗਾਂਧੀ ਕੁਝ ਵੀ ਕਰ ਸਕਦੇ ਹਨ ਕਿਉਂਕਿ ਉਹ ਆਪਣੀ ਇਸ ਗੱਲ 'ਤੇ ਅੜੇ ਹਨ ਤੇ ਇਸ ਲਈ ਕਾਂਗਰਸ ਦੇ ਹੋਰ ਆਗੂ ਵੀ ਉਨ੍ਹਾਂ ਦੇ ਰਾਹ 'ਤੇ ਤੁਰ ਪਏ ਅਤੇ ਪਾਰਟੀ ਬੁਲਾਰੇ ਪਵਨ ਖੇੜਾ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਵਿਦੇਸ਼ ਮੰਤਰੀ ਜੈਸ਼ੰਕਰ ਨੇ ਜੋ ਕੁਝ ਕਿਹਾ, ਉਸ ਨੂੰ ਚਿਤਾਵਨੀ ਦੇਣਾ ਨਹੀਂ ਬਲਕਿ ਮੁਖਬਰੀ ਕਰਨਾ ਕਹਿੰਦੇ ਹਨ। ਕਾਂਗਰਸ ਦੇ ਸੀਨੀਅਰ ਆਗੂ ਪਵਨ ਖੇੜਾ ਦੀ ਮੰਨੀਏ ਤਾਂ ਵਿਦੇਸ਼ ਮੰਤਰੀ ਨੇ ਪਾਕਿਸਤਾਨੀ ਅੱਤਵਾਦੀਆਂ ਨੂੰ ਬਚਾਉਣ ਦਾ 'ਪਾਪ' ਕੀਤਾ ਹੈ।


ਇਹ ਸੁਭਾਵਕ ਸੀ ਕਿ ਪਾਕਿਸਤਾਨ ਨੇ ਰਾਹੁਲ ਗਾਂਧੀ ਦੇ ਬਿਆਨ ਨੂੰ ਫੜ ਲਿਆ ਅਤੇ ਉੱਥੋਂ ਦੇ ਮੀਡੀਆ ਨੇ ਉਸ ਦਾ ਆਪਣੇ ਪੱਖ 'ਚ ਲਾਹਾ ਲੈਣਾ ਸ਼ੁਰੂ ਕਰ ਦਿੱਤਾ। ਇਸ ਦੀ ਕਾਂਗਰਸ ਬੁਲਾਰੇ ਨੇ ਆਪਣੇ ਹਿਸਾਬ ਨਾਲ ਵਿਆਖਿਆ ਕੀਤੀ ਅਤੇ ਰਾਹੁਲ ਗਾਂਧੀ ਨੂੰ ਹੀ ਸਹੀ ਦੱਸਣ ਦੀ ਕੋਸ਼ਿਸ਼ ਕੀਤੀ।

ਇਸ ਗੱਲ ਨੂੰ ਵੀ ਅਣਡਿੱਠ ਨਹੀਂ ਕੀਤਾ ਜਾਣਾ ਚਾਹੀਦਾ ਕਿ ਕਾਂਗਰਸ ਇਸ ਤੋਂ ਨਾਰਾਜ਼ ਹੈ ਕਿ ਕੇਂਦਰ ਦੀ ਐੱਨਡੀਏ ਸਰਕਾਰ ਨੇ ਪਾਕਿਸਤਾਨ ਨੂੰ ਬੇਨਕਾਬ ਕਰਨ ਤੇ ਅੱਤਵਾਦ ਖ਼ਿਲਾਫ਼ ਭਾਰਤ ਦੇ ਨਜ਼ਰੀਏ ਨੂੰ ਦੁਨੀਆ ਅੱਗੇ ਜ਼ਾਹਰ ਕਰਨ ਲਈ ਉਸ ਦੇ ਆਗੂ ਤੇ ਤਿਰੂਵਨੰਤਪੁਰਮ ਤੋਂ ਮੈਂਬਰ ਪਾਰਲੀਮੈਂਟ ਸ਼ਸ਼ੀ ਥਰੂਰ ਦੀ ਚੋਣ ਕਿਉਂ ਕਰ ਲਈ। ਕਾਂਗਰਸ ਨੂੰ ਇਹ ਸਵਾਲ ਕਰਨ ਤੋਂ ਪਹਿਲਾਂ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ ਕਿ ਖ਼ੁਦ ਉਸ ਨੇ ਉਨ੍ਹਾਂ ਦੇ ਨਾਂ ਦੀ ਤਜਵੀਜ਼ ਕਿਉਂ ਨਹੀਂ ਦਿੱਤੀ, ਜੋ ਕੂਟਨੀਤੀ ਦੇ ਚੰਗੇ ਜਾਣਕਾਰ ਹੋਣ ਦੇ ਨਾਲ ਹੀ ਅਸਰਦਾਰ ਬੁਲਾਰੇ ਵੀ ਹਨ।

ਵਰਤਮਾਨ ਹਾਲਾਤ ਵਿਚ ਕਾਂਗਰਸ ਦਾ ਰਵੱਈਆ ਜੇ ਕੁਝ ਸਪੱਸ਼ਟ ਕਰ ਰਿਹਾ ਹੈ ਤਾਂ ਉਹ ਇਹੀ ਹੈ ਕਿ ਉਸ ਦੇ ਲਈ ਦੇਸ਼ ਹਿੱਤ ਤੋਂ ਵੱਡੀ ਹੈ ਸਿਆਸਤ। ਅਜਿਹੀ ਹੀ ਤੰਗਦਿਲੀ ਕਾਂਗਰਸ ਦੀ ਅਗਵਾਈ ਵਾਲੇ ਆਈਐੱਨਡੀਆਈਏ ਗਠਜੋੜ ਦੇ ਕੁਝ ਹੋਰ ਮੈਂਬਰ ਆਗੂ ਵੀ ਦਿਖਾ ਰਹੇ ਹਨ। ਤ੍ਰਿਣਮੂਲ ਕਾਂਗਰਸ ਨੇ ਆਪਣਾ ਗ਼ੈਰ ਜ਼ਰੂਰੀ ਇਤਰਾਜ਼ ਜ਼ਾਹਰ ਕਰਨ ਲਈ ਕਿਹਾ ਕਿ ਵਿਦੇਸ਼ ਜਾਣ ਵਾਲੇ ਵਫ਼ਦ ਦੇ ਮੈਂਬਰਾਂ ਦੇ ਨਾਂ ਸਰਕਾਰ ਤੈਅ ਨਹੀਂ ਕਰ ਸਕਦੀ। ਪਾਰਟੀ ਸੁਪਰੀਮੋ ਮਮਤਾ ਬੈਨਰਜੀ ਦੇ ਦਬਾਅ 'ਚ ਉਨ੍ਹਾਂ ਦੇ ਸੰਸਦ ਮੈਂਬਰ ਯੂਸਫ਼ ਪਠਾਨ ਨੇ ਵਫ਼ਦ 'ਚ ਸ਼ਾਮਲ ਹੋਣ ਤੋਂ ਮਨ੍ਹਾ ਵੀ ਕਰ ਦਿੱਤਾ। ਆਖ਼ਰ ਆਪਣੇ ਗਠਜੋੜ ਨੂੰ 'ਇੰਡੀਆ' ਕਹਿਣ ਵਾਲੇ ਇਹ ਕਿੱਦਾਂ ਦੇ ਆਗੂ ਹਨ, ਜਿਹੜੇ ਭਾਰਤ ਦੇ ਹਿੱਤਾਂ ਨੂੰ ਹੀ ਅਣਡਿੱਠ ਕਰ ਰਹੇ ਹਨ।

# ਪੰਜਾਬੀ ਟੈਲੀ ਫਿਲਮ 'ਇਕ ਲੰਬਾ ਜਿਹਾ ਹਉਕਾ' ਦਾ ਪਹਿਲਾ ਪ੍ਰਦਰਸ਼ਨ ਮੈਲਬਰਨ ਵਿਖੇ ਹੋਇਆ




ਮੈਲਬਰਨ : ਕੈਨੇਡਾ ਰਹਿੰਦੇ ਪੰਜਾਬੀ ਲੇਖਕ ਰਵਿੰਦਰ ਸਿੰਘ ਸੋਢੀ ਦੀ ਪੰਜਾਬੀ ਕਹਾਣੀ 'ਤੇ ਬਣੀ ਪੰਜਾਬੀ ਟੈਲੀ ਫਿਲਮ 'ਇਕ ਲੰਬਾ ਜਿਹਾ ਹਉਕਾ' ਦਾ ਪਰੀਮੀਅਰ ਸ਼ੋਅ ਮੈਲਬਰਨ ਸਥਿਤ ਚਰਚ ਆਫ ਸਾਇਨਟੌਲੋਜੀ ਵਿਖੇ ਬੀਤੇ ਐਤਵਾਰ ਨੂੰ ਹੋਇਆ। ਤਕਰੀਬਨ 200 ਮਹਿਮਾਨ ਹਾਜ਼ਰ ਸਨ। 45 ਮਿੰਟ ਦੀ ਇਸ ਫਿਲਮ ਵਿਚ ਇਹ ਦਿਖਾਉਣ ਦਾ ਯਤਨ ਕੀਤਾ ਗਿਆ ਕਿ ਇਨਸਾਨ ਦੀ ਜ਼ਿੰਦਗੀ ਵਿਚ ਕੁਝ ਵੀ ਨਿਸ਼ਚਿਤ ਨਹੀਂ ਹੈ। ਅਗਲੇ ਪਲ ਕੀ ਹੋਣਾ ਹੈ, ਇਸਦਾ ਅੰਦਾਜ਼ਾ ਕੋਈ ਨਹੀਂ ਲਾ ਸਕਦਾ। ਫਿਲਮ ਦੇ ਪ੍ਰਦਰਸ਼ਨ ਦੇ ਦੌਰਾਨ ਔਰਤਾਂ ਦੇ ਮਰਦਾਂ ਦੀਆਂ ਸਿਸਕੀਆਂ ਦੀ ਆਵਾਜ਼ ਆਉਂਦੀ ਰਹੀ।

ਕਹਾਣੀ ਦੇ ਮੁੱਖ ਪਾਤਰ ਸਤਪਾਲ ਅਤੇ ਉਸਦੀ ਪਤਨੀ ਜੱਸੀ ਭਾਰਤ ਤੋਂ ਆਸਟ੍ਰੇਲੀਆ ਇਸ ਕਰਕੇ ਆਉਂਦੇ ਹਨ ਕਿ ਉਹ ਆਪਣਾ ਭਵਿੱਖ ਸੁਧਾਰ ਸਕਣ। ਨਵੀਂ ਥਾਂ ਤੇ ਪੈਰ ਜਮਾਉਣ ਲਈ ਸਤਪਾਲ ਨੂੰ ਕਈ ਪਾਪੜ ਵੇਲਣੇ ਪੈਂਦੇ ਹਨ, ਕਈ ਤਰ੍ਹਾਂ ਦੀਆਂ ਛੋਟੀਆਂ-ਛੋਟੀਆਂ ਨੌਕਰੀਆਂ ਕਰਨੀਆਂ ਪੈਂਦੀਆਂ ਹਨ। ਲੰਬੀ ਜਦੋ-ਜਹਿਦ ਤੋਂ ਬਾਅਦ ਉਹ ਸੀ ਪੀ ਏ ਕਰਕੇ ਚਾਰਚਟਡ ਅਕਾਉਂਟੈਂਟ ਬਣ ਜਾਂਦਾ ਹੈ ਅਤੇ ਆਪਣੀ ਫਰਮ ਖੋਲ ਲੈਂਦਾ ਹੈ। ਉਸਦੀ ਪਤਨੀ ਜੱਸੀ ਨੀ ਨਰਸਿੰਗ ਦੀ ਪੜ੍ਹਾਈ ਕਰਕੇ ਨਰਸ ਬਣ ਜਾਂਦੀ ਹੈ। ਉਨ੍ਹਾਂ ਦੀ ਇਕ ਹੀ ਬੇਟੀ ਹੈ ਪ੍ਰੀਤੀ। ਇਹ ਸਾਰਾ ਪਰਿਵਾਰ ਅਰਾਮ ਦੀ ਜ਼ਿੰਦਗੀ ਬਸਰ ਕਰ ਰਿਹਾ ਹੈ।

ਇਨ੍ਹਾਂ ਦੀ ਜ਼ਿੰਦਗੀ ਵਿਚ ਅਚਾਨਕ ਇਕ ਵੱਡਾ ਬਦਲ ਆਉਂਦਾ ਹੈ ਜਦੋਂ ਪ੍ਰੀਤੀ ਆਪਣੀ ਉੱਚ ਪੜ੍ਹਾਈ ਕਰਨ ਲਈ ਸਿਡਨੀ ਜਾਣਾ ਚਾਹੁੰਦੀ ਹੈ। ਪਹਿਲਾਂ ਤਾਂ ਸਤਪਾਲ ਅਤੇ ਜੱਸੀ ਇਸ ਲਈ ਮੰਨਦੇ ਨਹੀਂ, ਪਰ ਅਖੀਰ ਇਕਲੌਤੀ ਬੇਟੀ ਦੀ ਜਿਦ ਮੰਨਣੀ ਹੀ ਪੈਂਦੀ ਹੈ। ਪ੍ਰੀਤੀ ਦੇ ਸਿਡਨੀ ਜਾਣ ਤੋਂ ਬਾਅਦ ਹੀ ਜੱਸੀ ਨੂੰ ਬਲੱਡ ਕੈਂਸਰ ਹੋ ਜਾਂਦਾ ਹੈ। ਇਲਾਜ਼ ਦੇ ਦੌਰਾਨ ਹੀ ਜੱਸੀ ਨੂੰ ਇਹ ਮਹਿਸੂਸ ਹੋ ਜਾਂਦਾ ਹੈ ਕਿ ਉਸਦੇ ਰੁਖ਼ਸਤ ਹੋਣ ਦਾ ਵਕਤ ਜਲਦੀ ਹੀ ਆਉਣ ਵਾਲਾ ਹੈ। ਇਕ ਦਿਨ ਉਹ ਬਹੁਤ ਭਾਵੁਕ ਹੋ ਕੇ ਆਪਣੇ ਪਤੀ ਨੂੰ ਕਹਿੰਦੀ ਹੈ ਕਿ ਉਸਦੀ ਮੌਤ ਤੋਂ ਬਾਅਦ ਹੋਰ ਵਿਆਹ ਕਰਵਾ ਲਏ ਕਿਉਂ ਕਿ ਅਜੇ ਉਸਦੀ ਉਮਰ ਕੋਈ ਬਹੁਤੀ ਵੱਡੀ ਨਹੀਂ ਅਤੇ ਦੂਜਾ ਉਸ ਤੋਂ ਇਕੱਲੇ ਰਿਹਾ ਨਹੀਂ ਜਾਣਾ। ਇਹ ਕਹਿ ਕੇ ਹੀ ਉਹ ਪ੍ਰਾਣ ਤਿਆਗ ਦਿੰਦੀ ਹੈ। ਪਤਨੀ ਦੀ ਮੌਤ ਤੋਂ ਕੁਝ ਦੇਰ ਬਾਅਦ ਹੀ ਸਤਪਾਲ ਵੀ ਇਸ ਫ਼ਾਨੀ ਦੁਨੀਆਂ ਤੋਂ ਕੂਚ ਕਰ ਜਾਂਦਾ ਹੈ।

ਜਸਵਿੰਦਰ ਕੌਰ ਚਾਵਲਾ ਨੇ ਜੱਸੀ ਦਾ ਕਿਰਦਾਰ ਬਹੁਤ ਲਹੀ ਪ੍ਰਵੀਣਤਾ ਨਾਲ ਨਿਭਾਇਆ। ਕੈਂਸਰ ਦੀ ਮਰੀਜ਼ ਦੇ ਰੋਲ ਵਿਚ ਉਸਦੇ ਗੱਲਬਾਤ ਕਰਨ ਦਾ ਲਹਿਜਾ, ਤੁਰਨ ਫਿਰਨ ਦਾ ਢੰਗ, ਚਿਹਰੇ ਦੇ ਹਾਵ-ਭਾਵ ਸਾਰੇ ਹੀ ਇਕ ਅਸਲੀ ਮਰੀਜ਼ ਵਾਲੇ ਲੱਗ ਰਹੇ ਸੀ। ਸਤਿੰਦਰ ਸਿੰਘ ਚਾਵਲਾ, ਸਤਪਾਲ ਦੇ ਰੂਪ ਵਿਚ ਆਪਣੇ ਕਿਰਦਾਰ ਨੂੰ ਪਰਦੇ 'ਤੇ ਸਜੀਵ ਕੀਤਾ। ਜਦੋਂ ਉਹ ਕਿਸੇ ਵਰਕਸ਼ਾਪ ਵਿਚ ਤਰਖਾਣ ਦਾ ਕੰਮ ਕਰਦੇ ਦਿਖਾਈ ਦਿੰਦੇ ਤਾਂ ਅਸਲ ਵਿਚ ਹੀ ਮਿਸਤਰੀ ਲੱਗਦੇ, ਜਦੋਂ ਚਾਰਟੇਡ ਅਕਾਉਂਟੈਂਟ ਬਣ ਕੇ ਦਫਤਰ ਵਿਚ ਬੈਠਦੇ ਤਾਂ ਉਹਨਾਂ ਦਾ ਚਿਹਰਾ ਹੀ ਉਹਨਾਂ ਦੇ ਅਹੁਦੇ ਦੀ ਹਾਮੀ ਭਰਦਾ ਅਤੇ ਜਦੋਂ ਆਪਣੀ ਕੈਂਸਰ ਪੀੜਤ ਪਤਨੀ ਦੀ ਦੇਖ-ਭਾਲ ਕਰਦੇ ਤਾਂ ਉਹਨਾਂ ਦੇ ਚਿਹਰੇ ਤੋਂ ਉਹਨਾਂ ਦਾ ਅੰਦਰਲਾ ਦੁੱਖ ਆਪ ਹੀ ਬਾਹਰ ਆਉਂਦਾ। ਫਿਲਮ ਦੇ ਨਿਰਦੇਸ਼ਕ ਦੇ ਤੌਰ ਤੇ ਵੀ ਉਹਨਾਂ ਨੇ ਬਾਕੀ ਕਲਾਕਾਰਾਂ ਤੋਂ ਵਧੀਆ ਅਦਾਕਾਰੀ ਕਰਵਾਈ।

ਦੂਜੇ ਕਲਾਕਾਰਾਂ ਵਿਚੋਂ ਸ਼ਮਾ ਭੰਗੂ ਨੇ ਪ੍ਰੀਤੀ ਦੇ ਕਿਰਦਾਰ ਨੂੰ ਦਮਦਾਰ ਢੰਗ ਨਾਲ ਪੇਸ਼ ਕੀਤਾ। ਡਾ ਭਜਨ ਪ੍ਰੀਤ, ਜਤਨ, ਬੂਟਾ ਸਿੰਘ, ਆਦਿ ਵੀ ਆਪਣੀ ਪਹਿਚਾਣ ਬਣਾਉਣ ਵਿਚ ਸਫਲ ਹੋਏ।



ਫਿਲਮ ਦੀ ਤਕਨੀਕੀ ਟੀਮ ਨੇ ਵੀ ਫਿਲਮ ਨੂੰ ਤਕਨੀਕੀ ਤੌਰ ਤੇ ਯਾਦਗਾਰੀ ਬਣਾ ਦਿੱਤਾ। ਮਨਦੀਪ ਢੀਂਡਸਾ (ਨਿਰਦੇਸ਼ਕ ਅਤੇ ਫ਼ੋਟੋਗ੍ਰਾਫ਼ੀ), ਪਟ ਕਥਾ(ਸਤਿੰਦਰ ਚਾਵਲਾ ਅਤੇ ਮਨਦੀਪ ਢੀਂਡਸਾ), ਐਡੀਟਰ (ਪਾਰਸ ਨਾਗਪਾਲ), ਆਰਟ ਡਾਇਰੈਕਟਰ( ਜਸਵਿੰਦਰ ਚਾਵਲਾ), ਗੀਤ(ਪਾਵੀ), ਸੰਗੀਤ(ਗੁਰ ਹਰਮੀਤ ਅਤੇ ਵਿਕਾਸ ਢੱਲ)। ਫਿਲਮ ਦਾ ਨਿਰਮਾਣ ਸਤਿੰਦਰ ਸਿੰਘ ਚਾਵਲਾ ਨੇ ਕੀਤਾ। ਕਹਾਣੀਕਾਰ ਰਵਿੰਦਰ ਸਿੰਘ ਸੋਢੀ ਨੇ ਸਾਰੀ ਟੀਮ ਨੂੰ ਮੁਬਾਰਕਬਾਦ ਦਿੱਤੀ।

# ਅਮਰੀਕਾ: ਯੂਸੀ ਸੈਂਟਾ ਕਰੂਜ਼ ਨੇ ਸਿੱਖ ਅਧਿਐਨ ਪ੍ਰੋਜੈਕਟ ਦੀ ਕੀਤੀ ਸ਼ੁਰੂਆਤ

ਹਿਊਸਟਨ (ਅਮਰੀਕਾ) : ਅਮਰੀਕਾ ਵਿੱਚ ਕੈਲੀਫੋਰਨੀਆ ਯੂਨੀਵਰਸਿਟੀ, ਸਾਂਤਾ ਕਰੂਜ਼ (UCSC) ਨੇ ਇੱਕ ਨਵੀਂ ਅਕਾਦਮਿਕ ਪਹਿਲਕਦਮੀ ਸ਼ੁਰੂ ਕੀਤੀ ਹੈ ਜਿਸਦਾ ਉਦੇਸ਼ ਡਿਜੀਟਲ ਕਹਾਣੀ ਸੁਣਾਉਣ ਦੀ ਕਲਾ ਰਾਹੀਂ ਸਿੱਖ ਧਰਮ ਪ੍ਰਤੀ ਵਿਸ਼ਵਵਿਆਪੀ ਧਾਰਨਾਵਾਂ ਨੂੰ ਨਵਾਂ ਆਕਾਰ ਦੇਣਾ ਅਤੇ ਸਮਾਵੇਸ਼ੀ ਵਿਦਵਤਾ ਨੂੰ ਉਤਸ਼ਾਹਿਤ ਕਰਨਾ ਹੈ। ਭਾਰਤੀ ਮੂਲ ਦੇ ਅਰਥ ਸ਼ਾਸਤਰ ਦੇ ਪ੍ਰੋਫੈਸਰ ਅਤੇ ਸਿੱਖ ਅਧਿਐਨ ਵਿਦਵਾਨ ਨਿਰਵਿਕਾਰ ਸਿੰਘ ਦੀ ਅਗਵਾਈ ਹੇਠ ਇਸ ਪ੍ਰੋਜੈਕਟ ਦਾ ਉਦੇਸ਼ ਸਿੱਖ ਇਤਿਹਾਸ, ਪਛਾਣ ਅਤੇ ਦਰਸ਼ਨ ਦੀ ਡੂੰਘੀ ਵਧੇਰੇ ਸੂਖਮ ਸਮਝ ਪ੍ਰਦਾਨ ਕਰਨਾ ਹੈ।

ਯੂਨੀਵਰਸਿਟੀ ਵੱਲੋਂ 15 ਮਈ ਨੂੰ ਜਾਰੀ ਇੱਕ ਅਧਿਕਾਰਤ ਰਿਲੀਜ਼ ਵਿੱਚ ਕਿਹਾ ਗਿਆ ਸੀ ਕਿ ਇਸ ਪ੍ਰੋਜੈਕਟ ਦਾ ਸਿਰਲੇਖ 'ਇੱਕੀਵੀਂ ਸਦੀ ਵਿੱਚ ਸਿੱਖ: ਭੂਤਕਾਲ ਨੂੰ ਯਾਦ ਰੱਖਣਾ, ਭਵਿੱਖ ਨੂੰ ਜੋੜਨਾ' ਹੈ। ਇਹ ਪਹਿਲ UCSC ਦੇ ਇੰਸਟੀਚਿਊਟ ਫਾਰ ਦ ਹਿਊਮੈਨਟੀਜ਼ ਵਿਖੇ ਸ਼ੁਰੂ ਕੀਤੀ ਗਈ ਹੈ, ਜੋ ਸਿੱਖ ਸੰਸਥਾਵਾਂ ਦੇ ਵਿਕਾਸ, ਬਸਤੀਵਾਦ ਦੇ ਪ੍ਰਭਾਵ ਅਤੇ ਪ੍ਰਵਾਸੀ ਸਿੱਖਾਂ ਦੀ ਗੁੰਝਲਦਾਰ ਪਛਾਣ ਦੀ ਪੜਚੋਲ ਕਰਨ ਵਾਲੀ ਮਲਟੀਮੀਡੀਆ ਸਮੱਗਰੀ ਤਿਆਰ ਕਰਦੀ ਹੈ। ਰਿਲੀਜ਼ ਅਨੁਸਾਰ ਇਸਦਾ ਉਦੇਸ਼ ਸਿੱਖ ਇਤਿਹਾਸ ਅਤੇ ਦਰਸ਼ਨ ਦਾ ਵਧੇਰੇ ਸਹੀ ਅਤੇ ਸੂਖਮ ਦ੍ਰਿਸ਼ਟੀਕੋਣ ਪੇਸ਼ ਕਰਨਾ ਹੈ। ਇਸ ਤੋਂ ਪਹਿਲਾਂ ਸਿੱਖ ਅਤੇ ਪੰਜਾਬੀ ਸਟੱਡੀਜ਼ ਦੇ ਸਰਬਜੀਤ ਸਿੰਘ ਅਰੋੜਾ ਚੇਅਰ ਦੇ ਪ੍ਰਧਾਨ ਰਹੇ ਸਿੰਘ ਨੇ ਕਿਹਾ, 'ਬਹੁਤ ਸਾਰੇ ਮੌਜੂਦਾ ਵੇਰਵਿਆਂ ਵਿੱਚ ਡੂੰਘਾਈ ਦੀ ਘਾਟ ਹੈ ਜਾਂ ਉਹ ਬਸਤੀਵਾਦੀ ਯੁੱਗ ਦੀਆਂ ਵਿਆਖਿਆਵਾਂ ਤੋਂ ਪ੍ਰਭਾਵਿਤ ਹਨ।' ਉਨ੍ਹਾਂ ਨੇ ਅੱਗੇ ਕਿਹਾ, 'ਅਸੀਂ ਵਿਰਾਸਤ ਵਿੱਚ ਮਿਲੀਆਂ ਧਾਰਨਾਵਾਂ ਦੀ ਮੁੜ ਜਾਂਚ ਕਰ ਰਹੇ ਹਾਂ ਅਤੇ ਡੂੰਘੇ, ਸਬੂਤ-ਅਧਾਰਤ ਸ਼ਮੂਲੀਅਤ ਲਈ ਜਗ੍ਹਾ ਬਣਾ ਰਹੇ ਹਾਂ।'

# 24 ਹਜ਼ਾਰ ਏਕੜ ਜ਼ਮੀਨ ਐਕੁਆਇਰ ਕਰਨ ਖ਼ਿਲਾਫ਼ ਡਟੇ ਕਿਸਾਨ

## ਕਿਸਾਨ ਜਥੇਬੰਦੀਆਂ ਅਤੇ ਵਿਰੋਧੀ ਧਿਰਾਂ ਦੇ ਨੁਮਾਇੰਦਿਆਂ ਵੱਲੋਂ ਫ਼ੈਸਲਾ ਕਿਸੇ ਵੀ ਕੀਮਤ 'ਤੇ ਲਾਗੂ ਨਾ ਹੋਣ ਦੇਣ ਦਾ ਅਹਿਦ

ਮੁੱਲਾਂਪੁਰ ਦਾਖਾ : ਇਲਾਕੇ ਦੇ 32 ਤੋਂ ਵੱਧ ਪਿੰਡਾਂ ਦੀ 24 ਹਜ਼ਾਰ ਏਕੜ ਜ਼ਮੀਨ ਅਰਬਨ ਅਸਟੇਟ ਲਈ ਐਕੁਆਇਰ ਕਰਨ ਦੇ ਸਰਕਾਰੀ ਫ਼ੈਸਲੇ ਖ਼ਿਲਾਫ਼ ਅੱਜ ਇੱਥੇ ਵਿਸ਼ਾਲ ਕਾਨਫਰੰਸ ਹੋਈ। ਇਸ ਵਿੱਚ ਕਿਸਾਨ ਜਥੇਬੰਦੀਆਂ ਤੋਂ ਇਲਾਵਾ ਵੱਖ-ਵੱਖ ਵਿਰੋਧੀ ਧਿਰਾਂ ਦੇ ਨੁਮਾਇੰਦੇ ਇਕ ਮੰਚ 'ਤੇ ਇਕਸੁਰ ਨਜ਼ਰ ਆਏ।

ਇਕੱਠ ਨੇ ਸਰਕਾਰ ਦਾ ਇਹ ਫ਼ੈਸਲਾ ਕਿਸੇ ਕੀਮਤ 'ਤੇ ਲਾਗੂ ਨਾ ਹੋਣ ਦਾ ਅਹਿਦ ਲਿਆ। ਸਾਰੇ ਪਿੰਡਾਂ ਦੇ ਲੋਕਾਂ ਨੂੰ ਗਰਾਮ ਸਭਾਵਾਂ ਦੇ ਇਜਲਾਸ ਸੱਦ ਕੇ ਇਸ ਨੋਟੀਫਿਕੇਸ਼ਨ ਨੂੰ ਰੱਦ ਕਰਨ ਦੇ ਮਤੇ ਪਾਸ ਕਰਨ ਦਾ ਸੱਦਾ ਦਿੱਤਾ ਗਿਆ। ਇਸ ਤੋਂ ਇਲਾਵਾ 24 ਮਈ ਨੂੰ ਮੁੱਲਾਂਪੁਰ ਵਿੱਚ ਸੰਯੁਕਤ ਕਿਸਾਨ ਮੋਰਚੇ ਦੀ ਅਗਲੀ ਮੀਟਿੰਗ ਵਿੱਚ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੂੰ ਪੱਕੇ ਤੌਰ 'ਤੇ ਰੱਦ ਕਰਾਉਣ ਲਈ ਸੰਘਰਸ਼ ਦੀ ਰੂਪ-ਰੇਖਾ ਉਲੀਕਣ ਦਾ ਵੀ ਫ਼ੈਸਲਾ ਹੋਇਆ। ਕਾਨਫਰੰਸ ਨੂੰ ਜਿੱਥੇ ਸੰਯੁਕਤ ਕਿਸਾਨ ਮੋਰਚੇ ਨਾਲ ਜੁੜੀਆਂ ਕਿਸਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਸੰਬੋਧਨ ਕੀਤਾ, ਉਥੇ ਹੀ ਕਾਂਗਰਸ ਦੇ ਕਿਸਾਨ ਸੈੱਲ ਦੇ ਚੇਅਰਮੈਨ ਸੁਖਪਾਲ ਸਿੰਘ



ਖਹਿਰਾ, ਹਲਕਾ ਵਿਧਾਇਕ ਮਨਪ੍ਰੀਤ ਸਿੰਘ ਇਆਲੀ, ਕਾਂਗਰਸ ਦੇ ਹਲਕਾ ਇੰਚਾਰਜ ਕੈਪਟਨ ਸੰਦੀਪ ਸੰਧੂ, ਸਾਬਕਾ ਵਿਧਾਇਕ ਜਗਤਾਰ ਸਿੰਘ ਜੱਗਾ, ਕਿਰਨਜੀਤ ਸਿੰਘ ਮਿੱਠਾ, ਕਾਮਰੇਡ ਤਰਸੇਮ ਜੋਧਾਂ ਨੇ ਵੀ ਕਿਸਾਨਾਂ ਦਾ ਸਾਥ ਦੇਣ ਦਾ ਐਲਾਨ ਕੀਤਾ। ਇਸ ਸਬੰਧੀ ਇੱਥੋਂ ਨੇੜਲੇ ਪਿੰਡ ਭਨੋਹੜ ਪੰਜਾਬ ਦੇ ਪੈਲੇਸ ਵਿੱਚ ਇਹ ਇਕੱਤਰਤਾ ਹੋਈ। ਹਰਦੀਪ ਸਿੰਘ ਸਰਾਭਾ ਦੀ ਮੰਚ ਸੰਚਾਲਨਾ ਹੇਠ ਬੀਕੇਯੂ (ਡਕੌਂਦਾ) ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਤੇ ਜਨਤਕ ਆਗੂ ਕੰਵਲਜੀਤ ਖੰਨਾ ਨੇ ਕਿਹਾ ਕਿ ਸਾਮਰਾਜੀ ਕਾਰਪੋਰੇਟਾਂ ਨੇ ਸੰਸਾਰ ਭਰ ਵਿੱਚ ਮੁਨਾਫੇ ਦੀ ਹਵਸ ਪੂਰੀ ਕਰਨ ਲਈ ਜ਼ਮੀਨਾਂ 'ਤੇ ਕਬਜ਼ੇ ਦੀ ਮੁਹਿੰਮ ਚਲਾ ਰੱਖੀ ਹੈ। ਹੁਣ ਪੰਜਾਬ ਵਿੱਚ ਭਗਵੰਤ ਮਾਨ ਸਰਕਾਰ ਨੇ ਲੁਧਿਆਣਾ, ਮੋਗਾ, ਫਿਰੋਜ਼ਪੁਰ, ਨਵਾਂ ਸ਼ਹਿਰ ਦੇ 53 ਪਿੰਡਾਂ ਵਿੱਚ ਉਪਜਾਊ ਜ਼ਮੀਨਾਂ 'ਤੇ ਗਲਾਡਾ ਰਾਹੀਂ ਹਮਲਾ ਬੋਲ ਦਿੱਤਾ ਹੈ।

# ਘੁੱਗੀ ਵਿਚਾਰੀ ਕੀ ਕਰੇ..!



ਚੰਡੀਗੜ੍ਹ : ਅਮਨ ਦੀ ਘੁੱਗੀ ਨੂੰ ਗ਼ੁਲੇਲ ਨਾਲ ਫੁੰਡੋਗੇ ਤਾਂ ਖ਼ਤਰੇ ਦਾ ਘੁੱਗੂ ਤਾਂ ਵੱਜੇਗਾ ਹੀ। ਸਾਇਰਨ ਕਿਸੇ ਮੁਲਕ 'ਚ ਵੀ ਵੱਜੇ, ਚਿੱਤਰਕਾਰ ਪਿਕਾਸੋ ਦੀ ਰੂਹ ਨੂੰ ਗ਼ਸ਼ ਪੈ ਜਾਂਦੈ। ਜਦ ਸੰਸਾਰ ਜੰਗਾਂ ਨੇ ਬੇਪਨਾਹ ਤਬਾਹੀ ਮਚਾਈ, ਅਮਨ ਦੇ ਪ੍ਰੇਮੀ ਘਰਾਂ ਚੋਂ ਨਿਕਲ ਤੁਰੇ। ਪਿਕਾਸੋ ਨੇ ਅਮਨ ਦੀ ਪ੍ਰਤੀਕ ਘੁੱਗੀ ਦਾ ਚਿੱਤਰ ਵਾਹਿਆ। ਕਿਤੇ ਤੀਜੀ ਸੰਸਾਰ ਜੰਗ ਨਾ ਲੱਗੇ, ਅਮਨ ਕੌਂਸਲ ਬਣੀ, ਗਲੀ ਮੁਹੱਲੇ ਅਮਨ ਦੀ ਗੂੰਜ ਪਈ। ਲਤਾ ਮੰਗੇਸ਼ਕਰ ਨੇ ਇੰਜ ਫ਼ਰਮਾਇਆ, 'ਈਸ਼ਵਰ ਅੱਲਾ ਤੇਰੋ ਨਾਮ, ਸਭ ਕੋ ਸਨਮਤੀ ਦੇ ਭਗਵਾਨ।'

ਦੇਸ਼ 'ਚ ਸੈਫੁਦੀਨ ਕਿਚਲੂ ਨੇ, ਪੰਜਾਬ 'ਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਅਮਨ ਦਾ ਝੰਡਾ ਚੁੱਕਿਆ। ਨਵਯੁਗ ਪ੍ਰਕਾਸ਼ਨ ਵਾਲੇ ਭਾਪਾ ਪ੍ਰੀਤਮ ਸਿੰਘ ਦੀ ਜੀਵਨ ਸਾਥਣ ਦਿਲਜੀਤ ਕੌਰ ਨੇ ਅਮਨ ਖ਼ਾਤਰ ਪਿੰਡ ਪਿੰਡ ਝੋਲੀ ਅੱਡੀ, ਨਾ ਦਿਨ ਦੇਖਿਆ ਨਾ ਰਾਤ। ਇਸ ਬੀਬੀ ਦੀ ਘਾਲਣਾ ਦੇਖ ਵਿਸ਼ਵ ਅਮਨ ਕੌਂਸਲ ਨੇ ਵਿਆਨਾ 'ਚ ਸਨਮਾਨ ਦਿੱਤਾ। ਇੱਕ ਬੀਬੀ ਅੰਮ੍ਰਿਤਾ ਪ੍ਰੀਤਮ ਸੀ, ਜੀਹਨੇ ਵਾਰਸ ਸ਼ਾਹ ਨੂੰ ਵਾਜਾਂ ਮਾਰੀਆਂ, 'ਵੇ ਦਰਦਮੰਦਾਂ ਦਿਆ ਦਰਦੀਆਂ, ਉੱਠ ਤੱਕ ਆਪਣਾ ਪੰਜਾਬ..।'

'ਜੇ ਵਿਗਿਆਨੀ ਤੇ ਨੇਤਾ ਜ਼ਰਾ ਕੁ ਸੁਸਤ ਹੁੰਦੇ ਤਾਂ ਲੋਕਾਂ ਨੇ ਖ਼ੁਸ਼ ਵੱਸਣਾ ਸੀ।' ਪਹਿਲੀ ਸੰਸਾਰ ਜੰਗ 'ਚ ਲੱਖਾਂ ਭਾਰਤੀ ਅੰਗਰੇਜ਼ਾਂ ਤਰਫ਼ੋਂ ਲੜੇ। ਪੰਜਾਬੀ ਮੌਤ ਦਾ ਮੜਾਸਾ ਮਾਰ ਘਰੋਂ ਚਾਲੇ ਪਾਉਂਦੇ। ਸਰਤਾਜ ਵੀ ਇਹੋ ਕਹਿ ਰਿਹੈ, 'ਜੰਗ ਜਾਣ ਵਾਲੇ ਬੰਦੇ ਆਮ ਨਹੀਓ ਹੁੰਦੇ..।' ਪੰਜਾਬਣਾਂ ਖੈਰਾਂ ਮੰਗਦੀਆਂ, 'ਬਸਰੇ ਦੀ ਲਾਮ ਟੁੱਟ ਜਾਏ, ਨੀ ਮੈਂ ਰੰਡੀਓਂ ਸੁਹਾਗਣ ਹੋਵਾਂ।' ਕਿਤੋਂ ਦੂਰੋਂ ਡਾਕੀਆ ਆਉਂਦਾ ਦਿਸਦਾ ਤਾਂ ਘਰਾਂ 'ਚ ਸੱਥਰ ਵਿਛਣ ਲੱਗ ਜਾਂਦੇ। ਇੱਧਰੋਂ ਅੰਗਰੇਜ਼ ਵੀ ਇਰਾਕ 'ਚ ਖਜੂਰਾਂ ਦੇ ਆਹੂ ਲਾਹੀ ਗਏ। ਅਮਨ ਦੇ ਡਾਕੀਏ ਕਿਧਰ ਗੁਆਚ ਗਏ। ਪਤਾ ਲੱਗੇ ਤਾਂ ਸਿਰਨਾਵਾਂ ਜ਼ਰੂਰ ਦੱਸਣਾ।

'ਚੰਦਰਾ ਗੁਆਂਢ ਨਾ ਹੋਵੇ..।' ਜਦੋਂ ਗੁਆਂਢੀ ਹੀ ਧਰਮ ਪੁੱਛ ਪੁੱਛ ਸੁਹਾਗ ਉਜਾੜੇ, ਫਿਰ ਖ਼ੂਨ ਤਾਂ ਖੌਲੇਗਾ ਹੀ। ਅਸਾਡੇ ਤਾਂ ਬਿਰਧ ਔਰਤਾਂ ਨੂੰਹਾਂ ਨੂੰ 'ਬੁੱਢ ਸੁਹਾਗਣ' ਦੀ ਅਸੀਸ ਨਾਲ ਨਿਵਾਜਣੋਂ ਨਹੀਂ ਭੁੱਲਦੀਆਂ। ਗੁਆਂਢੀ ਕਿਵੇਂ ਭੁੱਲ ਕਰ ਬੈਠੇ, ਬਲੈਕ-ਆਊਟ ਹੋਇਆ, ਸਾਇਰਨ ਵੀ ਵੱਜੇ, ਅਸਮਾਨੋਂ ਅੱਗ ਵਰ੍ਹੀ। ਜਦ ਹਿੰਦੁਸਤਾਨ ਨੇ ਟਰੇਲਰ ਦਿਖਾਇਆ, ਗੁਆਂਢੀ ਦਾ ਨੰਗਪੁਣਾ ਤੇ ਮਲੰਗਪੁਣਾ ਗੁੱਥਮ-ਗੁੱਥਾ ਹੋ ਗਏ।

ਜੱਟ ਐਂਡ ਜੂਲੀਅਟ ਦਾ ਡਾਇਲਾਗ ਥੋੜ੍ਹਾ ਠੀਕ ਜਾਪਦੈ, 'ਬਿਗਾਨੇ ਮੁਲਕ 'ਚ ਪੰਜਾਬੀ, ਪੰਜਾਬੀ ਦੇ ਕੰਮ ਆਉਂਦੈ।' ਏਅਰ ਮਾਰਸ਼ਲ ਅਮਰਪ੍ਰੀਤ ਸਿੰਘ ਆਖ਼ਰ ਪੰਜਾਬ ਦੀ ਢਾਲ ਬਣੇ। ਗੁਆਂਢੀ ਦੇ ਖ਼ੁਆਬ

ਚਰਨਜੀਤ ਭੁੱਲਰ



ਟੈਰਾਲੀਨ ਵਾਂਗੂ ਪਾੜ'ਤੇ। ਗੁਆਂਢੀ ਲੰਗਾਰ ਹੋਏ ਅਰਥਚਾਰੇ ਦਾ ਝੱਗਾ ਲੈ ਭੱਜੇ। ਕੌਮਾਂਤਰੀ ਮੁਦਰਾ ਕੋਸ਼ ਆਲੇ ਦਰਜ਼ੀ ਵੀ ਟਿੱਚਰੀ ਬੜੇ ਨੇ, 'ਭਾਈ ਜਾਨ! ਕਦੋਂ ਤੱਕ ਟਾਕੀਆਂ ਲਵਾਈ ਜਾਓਗੇ। ਕੌਮਾਂਤਰੀ ਦਰਜ਼ੀ ਨੇ ਕੰਧੂਈ ਨਾਲ ਗੁਆਂਢੀ ਦੇ ਪਾਟੇ ਝੱਗੇ 'ਤੇ ਦੋ ਚਾਰ ਤੋਪੇ ਲਾ ਦਿੱਤੇ।

ਅਮਰੀਕਾ ਤਾਂ ਵਿਸ਼ਵ ਦਾ ਕੋਤਵਾਲ ਅਖਵਾਉਂਦੈ। ਬਿੱਲੀਵਾਦ ਦੇ ਯੁੱਗ 'ਚ ਬਾਂਦਰਗਿਰੀ ਕਰਨਾ ਨੀ ਭੁੱਲਦਾ। ਲੋਕ ਡੋਨਾਲਡ ਟਰੰਪ ਨੂੰ ਗਪੌੜਸੰਖ ਵੀ ਆਖਦੇ ਨੇ। ਕਾਮਰੇਡ ਜੋ ਮਰਜ਼ੀ ਆਖਣ, ਤਾਇਆ ਟਰੰਪ 'ਗਲੋਬਲ ਵਿਚੋਲੇ' ਵਜੋਂ ਪ੍ਰਗਟ ਹੋਏ ਸਨ। ਜਦੋਂ ਟਰੰਪ ਨੇ ਗੋਲੀਬੰਦੀ ਅਲਾਪੀ ਤਾਂ ਪੰਜਾਬ ਦੇ ਘਰੋਂ ਇੱਕੋ ਅਸੀਸ ਆਈ, 'ਜਿਉਂਦਾ ਰਹਿ ਪੁੱਤ ਟਰੰਪ।' ਲੜਾਕਾ ਸਿੰਘ ਸ਼ਾਂਤਪੁਰੀ ਆਖਦੈ, ਹੁਣ ਭਾਵੇਂ ਟਰੰਪ ਭਦੌੜ ਤੋਂ ਚੋਣ ਲੜ ਲਵੇ, ਪੰਜਾਬੀ ਬੱਲ੍ਹੇ ਬੱਲ੍ਹੇ ਕਰਾ ਦੇਣਗੇ। ਲਾਭ ਉਗੋਕੇ ਨੂੰ ਆਪੇ ਭਗਵੰਤ ਮਾਨ ਮਨਾ ਲਊ। ਉੱਧਰ, 'ਗ਼ਦਰ' ਫਿਲਮ ਆਲਾ ਤਾਰਾ ਸਿਓਂ ਦੇਸ਼ ਭਗਤੀ ਦੀ ਸੁਰ ਲਾ ਰਿਹੈ, 'ਹਮਾਰਾ ਹਿੰਦੁਸਤਾਨ ਜ਼ਿੰਦਾਬਾਦ ਥਾ, ਜ਼ਿੰਦਾਬਾਦ ਹੈ, ਜ਼ਿੰਦਾਬਾਦ ਰਹੇਗਾ।' ਗੁਆਂਢੀ ਨੂੰ ਜਦੋਂ ਕਦੇ ਮਿਰਗੀ ਦਾ ਦੌਰਾ ਪੈਂਦੈ, ਭਾਰਤ ਜੁੱਤੀ ਸੁੰਘਾ ਛੱਡਦੈ। ਜਿਵੇਂ ਨੂੰਹ ਸੱਸ ਦੀ ਲੜਾਈ ਦਾ ਹੱਲ ਯੂ.ਐਨ ਕੋਲ ਵੀ ਨਹੀਂ, ਉਵੇਂ ਭਾਰਤ ਪਾਕਿ ਦਾ ਝਗੜਾ ਵੀ ਮੁੱਕਣਾ ਔਖੈ। ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਫਰਵਰੀ 1999 'ਚ ਬੱਸ 'ਚ ਲਾਹੌਰ ਗਏ। ਅੱਗਿਓਂ 37 ਵਰ੍ਹਿਆਂ ਦੀ ਕੁਆਰੀ ਲੇਖਕਾ ਬੀਬੀ ਅਤੀਆ ਸ਼ਮਸ਼ਾਦ ਦਾ ਵਾਜਪਾਈ 'ਤੇ ਦਿਲ ਆ ਗਿਆ।

ਜਦ ਮੁੰਡਾ ਦੇਖਿਆ ਹੋਊ ਤਾਂ ਅਤੀਆ ਦੇ ਚੇਤਿਆਂ 'ਚ ਕੁਲਦੀਪ ਮਾਣਕ ਤਸ਼ਰੀਫ਼ ਲਿਆਏ ਹੋਣਗੇ, 'ਤੇਰੀ ਹਾਂ ਮੈਂ ਤੇਰੀ ਰਾਂਝਾ..।' ਲਾਹੌਰ 'ਚ ਸੁਸ਼ੀਲ ਕੰਨਿਆ ਅਤੀਆ ਸ਼ਮਸ਼ਾਦ ਨੇ ਸ਼ਰੇਆਮ ਢੋਲ ਵਜਾ'ਤਾ ਕਿ ਉਸ ਨੂੰ 74 ਸਾਲਾ ਯੋਗ ਤੇ ਸਾਊ ਮੁੰਡਾ ਵਾਜਪਾਈ ਪਸੰਦ ਹੈ। ਨਿਆਣੀ ਅਤੀਆ ਨੇ ਸ਼ਰਤ ਰੱਖ'ਤੀ, ਪਿਆਰੇ! ਕਸ਼ਮੀਰ ਦੀ ਗੱਲ ਤੋਰੋਂਗੇ ਤਾਂ ਤੁਹਾਡੀ ਬੇਗ਼ਮ ਬਣਾਂਗੀ। ਵਾਜਪਾਈ ਨੂੰ ਇੱਕ ਚੜ੍ਹੇ, ਇੱਕ ਲੱਥੇ। ਵਾਜਪਾਈ ਮੁੜ ਆਏ ਪਰ ਅਤੀਆ ਗਾਉਣੋਂ ਨੀ ਹਟੀ, 'ਪਰਦੇਸੀ-ਪਰਦੇਸੀ ਜਾਣਾ ਨਹੀਂ, ਮੁਝੇ ਛੋਡ ਕੇ।'

ਮਰਹੂਮ ਪ੍ਰਕਾਸ਼ ਸਿੰਘ ਬਾਦਲ ਵੀ ਵਾਜਪਾਈ ਨਾਲ ਲਾਹੌਰ ਗਏ। ਵਾਜਪਾਈ ਤੋਹਫ਼ੇ 'ਚ ਅਤੀਆ ਦੇ ਪਿਆਰ ਦਾ ਅਹਿਸਾਸ ਲੈ ਕੇ ਮੁੜੇ ਅਤੇ ਵੱਡੇ ਬਾਦਲ ਤੋਹਫ਼ੇ ਵਿੱਚ ਪੰਜ ਭੇਡੂ ਲੈ ਕੇ ਮੁੜੇ ਸਨ। ਪਾਕਿਸਤਾਨ ਆਦਤ ਤੋਂ ਮਜਬੂਰ ਹੈ। ਵਾਜਪਾਈ ਨੂੰ ਜੱਫੀਆਂ ਪਾਈ ਗਿਆ, ਨਾਲੇ ਕਾਰਗਿਲ 'ਚ ਘੁਸਪੈਠ ਕਰੀ ਗਿਆ। ਦੱਸਣ ਦੀ ਲੋੜ ਨਹੀਂ ਕਿ ਹਿੰਦੁਸਤਾਨ ਨੇ ਗੁਆਂਢੀ ਨੂੰ ਕਿੰਨੇ ਵਾਰ ਗਲੋਟੇ ਵਾਂਗੂ ਉਧੇੜਿਐ। ਗੁਆਂਢੀ ਦੇ ਚਾਲ-ਚਰਿੱਤਰ ਨੂੰ ਕੋਈ ਭੁੱਲਿਆ ਨਹੀਂ। ਰੰਗੀਨ ਤਬੀਅਤਾਂ ਵੀ ਪਾਕਿਸਤਾਨ ਦੇ ਫ਼ੌਜੀ ਜਰਨੈਲਾਂ ਦੀ ਰਾਸ਼ੀ ਬਣੀਆਂ ਨੇ।

ਆਓ ਯਾਹੀਆ ਖ਼ਾਨ ਦਾ ਕਿੱਸਾ ਸੁਣੋ। ਅਕੇਰਾਂ ਪਾਕਿਸਤਾਨੀ ਫਿਲਮੀ ਅਦਾਕਾਰ ਤਰਾਨਾ ਯਾਹੀਆ ਖ਼ਾਨ ਨੂੰ ਮਿਲਣ ਗਈ। ਅਰਦਲੀ ਨੇ ਅਣਦੇਖੀ ਕਰ ਦਿੱਤੀ। ਜਦੋਂ ਕਈ ਘੰਟਿਆਂ ਮਗਰੋਂ ਤਰਾਨਾ ਬਾਹਰ ਨਿਕਲੀ ਤਾਂ ਅਰਦਲੀ ਨੇ ਪੈਰ ਗੱਡ ਸਲੂਟ ਮਾਰਿਆ। ਤਰਾਨਾ ਨੇ ਪੁੱਛਿਆ ਕਿ ਹੁਣ ਸਲੂਟ ਕਿਉਂ। ਅਰਦਲੀ ਫ਼ਰਮਾਏ, ਬੀਬਾ! ਜਦ ਅੰਦਰ ਗਏ ਸੀ, ਉਦੋਂ ਤੁਸੀਂ ਸਿਰਫ਼ ਤਰਾਨਾ ਸੀ, ਹੁਣ ਤੁਸੀਂ ਕੌਮੀ ਤਰਾਨਾ ਬਣ ਗਏ ਹੋ। ਕਿਤੇ ਨੇੜੇ ਨਵਜੋਤ ਸਿੱਧੂ ਹੁੰਦਾ ਤਾਂ ਕਹਿਣੋਂ ਨਾ ਟਲਦਾ, 'ਠੋਕੋ ਤਾਲੀ'। ਟਲਿਆ ਅਮਰਿੰਦਰ ਵੀ ਨਹੀਂ, ਸੀਤਾ ਫਲ ਅਖੀਰ ਤੱਕ ਭੇਟ ਕਰਦਾ ਰਿਹਾ।

ਅਮਰੀਕਾ ਵੀ ਕਿਥੋਂ ਦਾ ਭਲਾਮਾਣਸ ਹੈ। ਕਦੇ ਤੋਪਾਂ ਨੂੰ ਚਰਾਉਣ ਇਰਾਕ ਗਿਆ ਤੇ ਕਦੇ ਵੀਅਤਨਾਮ। ਕੋਰੀਆ ਤੇ ਜਾਪਾਨ ਹਾਲੇ ਤੱਕ ਨਹੀਂ ਭੁੱਲੇ। ਅਲਕਾਇਦਾ ਤੇ ਤਾਲਿਬਾਨ ਦਾ ਅਸਲ ਪਿਓ ਵੀ ਅਮਰੀਕਾ ਹੀ ਹੈ। ਰੂਸ ਆਲੇ ਜਦੋਂ ਅਫ਼ਗਾਨਿਸਤਾਨ 'ਚ ਵੜੇ ਤਾਂ ਉਦੋਂ ਅਮਰੀਕਾ ਦੀ ਗੋਦੀ 'ਚ ਤਾਲਿਬਾਨ ਖੇਡ ਰਿਹਾ ਸੀ। ਲਾਦੇਨ ਦਾ ਪਾਲਣਹਾਰ ਵੀ ਅਮਰੀਕਾ ਬਣਿਆ। ਹੁਣ ਵਰਿ੍ਹਆਂ ਤੋਂ ਪਾਕਿਸਤਾਨ ਨੇ ਕਰੈਂਚ ਖੋਲ੍ਹ ਰੱਖਿਐ। ਇੱਧਰ, ਭਾਰਤ ਦੇਖਣਾ ਹੈ ਤਾਂ ਵੀਰ-ਜ਼ਾਰਾ ਫਿਲਮ ਦੇਖ ਲਓ, ਨਾਲੇ ਆਹ ਗਾਣਾ ਧਿਆਓ..'ਐਸਾ ਦੇਸ਼ ਹੈ ਮੇਰਾ..।'

ਜਦੋਂ ਵੀ ਕੋਈ ਔਖ ਆਈ, ਝੱਲਣਾ ਪੰਜਾਬ ਨੂੰ ਪਿਆ। ਪਾਸ਼ ਦੀ ਤੁਕ ਐ, 'ਇਹ ਤਾਂ ਪਾਪੀ ਪੇਟ ਸਨ, ਜੋ ਪੁਤਲੀਆਂ ਬਣ ਨੱਚੇ।' ਅਮਨ ਦੀ ਘੁੱਗੀ ਦੀ ਪੰਜਾਬ ਸੁੱਖ ਮੰਗਦੈ। ਪੁਰਾਣੇ ਵੇਲਿਆਂ 'ਚ ਖ਼ਾਨ ਬਾਦਸ਼ਾਹ ਵੀ ਅਹਿੰਸਾ ਦਾ ਦੂਤ ਬਣਿਆ ਜਿਹਨੂੰ ਪਾਕਿਸਤਾਨ ਵਾਲੇ ਕਾਫ਼ਰ ਅਤੇ ਭਾਰਤ ਆਲੇ ਸਰਹੱਦੀ ਗਾਂਧੀ ਆਖਦੇ ਸਨ। ਐੱਨ.ਐੱਸ.ਰਤਨ ਨੇ ਕਿਆ ਖ਼ੂਬ ਲਿਖਿਐ, 'ਧਰਮਾਂ-ਧੜਿਆਂ ਧਰਤੀ ਵੰਡੀ, ਕਿਸ ਵਿਹੜੇ ਮੈਂ ਪੀੜ੍ਹਾ ਡਾਹਵਾਂ।' ਮੀਡੀਆ ਦੀ ਤੋਏ ਤੋਏ ਸਰਹੱਦਾਂ ਟੱਪੀ ਹੈ। ਭਲਿਓ! ਤਾਲਸਤਾਏ ਦੀ 'ਜੰਗ ਤੇ ਅਮਨ' ਹੀ ਪੜ੍ਹ ਲੈਂਦੇ।

ਨੈਪੋਲੀਅਨ ਮੈਦਾਨ-ਏ-ਜੰਗ 'ਚ ਵੀ ਕਿਤਾਬਾਂ ਪੜ੍ਹਨੋਂ ਨੀ ਹਟਦਾ ਸੀ। ਅਸਾਡੇ ਮੀਡੀਆ ਨੇ ਤਾਂ ਘਰ ਘਰ 'ਚ ਖ਼ੌਫ਼ ਦੇ ਸੱਥਰ ਵਿਛਾ ਦਿੱਤੇ। ਜੰਗਬਾਜ਼ ਐਂਕਰ ਜਦੋਂ ਗੱਜਦੇ ਸਨ ਤਾਂ ਘਰਾਂ ਦੇ ਬਨੇਰਿਆਂ 'ਤੇ ਬੈਠੀਆਂ ਅਮਨ ਦੀਆਂ ਘੁੱਗੀਆਂ ਵੀ ਦਹਿਲ ਜਾਂਦੀਆਂ ਸਨ। ਜਾਰਜ ਬੁਸ਼ ਨੇ ਇਰਾਕ ਜੰਗ ਵੇਲੇ ਪ੍ਰੈੱਸ ਵਾਰਤਾ 'ਚ ਕਿਹਾ ਕਿ ਇਰਾਕ 'ਚ ਢਾਈ ਲੱਖ ਲੋਕ ਅਤੇ ਇੱਕ ਕੁੱਤਾ ਮਾਰਾਂਗੇ। ਮੀਡੀਆ ਇੱਕੋ ਸੁਰ ਬੋਲਿਆ, ਕੁੱਤਾ ਕਿਓਂ? ਬੁਸ਼ ਨੇ ਨਾਲ ਬੈਠੇ ਸਾਥੀ ਦੇ ਹੁੱਜ ਮਾਰੀ, ਦੇਖਿਆ ਇਨ੍ਹਾਂ ਨੂੰ ਕੁੱਤੇ ਦਾ ਫਿਕਰ ਐ, ਢਾਈ ਲੱਖ ਲੋਕਾਂ ਦਾ ਨਹੀਂ।

ਸਿਆਣੇ ਆਖਦੇ ਨੇ, 'ਚੰਗੇ ਮਲਾਹ ਦੀ ਪਛਾਣ ਤੂਫ਼ਾਨ ਆਉਣ 'ਤੇ ਹੁੰਦੀ ਹੈ।' ਜੰਗ ਦਾ ਸਾਇਰਨ ਕੀ ਵੱਜਿਆ, 'ਆਪ' ਦੀ ਦਿੱਲੀ ਲੀਡਰਸ਼ਿਪ 'ਬਦਲਾਅ' ਨੂੰ ਬੁੱਕਲ 'ਚ ਲੈ ਲਾਲ ਕਿਲੇ ਜਾ ਬੈਠੀ। ਪੰਜਾਬ ਆਲੇ ਵਜ਼ੀਰ ਸਰਹੱਦਾਂ 'ਤੇ ਡਟੇ ਰਹੇ। ਜਿਉਂ ਹੀ ਗੋਲੀਬੰਦੀ ਹੋਈ, ਦਿੱਲੀ ਆਲੇ ਲੀਡਰ ਪੰਜਾਬ 'ਚ ਮੁੜ ਲੈਂਡ ਕਰ ਗਏ। ਮੋਢਿਆਂ ਤੇ ਬੈਠਾ 'ਬਦਲਾਅ ਸਿੰਘ' ਹੇਕਾਂ ਲਾਉਣੋਂ ਨਾ ਹਟੇ, 'ਦਿਲ ਦੀਆ ਹੈ, ਜਾਨ ਵੀ ਦੇਂਗੇ, ਐ ਵਤਨ ਤੇਰੇ ਲੀਏ..।'









ਸ.ਫ਼ਰ-ਏ-ਸ਼ਹਾਦਤ ਕਾ.ਫ਼ਲਾ ਦੇ
ਮੁੱਖ ਪ੍ਰਬੰਧਕ
ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ
ਦੇ ਹੈਡ ਗ੍ਰੰਥੀ

## ਗਿਆਨੀ ਹਰਪਾਲ ਸਿੰਘ ਜੀ

ਦਾ ਚੰਗੀਆਂ ਸੇਵਾਵਾਂ ਬਦਲੇ
ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ
ਵਿਖੇ ਕੀਤੇ ਗਏ

## ਵਿਸ਼ੇਸ਼ ਸਨਮਾਨ

ਦੀ ਸਮੂਹ ਸਿੱਖ ਭਾਈਚਾਰੇ ਨੂੰ

## ਲੱਖ-ਲੱਖ ਵਧਾਈ





ਧੰਨਵਾਦ ਸਹਿਤ : ਸਮੂਹ ਸੰਗਤ ਕੈਲੀਫੋਰਨੀਆ, ਇਲਾਕਾ ਨਿਵਾਸੀ ਸੰਗਤਾਂ ਫਤਹਿਗੜ੍ਹ ਸਾਹਿਬ ਅਤੇ

**ਬਾਬਾ ਜ਼ੋਰਾਵਰ ਸਿੰਘ ਬਾਬਾ ਫਤਹਿ ਸਿੰਘ ਸੇਵਾ ਸੁਸਾਇਟੀ**

# ਜਗਰਾਓਂ ਦੇ ਪਿੰਡ ਅਖਾੜਾ ਦੀ ਮੈਂਡੀ ਬਰਾੜ ਇੰਗਲੈਂਡ 'ਚ ਬਣੀ ਮੇਅਰ

## ਪਹਿਲੀ ਮਹਿਲਾ ਸਿੱਖ ਦੇ ਮੇਅਰ ਬਣਨ ਦਾ ਮਿਲਿਆ ਮਾਣ



ਜਗਰਾਓਂ : ਜਗਰਾਓਂ ਦੇ ਪਿੰਡ ਅਖਾੜਾ ਦੇ ਮੈਂਡੀ ਬਰਾੜ ਇੰਗਲੈਂਡ ਦੇ ਮੇਡਨਹੇਡ 'ਚ ਮੇਅਰ ਬਣੀ। ਇਸ ਦੇ ਨਾਲ ਹੀ ਉਨ੍ਹਾਂ ਨੂੰ ਪਹਿਲੀ ਮਹਿਲਾ ਸਿੱਖ ਦੇ ਮੇਡਨਹੈਡ ਕੁੱਕਹੈਮ 'ਚ ਮੇਅਰ ਬਣਨ ਦਾ ਮਾਣ ਮਿਲਿਆ। ਉਨ੍ਹਾਂ ਦੇ ਮੇਅਰ ਬਣਨ 'ਤੇ ਪਿੰਡ ਅਖਾੜਾ ਵਿਚ ਵਿਆਹ ਵਰਗਾ ਮਾਹੌਲ ਹੈ।

ਪਰਿਵਾਰਕ ਮੈਂਬਰਾਂ ਨੇ ਇਸੇ ਖੁਸ਼ੀ ਵਿਚ ਲੱਡੂ ਵੰਡੇ। ਮੈਂਡੀ ਬਰਾੜ ਜਿਨ੍ਹਾਂ ਦਾ ਪੂਰਾ ਨਾਂ ਮਹਿੰਦਰ ਕੌਰ ਹੈ ਅਤੇ ਉਹ ਕਈ ਦਹਾਕੇ ਪਹਿਲਾਂ ਇੰਗਲੈਂਡ ਵਿਚ ਵੱਸ ਗਏ ਸਨ। ਉਨ੍ਹਾਂ ਆਪਣੀ ਇੰਗਲੈਂਡ ਵਿਚ ਸਥਾਪਤੀ ਲਈ ਮਿਹਨਤ ਦੇ ਨਾਲ-ਨਾਲ ਰਾਜਨੀਤੀ ਵਿਚ ਪੈਰ ਰੱਖਿਆ ਅਤੇ ਉਥੋਂ ਦੇ ਲੋਕਾਂ ਨੇ ਰਾਜਨੀਤੀ ਵਿਚ ਉਨ੍ਹਾਂ ਨੂੰ ਸਿਰ ਮੱਥੇ ਕਬੂਲਿਆ ਜਿਸ ਸਦਕਾ ਉਹ 30 ਸਾਲਾਂ ਤੋਂ ਬਤੌਰ ਕੌਂਸਲਰ ਚੋਣਾਂ ਜਿੱਤਦੇ ਆ ਰਹੇ ਹਨ।

ਕੁਝ ਸਮੇਂ ਪਹਿਲਾਂ ਉਨ੍ਹਾਂ ਨੂੰ ਡਿਪਟੀ ਮੇਅਰ ਵੀ ਲਗਾਇਆ ਗਿਆ। ਹਾਲ ਹੀ ਵਿਚ ਉਨ੍ਹਾਂ ਨੂੰ ਮੇਅਰ ਬਣਾਇਆ ਗਿਆ ਜਿਸ 'ਤੇ ਇੰਗਲੈਂਡ ਵਿਚ ਰਹਿੰਦੇ ਪੰਜਾਬੀ ਖਾਸ ਕਰ ਸਿੱਖ ਭਾਈਚਾਰੇ ਵਿਚ ਖੁਸ਼ੀ ਦੀ ਲਹਿਰ ਹੈ। ਉਨ੍ਹਾਂ ਦੀ ਇਸ ਸ਼ਾਨਦਾਰ ਨਿਯੁਕਤੀ 'ਤੇ ਪੇਕੇ ਪਿੰਡ ਵਿਆਹ ਵਰਗਾ ਮਾਹੌਲ ਹੈ। ਉਨ੍ਹਾਂ ਦੇ ਪਿਤਾ ਜਗਜੀਤ ਸਿੰਘ ਅਤੇ ਮਾਤਾ ਗਿਆਨ ਕੌਰ ਜਿਨ੍ਹਾਂ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ, ਦਾ ਕਹਿਣਾ ਹੈ ਕਿ ਉਨ੍ਹਾਂ ਦੀ ਧੀ ਦੀ ਸਮਾਜ ਸੇਵੀ ਸੋਚ ਨੇ ਅੱਜ ਇਸ ਮੁਕਾਮ 'ਤੇ ਪਹੁੰਚਾਇਆ ਹੈ, ਜਿਸ 'ਤੇ ਉਨ੍ਹਾਂ ਨੂੰ ਮਾਣ ਹੈ। ਉਨ੍ਹਾਂ ਕਿਹਾ ਕਿ ਉਹ ਬਤੌਰ ਮੇਅਰ ਇੰਗਲੈਂਡ ਵਿਚ ਚੰਗਾ ਕੰਮ ਕਰਨ ਦੇ ਨਾਲ-ਨਾਲ ਆਪਣੇ ਭਾਈਚਾਰੇ ਵਿਚ ਨਾਮਣਾ ਖੱਟਣਗੇ।

# ਪੋਪ ਵੱਲੋਂ ਏਕਤਾ ਲਈ ਕੰਮ ਕਰਨ ਦਾ ਅਹਿਦ

## ਕੈਥੋਲਿਕ ਚਰਚ ਨੂੰ ਦੁਨੀਆ 'ਚ ਸ਼ਾਂਤੀ ਦਾ ਪ੍ਰਤੀਕ ਬਣਾਉਣ ਦਾ ਦਿੱਤਾ ਸੱਦਾ

ਵੈਟੀਕਨ ਸਿਟੀ : ਪੋਪ ਲੀਓ 14ਵੇਂ ਨੇ ਏਕਤਾ ਲਈ ਕੰਮ ਕਰਨ ਦਾ ਅਹਿਦ ਦੁਹਰਾਇਆ ਤਾਂ ਜੋ ਕੈਥੋਲਿਕ ਚਰਚ ਦੁਨੀਆ 'ਚ ਸ਼ਾਂਤੀ ਦਾ ਪ੍ਰਤੀਕ ਬਣ ਸਕੇ। ਪੋਪ ਲੀਓ (69) ਨੇ ਸੇਂਟ ਪੀਟਰਜ਼ ਸਕੁਏਅਰ 'ਚ ਹੋਈ ਸਮੂਹਿਕ ਪ੍ਰਾਰਥਨਾ ਸਭਾ ਦੌਰਾਨ ਪਿਆਰ ਅਤੇ ਏਕਤਾ ਦਾ ਸੁਨੇਹਾ ਦਿੱਤਾ। ਅਮਰੀਕਾ ਅਤੇ ਹੋਰ ਥਾਵਾਂ 'ਤੇ ਕੈਥੋਲਿਕ ਚਰਚ 'ਚ ਧਰੁਵੀਕਰਨ ਨੂੰ ਦੇਖਦਿਆਂ ਏਕਤਾ ਲਈ ਉਨ੍ਹਾਂ ਦਾ ਸੱਦਾ ਅਹਿਮ ਹੈ। ਇਸ ਮੌਕੇ ਸੀਨੀਅਰ ਪਾਦਰੀਆਂ ਅਤੇ ਹੋਰਾਂ ਸਮੇਤ ਵੱਡੀ ਗਿਣਤੀ 'ਚ ਲੋਕ ਮੌਜੂਦ ਸਨ। ਲੀਓ ਨੇ ਪੋਪ ਵਜੋਂ ਆਪਣੇ ਕਾਰਜਕਾਲ ਦਾ ਆਗਾਜ਼ ਸੇਂਟ ਪੀਟਰਜ਼ ਸਕੁਏਅਰ 'ਚ ਪੋਪਮੋਬਾਈਲ (ਵਿਸ਼ੇਸ਼ ਵਾਹਨ) 'ਚ ਬੈਠ ਕੇ ਪਿਆਜ਼ਾ (ਚੌਕ) ਤੱਕ ਸਫ਼ਰ ਕਰਕੇ ਲੋਕਾਂ ਨੂੰ ਆਸ਼ੀਰਵਾਦ ਦਿੱਤਾ। ਪ੍ਰੋਗਰਾਮ ਦੌਰਾਨ ਰਵਾਇਤ ਮੁਤਾਬਕ ਪੋਪ ਨੂੰ ਇਕ ਧਾਰਮਿਕ ਕੱਪੜਾ ਅਤੇ ਇਕ ਮੁੰਦਰੀ ਭੇਟ ਕੀਤੀ ਗਈ। ਇਸ ਮੌਕੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ। ਅਮਰੀਕਾ ਦੇ ਉਪ ਰਾਸ਼ਟਰਪਤੀ ਜੇਡੀ ਵੈਂਸ, ਜੋ ਪੋਪ ਫਰਾਂਸਿਸ ਦੇ ਦੇਹਾਂਤ ਤੋਂ ਪਹਿਲਾਂ ਉਨ੍ਹਾਂ ਨਾਲ ਮਿਲਣ ਵਾਲੇ ਕੁਝ ਵਿਦੇਸ਼ੀ ਆਗੂਆਂ 'ਚੋਂ ਇਕ ਸਨ, ਨੇ ਸ਼ਨਿਚਰਵਾਰ ਦੇਰ ਰਾਤ ਰੋਮ ਪੁੱਜਣ 'ਤੇ ਅਰਜਨਟੀਨਾ ਦੇ ਪੋਪ ਦੀ ਸਮਾਧ 'ਤੇ ਸ਼ਰਧਾਂਜਲੀ ਭੇਟ ਕਰਨ ਮਗਰੋਂ ਸ਼ਿਕਾਗੋ 'ਚ ਜਨਮੇ ਲੀਓ ਨੂੰ ਸਨਮਾਨਤ ਕਰਨ ਵਾਲੇ ਅਮਰੀਕੀ ਵਫ਼ਦ ਦੀ ਅਗਵਾਈ ਕੀਤੀ।



ਵੈਂਸ ਨਾਲ ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਵੀ ਸਨ ਜੋ ਰੂਸ-ਯੂਕਰੇਨ ਸ਼ਾਂਤੀ ਵਾਰਤਾ ਅੱਗੇ ਵਧਾਉਣ ਦੀਆਂ ਕੋਸ਼ਿਸ਼ਾਂ ਲਈ ਸਮੇਂ ਤੋਂ ਪਹਿਲਾਂ ਹੀ ਰੋਮ ਪਹੁੰਚ ਗਏ ਸਨ। ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਸਮੇਤ ਕਈ ਹੋਰ ਮੁਲਕਾਂ ਦੇ ਆਗੂ ਵੀ ਇਸ ਪ੍ਰੋਗਰਾਮ 'ਚ ਸ਼ਾਮਲ ਹੋਏ। ਆਪਣੀ ਪੂਰੀ ਜ਼ਿੰਦਗੀ ਪੇਰੂ 'ਚ ਸੇਵਾ ਕਰਦਿਆਂ ਬਿਤਾਉਣ ਵਾਲੇ ਲੀਓ ਨੇ ਵੈਟੀਕਨ ਦੇ ਬਿਸ਼ਪ ਦੀ ਜ਼ਿੰਮੇਵਾਰੀ ਨੂੰ ਸੰਭਾਲ ਲਿਆ। ਕੈਥੋਲਿਕ ਚਰਚ ਦੇ ਦੋ ਹਜ਼ਾਰ ਸਾਲ ਦੇ ਇਤਿਹਾਸ 'ਚ ਪਹਿਲੀ ਵਾਰ ਇੰਜ ਹੋਇਆ ਹੈ ਜਦੋਂ ਅਮਰੀਕਾ ਤੋਂ ਪੋਪ ਨੂੰ ਚੁਣਿਆ ਗਿਆ ਹੈ।

# ਸਿੱਖਾਂ ਨੂੰ ਵਿਸ਼ਵਵਿਆਪੀ ਮਾਨਵਤਾਵਾਦੀ ਯਤਨਾਂ 'ਚ ਵਧੇਰੇ ਸ਼ਾਮਲ ਹੋਣ ਦੀ ਸਖ਼ਤ ਲੋੜ: ਤਨਮਨਜੀਤ ਸਿੰਘ ਢੇਸੀ



ਨਵੀਂ ਦਿੱਲੀ : ਯੂਕੇ ਦੇ ਪਹਿਲੇ ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਵਲੋਂ ਬੀਤੇ ਕੁਝ ਦਿਨ ਪਹਿਲਾਂ ਸਾਬਕਾ ਕੈਨੇਡੀਅਨ ਰੱਖਿਆ ਮੰਤਰੀ ਹਰਜੀਤ ਸੱਜਣ, ਮਾਨਵਤਾਵਾਦੀ ਰਵੀ ਸਿੰਘ ਨਾਲ ਮੁਲਾਕਾਤ ਕੀਤੀ ਗਈ ਤੇ ਇਸ ਮੌਕੇ ਉਨ੍ਹਾਂ ਵਲੋਂ ਸਿੱਖਾਂ ਦੇ ਵੱਖ ਵੱਖ ਮੁੱਦਿਆਂ ਦੇ ਨਾਲ ਸੰਸਾਰਿਕ ਮੁਦਿਆਂ ਤੇ ਵੀਂ ਚਰਚਾ ਕੀਤੀ ਗਈ ਸੀ। ਉਨ੍ਹਾਂ ਦਸਿਆ ਕਿ ਸੰਸਦ ਵਿੱਚ ਦੋ ਪਿਆਰੇ ਦੋਸਤਾਂ ਦੀ ਮੇਜ਼ਬਾਨੀ ਕਰਕੇ ਜਿੱਥੇ ਮੈਨੂੰ ਖੁਸ਼ੀ ਹੋਈ ਕਿ ਜਿਨ੍ਹਾਂ ਨੇ ਆਪਣੇ ਦੇਸ਼, ਸਿੱਖ ਭਾਈਚਾਰੇ ਅਤੇ ਵਿਸ਼ਾਲ ਮਨੁੱਖਤਾ ਲਈ ਵੱਡਾ ਯੋਗਦਾਨ ਪਾਉਣ ਲਈ ਅਣਥੱਕ ਮਿਹਨਤ ਕੀਤੀ ਹੈ ਉਨ੍ਹਾਂ ਨਾਲ ਤਕਰੀਬਨ ਇਕ ਘੰਟਾ ਗੁਜਾਰਨ ਦਾ ਮੌਕਾ ਮਿਲਿਆ ਸੀ। ਉਨ੍ਹਾਂ ਦਸਿਆ ਕਿ ਸਾਬਕਾ ਕੈਨੇਡੀਅਨ ਰੱਖਿਆ ਮੰਤਰੀ ਹਰਜੀਤ ਸੱਜਣ, ਮਾਨਵਤਾਵਾਦੀ ਰਵੀ ਸਿੰਘ ਨਾਲ ਇੱਕ ਘੰਟਾ ਤਜ਼ਰਬਿਆਂ ਦਾ ਆਦਾਨ-ਪ੍ਰਦਾਨ ਕਰਨ ਅਤੇ ਦੁਨੀਆ ਨੂੰ ਹੱਕਾਂ ਲਈ ਪ੍ਰੇਰਿਤ ਕਰਨ ਵਿੱਚ ਬਿਤਾਇਆ। ਕੈਨੇਡਾ, ਯੂਕੇ ਦੀ ਰਾਜਨੀਤੀ ਦੇ ਨਾਲ ਵਿਸ਼ਵ ਪੱਧਰ 'ਤੇ ਸਿੱਖ ਭਾਈਚਾਰੇ ਦੇ ਅੰਦਰ ਹੋਈਆਂ ਤਰੱਕੀਆਂ 'ਤੇ ਚਰਚਾ ਕੀਤੀ ਗਈ ਅਤੇ ਇਸ ਲਈ ਹੋਰ ਕਿਹੜੇ ਕਦਮ ਚੁੱਕੇ ਜਾ ਰਹੇ ਹਨ ਬਾਰੇ ਵਿਚਾਰਾਂ ਕੀਤੀਆਂ ਗਈਆਂ ਸਨ । ਉਨ੍ਹਾਂ ਕਿਹਾ ਕਿ ਮੌਜੂਦਾ ਹਾਲਾਤਾਂ ਨੂੰ ਦੇਖਦਿਆਂ ਸਿੱਖਾਂ ਨੂੰ ਵਿਸ਼ਵਵਿਆਪੀ ਮਾਨਵਤਾਵਾਦੀ ਯਤਨਾਂ ਵਿੱਚ ਵਧੇਰੇ ਸ਼ਾਮਲ ਹੋਣ ਦੀ ਸਖ਼ਤ ਲੋੜ ਹੈ।

# ਕੈਨੇਡਾ 'ਚ ਯਾਦਗਾਰੀ ਹੋ ਨਿੱਬੜਿਆ ਲੋਕ ਕਵੀ ਗੁਰਦਾਸ ਆਲਮ ਤੇ ਗਜ਼ਲਗੋ ਉਲ਼ਫ਼ਤ ਬਾਜਵਾ ਨੂੰ ਸਮਰਪਿਤ 10ਵਾਂ ਕਵੀ ਸੰਮੇਲਨ

ਸਰੀ : ਲੋਕ ਕਵੀ ਗੁਰਦਾਸ ਆਲਮ ਸਾਹਿਤ ਸਭਾ ਕੈਨੇਡਾ ਵੱਲੋਂ ਕਵੀ ਗੁਰਦਾਸ ਰਾਮ ਆਲਮ ਦੀ ਨਿੱਘੀ ਯਾਦਵ ਵਿੱਚ ਅਤੇ ਉਸਤਾਦ ਗਜ਼ਲਗੋ ਉਲਫ਼ਤ ਬਾਜਵਾ ਨੂੰ ਸਮਰਪਿਤ 10ਵਾਂ ਛਿਮਾਹੀ ਸਾਹਿਤਕ ਸੰਮੇਲਨ 7050 ਇੰਡੋ-ਕੈਨੈਡੀਅਨ ਸੀਨੀਅਰਜ਼ ਸੈਂਟਰ ਸਰੀ/ਡੈਲਟਾ ਵਿਖੇ ਬੀਤੀ 18 ਮਈ ਨੂੰ ਕਰਵਾਇਆ ਗਿਆ।

ਪ੍ਰੋਗਰਾਮ ਦੌਰਾਨ ਸਭ ਤੋਂ ਪਹਿਲਾਂ 2025 ਵਿੱਚ ਵਿੱਛੜ ਗਏ ਸਾਰੇ ਲੇਖਕ/ਚਿੱਤਰਕਾਰ ਅਤੇ ਸੰਗੀਤਕਾਰ ਜੋ ਸਾਡੇ ਵਿੱਚ ਨਹੀਂ ਰਹੇ ਪਰ ਸਾਡੀਆਂ ਯਾਦਾਂ ਵਿੱਚ ਜ਼ਰੂਰ ਰਹਿਣਗੇ, ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਸ਼ਾਮਲ ਸਾਹਿਤ ਪ੍ਰੇਮੀਆਂ ਨੂੰ ਭੁਪਿੰਦਰ ਸਿੰਘ ਮੱਲ੍ਹੀ ਨੇ ਜੀ ਆਇਆਂ ਆਖਿਆ। ਤੇਜਬੀਰ ਸਿੰਘ ਸੰਧੂ (ਤੇਜਬੀਰ ਟਾਕ ਚੈਨਲ) ਨੇ ਵਿਗਿਆਨ ਅਤੇ ਸਾਹਿਤ ਬਾਰੇ ਜਾਣਕਾਰੀ ਸਾਂਝੀ ਕੀਤੀ। ਟੀਵੀ ਹੋਸਟ ਮਨਮੋਹਨ ਸਿੰਘ ਸਮਰਾ ਨੇ ਕਿਰਤੀਆਂ ਦੀ ਸਖ਼ਤ ਮਿਹਨਤ ਬਾਰੇ ਚਾਨਣਾ ਪਾਇਆ। ਉੱਘੇ ਸਿੱਖਿਆ ਸ਼ਾਸਤਰੀ ਪ੍ਰਿੰਸੀਪਲ ਕਸ਼ਮੀਰਾ ਸਿੰਘ ਨੇ ਹਰੇਕ ਮਨੁੱਖ ਦੀ ਅਹਿਮੀਅਤ 'ਤੇ ਜ਼ੋਰ ਦਿੱਤਾ। ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਗੁਰਦਾਸ ਰਾਮ ਆਲਮ ਅਤੇ ਉਲਫ਼ਤ ਦੀਆਂ ਆਪਸੀ ਸਾਹਿਤਕ ਮਿਲਣੀਆਂ ਬਾਰੇ ਸਰੋਤਿਆਂ ਨਾਲ ਸਾਂਝ ਪਾਈ ਅਤੇ ਦੋਵਾਂ ਮਹਾਨ ਕਵੀਆਂ ਦੀਆਂ ਕਵਿਤਾਵਾਂ ਵੀ ਅੱਜ ਦੇ ਸਮੇਂ ਵਿੱਚ ਵੀ ਮਹਾਨਤਾ ਬਾਰੇ ਜ਼ੋਰ ਦਿੱਤਾ।



ਹਰਚੰਦ ਸਿੰਘ ਗਿੱਲ ਨੇ ਉਲਫ਼ਤ ਦੀ ਗਜ਼ਲ 'ਪੱਤਝੜ ਦੇ ਨਾਲ' ਤਰੰਨਮ 'ਚ ਸੁਣਾਈ।

ਆਲਮ ਦੀ ਕਵਿਤਾ 'ਮਹਾਰਾਜਾ ਦਲੀਪ ਸਿੰਘ ਦੀਆਂ ਚਿੱਠੀਆਂ' ਸੁਰਜੀਤ ਸਿੰਘ ਗਿੱਲ ਨੇ ਸੁਣਾਈ। ਦਵਿੰਦਰ ਕੌਰ ਜੌਹਲ ਨੇ ਆਲਮ ਦੀ ਕਵਿਤਾ 'ਵੇ ਪਿੱਪਲਾ ਸੱਜਣਾ ਦੇ ਪਿੰਡ' ਸੁਣਾਈ। ਗੁਰਬਚਨ ਸਿੰਘ ਬਰਾੜ ਨੇ ਆਲਮ ਦੀ ਕਵਿਤਾ 'ਲਿਲਾਰੀ' ਸੁਣਾਈ। ਗੁਰਮੀਤ ਸਿੰਘ ਕਾਲਕੱਟ ਨੇ ਆਲਮ ਦੀ ਕਵਿਤਾ 'ਮਾਹੀ ਮੇਰਾ ਕਾਲੇ ਰੰਗ ਦਾ' ਸੁਣਾਈ। ਕੈਪਟਨ ਜੀਤ ਮਹਿਰਾ ਨੇ ਆਲਮ ਦੀ ਕਵਿਤਾ 'ਉਲਾਮਾ ਨੂੰ' ਕਾਵਿ ਰੂਪ 'ਚ ਰੰਗਿਆ। ਮੰਚ ਸੰਚਾਲਨ ਪ੍ਰਿੰਸੀਪਲ ਮਲੂਕ ਚੰਦ ਕਲੇਰ ਨੇ ਜ਼ਿੰਮੇਵਾਰੀ ਨਾਲ ਨਿਭਾਇਆ। ਪ੍ਰਧਾਨ ਸੀਨੀਅਰਜ਼ ਸੈਂਟਰ ਅਵਤਾਰ ਸਿੰਘ ਢਿੱਲੋਂ ਨੇ ਸਭਨਾਂ ਦਾ ਧੰਨਵਾਦ ਕੀਤਾ। ਗੁਰਮੀਤ ਸਿੰਘ ਸੇਖੋਂ, ਪ੍ਰਿੰਸੀਪਲ ਮੇਜਰ ਸਿੰਘ ਜੱਸੀ ਜਸਵਾਲ, ਭਜਨ ਸਿੰਘ, ਸੁਸ਼ੀਲ ਚੌਧਰੀ, ਸਰਬਜੀਤ ਸਿੰਘ, ਗੁਰਦਿਆਲ ਸਿੰਘ ਜੌਹਲ, ਲਹਿੰਬਰ ਸਿੰਘ ਕੰਦੋਲਾ, ਸਵਰਨ ਸਿੰਘ ਚਾਹਲ, ਪਰਮਜੀਤ ਸਿੰਘ ਬਾਸੀ, ਦਿਲਬਾਗ ਸਿੰਘ ਬਾਸੀ, ਦਲਜੀਤ ਸਿੰਘ, ਵਰਿੰਦਰ ਬੰਗੜ, ਸੀਤਾ ਰਾਮ ਅਹੀਰ ਆਦਿ ਸਰੋਤੇ ਸ਼ਾਮਲ ਹੋਏ। ਇਸ ਸਾਹਿਤ ਸੰਮੇਲਨ ਦਾ ਸਿੱਧਾ ਪ੍ਰਸਾਰਣ ਤੇਜਬੀਰ ਟਾਕ ਚੈਨਲ ਨੇ ਕੀਤਾ। ਪ੍ਰੋਗਰਾਮ ਦੀ ਕਵਰੇਜ 'ਸਿੱਧੀ ਗੱਲ' ਚੈਨਲ ਦੁਆਰਾ ਨਿਰੰਜਨ ਸਿੰਘ ਲੈਹਲ ਨੇ ਕੀਤੀ। ਸਾਰਿਆਂ ਦੀ ਪ੍ਰਾਹੁਣਚਾਰੀ ਵੀ ਕੀਤੀ ਗਈ। ਇਹ ਸਾਹਿਤਕ ਸੰਮੇਲਨ ਬਹੁਤ ਹੀ ਸਾਦਾ ਪਰ ਪ੍ਰਭਾਵਸ਼ਾਲੀ ਹੋ ਨਿੱਬੜਿਆ।

# ਦੱਖਣੀ ਕੈਲੀਫੋਰਨੀਆ ਦੇ ਇਕ ਭਾਰਤੀ ਵਿਅਕਤੀ ਨੂੰ 2.5 ਮਿਲੀਅਨ ਡਾਲਰ ਦੇ ਡੋਰਡੈਸ਼ ਦੇ ਨਾਲ ਧੋਖਾਧੜੀ ਕਰਨ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਗਿਆ

ਨਿਊਯਾਰਕ, (ਰਾਜ ਗੋਗਨਾ) : ਬੀਤੇ ਦਿਨ ਅਮਰੀਕਾ ਦੇ ਦੱਖਣੀ ਕੈਲੀਫੋਰਨੀਆ ਦੇ ਨਿਊਪੋਰਟ ਬੀਚ ਦੇ ਨਿਵਾਸੀ ਇਕ ਭਾਰਤੀ ਨੇ ਡੋਰਡੈਸ਼ ਕੰਪਨੀ ਦੇ ਅੰਦਰੂਨੀ ਪ੍ਰਣਾਲੀਆਂ ਨਾਲ ਛੇੜਛਾੜ ਕਰਨ ਵਾਲੇ ਇੱਕ ਡਿਲੀਵਰੀ ਘੁਟਾਲੇ ਰਾਹੀਂ ਡੋਰਡੈਸ਼ ਨੂੰ 2.5 ਮਿਲੀਅਨ ਤੋਂ ਵੱਧ ਦੀ ਧੋਖਾਧੜੀ ਕਰਨ ਦਾ ਦੋਸ਼ੀ ਮੰਨਿਆ ਹੈ। 30 ਸਾਲਾ ਭਾਰਤੀ ਸਈ ਚੈਤਨਿਆ ਰੈੱਡੀ ਦੇਵਗਿਰੀ ਨੇ 2020 ਅਤੇ 2021 ਦੇ ਵਿਚਕਾਰ ਦੂਜਿਆਂ ਨਾਲ ਮਿਲ ਕੇ ਜਾਅਲੀ ਡਿਲੀਵਰੀ ਬਣਾ ਕੇ ਫੰਡ ਚੋਰੀ ਕਰਨ ਦੀ ਸਾਜ਼ਿਸ਼ ਰਚਣ ਦੀ ਗੱਲ ਵੀ ਕਬੂਲ ਕੀਤੀ। ਜੋ ਇੱਕ ਡੋਰਡੈਸ਼ ਦੇ ਡਰਾਈਵਰ ਵਜੋਂ ਕੰਮ ਕਰਦੇ ਹੋਏ, ਉਸਨੇ ਅੰਦਰੂਨੀ ਸੌਫਟਵੇਅਰ ਤੱਕ ਪਹੁੰਚ ਕਰਨ ਅਤੇ ਜਾਇਜ਼ ਆਰਡਰਾਂ ਨੂੰ ਧੋਖਾਧੜੀ ਵਾਲੇ ਡਰਾਈਵਰ ਦੇ ਖਾਤਿਆਂ ਵਿੱਚ ਭੇਜਣ ਲਈ ਚੋਰੀ ਕੀਤੇ ਕਰਮਚਾਰੀ ਪ੍ਰਮਾਣ ਪੱਤਰਾਂ ਦੀ ਵਰਤੋਂ ਕੀਤੀ ਜਿਨ੍ਹਾਂ ਨੂੰ ਉਹ ਅਤੇ ਉਸਦੇ ਸਹਿ-ਸਾਜ਼ਿਸ਼ਕਾਰਾਂ ਨੇ ਨਿਯੰਤਰਿਤ ਕੀਤਾ ਸੀ ਆਰਡਰਾਂ ਨੂੰ ਗਲਤ ਤਰੀਕੇ ਨਾਲ ਡਿਲੀਵਰ ਕੀਤੇ ਜਾਣ ਦੀ ਨਿਸ਼ਾਨਦੇਹੀ ਕਰਨ ਤੋਂ ਬਾਅਦ, ਦੇਵਗਿਰੀ ਨੇ ਜਾਅਲੀ ਖਾਤਿਆਂ ਵਿੱਚ ਭੁਗਤਾਨ ਸ਼ੁਰੂ ਕਰ ਦਿੱਤੇ। ਫਿਰ ਉਹ ਸਥਿਤੀ ਨੂੰ 'ਪ੍ਰਕਿਰਿਆ ਅਧੀਨ' ਤੇ ਰੀਸੈਟ ਕਰਦਾ ਸੀ। ਇਹ ਸਕੀਮ ਉਸ ਨੇ ਸੈਂਕੜੇ ਵਾਰ ਕੀਤੀ। ਅਕਸਰ ਮਿੰਟਾਂ ਦੇ ਅੰਦਰ, ਜਿਸਦੇ ਨਤੀਜੇ ਵਜੋਂ ਕੰਪਨੀ ਨੂੰ ਲੱਖਾਂ ਦਾ ਨੁਕਸਾਨ ਹੋਇਆ ।ਉਸਨੂੰ 20 ਸਾਲ ਤੱਕ ਦੀ ਕੈਦ ਅਤੇ 250,000 ਲੱਖ ਡਾਲਰ ਦਾ ਜੁਰਮਾਨਾ ਵੀ ਹੋ ਸਕਦਾ ਹੈ ।ਹੁਣ ਮਾਣਯੋਗ ਅਦਾਲਤ ਚ' ਇਸ ਸਥਿਤੀ ਦੀ ਸੁਣਵਾਈ 16 ਸਤੰਬਰ, 2025 ਨੂੰ ਨਿਰਧਾਰਤ ਕੀਤੀ ਗਈ ਹੈ। ਸਜ਼ਾ ਸੰਘੀ ਦਿਸ਼ਾ-ਨਿਰਦੇਸ਼ਾਂ ਦੇ ਆਧਾਰ 'ਤੇ ਨਿਰਧਾਰਤ ਕੀਤੀ ਜਾਵੇਗੀ। ਦੇਵਗਿਰੀ ਇਸ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਗਿਆ ਤੀਜਾ ਭਾਰਤੀ ਵਿਅਕਤੀ ਹੈ ਅਤੇ ਮਨਸਵੀ ਮੰਡਦਾਪੂ ਨਾਮੀਂ ਵਿਅਕਤੀ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਆਪਣਾ ਦੋਸ਼ ਸਵੀਕਾਰ ਕਰ ਲਿਆ ਸੀ, ਅਤੇ ਟਾਈਲਰ ਥਾਮਸ ਬੋਟਨਹੋਰਨ ਨਾਂ ਦੇ ਇਸ ਘੁਟਾਲੇ ਚ' ਸ਼ਾਮਲ ਵਿਅਕਤੀ ਨੂੰ ਨਵੰਬਰ 2023 ਵਿੱਚ ਦੋਸ਼ੀ ਠਹਿਰਾਇਆ ਗਿਆ ਸੀ ।ਐਫਬੀਆਈ ਦੀ ਜਾਂਚ ਤੋਂ ਬਾਅਦ, ਇਸ ਕੇਸ ਦੀ ਪੈਰਵੀ ਸਹਾਇਕ ਅਮਰੀਕੀ ਅਟਾਰਨੀ ਮਾਈਕਲ ਜੀ. ਪਿਟਮੈਨ ਕਰ ਰਹੇ ਹਨ।



# ਗੁਰਦੁਆਰਾ ਸਾਹਿਬ ਸਿਲੀਕੋਨ ਵੈਲੀ ਕੈਲੀਫੋਰਨੀਆ ਵਿਖੇ ਪੰਜ ਪਿਆਰਿਆਂ ਵਿਚੋਂ ਭਾਈ ਹਿੰਮਤ ਸਿੰਘ ਅਤੇ ਸਿੱਖ ਕੌਮ ਦੇ ਮਹਾਨ ਜਰਨੈਲ ਸ੍ਰ. ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਦਿਹਾੜਾ ਧੂਮ-ਧਾਮ ਨਾਲ ਮਨਾਇਆ ਗਿਆ








ਸਿਲੀਕੋਨ ਵੈਲੀ/ਕੈਲੀਫੋਰਨੀਆ, (ਸਾਡੇ ਲੋਕ) : ਗੁਰਦੁਆਰਾ ਸਾਹਿਬ ਸਿਲੀਕੋਨ ਵੈਲੀ ਕੈਲੀਫੋਰਨੀਆ ਵਿਖੇ ਪੰਜ ਪਿਆਰਿਆਂ ਵਿਚੋਂ ਭਾਈ ਹਿੰਮਤ ਸਿੰਘ ਅਤੇ ਸਿੱਖ ਕੌਮ ਦੇ ਮਹਾਨ ਜਰਨੈਲ ਸ੍ਰ. ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਦਿਹਾੜਾ ਧੂਮ-ਧਾਮ ਨਾਲ ਮਨਾਇਆ ਗਿਆ ਜਿਸ ਵਿਚ ਭਾਰੀ ਗਿਣਤੀ 'ਚ ਸੰਗਤਾਂ ਨੇ ਸ਼ਮੂਲੀਅਤ ਕੀਤੀ ਅਤੇ ਪੰਥ ਦੇ ਮਹਾਨ ਕੀਰਤਨੀ ਜਥਿਆਂ ਅਤੇ ਕਥਾਵਾਚਕਾਂ ਨੇ ਹਾਜ਼ਰੀ ਭਰੀ। ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਹੈਡ ਗ੍ਰੰਥੀ ਸਿੰਘ ਸਾਹਿਬ ਭਾਈ ਜਸਵਿੰਦਰ ਸਿੰਘ ਜੀ ਨੇ ਕਥਾ ਸਰਵਣ ਕਰਵਾਈ।

ਅੱਜ ਦੇ ਇਸ ਮਹਾਨ ਦਿਵਸ 'ਤੇ ਜਿਥੇ ਸਮੂਹ ਸੰਗਤਾਂ ਨੇ ਸ਼ਰਧਾ ਨਾਲ ਸੇਵਾ ਕੀਤੀ, ਉਥੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੇਵਾਦਾਰ ਜਿਨ੍ਹਾਂ ਵਿਚ ਸ੍ਰ. ਬਲਕਾਰ ਸਿੰਘ ਪ੍ਰਧਾਨ, ਸ੍ਰ. ਹਰਪ੍ਰੀਤ ਸਿੰਘ ਸੈਕਟਰੀ, ਸ੍ਰ. ਪਰਦੁਮਨ ਸਿੰਘ ਮੈਂਬਰ, ਸ੍ਰ. ਗੁਰਪ੍ਰੀਤ ਸਿੰਘ ਮੈਂਬਰ, ਸ੍ਰ. ਹਰਪ੍ਰੀਤ ਸਿੰਘ ਗੋਪੀ ਮੈਂਬਰ, ਬੀਬਾ ਹਰਮਿੰਦਰ ਕੌਰ ਪੁਰੀ ਮੈਂਬਰ, ਸ੍ਰ. ਸੁਖਵਿੰਦਰ ਸਿੰਘ, ਸ੍ਰ. ਇੰਦਰਜੀਤ ਸਿੰਘ, ਸ੍ਰ. ਅੰਮ੍ਰਿਤਪਾਲ ਸਿੰਘ, ਸ੍ਰ. ਸਰਬਜੀਤ ਸਿੰਘ, ਸ੍ਰ. ਪਰਮਵੀਰ ਸਿੰਘ, ਸ੍ਰ. ਦਲਜੀਤ ਸਿੰਘ, ਸ੍ਰ. ਸਤਵਿੰਦਰ ਸਿੰਘ, ਸੋਨੂੰ ਸੋਢੀ, ਸ੍ਰ. ਤੇਜਵੀਰ ਸਿੰਘ, ਸ੍ਰ. ਗੁਰਤੇਗ ਤੇਜੀ, ਸ੍ਰ. ਸਵਰਨ ਸਿੰਘ, ਸ੍ਰ. ਕਾਲਾ ਸਿੰਘ, ਸ੍ਰ. ਮਨਜੀਤ ਸਿੰਘ, ਸ੍ਰ. ਜਸਪਾਲ ਸਿੰਘ, ਸ੍ਰ. ਹਰਦਿਆਲ ਸਿੰਘ, ਸ੍ਰ. ਰਣਜੀਤ ਸਿੰਘ, ਸ੍ਰ. ਜਗਜੀਤ ਸਿੰਘ, ਸ੍ਰ. ਕਸ਼ਮੀਰ ਸਿੰਘ, ਸ੍ਰ. ਭੁਪਿੰਦਰ ਸਿੰਘ, ਸ੍ਰ. ਮਨਜੀਤ ਸਿੰਘ ਗਿੱਲ, ਸ੍ਰ. ਸਿਮਰਨ ਸਿੰਘ, ਬਲਦੇਵ ਸਿੰਘ, ਭਾਈ ਦਵਿੰਦਰ ਸਿੰਘ, ਭਾਈ ਜੀਵਨਜੋਤ ਸਿੰਘ, ਭਾਈ ਗੁਰਜੀਤ ਸਿੰਘ, ਭਾਈ ਹਰਵਿੰਦਰ ਸਿੰਘ, ਭਾਈ ਜੋਤਸਰੂਪ ਸਿੰਘ, ਭਾਈ ਨਿਰਮਲ ਸਿੰਘ, ਭਾਈ ਅਵਤਾਰ ਸਿੰਘ, ਭਾਈ ਹਰਜਿੰਦਰ ਸਿੰਘ ਆਦਿ ਹਾਜ਼ਰ ਸਨ।








# ਗੁਰਦੁਆਰਾ ਸਾਹਿਬ ਸਿਲੀਕੋਨ ਵੈਲੀ ਕੈਲੀਫੋਰਨੀਆ ਵਿਖੇ ਪੰਜ ਪਿਆਰਿਆਂ ਵਿਚੋਂ ਭਾਈ ਹਿੰਮਤ ਸਿੰਘ ਅਤੇ ਸਿੱਖ ਕੌਮ ਦੇ ਮਹਾਨ ਜਰਨੈਲ ਸ੍ਰ. ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਦਿਹਾੜਾ ਧੂਮ-ਧਾਮ ਨਾਲ ਮਨਾਇਆ ਗਿਆ





'ਸਾਡੇ ਲੋਕ' ਅਖ਼ਬਾਰ ਨਾਲ ਗੱਲਬਾਤ ਕਰਦਿਆਂ ਪੰਜਾਂ ਪਿਆਰਿਆਂ ਦੇ ਵਿਚੋਂ ਭਾਈ ਸਾਹਿਬ ਹਿੰਮਤ ਸਿੰਘ ਜੀ ਜੀਵਨ ਬਾਰੇ ਗੱਲਬਾਤ ਕਰਦਿਆਂ ਸ੍ਰ. ਸੁਖਵਿੰਦਰ ਸਿੰਘ ਗੋਗੀ ਨੇ ਕਿਹਾ ਕਿ ਭਾਈ ਹਿੰਮਤ ਰਾਏ ਪੰਜਾਂ ਪਿਆਰਿਆਂ ਵਿਚੋਂ ਤੀਸਰੇ ਸਥਾਨ 'ਤੇ ਸਨ। ਆਪ ਦੇ ਪਿਤਾ ਦਾ ਨਾਮ ਮਾਲ ਦੇਵ ਜੀ ਅਤੇ ਮਾਤਾ ਲਾਲ ਦੇਵੀ ਜੀ ਸਨ। ਆਪ ਜਗਨਨਾਥਪੁਰੀ ਦੇ ਵਾਸੀ ਸਨ ਅਤੇ ਪੁਜਾਰੀ ਜਾਤੀ ਦੇ ਝਿਉਰ ਸਨ। ਆਪ ਦੇ ਮਾਤਾ-ਪਿਤਾ ਨੌਂਵੀ ਪਾਤਸ਼ਾਹੀ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿੱਚ ਰਹਿੰਦੇ ਸਨ। ਆਪ ਦਾ ਜਨਮ 1661 ਬਿ: ਜੇਠ 15 ਨੂੰ ਬਾਬਾ ਬਕਾਲਾ ਵਿਖੇ ਹੋਇਆ। ਆਪ 1705 ਬਿ: ਵਿੱਚ ਸ੍ਰੀ ਚਮਕੌਰ ਸਾਹਿਬ ਦੀ ਜੰਗ ਵਿੱਚ ਸ਼ਹੀਦ ਹੋਏ ਸਨ।






## ਸਿੱਖ ਕੌਮ ਦੇ ਮਹਾਨ ਜਰਨੈਲ ਸ੍ਰ. ਜੱਸਾ ਸਿੰਘ ਰਾਮਗੜ੍ਹੀਆ



ਜੱਸਾ ਸਿੰਘ ਰਾਮਗੜ੍ਹੀਆ (1723-1803) ਦਾ ਜਨਮ ਸ੍ਰੀ ਅੰਮ੍ਰਿਤਸਰ ਦੇ ਨੇੜੇ ਪਿੰਡ ਗੁੱਗਾ ਬੂਹਾ ਵਿਖੇ ਭਗਵਾਨ ਸਿੰਘ ਦੇ ਘਰ ਹੋਇਆ। ਓਹਨਾਂ ਦੇ ਦਾਦਾ ਹਰਦਾਸ ਸਿੰਘ ਜੋ ਲਾਹੌਰ ਜ਼ਿਲ੍ਹੇ ਦੇ ਪਿੰਡ ਸੁਰ ਸਿੰਘ ਤੋਂ ਸਨ। ਉਨ੍ਹਾਂ ਨੇ ਸ੍ਰੀ ਗੁਰੁ ਗੋਬਿੰਦ ਸਿੰਘ ਤੋਂ ਅੰਮ੍ਰਿਤ ਛਕ ਕੇ ਸਿੰਘ ਸਜੇ। ਉਹਨਾਂ ਨੇ ਗੁਰੂ ਜੀ ਦੀਆਂ ਸਿੱਖਿਆਵਾਂ ਨੂੰ ਪਿੰਡ ਪਿੰਡ ਪਹੁੰਚਾਇਆ। ਆਪ ਦੇ ਦਾਦਾ ਜੀ ਬਾਬਾ ਬੰਦਾ ਸਿੰਘ ਬਹਾਦਰ ਦੀ ਫੌਜ ਵਿੱਚ ਦਾਖਲ ਹੋਏ ਅਤੇ ਮੁਗਲ ਫੌਜਾਂ ਨਾਲ ਲੜਾਈ ਲੜੀ ਅਤੇ 1716 ਵਿੱਚ ਸ਼ਹੀਦੀ ਪ੍ਰਾਪਤ ਕੀਤੀ। ਹਰਦਾਸ ਸਿੰਘ ਦੀ ਮੌਤ ਤੋਂ ਬਾਅਦ ਭਗਵਾਨ ਸਿੰਘ ਘਰ ਦੇ ਮੋਢੀ ਬਣੇ। ਪਿਤਾ ਦੀ ਮੌਤ ਤੋਂ ਬਾਅਦ ਜੱਸਾ ਸਿੰਘ ਰਾਮਗੜ੍ਹੀਆ ਘਰ ਦੇ ਮੁਖੀ ਬਣੇ।

**ਸ਼ਕਤੀ ਦਾ ਵਿਸਤਾਰ :** 1753 ਤੇ 1758 ਦੇ ਸਮੇਂ ਦੇ ਦੌਰਾਨ ਇਹਨਾਂ 5-6 ਸਾਲਾਂ ਦੇ ਵਿਚਕਾਰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਆਪਣੀ ਸ਼ਕਤੀ ਦਾ ਬੜਾ ਵਿਸਤਾਰ ਕੀਤਾ ਤੇ ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਨੇ ਕਲਾਨੌਰ, ਬਟਾਲਾ, ਕਾਦੀਆਂ, ਸ੍ਰੀ ਹਰਗੋਬਿੰਦਪੁਰ, ਉੜਮੁੜ ਟਾਂਡਾ ਤੇ ਨਾਲ ਹੀ ਮਿਆਨੀ ਦੇ ਪ੍ਰਦੇਸਾਂ ਤੇ ਕਬਜ਼ਾ ਕਰ ਲਿਆ। ਹਰਗੋਬਿੰਦਪੁਰ ਨੂੰ ਆਪਣੀ ਮਿਸਲ ਦੀ ਰਾਜਧਾਨੀ ਬਨਾਇਆ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਕਰਕੇ ਰਾਮਗੜ੍ਹੀਆ ਮਿਸਲ ਦੀ ਸ਼ਕਤੀ ਵੱਧ ਗਈ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਗੰਗਾ- ਯਮੁਨਾ ਦੋਆਬ ਦੇ ਕਈ ਇਲਾਕਿਆਂ 'ਤੇ ਵੀ ਕਬਜ਼ਾ ਕਰ ਲਿਆ।

ਦਿੱਲੀ ਫ਼ਤਿਹ : ਜੱਸਾ ਸਿੰਘ ਰਾਮਗੜ੍ਹੀਆ ਨੇ ਭਾਈ ਬਘੇਲ ਸਿੰਘ ਨਾਲ ਰੱਲ ਕੇ ਦਿੱਲੀ ਲਾਲ ਕਿਲ੍ਹਾ ਫ਼ਤਿਹ ਕੀਤਾ। ਔਰੰਗਜ਼ੇਬ ਜਿਸ ਤਖ਼ਤ 'ਤੇ ਬੈਠ ਕੇ ਆਪਣਾ ਦਰਬਾਰ ਲਗਾਉਂਦਾ ਸੀ, ਉਸ ਤਖ਼ਤ ਭਾਵ ਤਖ਼ਤ ਏ ਤਾਉਸ ਨੂੰ ਅਤੇ 44 ਥੰਮਾਂ ਨੂੰ ਪੁੱਟ ਕੇ ਅੰਮ੍ਰਿਤਸਰ ਹਰਿਮੰਦਰ ਸਾਹਿਬ ਵਿਖੇ ਲਿਆਂਦਾ। ਇਨ੍ਹਾਂ ਨੇ ਬਾਅਦ ਵਿਚ ਬੁੰਗਾ ਰਾਮਗੜ੍ਹੀਆਂ ਦਾ ਨਿਰਮਾਣ ਕਾਰਜ ਸ਼ੁਰੂ ਕਰ ਦਿੱਤਾ।

**ਰਾਮਗੜ੍ਹੀਆ ਮਿਸਲ :** ਸਰਦਾਰ ਜੱਸਾ ਸਿੰਘ ਜੀ ਨੇ ਦਿੱਲੀ ਤੋਂ ਮੁਗਲਾਂ ਦੀਆਂ ਚਾਰ (4) ਤੋਪਾਂ ਵੀ ਲੁੱਟ ਲਈਆਂ ਸਨ। ਉਸ ਸਮੇਂ ਮੇਰਠ ਤੇ ਦਿੱਲੀ ਵੀ ਉਹਨਾਂ ਦੀ ਲੁੱਟ ਤੋਂ ਨਹੀਂ ਬਚ ਸਕੀ। ਰਾਮਗੜ੍ਹੀਆ ਮਿਸਲ ਦੇ ਸੰਸਥਾਪਕ ਖ਼ੁਸ਼ਹਾਲ ਸਿੰਘ ਜੀ ਤੇ ਨੰਦ ਸਿੰਘ ਜੀ ਸਨ ਪਰ ਇਸ ਮਿਸਲ ਨੂੰ ਜ਼ਿਆਦਾ ਪ੍ਰਸਿੱਧੀ ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਕਰਕੇ ਹੀ ਮਿਲੀ। ਜਦੋਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਆਪਣੇ 100 ਸਿੰਘਾਂ ਸਮੇਤ ਰਾਮ-ਰਾਉਣੀ ਵਿੱਚ ਜੂਝ ਰਹੇ 500 ਜੁਝਾਰੂ ਸਿੰਘਾਂ ਨਾਲ ਜਾ ਰਲੇ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਰਾਮ ਰਾਉਣੀ ਦੇ ਕਿਲੇ ਨੂੰ ਖਾਲਸਾ ਫ਼ੌਜਾਂ ਦੀ ਮਦਦ ਨਾਲ ਆਪਣੇ ਅਧੀਨ ਕਰ ਲਿਆ ਤਾਂ ਜੋ ਇਸ ਦੀ ਰਾਖੀ ਕੀਤੀ ਜਾ ਸਕੇ ਜਦੋਂ ਸਿੱਖ ਕੌਮ ਦੇ ਸਭ ਜਰਨੈਲਾਂ ਤੇ ਸਿੰਘਾਂ ਨੇ ਮਿਲ ਕੇ ਰਾਮ - ਰਾਉਣੀ ਦਾ ਕਿਲਾ ਬਣਾ/ਸੰਵਾਰ ਲਿਆ ਤਾਂ ਇਹ ਹਕੂਮਤ ਨੂੰ ਸਿੱਧੀ ਚੁਣੌਤੀ ਦੇਣ ਵਾਲਾ ਕਦਮ ਸੀ।

**ਪਹਾੜੀ ਰਾਜਿਆ ਨਾਲ ਲੜ੍ਹਾਈ :** ਰਾਮ - ਰਾਉਣੀ ਦੇ ਕਿਲੇ ਨੂੰ ਢਾਉਣ ਲਈ ਗੁੱਸੇ ਵਿੱਚ ਆਏ ਮੀਰ ਮਨੂੰ ਨੇ ਫੌਜ ਚੜ੍ਹਾ ਦਿੱਤੀ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਅਤੇ ਖਾਲਸਾ ਪੰਥ ਵਿੱਚ ਉਸ ਸਮੇਂ ਕੁਛ ਨਾਰਾਜਗੀ ਚੱਲ ਰਹੀ ਸੀ। ਪੰਥ ਤੋਂ ਨਾਰਾਜ ਹੋ ਕੇ ਸਰਦਾਰ ਜੱਸਾ ਸਿੰਘ ਜੀ ਨੇ ਅਦੀਨਾ ਬੇਗ ਕੋਲ (ਜਲੰਧਰ) ਜਾ ਕੇ ਨੌਕਰੀ ਕਰ ਲਈ ਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੁਸ਼ਮਣਾਂ ਦੀ ਫੌਜ ਨਾਲ ਜਲੰਧਰ ਦੇ ਨਵਾਬ ਅਦੀਨਾ ਬੇਗ ਦੇ ਨਾਲ ਆਏ ਸੀ ਉਸ ਸਮੇਂ ਨਾਸਰ ਅਲੀ ਖਾਨ ਜਾਲੰਧਰੀ, ਮਿਰਜਾ ਅਜੀਜ ਖਾਨ ਅਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਸਭ ਨੇ ਮਿਲ ਕੇ ਰਾਮ-ਰਾਉਣੀ ਕਿਲੇ ਨੂੰ ਘੇਰਾ ਪਾ ਲਿਆ ਪ੍ਰੰਤੂ ਜੱਸਾ ਸਿੰਘ ਰਾਮਗੜ੍ਹੀਆ ਦੁਸ਼ਮਣਾਂ ਦੀ ਫੌਜ ਨਾਲ ਆ ਤੇ ਗਏ ਸੀ (ਕਿਓਂਕਿ ਪੰਥ ਨਾਲ ਨਾਰਾਜ ਹੋ ਕੇ ਇਹ ਅਦੀਨਾ ਬੇਗ ਦੇ ਕੋਲ ਜਾ ਕੇ ਨੌਕਰੀ ਕਰਨ ਲੱਗ ਪਏ ਸਨ)। ਪਰ ਹੁਣ ਉਹ ਆਪਣੇ ਹੀ ਭਰਾਵਾਂ ਨਾਲ ਲੜਾਈ ਨਹੀਂ ਕਰਨਾ ਚਾਹੁੰਦੇ ਸਨ। ਇੱਧਰ ਖਾਲਸਾ ਪੰਥ ਨੂੰ ਵੀ ਪਤਾ ਲੱਗ ਗਿਆ ਸੀ ਕਿਲੇ ਦੇ ਕੋਲ ਵਾਲਾ ਮੋਰਚਾ ਸਰਦਾਰ ਜੱਸਾ ਸਿੰਘ ਦਾ ਹੈ। ਉਹ ਵੀ ਆਪਣੇ ਭਰਾ ਨਾਲ ਲੜਾਈ ਨਹੀ ਕਰਨਾ ਚਾਹੁੰਦੇ ਸਨ।

**ਪੰਥ ਦੀ ਸ਼ਰਨ :** ਸਰਦਾਰ ਜੱਸਾ ਸਿੰਘ ਜੀ ਨੇ ਪੰਥ ਦੀ ਸ਼ਰਨ ਵਿੱਚ ਆਉਣ ਲਈ ਲਿਖ ਕੇ ਬੇਨਤੀ ਭੇਜੀ। ਉਸ ਸਮੇਂ ਪੰਥ ਨੇ ਵੀ ਇਹੀ ਜਵਾਬ ਦਿੱਤਾ ਕਿ ਹੁਣ ਨਾ ਮਿਲੇ ਤਾਂ ਫਿਰ ਕਦੀ ਵੀ ਮਿਲਿਆ ਨਹੀਂ ਜਾਣਾ। ਇਸ ਬੇਨਤੀ ਨੂੰ ਪੰਥ ਨੇ ਪ੍ਰਵਾਨ ਕੀਤਾ ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਝੱਟ ਹੀ ਅਦੀਨਾ ਬੇਗ ਤੋਂ ਆਪਣਾ ਸਾਰਾ ਹਿਸਾਬ ਖ਼ਤਮ ਕਰਕੇ ਜੂਝ ਰਹੇ ਸਿੰਘਾਂ ਨਾਲ ਆ ਰਲੇ। (ਸਰਦਾਰ ਜੱਸਾ ਸਿੰਘ ਜੀ ਨੇ ਅਦੀਨਾ ਬੇਗ ਨੂੰ ਕਿਹਾ ਕਿ ਜਿੰਨੇ ਦਿਨ ਮੈਂ ਤੁਹਾਡੇ ਕੋਲ ਨੌਕਰੀ ਕੀਤੀ ਹੈ, ਉਸ ਦਾ ਹਿਸਾਬ ਕਰੋ। ਜੱਸਾ ਸਿੰਘ ਰਾਮਗੜ੍ਹੀਆ ਆਪਣਾ ਸਾਰਾ ਹਿਸਾਬ ਚੁਕਾ ਭਾਰੀ ਮੁਸੀਬਤ ਦੇ ਸਮੇਂ ਵਿੱਚ ਆਪਣੇ ਨਾਲ 100 ਸਿੰਘਾਂ ਨੂੰ ਲੈ ਕੇ ਰਾਮ - ਰਾਉਣੀ ਦੇ ਕਿਲੇ ਵਿੱਚ ਪ੍ਰਵੇਸ਼ ਕਰ ਗਏ ਤੇ ਬਾਕੀ ਸਿੰਘਾਂ ਨਾਲ ਹੀ ਸ਼ਹੀਦ ਹੋਣ ਨੂੰ ਤਿਆਰ ਹੋ ਗਏ। ਦੁਸ਼ਮਣ ਰਾਮ- ਰਾਉਣੀ ਦੇ ਕਿਲੇ 'ਤੇ ਕਬਜ਼ਾ ਨਹੀਂ ਕਰ ਸਕੇ ਕਿਉਂਕਿ ਸਿੰਘ ਪਹਿਲਾ ਵੀ ਜੂਝ ਰਹੇ ਸਨ ਤੇ ਹੁਣ ਸਰਦਾਰ ਹੋਰਾਂ ਦੇ ਆਉਣ ਕਰਕੇ ਸ਼ਕਤੀ 'ਚ ਹੋਰ ਵਾਧਾ ਹੋ ਗਿਆ ਸੀ। ਉਸ ਸਮੇਂ ਖਾਲਸਾ ਪੰਥ ਨੇ ਖ਼ੁਸ਼ ਹੋ ਕੇ ਸਰਦਾਰ ਜੱਸਾ ਸਿੰਘ ਜੀ ਦਾ ਸਤਿਕਾਰ ਕਰਦੇ ਹੋਏ ਰਾਮ - ਰਾਉਣੀ ਦਾ ਕਿਲਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਦੇਖ ਰੇਖ ਅਧੀਨ ਕਰ ਦਿੱਤਾ।

**ਲੱਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥**

ਸ੍ਰ. ਸੁਖਵਿੰਦਰ ਸਿੰਘ ਗੋਗੀ ਅਤੇ ਸਰਦਾਰਨੀ ਸੁਖਵਿੰਦਰ ਕੌਰ ਦੇ ਸਪੁੱਤਰ ਕਾਕਾ ਹਰਜੀਵ ਸਿੰਘ ਦੇ ਜਨਮ ਦਿਨ ਉਪਰ ਸਮੂਹ ਪਰਿਵਾਰ ਵਲੋਂ 18 ਮਈ ਨੂੰ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਓਟ ਆਸਰਾ ਲੈਕੇ ਜਨਮ ਦਿਨ ਖੁਸ਼ੀਆਂ ਤੇ ਚਾਵਾਂ ਨਾਲ ਮਨਾਇਆ ਗਿਆ ਜਿਸ ਵਿੱਚ ਸਮੂਹ ਪ੍ਰਵਾਰ ਨੇ ਹਾਜ਼ਰੀ ਭਰੀ ਅਤੇ ਪ੍ਰਵਾਰ ਨਾਲ ਖੁਸ਼ੀਆਂ ਸਾਂਝੀਆਂ ਕੀਤੀਆਂ। 'ਸਾਡੇ ਲੋਕ' ਅਖਬਾਰ ਦੇ ਸਮੂਹ ਪ੍ਰਵਾਰ ਵਲੋਂ ਪੰਥ ਦੇ ਸੇਵਾਦਾਰ ਨੌਜਵਾਨ ਆਗੂ ਸਰਦਾਰ

**ਸੁਖਵਿੰਦਰ ਸਿੰਘ ਗੋਗੀ ਅਤੇ ਬੀਬੀ ਸੁਖਵਿੰਦਰ ਕੌਰ ਅਤੇ ਸਮੂਹ ਪ੍ਰਵਾਰ ਨੂੰ ਲੱਖ-ਲੱਖ ਵਾਧਾਈਆਂ**































# ਆਪ੍ਰੇਸ਼ਨ ਸਿੰਦੂਰ ਗਲੋਬਲ ਆਊਟਰੀਚ ਲਈ ਇੱਕ ਮੀਟਿੰਗ ਦੌਰਾਨ ਸ਼੍ਰੀਕਾਂਤ ਸ਼ਿੰਦੇ ਦੀ ਅਗਵਾਈ ਵਿੱਚ ਸਰਬ ਪਾਰਟੀ ਵਫ਼ਦ




ਅਬੂ ਧਾਬੀ : ਵੀਰਵਾਰ ਨੂੰ ਆਪ੍ਰੇਸ਼ਨ ਸਿੰਦੂਰ ਗਲੋਬਲ ਆਊਟਰੀਚ ਲਈ ਇੱਕ ਮੀਟਿੰਗ ਦੌਰਾਨ ਰੱਖਿਆ ਮਾਮਲਿਆਂ, ਗ੍ਰਹਿ ਅਤੇ ਵਿਦੇਸ਼ ਮਾਮਲਿਆਂ ਦੀ ਕਮੇਟੀ ਦੇ ਚੇਅਰਮੈਨ ਅਲੀ ਅਲ ਨੁਈਮੀ ਨਾਲ ਇੱਕ ਸਮੂਹ ਤਸਵੀਰ ਵਿੱਚ ਸ਼ਿਵ ਸੈਨਾ ਦੇ ਸੰਸਦ ਮੈਂਬਰ ਸ਼੍ਰੀਕਾਂਤ ਸ਼ਿੰਦੇ ਦੀ ਅਗਵਾਈ ਵਿੱਚ ਇੱਕ ਸਰਬ ਪਾਰਟੀ ਵਫ਼ਦ। ਯੂਏਈ ਵਿੱਚ ਭਾਰਤੀ ਰਾਜਦੂਤ ਸੰਜੇ ਸੁਧੀਰ, ਭਾਜਪਾ ਸੰਸਦ ਮੈਂਬਰ ਬਾਂਸੁਰੀ ਸਵਰਾਜ, ਅਤੁਲ ਗਰਗ, ਮਨਨ ਕੁਮਾਰ ਮਿਸ਼ਰਾ, ਆਈਯੂਐਮਐਲ ਸੰਸਦ ਮੈਂਬਰ ਮੁਹੰਮਦ ਬਸ਼ੀਰ, ਸਾਬਕਾ ਭਾਜਪਾ ਸੰਸਦ ਮੈਂਬਰ ਐਸਐਸ ਆਹਲੂਵਾਲੀਆ, ਇੰਸਟੀਚਿਊਟ ਫਾਰ ਡਿਫੈਂਸ ਸਟੱਡੀਜ਼ ਐਂਡ ਐਨਾਲਿਸਿਸ ਦੇ ਡਾਇਰੈਕਟਰ ਜਨਰਲ, ਸੁਜਾਨ ਆਰ. ਚਿਨੋਏ, ਬੀਜੇਡੀ ਸੰਸਦ ਮੈਂਬਰ ਸਸਮਿਤ ਪਾਤਰਾ ਅਤੇ ਹੋਰ ਵੀ ਦਿਖਾਈ ਦਿੱਤੇ।

## ਭਾਜਪਾ ਸਮਰਥਕਾਂ ਨੇ ਆਪ੍ਰੇਸ਼ਨ ਸਿੰਦੂਰ ਦੀ ਸਫਲਤਾ ਦੀ ਯਾਦ ਵਿੱਚ 'ਤਿਰੰਗਾ ਯਾਤਰਾ' ਵਿੱਚ ਹਿੱਸਾ ਲਿਆ



ਅੰਮ੍ਰਿਤਸਰ: ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸਮਰਥਕਾਂ ਨੇ ਮੰਗਲਵਾਰ ਨੂੰ ਅੰਮ੍ਰਿਤਸਰ ਵਿੱਚ ਆਪ੍ਰੇਸ਼ਨ ਸਿੰਦੂਰ ਦੀ ਸਫਲਤਾ ਦੀ ਯਾਦ ਵਿੱਚ ਬੈਨਰ ਅਤੇ ਰਾਸ਼ਟਰੀ ਝੰਡਾ ਫੜ ਕੇ 'ਤਿਰੰਗਾ ਯਾਤਰਾ' ਵਿੱਚ ਹਿੱਸਾ ਲਿਆ।

## ਭਾਜਪਾ ਮਹਿਲਾ ਮੋਰਚਾ ਸਮਰਥਕਾਂ ਨੇ ਅਹਿਲਿਆ ਬਾਈ ਹੋਲਕਰ ਦੀ ਜਨਮ ਵਰ੍ਹੇਗੰਢ ਮੌਕੇ ਇੱਕ ਰੈਲੀ ਵਿੱਚ ਹਿੱਸਾ ਲਿਆ



ਭੋਪਾਲ: ਭਾਰਤੀ ਜਨਤਾ ਪਾਰਟੀ (ਭਾਜਪਾ) ਮਹਿਲਾ ਮੋਰਚਾ ਸਮਰਥਕਾਂ ਨੇ ਬੁੱਧਵਾਰ ਨੂੰ ਭੋਪਾਲ ਵਿੱਚ ਅਹਿਲਿਆ ਬਾਈ ਹੋਲਕਰ ਦੀ 300ਵੀਂ ਜਨਮ ਵਰ੍ਹੇਗੰਢ ਮੌਕੇ ਇੱਕ ਰੈਲੀ ਵਿੱਚ ਹਿੱਸਾ ਲਿਆ।

## ਭਾਰਤੀ ਫ਼ੌਜਾਂ ਦੇ ਸਨਮਾਨ 'ਚ ਨੌਜਵਾਨਾਂ ਵੱਲੋਂ ਖ਼ਾਲਸਾ ਤਿਰੰਗਾ ਯਾਤਰਾ

ਨਵੀਂ ਦਿੱਲੀ : ਭਾਰਤੀ ਹਥਿਆਰਬੰਦ ਸੈਨਾਵਾਂ ਦੇ ਸਨਮਾਨ ਵਿੱਚ ਸਿੱਖ ਨੌਜਵਾਨਾਂ ਵੱਲੋਂ ਖ਼ਾਲਸਾ ਤਿਰੰਗਾ ਯਾਤਰਾ ਕੱਢੀ ਗਈ ਜਿਸ ਦਾ ਪ੍ਰਬੰਧ ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਕੀਤਾ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਈ ਆਗੂ ਵੀ ਸ਼ਾਮਲ ਹੋਏ। ਅੱਜ ਇੱਥੇਂ ਦੇ ਤਾਲਕਟੋਰਾ ਸਟੇਡੀਅਮ ਤੋਂ ਤਿਰੰਗਾ ਯਾਤਰਾ ਨੂੰ ਮੁੱਖ ਮੰਤਰੀ ਰੇਖਾ ਗੁਪਤਾ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਅਤੇ ਯਾਤਰਾ ਕਰਤੱਵਿਆ ਮਾਰਗ ਤੋਂ ਹੁੰਦੀ ਹੋਈ ਸਮਾਪਤ ਹੋਈ। ਯਾਤਰਾ ਵਿੱਚ ਮੋਟਰਸਾਈਕਲ ਸਵਾਰ ਨੌਜਵਾਨ ਸ਼ਾਮਲ ਹੋਏ ਅਤੇ ਉਨ੍ਹਾਂ ਨੂੰ ਮੋਟਰਸਾਈਕਲਾਂ 'ਤੇ ਤਿਰੰਗਾ ਲੈ ਕੇ ਅਤੇ ਦੇਸ਼ ਭਗਤੀ ਦੇ ਨਾਅਰੇ ਲਗਾਉਂਦੇ ਦੇਖਿਆ ਗਿਆ। ਕਈ ਨੌਜਵਾਨਾਂ ਨੇ ਭਗਵੀਆਂ ਪੱਗਾਂ ਬੰਨ੍ਹੀਆਂ ਹੋਈਆਂ ਸਨ ਮੁੱਖ ਮੰਤਰੀ ਤੋਂ ਇਲਾਵਾ ਉਨ੍ਹਾਂ ਦੇ ਕੈਬਨਿਟ ਸਾਥੀ ਮਨਜਿੰਦਰ ਸਿੰਘ ਸਿਰਸਾ ਅਤੇ ਆਸ਼ੀਸ਼ ਸੂਦ ਵੀ ਯਾਤਰਾ ਵਿੱਚ ਸ਼ਾਮਲ ਹੋਏ। ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਸਾਡੇ ਫੌਜੀ ਪਾਕਿਸਤਾਨ ਵਿੱਚ ਦਾਖਲ ਹੋਏ ਅਤੇ ਅਤਿਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ। ਅਸੀਂ ਇਨ੍ਹਾਂ ਬਹਾਦਰ ਸੈਨਿਕਾਂ ਦੀਆਂ ਮਾਵਾਂ ਨੂੰ ਸਲਾਮ ਕਰਦੇ ਹਾਂ ਅਤੇ ਮੱਥਾ ਟੇਕਦੇ ਹਾਂ। ਸਿਰਸਾ ਵੱਲੋਂ ਕਾਂਗਰਸ ਦੇ ਆਗੂ ਰਾਹੁਲ ਗਾਂਧੀ ਦੀ ਆਲੋਚਨਾ ਵੀ ਕੀਤੀ ਗਈ।



## 'ਅਪਰੇਸ਼ਨ ਸਿੰਧੂਰ' ਰਾਹੀਂ ਪਾਕਿ ਨੂੰ ਦਿੱਤਾ ਸਖ਼ਤ ਸੁਨੇਹਾ: ਜਨਰਲ ਕਟਿਆਰ

### ਪੱਛਮੀ ਕਮਾਂਡ ਦੇ ਮੁਖੀ ਮੁਤਾਬਕ ਪਾਕਿ ਖ਼ਿਲਾਫ਼ ਭਾਰਤ ਨੇ ਬਦਲੀ ਰਣਨੀਤਕ ਸੋਚ

ਚੰਡੀਗੜ੍ਹ : ਭਾਰਤ ਨੇ ਪਹਿਲਗਾਮ 'ਚ ਪਾਕਿਸਤਾਨ ਦੇ ਦਹਿਸ਼ਤੀ ਕਾਰੇ ਨੂੰ ਨਾ ਸਿਰਫ਼ ਲਹਿੰਦੇ ਪੰਜਾਬ 'ਚ ਮਿਜ਼ਾਈਲਾਂ ਰਾਹੀਂ ਹਮਲੇ ਕਰਕੇ ਸਜ਼ਾ ਦਿੱਤੀ ਹੈ ਸਗੋਂ ਉਸ ਦੀ ਪਰਮਾਣੂ ਹਮਲੇ ਦੀ ਧਮਕੀ ਨੂੰ ਅਣਗੌਲਿਆ ਕਰਕੇ ਆਪਣੇ ਇਰਾਦਿਆਂ ਅਤੇ ਸਮਰੱਥਾ ਦਾ ਮਜ਼ਬੂਤ ਸੁਨੇਹਾ ਵੀ ਦਿੱਤਾ ਹੈ। 'ਟ੍ਰਿਬਿਊਨ ਸਮੂਹ' ਨੂੰ ਦਿੱਤੀ ਵਿਸ਼ੇਸ਼ ਇੰਟਰਵਿਊ 'ਚ ਪੱਛਮੀ ਕਮਾਂਡ ਦੇ ਜਨਰਲ ਆਫ਼ੀਸਰ ਕਮਾਂਡਿੰਗ-ਇਨ-ਚੀਫ਼ ਲੈਫ਼ਟੀਨੈਂਟ ਜਨਰਲ ਮਨੋਜ ਕੁਮਾਰ ਕਟਿਆਰ ਨੇ ਦੱਸਿਆ ਕਿ ਭਾਰਤ ਨੇ 2002 'ਚ 'ਅਪਰੇਸ਼ਨ ਪਰਾਕ੍ਰਮ' ਮਗਰੋਂ ਆਪਣੀ ਰਣਨੀਤਕ ਸੋਚ 'ਚ ਬਦਲਾਅ ਲਿਆਂਦਾ ਹੈ ਜਿਸ 'ਚ ਪਾਕਿਸਤਾਨੀ ਪੰਜਾਬ ਦੇ ਨਾਲ ਨਾਲ ਗੁਆਂਢੀ ਮੁਲਕ ਦੇ 11 ਏਅਰਬੇਸਾਂ 'ਤੇ ਜ਼ੋਰਦਾਰ ਅਤੇ ਸਟੀਕ ਹਮਲੇ ਕੀਤੇ ਗਏ। ਜਨਰਲ ਕਟਿਆਰ ਨੇ ਕਿਹਾ, "ਪਾਕਿਸਤਾਨ ਅੰਦਰ ਜਾ ਕੇ ਹਮਲਾ ਕਰਕੇ ਅਸੀਂ ਆਪਣੀ ਇੱਛਾ ਮੁਤਾਬਕ ਸਮੇਂ ਅਤੇ ਸਥਾਨ ਦੀ ਚੋਣ ਕੀਤੀ ਅਤੇ ਹਮਲਾ ਕਰਨ ਦਾ ਅਹਿਦ ਪੂਰਾ ਕੀਤਾ। ਪਾਕਿਸਤਾਨੀ ਆਗੂਆਂ ਨੂੰ ਭਾਰਤੀ ਲੀਡਰਸ਼ਿਪ ਦੀ ਮਨਸ਼ਾ ਅਤੇ ਭਾਰਤੀ ਫੌਜ ਦੀ ਸਮਰੱਥਾ ਬਾਰੇ ਸੁਨੇਹਾ ਮਿਲ ਗਿਆ ਹੈ।" ਚੰਡੀਮੰਦਰ ਸਥਿਤ ਪੱਛਮੀ ਕਮਾਂਡ ਦੇ ਦਫ਼ਤਰ 'ਚ ਗੱਲਬਾਤ ਕਰਦਿਆਂ ਜਨਰਲ ਕਟਿਆਰ ਨੇ ਕਿਹਾ ਕਿ ਭਾਰਤ ਨੇ ਪਾਕਿਸਤਾਨ ਦੀਆਂ ਪਰਮਾਣੂ ਚਿਤਾਵਨੀਆਂ ਨੂੰ ਉਜਾਗਰ ਕੀਤਾ ਸੀ ਜਿਸ ਦਾ ਖ਼ਤਰਾ ਉਪ ਮਹਾਦੀਪ 'ਤੇ 1998 ਤੋਂ ਮੰਡਰਾ ਰਿਹਾ ਸੀ। ਪਾਕਿਸਤਾਨ ਸੋਚਦਾ ਸੀ ਕਿ ਉਹ ਭਾਰਤ ਖ਼ ?ਲਾਫ਼ ਵਾਰ ਵਾਰ ਦਹਿਸ਼ਤੀ ਹਮਲੇ ਕਰ ਸਕਦਾ ਹੈ ਅਤੇ ਉਸ ਦਾ ਮੰਨਣਾ ਸੀ ਕਿ ਸੰਭਾਵੀ ਪਰਮਾਣੂ ਜੰਗ ਖ਼ ?ਲਾਫ਼ ਕੌਮਾਂਤਰੀ ਦਬਾਅ ਹੇਠ ਭਾਰਤ ਜਵਾਬੀ ਕਾਰਵਾਈ ਨਹੀਂ ਕਰੇਗਾ। ਜਨਰਲ ਕਟਿਆਰ ਨੇ ਕਿਹਾ ਕਿ 'ਅਪਰੇਸ਼ਨ ਸਿੰਧੂਰ' ਨਾਲ ਭਾਰਤ ਨੇ ਪਾਕਿਸਤਾਨ ਦੀ ਪਰਮਾਣੂ ਸਬੰਧੀ ਧਮਕੀਆਂ ਨੂੰ ਸਭ ਦੇ ਸਾਹਮਣੇ ਲਿਆ ਦਿੱਤਾ ਹੈ। ਉਨ੍ਹਾਂ ਕਿਹਾ ਕਿ 'ਅਪਰੇਸ਼ਨ ਸਿੰਧੂਰ' ਨੇ ਪਾਕਿਸਤਾਨੀ ਫੌਜ ਅਤੇ ਦਹਿਸ਼ਤੀ ਗੁੱਟਾਂ ਵਿਚਾਲੇ ਸਬੰਧਾਂ ਦਾ ਖ਼ੁਲਾਸਾ ਵੀ ਕਰ ਦਿੱਤਾ ਹੈ। ਉਨ੍ਹਾਂ ਕਿਹਾ, "ਪਾਕਿਸਤਾਨ ਦੀ ਆਈਐੱਸਆਈ ਅਤੇ ਪਾਕਿਸਤਾਨ ਵਿੱਚ ਵੱਖ-ਵੱਖ ਤਨਜ਼ੀਮਾਂ (ਅਤਿਵਾਦੀ ਸਮੂਹਾਂ) ਵਿਚਕਾਰ ਸਬੰਧਾਂ ਨੂੰ ਚੰਗੀ ਤਰ੍ਹਾਂ ਦਸਤਾਵੇਜ਼ੀ ਰੂਪ ਦਿੱਤਾ ਗਿਆ ਹੈ।" ਉਨ੍ਹਾਂ ਕਿਹਾ, "ਦੁਨੀਆ ਨੂੰ ਅਤਿਵਾਦ ਅਤੇ ਪਾਕਿਸਤਾਨੀ ਫੌਜ ਦਰਮਿਆਨ ਮਿਲੀਭੁਗਤ ਦਾ ਨੋਟਿਸ ਲੈਣਾ ਚਾਹੀਦਾ ਹੈ।"



ਜਨਰਲ ਕਟਿਆਰ ਨੇ ਸਬੂਤ ਵਜੋਂ ਪਾਕਿਸਤਾਨੀ ਪੰਜਾਬ ਦੇ ਮੁਰੀਦਕੇ ਅਤੇ ਬਹਾਵਲਪੁਰ ਵਿੱਚ ਅਤਿਵਾਦੀ ਕੈਂਪਾਂ 'ਤੇ ਹਮਲਿਆਂ ਵਿੱਚ ਮਾਰੇ ਗਏ ਅਤਿਵਾਦੀਆਂ ਦੀਆਂ ਅੰਤਿਮ ਰਸਮਾਂ ਵਿੱਚ ਸ਼ਾਮਲ ਹੋਏ ਪਾਕਿਸਤਾਨੀ ਫੌਜ ਦੇ ਅਧਿਕਾਰੀਆਂ ਦੀਆਂ ਤਸਵੀਰਾਂ ਦਾ ਹਵਾਲਾ ਦਿੰਦਿਆਂ ਸਵਾਲ ਕੀਤਾ, "ਨਹੀਂ ਤਾਂ ਤੁਸੀਂ ਪਾਕਿਸਤਾਨੀ ਫੌਜੀਆਂ ਨੂੰ ਇਨ੍ਹਾਂ ਅੰਤਿਮ ਰਸਮਾਂ ਵਿੱਚ ਸ਼ਾਮਲ ਹੋਣ ਕਿਉਂ ਦੇਵੋਗੇ?" ਫੌਜ ਦੇ ਕਮਾਂਡਰ ਨੇ 2002 ਵਿੱਚ 'ਅਪਰੇਸ਼ਨ ਪਰਾਕ੍ਰਮ' ਮਗਰੋਂ ਭਾਰਤ ਦੇ ਰਣਨੀਤਕ ਸਿਧਾਂਤ ਵਿੱਚ ਆਈ ਤਬਦੀਲੀ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਦਸੰਬਰ 2001 ਵਿੱਚ ਸੰਸਦ 'ਤੇ ਹੋਏ ਅਤਿਵਾਦੀ ਹਮਲੇ ਮਗਰੋਂ ਭਾਰਤੀ ਫੌਜ ਦਸ ਮਹੀਨੇ ਤੱਕ ਪੱਛਮੀ ਸਰਹੱਦ 'ਤੇ ਤਾਇਨਾਤ ਰਹੀ ਸੀ ਅਤੇ ਇਸ ਦੌਰਾਨ ਉਸ ਨੇ ਇੱਕ ਵੀ ਗੋਲੀ ਨਹੀਂ ਚਲਾਈ ਸੀ। ਉਨ੍ਹਾਂ ਕਿਹਾ, "2001-02 ਵਿੱਚ ਅਪਰੇਸ਼ਨ ਪਰਾਕ੍ਰਮ ਮਗਰੋਂ ਸੋਚ ਧਮਕਾਉਣ ਦੀ ਥਾਂ ਸਜ਼ਾ ਦੇਣ ਵਿੱਚ ਬਦਲ ਗਈ। ਅਸੀਂ ਇਸ ਨੂੰ 2016 ਵਿੱਚ ਉੜੀ ਤੋਂ ਬਾਅਦ ਵਾਪਰਦਾ ਦੇਖਿਆ। ਅਸੀਂ ਇਸ ਨੂੰ 2019 ਵਿੱਚ ਪੁਲਵਾਮਾ ਮਗਰੋਂ ਹੁੰਦਾ ਦੇਖਿਆ। ਹੁਣ ਅਸੀਂ ਅਪਰੇਸ਼ਨ ਸਿੰਧੂਰ ਵਿੱਚ ਜੋ ਕੀਤਾ ਉਹ ਬਿਲਕੁਲ ਵੱਖਰੇ ਪੱਧਰ ਦਾ ਹੈ। ਇਸ ਦਾ ਦਾਇਰਾ ਬਹੁਤ ਵਿਸ਼ਾਲ ਸੀ।"

ਜਨਰਲ ਨੇ ਕਿਹਾ ਕਿ ਪਹਿਲਗਾਮ ਕਤਲੇਆਮ ਤੋਂ ਬਾਅਦ ਪਾਕਿਸਤਾਨੀ ਫੌਜ ਨੇ ਸਰਹੱਦੀ ਖੇਤਰਾਂ ਵਿੱਚ ਆਪਣੀ ਤਾਇਨਾਤੀ ਵਧਾ ਕੇ ਜ਼ਿਆਦਾਤਰ ਅਗਲੀਆਂ ਚੌਕੀਆਂ 'ਤੇ ਕਬਜ਼ਾ ਕਰ ਲਿਆ ਸੀ। 'ਅਪਰੇਸ਼ਨ ਸਿੰਧੂਰ' ਨੂੰ ਅੰਜਾਮ ਦੇਣ ਵਿੱਚ ਤਿੰਨਾਂ ਸੈਨਾਵਾਂ ਦਰਮਿਆਨ ਤਾਲਮੇਲ ਦਾ ਜ਼ਿਕਰ ਵੀ ਕੀਤਾ।

## ਔਰਤ ਨੂੰ ਜ਼ਿੰਦਾ ਸਾੜਨ ਦੇ ਦੋਸ਼ 'ਚ 13 ਸਾਲ ਬਾਅਦ ਵਿਅਕਤੀ ਨੂੰ ਮੌਤ ਦੀ ਸਜ਼ਾ

ਹੰਟਸਵਿਲੇ, ਟੈਕਸਾਸ : ਅਮਰੀਕਾ ਦੇ ਟੈਕਸਾਸ ਵਿੱਚ ਮੰਗਲਵਾਰ ਸ਼ਾਮ ਨੂੰ ਇੱਕ ਵਿਅਕਤੀ ਨੂੰ ਘਾਤਕ ਟੀਕਾ ਲਗਾ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। 13 ਸਾਲ ਪਹਿਲਾਂ 20 ਮਈ ਨੂੰ ਉਸਨੇ ਡੱਲਾਸ ਵਿੱਚ ਇੱਕ ਸਟੋਰ ਲੁੱਟਦੇ ਸਮੇਂ ਇੱਕ ਔਰਤ ਨੂੰ ਅੱਗ ਲਗਾ ਦਿੱਤੀ ਸੀ। ਅਧਿਕਾਰੀਆਂ ਨੇ ਦੱਸਿਆ ਕਿ 49 ਸਾਲਾ ਮੈਥਿਊ ਲੀ ਜੌਹਨਸਨ ਨੂੰ ਹੰਟਸਵਿਲ ਦੀ ਸਟੇਟ ਜੇਲ੍ਹ ਵਿੱਚ ਘਾਤਕ ਟੀਕਾ ਲਗਾਇਆ ਗਿਆ ਅਤੇ ਸ਼ਾਮ 6:53 ਵਜੇ ਉਸਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਜੌਹਨਸਨ ਨੂੰ 20 ਮਈ, 2012 ਨੂੰ ਡੱਲਾਸ ਦੇ ਉਪਨਗਰ ਗਾਰਲੈਂਡ ਵਿੱਚ 76 ਸਾਲਾ ਨੈਨਸੀ ਹੈਰਿਸ 'ਤੇ ਜਲਣਸ਼ੀਲ ਪਦਾਰਥ ਪਾ ਕੇ ਅੱਗ ਲਗਾਉਣ ਦਾ ਦੋਸ਼ੀ ਠਹਿਰਾਇਆ ਗਿਆ ਸੀ। ਹਮਲੇ ਤੋਂ ਕੁਝ ਦਿਨਾਂ ਬਾਅਦ ਇਲਾਜ ਦੌਰਾਨ ਹੈਰਿਸ ਦੀ ਮੌਤ ਹੋ ਗਈ। ਹੈਰਿਸ ਨੇ ਸਟੋਰ ਵਿੱਚ 10 ਸਾਲਾਂ ਤੋਂ ਵੱਧ ਸਮੇਂ ਤੋਂ ਕੰਮ ਕੀਤਾ ਸੀ। ਉਹ ਆਪਣੇ ਪਿੱਛੇ ਚਾਰ ਪੁੱਤਰ, 11 ਪੋਤੇ-ਪੋਤੀਆਂ ਅਤੇ ਸੱਤ ਪੜਪੋਤੇ-ਪੜਪੋਤੀਆਂ ਛੱਡ ਗਈ। ਜਦੋਂ ਜੇਲ੍ਹ ਵਾਰਡਨ ਵੱਲੋਂ ਅੰਤਿਮ ਬਿਆਨ ਮੰਗਿਆ ਗਿਆ, ਤਾਂ ਜੌਹਨਸਨ ਨੇ ਪੀੜਤ ਪਰਿਵਾਰ ਵੱਲ ਦੇਖਿਆ



ਅਤੇ ਇਹ ਕਹਿੰਦੇ ਹੋਏ ਮੁਆਫੀ ਮੰਗੀ, 'ਮੇਰਾ ਇਰਾਦਾ ਕਦੇ ਵੀ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣ ਦਾ ਨਹੀਂ ਸੀ।' ਅਦਾਲਤ ਵਿੱਚ ਜੌਹਨਸਨ ਨੇ ਆਪਣਾ ਅਪਰਾਧ ਕਬੂਲ ਕੀਤਾ ਅਤੇ ਕਿਹਾ ਕਿ ਉਹ ਆਪਣੇ ਕੰਮਾਂ ਨੂੰ ਸਮਝਣ ਵਿੱਚ ਅਸਮਰੱਥ ਸੀ ਕਿਉਂਕਿ ਉਹ ਸ਼ਰਾਬੀ ਸੀ। ਸਰਕਾਰੀ ਵਕੀਲਾਂ ਨੇ ਦੱਸਿਆ ਕਿ ਹੈਰਿਸ ਸਟੋਰ ਵਿੱਚ ਕੰਮ ਕਰ ਰਹੀ ਸੀ ਜਦੋਂ ਜੌਹਨਸਨ ਅੰਦਰ ਆਇਆ, ਉਸ ਨੇ ਉਸਦੇ ਸਿਰ 'ਤੇ ਜਲਣਸ਼ੀਲ ਪਦਾਰਥ ਪਾ ਦਿੱਤਾ ਅਤੇ ਪੈਸੇ ਦੀ ਮੰਗ ਕੀਤੀ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਜੌਹਨਸਨ ਦੇ ਪੈਸੇ ਹੜੱਪਣ ਤੋਂ ਬਾਅਦ ਹੈਰਿਸ ਨੂੰ ਅੱਗ ਲਗਾ ਦਿੱਤੀ ਅਤੇ ਸ਼ਾਂਤੀ ਨਾਲ ਸਟੋਰ ਤੋਂ ਬਾਹਰ ਚਲਾ ਗਿਆ। ਹੈਰਿਸ ਨੇ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ, ਸਟੋਰ ਤੋਂ ਬਾਹਰ ਭੱਜੀ ਅਤੇ ਮਦਦ ਲਈ ਚੀਕਣ ਲੱਗੀ। ਇੱਕ ਪੁਲਸ ਅਧਿਕਾਰੀ ਨੇ ਉਸ ਦੇ ਸਰੀਰ 'ਤੇ ਲੱਗੀ ਅੱਗ ਬੁਝਾਉਣ ਲਈ ਅੱਗ ਬੁਝਾਉਣ ਵਾਲੇ ਯੰਤਰ ਦੀ ਵਰਤੋਂ ਕੀਤੀ। ਜੌਹਨਸਨ ਨੂੰ ਲਗਭਗ ਇੱਕ ਘੰਟੇ ਬਾਅਦ ਗ੍ਰਿਫ਼ਤਾਰ ਕਰ ਲਿਆ ਗਿਆ। ਇੱਕ ਨਰਸ ਅਤੇ ਡਾਕਟਰ ਨੇ ਗਵਾਹੀ ਦਿੱਤੀ ਕਿ ਹੈਰਿਸ ਦੇ ਸਿਰ, ਚਿਹਰੇ, ਗਰਦਨ, ਮੋਢੇ, ਉੱਪਰਲੀ ਬਾਂਹ ਅਤੇ ਲੱਤ ਵਿੱਚ ਗੰਭੀਰ ਜਲਣ ਹੋਈ ਸੀ ਅਤੇ ਮਰਨ ਤੋਂ ਪਹਿਲਾਂ ਉਹ 'ਬਹੁਤ ਜ਼ਿਆਦਾ ਦਰਦ' ਵਿੱਚ ਸੀ।





# ਭਵਿੱਖ ਦਾ ਮਹਾਂਯੋਧਾ ਹੈ ਡਰੋਨ

**ਛੋਟੇ ਆਕਾਰ ਦੇ ਤਰ੍ਹਾਂ-ਤਰ੍ਹਾਂ ਦੇ ਡਰੋਨ ਉਤਮ ਤਕਨੀਕ ਦਾ ਕਮਾਲ ਦਿਖਾਉਂਦੇ ਹੋਏ ਘੱਟ ਖਰਚ ਵਿਚ ਜੰਗ ਦੀ ਬਾਜ਼ੀ ਪਲਟ ਦੇਣ ਵਾਲੇ ਸਾਬਤ ਹੋਣਗੇ। ਸੋ, ਆਉਣ ਵਾਲੇ ਸਮੇਂ 'ਚ ਹੋਣ ਵਾਲੇ ਫ਼ੌਜੀ ਸੰਘਰਸ਼ਾਂ ਵਿਚ ਇਨ੍ਹਾਂ ਦਾ ਹੀ ਬੋਲਬਾਲਾ ਰਹਿਣ ਵਾਲਾ ਹੈ।**

ਬਰਫ਼ੀਲੀ ਰੁੱਤ ਦੀਆਂ ਸਰਦੀਆਂ ਵਿਚ ਰੂਸ ਅਤੇ ਯੂਕਰੇਨ ਦੀ ਜੰਗੀ ਅੱਗ ਤੇਜ਼ ਹੋ ਰਹੀ ਸੀ। ਯੂਕਰੇਨ ਦੀ ਰਾਜਧਾਨੀ ਕੀਵ ਉੱਤੇ ਕਬਜ਼ਾ ਕਰਨ ਲਈ ਰੂਸੀ ਸੈਨਾ ਦਾ 64 ਕਿਲੋਮੀਟਰ ਲੰਮਾ ਵਿਸ਼ਾਲ ਫ਼ੌਜੀ ਕਾਫ਼ਲਾ ਅੱਗੇ ਵਧਿਆ ਪਰ ਫਿਰ ਰੁਕ ਗਿਆ। ਸਰਦ ਹਨੇਰੀਆਂ ਰਾਤਾਂ ਵਿਚ ਰੂਸੀ ਫ਼ੌਜੀ ਆਪਣੇ ਨੂੰ ਗਰਮ ਰੱਖਣ ਲਈ ਟੈਂਕਾਂ, ਗੱਡੀਆਂ ਦੇ ਇੰਜਣ ਚਾਲੂ ਰੱਖਦੇ ਸਨ। ਇੰਫਰਾਰੈੱਡ ਕੈਮਰੇ ਅਤੇ ਹੀਟ ਸੈਂਸਰ ਵਾਲੇ ਬੇ-ਆਵਾਜ਼ ਯੂਕਰੇਨੀ ਡਰੋਨ ਇਨ੍ਹਾਂ ਦੀ ਗਰਮੀ ਨਾਲ ਉਨ੍ਹਾਂ ਦੇ ਟਿਕਾਣੇ ਭਾਂਪ ਕੇ ਸਟੀਕ ਵਾਰ ਕਰ ਕੇ ਉਨ੍ਹਾਂ ਨੂੰ ਤਬਾਹ ਕਰ ਰਹੇ ਸਨ। ਮਹਾਸ਼ਕਤੀ ਰੂਸ ਦੇ ਕੀਵ 'ਤੇ ਕਬਜ਼ਾ ਕਰਨ ਦੇ ਮਨਸੂਬਿਆਂ 'ਤੇ ਮਾਮੂਲੀ ਡਰੋਨਾਂ ਨੇ ਪਾਣੀ ਫੇਰ ਦਿੱਤਾ। ਅਜ਼ਰਬਾਈਜਾਨ ਅਤੇ ਆਰਮੀਨੀਆ ਦੀ ਜੰਗ ਦਾ ਰੁਖ ਡਰੋਨਾਂ ਨੇ ਕਿਸ ਤਰ੍ਹਾਂ ਪਲਟਿਆ ਸੀ, ਸਭ ਨੇ ਦੇਖਿਆ ਹੈ।

ਈਰਾਨ, ਇਜ਼ਰਾਈਲ, ਅਮਰੀਕਾ, ਰੂਸ, ਚੀਨ, ਤੁਰਕੀ ਵਰਗੇ ਦੇਸ਼ਾਂ ਦੀ ਡਰੋਨ ਸਰਗਰਮੀ ਦੇਖ ਕੇ ਨਾਈਜ਼ੀਰੀਆ, ਅਮੀਰਾਤ, ਮਿਸਰ, ਬਰਮਾ ਅਤੇ ਫਿਨਲੈਂਡ ਵਰਗੇ ਦੇਸ਼ ਵੀ ਫੌਜੀ ਡਰੋਨ ਖ਼ਰੀਦ ਰਹੇ ਹਨ, ਤਾਂ ਅੱਤਵਾਦੀ ਸੰਗਠਨ ਅਤੇ ਕੱਟੜਪੰਥੀ ਗੁੱਟ ਵੀ ਪਿੱਛੇ ਨਹੀਂ ਰਹੇ। ਭਾਰਤ ਨੇ 'ਆਪ੍ਰੇਸ਼ਨ ਸੰਧੂਰ' ਰਾਹੀਂ ਬਿਨਾਂ ਸਰਹੱਦ ਪਾਰ ਕੀਤਿਆਂ ਡਰੋਨਾਂ ਜ਼ਰੀਏ ਪਾਕਿਸਤਾਨੀ ਅੱਤਵਾਦੀ ਟਿਕਾਣਿਆਂ ਉੱਤੇ ਜੋ ਬੇਹੱਦ ਸਟੀਕ ਹਮਲੇ ਕੀਤੇ, ਦੇਸ਼-ਵਿਦੇਸ਼ ਦੇ ਫ਼ੌਜੀ ਮਾਹਿਰ ਉਸ ਨੂੰ ਕਮਾਲ ਦਾ ਮੰਨ ਰਹੇ ਹਨ। ਹੁਣ ਇਹ ਸਾਫ਼ ਹੋ ਗਿਆ ਹੈ ਕਿ ਥਲ ਅਤੇ ਹਵਾਈ ਫ਼ੌਜ ਦੀ ਸੀਮਤ ਵਰਤੋਂ ਕਰਨ ਦੇ ਬਾਵਜੂਦ ਡਰੋਨ ਰਾਹੀਂ ਦੁਸ਼ਮਣ ਦੀਆਂ ਰੱਖਿਆ ਪ੍ਰਣਾਲੀਆਂ ਨੂੰ ਬੇਜਾਨ ਕਰ ਕੇ ਉਸ ਨੂੰ ਗੋਡਿਆਂ ਭਾਰ ਲਿਆਂਦਾ ਜਾ ਸਕਦਾ ਹੈ। ਪਾਕਿਸਤਾਨ ਨੇ ਵੀ ਸਾਡੇ 'ਤੇ ਸੈਂਕੜੇ ਅਸਫ਼ਲ ਹਮਲੇ ਡਰੋਨਾਂ ਨਾਲ ਹੀ ਕੀਤੇ ਹਨ। ਪਿਛਲੇ ਕੁਝ ਸਾਲਾਂ ਵਿਚ ਸਾਬਤ ਹੋ ਚੁੱਕਾ ਹੈ ਕਿ ਡਰੋਨ ਯੁੱਧ ਦੀ ਬਣਤਰ ਵਿਚ ਬਦਲਾਅ ਲਿਆਉਣ ਅਤੇ ਮਨੁੱਖ-ਰਹਿਤ ਹਵਾਈ ਪ੍ਰਣਾਲੀਆਂ ਦੇ ਦਬਦਬੇ ਵਾਲੇ ਨਵੇਂ ਯੁੱਗ ਦਾ ਆਰੰਭ ਹੋ ਚੁੱਕਾ ਹੈ। ਹਵਾ, ਜ਼ਮੀਨ, ਸਮੁੰਦਰ ਤਲ ਦੇ ਹੇਠਾਂ ਰਹਿਣ ਦੀ ਤਾਕਤ ਰੱਖਣ ਵਾਲੇ ਡਰੋਨ ਫੌਜੀ ਰਣਨੀਤੀਆਂ ਦਾ ਹਿੱਸਾ ਹੋਣ ਦੇ ਨਾਲ-ਨਾਲ ਭਵਿੱਖ ਦੇ ਯੋਧਿਆਂ ਦਾ ਆਧਾਰ ਬਣਨਗੇ, ਇਸ ਨਾਲ ਯਕੀਨਨ ਹੀ ਫ਼ੌਜਾਂ ਦੇ ਯੁੱਧ ਲੜਨ ਦੇ ਢੰਗ ਬਦਲ ਜਾਣਗੇ। ਉਹ ਭਵਿੱਖ ਦੇ ਮਹਾਂਯੋਧਾ ਸਾਬਤ ਹੋਣਗੇ। ਇਹ ਤੈਅ ਹੋ ਗਿਆ ਹੈ ਕਿ ਕੁਝ ਹੀ ਸਾਲਾਂ ਬਾਅਦ ਯੁੱਧ ਦਾ ਜੇਤੂ ਉਹੀ ਹੋਵੇਗਾ, ਜਿਸ ਕੋਲ ਸਭ ਤੋਂ ਸ਼ਕਤੀਸ਼ਾਲੀ, ਤਕਨੀਕੀ ਭਿੰਨਤਾ ਅਤੇ ਮੁਹਾਰਤ ਵਾਲੇ ਮਜ਼ਬੂਤ ਤੇ ਸਮਰੱਥ ਡਰੋਨ ਜਾਂ ਫਿਰ ਅਚੂਕ ਤਕਨੀਕ ਵਾਲੇ ਐਂਟੀ ਡਰੋਨ ਡਿਵਾਈਸ ਜਾਂ ਇਨ੍ਹਾਂ ਵਿਚਾਲੇ ਲਜਵਾਬ ਸੰਤੁਲਨ ਹੋਵੇਗਾ।

ਡਰੋਨ ਉੱਡਣ ਵਾਲਾ ਰੋਬੋਟ ਹੈ, ਜਿਸ ਨੂੰ ਸਾਫ਼ਟਵੇਅਰ ਪ੍ਰਣਾਲੀ ਰਾਹੀਂ ਦੂਰ ਬੈਠਿਆਂ ਉਸ ਦੀ ਉਡਾਨ ਯੋਜਨਾ, ਉਡਾਨ ਦੇ ਰਸਤੇ, ਕਾਰਗੁਜ਼ਾਰੀ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ। ਕੁਝ ਮਾਮਲਿਆਂ ਵਿਚ ਇਹ ਲੜਾਕੂ ਜਹਾਜ਼ਾਂ ਦੇ ਇਸ ਤਰ੍ਹਾਂ ਦੇ ਬਦਲ ਸਾਬਤ ਹੋ ਰਹੇ ਹਨ, ਜੋ ਖ਼ਤਰਨਾਕ ਮਿਸ਼ਨਾਂ ਵਿਚ ਮਨੁੱਖੀ ਫ਼ੌਜੀਆਂ ਦੀ ਜ਼ਰੂਰਤ ਨੂੰ ਘੱਟ ਕਰਦੇ ਹਨ। ਫ਼ੌਜੀ ਮੁਹਿੰਮ ਦੀ ਸੁਰੱਖਿਆ ਵਧਾਉਂਦੇ, ਲਾਗਤ, ਰਖ-ਰਖਾਅ 'ਤੇ ਖ਼ਰਚ ਬਚਾਉਂਦੇ ਹਨ। ਸੋ, ਵਿਕਾਸਸ਼ੀਲ ਦੇਸ਼ਾਂ ਲਈ ਬੇਹੱਦ ਫ਼ਾਇਦੇਮੰਦ ਹੈ। ਯੁੱਧ ਮੁਹਿੰਮਾਂ ਲਈ ਬਣੇ ਮਾਈਕ੍ਰੋ, ਮਿੰਨੀ, ਪੋਰਟੇਬਲ, ਲਾਈਟਰਿੰਗ ਐਮਿਉਨੀਸ਼ਨ, ਅੰਡਰਵਾਟਰ, ਸਰਵੀਲਾਂਸ, ਕਾਮਬੇਟ, ਸਵਾਰਮ ਅਤੇ ਹਾਈਬ੍ਰਿਡ ਵਰਗੇ ਖ਼ਾਸ ਮਿਲਟਰੀ ਡਰੋਨ ਕਮੋਬੇਸ਼ ਉਹ ਸਾਰੀ ਭੂਮਿਕਾ ਨਿਭਾ ਸਕਦੇ ਹਨ, ਜੋ ਜਾਂਬਾਜ਼, ਕੁਸ਼ਲ, ਸਿਖਾਂਦਰੂ ਫ਼ੌਜੀ, ਅਨੁਭਵੀ ਪਾਇਲਟ ਸਮੇਤ ਲੜਾਕੂ ਜਹਾਜ਼, ਪਨਡੁੱਬੀਆਂ ਨਿਭਾਉਂਦੇ ਹਨ।

ਉੱਚ-ਰੈਜ਼ਿਉਲਿਊਸ਼ਨ ਵਾਲੇ ਕੈਮਰੇ, ਥਰਮਲ ਇਮੇਜਿੰਗ ਅਤੇ ਰਾਡਾਰ ਨਾਲ ਲੈੱਸ ਡਰੋਨ ਕਿਸੇ ਵੀ ਚੀਜ਼ ਦੀ ਭਾਲ ਕਰ ਸਕਦੇ ਹਨ, ਖ਼ੁਫੀਆ ਜਾਣਕਾਰੀ ਇਕੱਠੀ ਕਰ ਸਕਦੇ ਹਨ, ਉਪਗ੍ਰਹਿਆਂ ਨਾਲ ਬਿਹਤਰ ਗੁਣਵਤਾ ਵਾਲੇ ਫੋਟੋ ਲੈ ਸਕਦੇ ਹਨ, ਦੁਸ਼ਮਣ ਦੇ ਖੇਤਰ ਜਾਂ ਟੀਚੇ ਦਾ ਸਜੀਵ ਵੇਰਵਾ ਦੇ ਕੇ ਕਿਸੇ ਵੀ ਹਰਕਤ 'ਤੇ 360 ਡਿਗਰੀ ਕੋਣ 'ਤੇ ਨਜ਼ਰ ਰੱਖ ਸਕਦੇ ਹਨ। ਹੈਲੀਕਾਪਟਰ ਵਰਗੇ ਡਿਜ਼ਾਈਨ ਵਾਲੇ ਸਿੰਗਲ-ਰੋਟਰ ਡਰੋਨ ਭਾਰੀ ਸਮੱਗਰੀ, ਗੋਲਾ-ਬਾਰੂਦ ਅਤੇ ਹਥਿਆਰ ਕਿਤੇ ਵੀ ਪਹੁੰਚਾ ਸਕਦੇ ਹਨ। ਹਵਾਈ ਜਹਾਜ਼ ਵਰਗੇ ਡਿਜ਼ਾਈਨ ਵਾਲੇ ਡਰੋਨ ਕਿਸੇ ਵੀ ਮੌਸਮ ਵਿਚ ਘੰਟਿਆਂਬੱਧੀ ਉੱਡ ਸਕਦੇ ਹਨ। ਸਵਾਰਮ ਤਕਨੀਕ ਨਾਲ ਇਹ ਝੁੰਡ ਵਿਚ ਹਮਲਾ ਕਰ ਕੇ ਦੁਸ਼ਮਣ ਦੀ ਹਵਾਈ ਰੱਖਿਆ ਪ੍ਰਣਾਲੀ ਨੂੰ ਚਕਮਾ ਦੇ ਸਕਦੇ ਹਨ, ਉਸ ਨੂੰ ਭੁਲੇਖਾ ਪਾਉਣ ਤੋਂ ਇਲਾਵਾ ਉਸ ਦੇ ਸੰਚਾਰ ਸਿਸਟਮ ਨੂੰ ਜਾਮ ਕਰ ਸਕਦੇ ਹਨ। ਬੇ-ਆਵਾਜ਼, ਹੇਠਾਂ ਉਡਾਨ ਭਰ ਕੇ ਰਡਾਰ ਦੀਆਂ ਨਜ਼ਰਾਂ ਵਿਚ ਆਏ ਬਿਨਾਂ ਇਹ ਬੰਬ ਸੁੱਟ ਸਕਦੇ ਹਨ ਅਤੇ ਇਕ ਫਿਦਾਈਨ ਦੀ ਤਰ੍ਹਾਂ ਟੀਚੇ ਨੂੰ ਨਾਲ ਆਤਮਘਾਤੀ ਵਿਸਫੋਟ ਨੂੰ ਅੰਜਾਮ ਦੇ ਸਕਦੇ ਹਨ। ਮੁਸੀਬਤ ਸਮੇਂ ਖੋਜ ਅਤੇ ਬਚਾਅ ਦੇ ਵੀ ਕੰਮ ਆ ਸਕਦੇ ਹਨ।

ਭਵਿੱਖ ਵਿਚ ਆਟੋਨੋਮਸ ਡਰੋਨ ਪਹਿਲਾਂ ਤੋਂ ਬਣੇ ਐਲਗੋਰਿਦਮ ਦੇ ਆਧਾਰ 'ਤੇ ਆਤਮ-ਨਿਰਭਰ ਹੋ ਕੇ ਨਿਸ਼ਾਨੇ ਖ਼ੁਦ ਚੁਣਨਗੇ,

**ਸੰਜੈ ਸ੍ਰੀਵਾਸਤਵ**

ਨਸ਼ਟ ਕਰਨ ਤੋਂ ਬਾਅਦ ਆਪ੍ਰੇਟਰ ਨੂੰ ਦੱਸਣਗੇ ਵੀ। ਡਰੋਨ ਨੂੰ ਇਸ ਤੋਂ ਵੀ ਜ਼ਿਆਦਾ ਹੋਰ ਬਹੁਤ ਕੁਝ ਕਰਨ ਲਈ ਵਿਕਸਿਤ ਕੀਤੇ ਜਾਣ ਦਾ ਕੰਮ ਜਾਰੀ ਹੈ। ਭਾਰਤ ਜੀ.ਪੀ.ਐਸ. ਤੋਂ ਬਿਨਾਂ ਕੰਮ ਕਰਨ ਵਾਲਾ ਏ.ਆਈ.-ਮਜ਼ਬੂਤ ਸਵਦੇਸ਼ੀ ਡਰੋਨ ਬਣਾ ਰਿਹਾ ਹੈ। ਏਨੀ ਸਾਰੀ ਖ਼ਾਸੀਅਤ ਤੋਂ ਬਾਅਦ ਵੀ ਡਰੋਨ ਮਨੁੱਖ-ਰਹਿਤ ਹਨ। ਸੋ, ਅਭਿਆਨ ਦੌਰਾਨ ਸਿਖਾਂਦਰੂ ਫ਼ੌਜੀਆਂ, ਅਧਿਕਾਰੀਆਂ, ਪਾਇਲਟਾਂ ਨੂੰ ਗਵਾਉਣ ਦਾ ਡਰ ਨਹੀਂ, ਫਿਰ ਇਹ ਕਿਸੇ ਫਾਈਟਰ ਜੈੱਟ ਦੇ ਮੁਕਾਬਲੇ ਹਜ਼ਾਰ ਗੁਣਾ ਸਸਤੇ ਵੀ ਹਨ। ਇਹੀ ਵਜ੍ਹਾ ਹੈ ਕਿ ਸੰਸਾਰ ਦੇ ਸਭ ਛੋਟੇ-ਵੱਡੇ ਦੇਸ਼ ਡਰੋਨ ਅਤੇ ਉਸ ਦੀ ਤਕਨੀਕ ਨੂੰ ਹਾਸਲ ਕਰਨ ਤੇ ਖ਼ਰੀਦਣ ਦੀ ਦੌੜ ਵਿਚ ਲੱਗੇ ਹੋਏ ਹਨ।

ਆਪਣਾ ਦੇਸ਼ ਵੀ ਇਸ ਖੇਤਰ ਵਿਚ ਪਿੱਛੇ ਨਹੀਂ ਹੈ। ਮੌਜੂਦਾ ਅਸੀਂ ਆਪਣੇ ਡਰੋਨ ਵਿਕਸਿਤ ਕਰਕੇ ਬਣਾ ਕੇ ਵੇਚ ਵੀ ਰਹੇ ਹਾਂ। 12 ਫ਼ੀਸਦੀ ਸਾਲਾਨਾ ਦੀ ਦਰ ਨਾਲ ਵਧਦੇ ਡਰੋਨਾਂ ਦੇ ਸੰਸਾਰਕ ਬਾਜ਼ਾਰ ਵਿਚ 2030 ਤੱਕ ਸਾਡਾ ਡਰੋਨ ਹੱਬ ਬਣਨਾ ਤੈਅ ਹੈ। ਜਿਵੇਂ-ਜਿਵੇਂ ਭਵਿੱਖ 'ਚ ਗਲੋਬਲ ਫ਼ੌਜੀ ਦ੍ਰਿਸ਼ ਉੱਨਤ ਤਕਨੀਕ ਨਾਲ ਵਿਕਸਿਤ ਹੋਵੇਗਾ, ਤਰ੍ਹਾਂ ਤਰ੍ਹਾਂ ਦੇ ਮਨੁੱਖ-ਰਹਿਤ ਡਰੋਨ ਭਵਿੱਖ ਦੇ ਯੁੱਧ ਖੇਤਰਾਂ 'ਤੇ ਭਾਰੂ ਹੁੰਦੇ ਜਾਣਗੇ। ਜੰਗ ਦੇ ਮੈਦਾਨ ਵਿਚ ਦੁਸ਼ਮਣ ਤੋਂ ਅੱਗੇ ਰਹਿਣ ਲਈ ਇਨ੍ਹਾਂ ਦੀ ਭਰਪੂਰ ਮਦਦ ਲਈ ਜਾਵੇਗੀ। 21ਵੀਂ ਸਦੀ ਦੇ ਸੰਘਰਸ਼ਾਂ ਵਿਚ ਸੰਸਾਰਕ ਸ਼ਕਤੀਆਂ ਜੰਗ ਵਿਚ ਮਹਾਨ ਯੋਧੇ ਡਰੋਨਾਂ 'ਤੇ ਹੀ ਨਿਰਭਰ ਰਹਿਣ ਵਾਲੀਆਂ ਹਨ। ਜ਼ਾਹਿਰ ਹੈ ਕਿ ਆਉਣ ਵਾਲੇ ਯੁੱਧਾਂ ਦੇ ਸਭ ਤੋਂ ਵੱਡੇ ਲੜਾਕੂ ਡਰੋਨ ਹੀ ਰਹਿਣ ਵਾਲੇ ਹਨ।

**ਪਾਕਿਸਤਾਨੀ ਡਰੋਨ**

ਪਾਕਿਸਤਾਨ ਕੋਲ ਖ਼ੁਦ ਦਾ ਸਿਰਫ਼ ਬੁਰਰਾਖ ਡਰੋਨ ਹੈ, ਬਾਕੀ ਉਸ ਨੇ ਤੁਰਕੀ, ਚੀਨ ਵਗੈਰਾ ਤੋਂ ਲਏ ਹਨ।

**ਸ਼ਾਹਪਾਰ, ਸ਼ਾਹਪਾਰ-2** : ਪਾਕਿਸਤਾਨ ਦਾ ਫਲੈਗਸ਼ਿਪ ਡਰੋਨ ਹੈ ਜੋ ਹਜ਼ਾਰ ਕਿੱਲੋਮੀਟਰ ਦੂਰੀ ਅਤੇ 23000 ਫੁੱਟ ਤੱਕ ਉਚਾਈ ਤੈਅ ਕਰ ਸਕਦਾ ਹੈ ਤੇ ਸ਼ਾਹਪਾਰ-3 ਜ਼ਿਆਦਾ ਤੋਂ ਜ਼ਿਆਦਾ 35000 ਫੁੱਟ ਦੀ ਉਚਾਈ ਤੱਕ ਜਾ ਸਕਦਾ ਹੈ। ਇਹ ਲਗਭਗ 500 ਕਿੱਲੋ ਤੱਕ ਦਾ ਭਾਰ ਵੀ ਲੈ ਜਾ ਸਕਦਾ ਹੈ।

**ਸੀ.ਐਚ.-4** : ਇਹ ਉਸ ਨੂੰ ਚੀਨ ਨੇ ਦਿੱਤਾ ਹੈ। 3000-5000 ਕਿੱਲੋਮੀਟਰ ਤੱਕ ਜਾ ਸਕਣ ਵਾਲਾ ਇਹ ਡਰੋਨ ਆਪਣੇ ਨਾਲ 345 ਕਿੱਲੋ ਤੱਕ ਭਾਰ ਲੈ ਸਕਦਾ ਹੈ।

**ਬਾਏਰੈਕਟਾਰ ਟੀ.ਬੀ.-2** : ਇਹ ਬੇਹੱਦ ਉੱਨਤ ਕਿਸਮ ਦਾ ਡਰੋਨ ਉਸ ਨੂੰ ਤੁਰਕੀ ਤੋਂ ਮਿਲਿਆ ਹੈ। 150 ਕਿੱਲੋ ਤੱਕ ਦਾ ਭਾਰ ਲੈ ਕੇ 18000 ਫੁੱਟ 'ਤੇ 27 ਘੰਟੇ ਉੱਡਦਾ ਰਹਿ ਸਕਦਾ ਹੈ।

**ਅਬਾਬੀਲ ਫਾਈਵ** : ਪੰਜ ਕਿੱਲੋ ਤੱਕ ਵਜ਼ਨ ਭਾਵ ਦੋ ਮੋਰਟਾਰ ਗੋਲੇ ਲੈ ਕੇ 30 ਕਿੱਲੋਮੀਟਰ ਦੀ ਰੇਂਜ ਵਿਚ 45 ਕਿੱਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਡੇਢ ਘੰਟੇ ਤੱਕ ਉਡਾਨ ਭਰ ਸਕਦਾ ਹੈ।

**ਅਬਾਬੀਲ-10** : ਇਹ 10 ਕਿੱਲੋਗ੍ਰਾਮ ਭਾਰ ਵਾਲਾ ਹਥਿਆਰ ਲੈ ਕੇ ਰੇਂਜ 30 ਕਿੱਲੋਮੀਟਰ ਦੂਰ ਅਤੇ 3000 ਮੀਟਰ ਦੀ ਉਚਾਈ ਤੱਕ ਉੱਡ ਸਕਦਾ ਹੈ।

**ਸਵਾਰਮ ਡਰੋਨ** : ਸਾਂਝੇ ਟੀਚੇ ਨੂੰ ਹਾਸਲ ਕਰਨ ਲਈ ਸਵਰਾਮ ਡਰੋਨ ਇਸ ਤਰ੍ਹਾਂ ਦੀ ਤਕਨੀਕ ਹੈ, ਜਿਸ ਵਿਚ ਕਈ ਛੋਟੇ ਡਰੋਨ ਇਕੱਠੇ ਕੰਮ ਕਰਦੇ ਹਨ। ਭਾਰਤ ਤੇ ਪਾਕਿਸਤਾਨ ਦੋਵਾਂ ਦੇ ਕੋਲ ਸਵਾਰਮ ਡਰੋਨ ਤਕਨੀਕ ਹੈ। ਇਹ 10-20 ਤੋਂ ਲੈ ਕੇ ਹਜ਼ਾਰ ਦੀ ਗਿਣਤੀ ਵਿਚ ਸ਼ਹਿਦ ਦੀਆਂ ਮੱਖੀਆਂ ਦੀ ਤਰ੍ਹਾਂ ਹਮਲਾ ਕਰਦੇ ਹਨ। ਹਵਾ ਰੱਖਿਆ ਪ੍ਰਣਾਲੀ ਨਾਲ ਮਾਰੇ ਜਾਣ 'ਤੇ ਵੀ ਇਨ੍ਹਾਂ ਵਿਚੋਂ ਕੁਝ ਬਚ ਜਾਂਦੇ ਹਨ ਅਤੇ ਟੀਚੇ 'ਤੇ ਪਹੁੰਚਾ ਕੇ ਨੁਕਸਾਨ ਪਹੁੰਚਾ ਸਕਦੇ ਹਨ।

-0-

ਭਾਰਤ ਕੋਲ 2500 ਤੋਂ 3000 ਡਰੋਨ ਹਨ। ਇਹ ਸਵਦੇਸ਼ੀ ਅਤੇ ਅਮਰੀਕਾ, ਇਸਰਾਈਲ ਵਰਗੇ ਦੇਸ਼ਾਂ ਤੋਂ ਦਰਾਮਦ ਵੀ ਕੀਤੇ ਹਨ।

**ਨਾਗਅਸਤਰ-1** : ਇਸ ਨੂੰ ਲਾਈਟਰਿੰਗ ਮਿਊਨੀਸ਼ਨ, ਸਕਾਈ ਸਟ੍ਰਾਈਕਰ, ਕਾਮੀਕੇਜ ਜਾਂ ਆਤਮਘਾਤੀ ਡਰੋਨ ਵੀ ਕਹਿੰਦੇ ਹਨ। ਇਹ ਗਸ਼ਤ ਕਰਦੇ ਹੋਏ ਅਸਲ ਟਾਈਮ ਵਿਚ ਖ਼ੁਫ਼ੀਆ ਜਾਣਕਾਰੀ ਦਿੰਦੇ ਹਨ, ਖ਼ੁਦ ਨਿਸ਼ਾਨਾ ਸਾਧਦੇ ਹਨ ਅਤੇ ਟੀਚੇ ਨੂੰ ਦੇਖਦਿਆਂ ਹੀ ਅਚਾਨਕ ਖ਼ੁਦ ਫ਼ੈਸਲਾ ਲੈਂਦੇ ਹੋਏ ਤੈਅ ਨਿਸ਼ਾਨੇ 'ਤੇ ਜਾ ਕੇ ਧਮਾਕਾ ਕਰਕੇ ਆਪਣੇ ਨਾਲ ਟੀਚੇ ਨੂੰ ਉਡਾ ਦਿੰਦੇ ਹਨ। ਬੈਟਰੀ ਨਾਲ ਬੇ-ਆਵਾਜ਼ ਅਤੇ ਬਹੁਤ ਹੇਠਾਂ ਉੱਡਦੇ ਜਾਂਦੇ ਦੁਸ਼ਮਣ ਦੀਆਂ ਨਜ਼ਰਾਂ ਤੋਂ ਓਹਲੇ ਰਹਿੰਦੇ ਹਨ।

**ਹਾਰਪੀ** : ਇਜ਼ਰਾਈਲ ਦਾ ਬਣਿਆ ਇਹ ਡਰੋਨ 9 ਘੰਟੇ ਤੱਕ ਉੱਡ ਕੇ, 32 ਕਿੱਲੋ ਤੱਕ ਦਾ ਭਾਰ ਲੈ ਕੇ 500 ਕਿੱਲੋਮੀਟਰ ਤੱਕ ਮਾਰ ਕਰ ਸਕਦਾ ਹੈ।

**ਹੈਰੋਪ** : ਸਟੀਕ ਸਰਜੀਕਲ ਸਟ੍ਰਾਈਕ ਦੀ ਤਾਕਤ ਵਾਲੇ ਇਜ਼ਰਾਈਲ ਦੇ ਬਣੇ ਇਸ ਡਰੋਨ ਦੀ ਰੇਂਜ 1000 ਕਿੱਲੋਮੀਟਰ ਤੱਕ ਹੈ ਅਤੇ ਹਵਾ ਵਿਚ ਤਕਰੀਬਨ 9 ਘੰਟੇ ਤੱਕ ਉੱਡਦਾ ਰਹਿ ਸਕਦਾ ਹੈ। ਐਂਟੀ ਰਾਡਾਰ ਤਕਨਾਲੋਜੀ ਵਾਲੇ ਹੈਰੋਪ ਨੂੰ 23 ਕਿੱਲੋ ਤੱਕ ਦੇ ਵਾਰਹੈਡ ਦੇ ਨਾਲ ਯੁੱਧਪੋਤ ਨਾਲ ਵੀ ਵਰਤਿਆ ਜਾ ਸਕਦਾ ਹੈ।

**ਹਿਰੋਨ ਮਾਰਕ-2** : 3000 ਕਿੱਲੋਮੀਟਰ ਤੱਕ ਦੀ ਰੇਂਜ ਵਾਲਾ ਇਹ ਡਰੋਨ 24 ਘੰਟੇ ਤੱਕ ਹਵਾ ਵਿਚ ਰਹਿਣ ਦੀ ਸਮਰੱਥਾ ਰੱਖਦਾ ਹੈ। ਆਪਣੇ ਰਾਡਾਰ, ਆਈ.ਆਰ. ਕੈਮਰਾ, ਡਰੋਨ ਲੇਜ਼ਰ, ਮਾਰਕਿੰਗ ਜ਼ਰੀਏ ਟੀਚੇ ਦਾ ਸਟੀਕ ਪਤਾ ਦਿੰਦਾ ਹੈ। ਇਹ ਜ਼ਮੀਨ 'ਤੇ ਡੈਟਾਲਿੰਕ ਰਾਹੀਂ ਕੰਟਰੋਲ ਵਿਚ ਹੁੰਦਾ ਹੈ।

ਐਮ.ਕਿਊ. ਰੀਪਰ : ਅਮਰੀਕਾ ਦਾ ਬਣਿਆ ਇਹ ਡਰੋਨ 1700 ਕਿੱਲੋ ਤੱਕ ਦਾ ਭਾਰ ਲੈ ਕੇ ਹਵਾ ਵਿਚ 27 ਘੰਟੇ ਤੱਕ ਰਹਿ ਕੇ 1850 ਕਿੱਲੋਮੀਟਰ ਤੱਕ ਮਾਰ ਕਰ ਸਕਦਾ ਹੈ।

**ਸਕਾਈ ਸਟ੍ਰਾਈਕਰ** : ਇਹ ਭਾਰਤ ਅਤੇ ਇਜ਼ਰਾਈਲ ਦੇ ਸਾਂਝੇ ਯਤਨਾਂ ਹੇਠ ਬੰਗਲੂਰੂ ਵਿਚ ਬਣਿਆ ਹੈ। 10 ਕਿੱਲੋ ਤੱਕ ਵਾਰਹੇਡ ਲੈ ਕੇ 100 ਕਿੱਲੋਮੀਟਰ ਤੱਕ ਮਾਰ ਕਰਨ ਵਾਲਾ ਇਹ ਤਕਰੀਬਨ ਬੇ-ਆਵਾਜ਼ ਡਰੋਨ ਘੱਟ ਉਚਾਈ 'ਤੇ ਵੀ ਬੜਾ ਕਾਰਗਰ ਹੈ।

**ਰੁਸਤਮ-2** : 200 ਕਿੱਲੋਮੀਟਰ ਤੱਕ ਦੀ ਰੇਂਜ ਦਾ ਇਹ ਡਰੋਨ ਡੀ.ਆਰ.ਡੀ.ਓ. ਨੇ ਬਣਾਇਆ ਹੈ। 350 ਕਿੱਲੋ ਦਾ ਪੇ-ਲੋਡ ਲੈ ਜਾਣ ਦੇ ਸਮਰੱਥ ਹੈ। ਇਹ ਬੇ-ਆਵਾਜ਼, ਆਦ੍ਰਿਸ਼ ਅਤੇ ਅਚਾਨਕ ਹਮਲਾ ਕਰਨ ਵਾਲੇ ਹਨ।

# ਭਾਰਤ ਅਤੇ ਪਾਕਿਸਤਾਨ ਦਾ ਟਕਰਾਅ



ਭਾਰਤ ਅਤੇ ਪਾਕਿਸਤਾਨ ਦਾ ਜਨਮ ਬਰਤਾਨਵੀ ਸਾਮਰਾਜ ਤੋਂ ਆਜ਼ਾਦ ਹੋਣ ਵੇਲੇ ਦੋ ਹਿੱਸਿਆਂ 'ਚ ਵੰਡੇ ਜਾਣ ਨਾਲ ਹੋਇਆ ਸੀ। ਇਨ੍ਹਾਂ ਦੀ ਸਾਂਝੀ ਸਿਆਸੀ, ਆਰਥਿਕ ਅਤੇ ਸੱਭਿਆਚਾਰਕ ਵਿਰਾਸਤ ਹੈ। ਫਿਰ ਵੀ ਹੁਣ ਇਨ੍ਹਾਂ ਦੀ ਹੋਂਦ ਦੇ ਕਰੀਬ ਅੱਠ ਦਹਾਕਿਆਂ ਬਾਅਦ ਇਨ੍ਹਾਂ ਦੀ ਤਕਦੀਰ ਬਿਲਕੁਲ ਵੱਖੋ ਵੱਖਰੀ ਹੋ ਗਈ ਹੈ। ਭਾਰਤੀ ਅਰਥਵਿਵਸਥਾ ਵਿੱਚ ਤੇਜ਼ੀ ਆਈ ਹੈ ਤੇ ਇਸ ਦੀ ਪ੍ਰਤੀ ਵਿਅਕਤੀ ਆਮਦਨ ਪਾਕਿਸਤਾਨ ਦੀ ਪ੍ਰਤੀ ਵਿਅਕਤੀ ਆਮਦਨ ਨਾਲੋਂ ਲਗਭਗ ਦੁੱਗਣੀ ਹੈ। ਭਾਰਤ ਇਕਜੁੱਟ ਹੈ, ਜਦੋਂਕਿ ਪਾਕਿਸਤਾਨ 1971 ਵਿੱਚ ਆਪਣਾ ਵਧੇਰੇ ਆਬਾਦੀ ਵਾਲਾ ਪੂਰਬੀ ਭਾਗ ਗੁਆ ਬੈਠਾ ਜੋ ਬੰਗਲਾਦੇਸ਼ ਦਾ ਪ੍ਰਭੂਸੱਤਾ ਸੰਪੰਨ ਰਾਸ਼ਟਰ ਬਣ ਗਿਆ। ਭਾਰਤ ਆਮ ਚੋਣਾਂ 'ਚ ਲਗਾਤਾਰ ਵਧ ਚੜ੍ਹ ਕੇ ਹਿੱਸਾ ਲੈਂਦਾ ਆ ਰਿਹਾ ਹੈ ਜਦੋਂਕਿ ਪਾਕਿਸਤਾਨ 'ਚ ਚੋਣਾਂ ਦਾ ਸਮਾਂ ਤੇ ਨਤੀਜਾ ਫ਼ੌਜੀ ਜਰਨੈਲਾਂ ਵੱਲੋਂ ਤੈਅ ਕੀਤਾ ਜਾਂਦਾ ਹੈ।

ਕੀ ਵਜ੍ਹਾ ਹੈ ਕਿ ਭਾਰਤ ਨੇ ਪਾਕਿਸਤਾਨ ਨਾਲੋਂ ਏਨੀ ਬਿਹਤਰ ਕਾਰਗੁਜ਼ਾਰੀ ਦਿਖਾਈ ਹੈ? ਹਿੰਦੂ ਕਠਮੁੱਲਾਵਾਦੀਆਂ ਦਾ ਦਾਅਵਾ ਹੈ ਕਿ ਇਹ ਇਸ ਕਰ ਕੇ ਹੈ ਕਿਉਂਕਿ ਉਨ੍ਹਾਂ ਦਾ ਧਰਮ ਇਸਲਾਮ ਨਾਲੋਂ ਅਸਲੋਂ ਹੀ ਉੱਤਮ ਹੈ। ਅਸਲ ਵਿੱਚ ਸਚਾਈ ਬਿਲਕੁਲ ਉਲਟ ਹੈ- ਇਹ ਇਸ ਕਰ ਕੇ ਹੋਇਆ ਕਿਉਂਕਿ ਸਾਡੇ ਰਾਸ਼ਟਰ ਪਿਤਾਵਾਂ (ਮਾਤਾਵਾਂ ਵੀ) ਨੇ ਧਾਰਮਿਕ ਪੱਖਪਾਤ ਅਤੇ ਧਾਰਮਿਕ ਕੱਟੜਤਾ ਵੱਲ ਪਿੱਠ ਕਰ ਲਈ ਜਿਸ ਕਰ ਕੇ ਅਸੀਂ ਪਾਕਿਸਤਾਨ ਤੋਂ ਕਾਫ਼ੀ ਹੱਦ ਤੱਕ ਵੱਖਰੇ ਸਫ਼ਰ 'ਤੇ ਚੱਲ ਸਕੇ। ਭਾਰਤੀ ਸੰਵਿਧਾਨ ਨੇ ਪ੍ਰਾਚੀਨ ਹਿੰਦੂ ਰਾਜਸ਼ਾਹੀ ਦੇ ਮਾਡਲਾਂ ਨੂੰ ਰੱਦ ਕਰਦਿਆਂ ਇੱਕ ਵਿਅਕਤੀ ਇੱਕ ਵੋਟ 'ਤੇ ਆਧਾਰਿਤ ਸਿਆਸੀ ਪ੍ਰਣਾਲੀ ਨੂੰ ਅਪਣਾਇਆ ਸੀ। ਇਸ ਨੇ ਧਰਮ ਅਤੇ ਸਟੇਟ ਨੂੰ ਰਲਗੱਡ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਹਾਲਾਂਕਿ ਪਾਕਿਸਤਾਨ ਇਸ ਪ੍ਰਕਿਰਿਆ ਵਿੱਚ ਪੈ ਗਿਆ ਸੀ। ਆਜ਼ ?ਰਕਾਰ ਆਜ਼ਾਦੀ ਤੋਂ ਬਾਅਦ ਦੇ ਸਾਡੇ ਆਗੂਆਂ ਨੇ ਤਰਕਸੰਗਤ ਸੋਚ ਅਤੇ ਆਰਥਿਕ ਤਰੱਕੀ ਨੂੰ ਉਤਸ਼ਾਹਿਤ ਕਰਨ ਵਿੱਚ ਆਧੁਨਿਕ ਵਿਗਿਆਨ ਦੀ ਅਹਿਮੀਅਤ ਉੱਪਰ ਬਹੁਤ ਜ਼ਿਆਦਾ ਜ਼ੋਰ ਦਿੱਤਾ ਸੀ। (ਚਾਹੇ ਮੁਹੰਮਦ ਅਲੀ ਜਿਨਾਹ ਨੂੰ ਜਵਾਹਰਲਾਲ ਨਹਿਰੂ ਜਿੰਨਾ ਹੀ ਸਮਾਂ ਸੱਤਾ ਵਿੱਚ ਰਹਿਣ ਦਾ ਕਿਉਂ ਨਾ ਮਿਲ ਗਿਆ ਹੁੰਦਾ ਤਾਂ ਵੀ ਉਹ ਪਾਕਿਸਤਾਨ ਵਿੱਚ ਆਈਆਈਟੀਜ਼ ਜਾਂ ਟਾਟਾ ਇੰਸਟੀਚਿਊਟ ਆਫ ਫੰਡਾਮੈਂਟਲ ਰਿਸਰਚ ਦੇ ਮੁਕਾਬਲੇ ਦੇ ਪ੍ਰਬੀਨਤਾ ਕੇਂਦਰ ਕਾਇਮ ਨਹੀਂ ਕਰ ਸਕਦਾ ਸੀ)।

ਅਜਿਹਾ ਨਹੀਂ ਹੈ ਕਿ ਲੋਕਤੰਤਰ, ਬਹੁਵਾਦ ਅਤੇ ਬੌਧਿਕ ਖੁੱਲ੍ਹੇਪਣ ਦੀਆਂ ਕਦਰਾਂ-ਕੀਮਤਾਂ ਨੂੰ ਹਰ ਸਮੇਂ ਉਵੇਂ ਬੁਲੰਦ ਹੀ ਕੀਤਾ ਜਾਂਦਾ ਰਿਹਾ ਜਿਵੇਂ ਕਿ ਕੀਤਾ ਜਾਣਾ ਚਾਹੀਦਾ ਸੀ। 1975-77 ਦੀ ਐਮਰਜੈਂਸੀ ਦੌਰਾਨ ਲੋਕਰਾਜੀ ਆਜ਼ਾਦੀਆਂ ਉੱਪਰ ਰੋਕਾਂ ਲਾ ਦਿੱਤੀਆਂ ਗਈਆਂ। ਕਸ਼ਮੀਰ ਅਤੇ ਉੱਤਰ ਪੂਰਬ ਵਿੱਚ ਬੇਤਹਾਸ਼ਾ ਰਾਜਕੀ ਹਿੰਸਾ ਦੇਖਣ ਨੂੰ ਮਿਲੀ। ਸਮੇਂ-ਸਮੇਂ 'ਤੇ ਘੱਟਗਿਣਤੀਆਂ ਉੱਪਰ ਹਮਲੇ ਹੁੰਦੇ ਰਹੇ ਅਤੇ ਨਸਲਪ੍ਰਸਤੀ ਵੀ ਸਿਰ ਚੁੱਕਦੀ ਰਹੀ ਪਰ ਫਿਰ ਵੀ ਇਹ ਕਦਰਾਂ-ਕੀਮਤਾਂ ਇਸ ਢੰਗ ਨਾਲ ਬਚੀਆਂ ਰਹੀਆਂ ਕਿ ਇਹ ਯਕੀਨੀ ਬਣ ਸਕੇ ਕਿ ਪੁਰਾਣੇ ਸਮਿਆਂ ਦੇ ਲਾਇਸੈਂਸ ਪਰਮਿਟ ਕੋਟਾ ਰਾਜ ਨੂੰ 1991 ਵਿੱਚ ਖ਼ਤਮ ਕਰ ਦਿੱਤਾ ਗਿਆ। ਇਨ੍ਹਾਂ ਢਾਈ ਦਹਾਕਿਆਂ ਤੱਕ ਸ਼ਾਨਦਾਰ ਆਰਥਿਕ ਵਿਕਾਸ ਹੋਇਆ। ਜੇਕਰ ਭਾਰਤ ਭੂਗੋਲਿਕ ਤੌਰ 'ਤੇ ਖਿੰਡ ਗਿਆ ਹੁੰਦਾ ਜਾਂ ਇਸ ਨੂੰ ਨਿਰੰਕੁਸ਼ ਲੀਹਾਂ 'ਤੇ ਚਲਾਇਆ ਗਿਆ ਹੁੰਦਾ ਜਾਂ ਇਹ ਇੱਕ ਧਰਮਤੰਤਰੀ ਰਾਜ ਬਣ ਗਿਆ ਹੁੰਦਾ ਤਾਂ ਅਜਿਹਾ ਨਹੀਂ ਹੋ ਸਕਣਾ ਸੀ।

ਇਸੇ ਲਿਹਾਜ਼ ਨਾਲ ਪਾਕਿਸਤਾਨ ਠੰਢੀ ਜੰਗ ਤੋਂ ਬਾਅਦ ਦੀ ਦੁਨੀਆ ਵੱਲੋਂ ਪੇਸ਼ ਕੀਤੇ ਗਏ ਆਰਥਿਕ ਮੌਕਿਆਂ ਦਾ ਲਾਭ ਨਾ ਲੈ ਸਕਿਆ ਕਿਉਂਕਿ ਉੱਥੇ ਸਿਆਸਤ ਵਿੱਚ ਫ਼ੌਜ ਹੋਰ ਜ਼ਿਆਦਾ ਅਹਿਮ ਬਣ ਗਈ ਅਤੇ ਕੱਟੜ ਇਸਲਾਮ ਰੋਜ਼ਮਰ੍ਹਾ ਦੇ ਜੀਵਨ ਵਿੱਚ ਹੋਰ ਭਾਰੂ ਹੋ ਗਿਆ। ਭਾਰਤ ਵਿੱਚ ਦਹਿਸ਼ਤਗਰਦੀ ਨੂੰ ਸ਼ਹਿ ਦੇਣ, ਓਸਾਮਾ ਬਿਨ ਲਾਦੇਨ ਨੂੰ ਪਨਾਹ ਦੇਣ ਅਤੇ ਪਰਮਾਣੂ ਪਸਾਰ ਵਿੱਚ ਇਸ ਦੀ ਭੂਮਿਕਾ ਨਾਲ ਕੌਮਾਂਤਰੀ ਪੱਧਰ 'ਤੇ ਪਾਕਿਸਤਾਨ ਦੀ ਸਥਿਤੀ ਹੋਰ ਜ਼ਿਆਦਾ ਖ਼ਰਾਬ ਹੋ ਗਈ।

ਭਾਵੇਂ ਉਨ੍ਹਾਂ ਨੇ ਵੱਖਰੇ ਰਾਹਾਂ 'ਤੇ ਜਾਣ ਦੀ ਚੋਣ ਕੀਤੀ ਸੀ ਪਰ ਆਲਮੀ ਮਨ ਮਸਤਕ ਵਿੱਚ ਭਾਰਤ ਅਤੇ ਪਾਕਿਸਤਾਨ ਨੂੰ ਹਾਲੇ ਵੀ ਇੱਕੋ ਸਾਹ ਵਿੱਚ ਪੁਕਾਰਿਆ ਜਾਂਦਾ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਦੋਵਾਂ ਨੇ ਕਸ਼ਮੀਰ ਨੂੰ ਲੈ ਕੇ ਤਿੰਨ ਜੰਗਾਂ ਲੜੀਆਂ ਹਨ। ਹਾਲਾਂਕਿ 2000ਵਿਆਂ ਦੇ ਸ਼ੁਰੂ ਤੱਕ ਹੀ ਆਰਥਿਕ ਅਤੇ ਸਿਆਸੀ ਮਾਅਨਿਆਂ ਪੱਖੋਂ ਭਾਰਤ ਇੰਨਾ ਅੱਗੇ ਵਧ ਚੁੱਕਿਆ ਸੀ ਕਿ ਸ਼ਾਇਦ ਹੀ ਕੋਈ ਸੀ ਜੋ 'ਭਾਰਤ ਪਾਕਿ ਸਵਾਲ' ਬਾਰੇ ਗੱਲ ਕਰ ਰਿਹਾ ਸੀ। ਭਾਰਤ ਨੇ ਕਾਰਗਰ ਅਤੇ ਫ਼ੈਸਲਾਕੁਨ ਢੰਗ ਨਾਲ ਪਾਕਿਸਤਾਨ ਨਾਲੋਂ ਆਪਣਾ ਨਿਖੇੜਾ (de-hyphenated) ਕਰ ਲਿਆ ਸੀ। ਇੱਥੋਂ ਤੱਕ ਕਿ ਭਾਰਤ ਵੱਲੋਂ ਆਪਣੇ ਆਪ ਨੂੰ ਚੀਨ ਨਾਲ ਜੋੜ ਲਿਆ ਗਿਆ ਅਤੇ ਇਸ ਨੂੰ 'ਚਿੰਡੀਆ' ਵਿਚਾਰ ਦੇ ਰੂਪ ਵਿੱਚ ਉਭਾਰਿਆ ਜਾਣ ਲੱਗਿਆ। ਹਾਲਾਂਕਿ ਚੀਨ ਦਾ ਆਰਥਿਕ ਉਭਾਰ ਕਿਤੇ ਵੱਧ ਭਰਵਾਂ ਸੀ ਪਰ ਭਾਰਤ ਦੇ ਲੋਕਰਾਜੀ ਅਤੇ ਬਹੁਵਾਦੀ ਕਿਰਦਾਰ ਨੇ ਇਸ ਨੂੰ ਯੂਰਪ ਅਤੇ ਉੱਤਰੀ ਅਮਰੀਕਾ ਦੀਆਂ ਸਰਕਾਰਾਂ, ਨਿਵੇਸ਼ਕਾਂ ਅਤੇ ਜਾਪਾਨ ਲਈ ਵੀ ਇੱਕ ਦਿਲਕਸ਼ ਟਿਕਾਣਾ ਬਣਾ ਦਿੱਤਾ।

ਹੁਣ ਪਹਿਲਗਾਮ ਦਹਿਸ਼ਤੀ ਹਮਲੇ ਦੇ ਮੱਦੇਨਜ਼ਰ ਜਿਸ ਤਰ੍ਹਾਂ ਸਾਡੀ ਸਰਕਾਰ ਨੇ ਜਵਾਬ ਦਿੱਤਾ ਹੈ, ਉਸ ਤੋਂ ਜਾਪਦਾ ਹੈ ਕਿ ਉਹ ਮੱਧਮ ਪੈ ਚੁੱਕਿਆ ਹਾਈਫਨ ਹੁਣ ਇੱਕ ਵਾਰ ਫਿਰ ਵਾਪਸ ਆ ਗਿਆ ਹੈ। ਡੋਨਲਡ ਟਰੰਪ ਨੇ ਭਾਰਤ ਅਤੇ ਪਾਕਿਸਤਾਨ ਨੂੰ ਸ਼ਰੇਆਮ ਬਰਾਬਰੀ 'ਤੇ ਰੱਖਦਿਆਂ ਆਖਿਆ ਹੈ ਕਿ ਇਨ੍ਹਾਂ ਦੋਵੇਂ ਮਹਾਨ ਦੇਸ਼ਾਂ, ਜਿਨ੍ਹਾਂ ਨਾਲ ਉਨ੍ਹਾਂ ਦੇ ਚੰਗੇ ਸਬੰਧ ਹਨ, ਨੂੰ ਉਨ੍ਹਾਂ ਜੰਗਬੰਦੀ ਲਈ ਰਾਜ਼ੀ ਕਰਨ ਵਿੱਚ ਸਫ਼ਲਤਾ ਹਾਸਿਲ ਕੀਤੀ ਹੈ ਅਤੇ ਉਨ੍ਹਾਂ ਨੂੰ ਆਸ ਹੈ ਕਿ ਜਿੰਨੀ ਦੇਰ ਤੱਕ ਦੋਵੇਂ ਦੇਸ਼ ਚੰਗਾ ਵਿਹਾਰ ਕਰਨਗੇ, ਉਹ ਇਨ੍ਹਾਂ ਨਾਲ ਵਪਾਰ ਕਰਦੇ ਰਹਿਣਗੇ। ਜ਼ਖ਼ਮਾਂ 'ਤੇ ਹੋਰ ਲੂਣ ਛਿੜਕਦਿਆਂ, ਡੋਨਲਡ ਟਰੰਪ ਨੇ ਦੋਵੇਂ ਬਰਾਬਰ ਵਿਗੜੀਆਂ ਧਿਰਾਂ ਵਿਚਕਾਰ ਇੱਕ ਸਿਆਣੇ ਵਿਚੋਲੇ ਦੇ ਤੌਰ 'ਤੇ 'ਹਜ਼ਾਰ ਸਾਲ ਪੁਰਾਣੇ' ਕਸ਼ਮੀਰ ਵਿਵਾਦ 'ਤੇ ਸਾਲਸੀ ਕਰਨ ਦੀ ਪੇਸ਼ਕਸ਼ ਵੀ ਕਰ ਦਿੱਤੀ ਹੈ।

**ਰਾਮਚੰਦਰ ਗੁਹਾ**

ਟਰੰਪ ਇੱਕ ਅੜਬ ਅਤੇ ਅਣਕਿਆਸੀ ਤਬੀਅਤ ਦਾ ਮਾਲਕ ਹੈ ਅਤੇ ਉਹ ਆਪਣੇ ਮਨ ਆਈ ਕਰ ਕੇ ਰਹਿੰਦਾ ਹੈ। ਖ਼ੈਰ, ਉਹ ਦੁਨੀਆ ਦੇ ਸਭ ਤੋਂ ਅਮੀਰ ਅਤੇ ਸ਼ਕਤੀਸ਼ਾਲੀ ਮੁਲਕ ਦਾ ਰਾਸ਼ਟਰਪਤੀ ਹੈ ਜਿਸ ਨਾਲ ਭਾਰਤ ਦੇ ਬਹੁਤ ਹੀ ਅਹਿਮ ਆਰਥਿਕ ਅਤੇ ਰਾਜਸੀ ਸਬੰਧ ਹਨ। ਇਸ ਲਈ ਸਾਨੂੰ ਉਸ ਦੇ ਬੋਲਾਂ ਨੂੰ ਥੋੜ੍ਹਾ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਨਾ ਹੀ ਸਾਨੂੰ ਕੌਮਾਂਤਰੀ ਪ੍ਰੈਸ ਦੀਆਂ ਕੁਝ ਸਤਿਕਾਰਤ ਸਫ਼ਾਂ ਵਿੱਚ ਉਸ ਖ਼ੌਫ਼ਨਾਕ ਹਾਈਫਨ ਦੀ ਸੂਖ਼ਮ ਢੰਗ ਨਾਲ ਹੋਣ ਲੱਗੀ ਵਰਤੋਂ ਤੋਂ ਪੂਰੀ ਤਰ੍ਹਾਂ ਅੱਖਾਂ ਬੰਦ ਕਰ ਲੈਣੀਆਂ ਚਾਹੀਦੀਆਂ ਹਨ। ਸ਼ਨਿਚਰਵਾਰ ਦਸ ਮਈ ਨੂੰ ਜਦੋਂ ਭਾਰਤ ਅਤੇ ਪਾਕਿਸਤਾਨ ਇੱਕ ਦੂਜੇ ਉੱਪਰ ਮਿਜ਼ਾਈਲਾਂ ਅਤੇ ਡਰੋਨ ਚਲਾ ਰਹੇ ਸਨ ਤਾਂ 'ਫਾਇਨੈਂਸ਼ੀਅਲ ਟਾਈਮਜ਼' ਨੇ ਇਸ ਟਕਰਾਅ ਦੇ ਪਿਛੋਕੜ ਮੁਤੱਲਕ ਇੱਕ ਤਫ਼ਸੀਲੀ ਰਿਪੋਰਟ ਛਾਪੀ ਜਿਸ ਦਾ ਸਿਰਲੇਖ ਸੀ: 'ਟੂ ਰਿਲੀਜੀਅਸ ਸਟਰੌਂਗਮੈਨ ਕਲੈਸ਼' (ਦੋ ਧਾਰਮਿਕ ਬਾਹੂਬਲੀਆਂ ਦਾ ਭੇੜ)। ਇਹ ਦੋ ਬੰਦੇ ਸਨ ਆਸਿਮ ਮੁਨੀਰ ਅਤੇ ਨਰਿੰਦਰ ਮੋਦੀ; ਇੱਕ ਆਪਣੇ ਆਪ ਨੂੰ ਪੱਕਾ ਮੁਸਲਮਾਨ ਕਹਿੰਦਾ ਹੈ ਜੋ ਸ਼ਿੱਦਤ ਨਾਲ ਆਪਣੇ ਮੁਲਕ ਦੇ ਹਿੱਤਾਂ ਦੀ ਤਰਜਮਾਨੀ ਕਰਦਾ ਹੈ, ਜਦੋਂਕਿ ਦੂਜਾ ਆਪਣੇ ਆਪ ਨੂੰ ਪੱਕਾ ਹਿੰਦੂ ਦੱਸਦਾ ਹੈ ਜੋ ਉਵੇਂ ਹੀ ਆਪਣੇ ਦੇਸ਼ ਦੇ ਹਿੱਤਾਂ ਦੀ ਸੇਵਾ ਕਰਦਾ ਹੈ। ਇਸੇ ਅਖ਼ਬਾਰ ਵਿੱਚ ਇੱਕ ਹੋਰ ਲੇਖ ਵਿੱਚ ਚਰਚਾ ਕੀਤੀ ਗਈ ਹੈ ਕਿ ਕਿਵੇਂ 'ਨਰਿੰਦਰ ਮੋਦੀ ਚੀਨ ਤੋਂ ਮਦਦ ਹਾਸਲ ਕਰਨ ਵਾਲੇ ਪਾਕਿਸਤਾਨ ਪ੍ਰਤੀ ਕਿੰਨੀ ਨਫ਼ਰਤ ਨਾਲ ਭਰਿਆ ਹੋਇਆ ਹੈ।'

ਸਾਡਾ ਜਨੂੰਨੀ ਰਾਸ਼ਟਰਵਾਦੀ ਦਿਲ ਇਸ ਤਰ੍ਹਾਂ ਦੀ ਤੁਲਨਾ 'ਤੇ ਭੜਕ ਜਾਂਦਾ ਹੈ। ਇਹ ਜ਼ੋਰ ਦਿੰਦਾ ਹੈ ਕਿ ਅਤਿਵਾਦ ਪੈਦਾ ਕਰਨ ਵਾਲੇ ਇੱਕ ਦੇਸ਼ ਤੇ ਇੱਕ ਅਜਿਹੇ ਮੁਲਕ, ਜਿਹੜਾ ਚੋਟੀ ਦੀਆਂ ਕੌਮਾਂਤਰੀ ਕੰਪਨੀਆਂ ਦੇ ਸੀਈਓਜ਼ ਪੈਦਾ ਕਰਦਾ ਹੈ, ਦਾ ਕੋਈ ਮੁਕਾਬਲਾ ਨਹੀਂ ਹੋ ਸਕਦਾ। ਹਾਲਾਂਕਿ, ਭਾਵੇਂ ਭਾਰਤ, ਸਮੁੱਚੇ ਰੂਪ ਵਿੱਚ, ਆਪਣੇ ਨਾਗਰਿਕਾਂ ਦੇ ਰਹਿਣ ਲਈ ਪਾਕਿਸਤਾਨ ਨਾਲੋਂ ਕਿਤੇ ਬਿਹਤਰ ਥਾਂ ਹੈ, ਜਿਸ ਤਰ੍ਹਾਂ ਦੀ ਜ਼ਿੰਦਗੀ ਲੋਕਾਂ ਦੀ ਪਾਕਿਸਤਾਨ 'ਚ ਅਸੀਂ ਦੇਖਦੇ ਹਾਂ, ਉਸ ਪੱਖ ਤੋਂ। ਫਿਰ ਵੀ ਸਾਨੂੰ ਆਪਣੇ ਆਪ ਨੂੰ ਪੁੱਛਣਾ ਚਾਹੀਦਾ ਹੈ- ਸ਼ਾਇਦ ਇਹ ਤਾਂ ਨਹੀਂ ਕਿ ਅਸੀਂ ਪਿਛਲੇ ਕੁਝ ਸਾਲਾਂ 'ਚ ਪਿੱਛੇ ਨੂੰ ਗਏ ਹਾਂ? ਕੀ ਰਾਸ਼ਟਰਪਤੀ ਜਾਰਜ ਬੁਸ਼, ਬਰਾਕ ਓਬਾਮਾ ਜਾਂ ਜੋਅ ਬਾਇਡਨ ਕਦੇ ਭਾਰਤ ਨੂੰ ਪਾਕਿਸਤਾਨ ਨਾਲ ਮੇਲਦੇ, ਜਾਂ ਕਸ਼ਮੀਰ 'ਚ ਵਿਚੋਲਗੀ ਕਰਨ ਦੀ ਪੇਸ਼ਕਸ਼ ਕਰਦੇ? ਕੀ 'ਫਾਇਨੈਂਸ਼ੀਅਲ ਟਾਈਮਜ਼' ਨੇ ਕਦੇ ਮਨਮੋਹਨ ਸਿੰਘ, ਨਰਸਿਮ ?ਹਾ ਰਾਓ, ਰਾਜੀਵ ਗਾਂਧੀ, ਦੇਵੇਗੌੜਾ ਜਾਂ ਇੱਥੋਂ ਤੱਕ ਕਿ ਅਟਲ ਬਿਹਾਰੀ ਵਾਜਪਾਈ ਦਾ 'ਧਾਰਮਿਕ ਤਾਨਾਸ਼ਾਹ' ਵਜੋਂ ਹਵਾਲਾ ਦਿੱਤਾ ਹੈ?

ਇੱਕ ਇਤਿਹਾਸਕਾਰ ਤੇ ਇੱਕ ਨਾਗਰਿਕ ਵਜੋਂ ਮੈਂ ਦਲੀਲ ਦਿਆਂਗਾ ਕਿ ਭਾਰਤ ਅਸਲੋਂ ਪਿਛਲੇ ਇੱਕ ਦਹਾਕੇ ਵਿੱਚ ਪਤਨ ਵੱਲ ਗਿਆ ਹੈ। ਅਸੀਂ ਅਜੇ ਵੀ ਰਾਸ਼ਟਰੀ ਤੇ ਸੂਬਾਈ ਪੱਧਰਾਂ 'ਤੇ ਨਿਯਮਿਤ ਚੋਣਾਂ ਕਰਵਾ ਰਹੇ ਹਾਂ, ਫਿਰ ਵੀ ਜਾਇਜ਼ ਚਿੰਤਾਵਾਂ ਬਰਕਰਾਰ ਹਨ ਕਿ ਕੀ ਇਹ ਨਿਰਪੱਖ ਤੇ ਆਜ਼ਾਦ ਢੰਗ ਨਾਲ ਹੋ ਰਹੀਆਂ ਹਨ, ਜਿਵੇਂ ਕਦੇ ਹੁੰਦੀਆਂ ਸਨ। ਮੀਡੀਆ ਦਾ ਵੱਡਾ ਵਰਗ ਸਰਕਾਰੀ ਪ੍ਰਚਾਰ ਦਾ ਸਾਧਨ ਬਣ ਗਿਆ ਹੈ। ਸਾਡੀਆਂ ਰੈਗੂਲੇਟਰੀ ਤੇ ਜਾਂਚ ਏਜੰਸੀਆਂ ਸੱਤਾਧਾਰੀ ਪਾਰਟੀ ਦੇ ਪੱਖ ਵਿੱਚ ਹੱਦੋਂ ਵੱਧ ਭੁਗਤ ਰਹੀਆਂ ਹਨ। ਇਸੇ ਤਰ੍ਹਾਂ ਵਿਰੋਧੀ ਧਿਰ ਵੱਲੋਂ ਸ਼ਾਸਿਤ ਪ੍ਰਦੇਸ਼ਾਂ ਵਿੱਚ ਭਾਜਪਾ ਦੇ ਲਾਏ ਰਾਜਪਾਲ ਕਰ ਰਹੇ ਹਨ, ਸਾਡੇ ਸੰਘੀ ਢਾਂਚੇ ਨੂੰ ਖੋਖਲਾ ਕਰ ਰਹੇ ਹਨ। ਪ੍ਰਧਾਨ ਮੰਤਰੀ ਨੂੰ ਇੱਕ ਵਿਰਾਟ ਪੂਜਣਯੋਗ ਹਸਤੀ ਵਜੋਂ ਪੇਸ਼ ਕਰਨ ਦੇ ਨਾਲ ਸਾਡੀਆਂ ਜਮਹੂਰੀ ਪਛਾਣਾਂ ਖ਼ਰਾਬ ਹੋ ਰਹੀਆਂ ਹਨ। ਇਹ ਇੱਕ ਅਜਿਹੀ ਸ਼ਖ਼ਸੀਅਤ ਉਸਾਰੀ ਹੈ ਜਿਸ ਨੂੰ ਵੱਡਾ ਸਰਕਾਰੀ ਪੈਸਾ ਖ਼ਰਚ ਕੇ ਉਸਾਰਿਆ ਗਿਆ ਹੈ।

ਜਮਹੂਰੀ ਕਦਰਾਂ 'ਚ ਨਿਘਾਰ ਵਧਦਾ ਹੀ ਜਾ ਰਿਹਾ ਹੈ; ਤੇ ਸਾਡੇ ਧਰਮ-ਨਿਰਪੱਖ ਤੇ ਬਹੁਵਾਦੀ ਚਰਿੱਤਰ 'ਤੇ ਹਮਲੇ ਵੀ। ਭਾਰਤ-ਪਾਕਿਸਤਾਨ ਟਕਰਾਅ ਦੌਰਾਨ ਇੱਕ ਮਹਿਲਾ ਮੁਸਲਿਮ ਤਰਜਮਾਨ ਰੱਖਣ ਦੀ ਪ੍ਰਤੀਕਾਤਮਕ ਕੀਮਤ ਉਦੋਂ ਤੇਜ਼ੀ ਨਾਲ ਥੱਲੇ ਆ ਡਿੱਗੀ ਜਦੋਂ ਭਾਜਪਾ ਦੇ ਇੱਕ ਸੀਨੀਅਰ ਨੇਤਾ ਨੇ ਉਸ 'ਤੇ ਹਲਕੀਆਂ ਟਿੱਪਣੀਆਂ ਕੀਤੀਆਂ, ਭਾਵੇਂ ਉਸ ਨੇ ਬਾਅਦ ਵਿੱਚ ਮੁਆਫ਼ੀ ਵੀ ਮੰਗ ਲਈ। ਬਹਾਦਰ ਤੇ ਬਿਹਤਰੀਨ ਮੁਹੰਮਦ ਜ਼ੁਬੈਰ, ਜਿਸ ਨੂੰ ਉੱਡਦੀਆਂ ਮਿਜ਼ਾਈਲਾਂ ਦੇ ਸਮਿਆਂ 'ਚ ਝੂਠ ਦਾ ਪਰਦਾਫਾਸ਼ ਕਰਨ ਲਈ ਸਰਾਹਿਆ ਗਿਆ, ਉਦੋਂ ਤੋਂ ਹੀ ਜਾਨੋਂ ਮਾਰਨ ਦੀਆਂ ਧਮਕੀਆਂ ਸੁਣ ਰਿਹਾ ਹੈ। ਇਹ ਦੇਖਣ ਵਾਲਾ ਹੋਵੇਗਾ ਕਿ ਕੀ ਨੋਇਡਾ ਦੇ ਮੀਡੀਆ ਅਤੇ ਹਿੰਦੂਵਾਦੀ ਵਿਚਾਰਕਾਂ ਵੱਲੋਂ ਪਿਛਲੇ ਕੁਝ ਸਾਲਾਂ ਤੋਂ ਮੁਸਲਮਾਨਾਂ ਦੀ ਕੀਤੀ ਜਾ ਬਦਨਾਮੀ ਅਗਲੇ ਕੁਝ ਮਹੀਨਿਆਂ ਵਿੱਚ ਘਟੇਗੀ? ਪਹਿਲਗਾਮ ਹਮਲੇ ਤੋਂ ਬਾਅਦ ਹੋਈਆਂ ਇਕਪਾਸੜ ਗ੍ਰਿਫ਼ਤਾਰੀਆਂ ਤੇ ਕਸ਼ਮੀਰ ਵਿੱਚ ਘਰਾਂ 'ਤੇ ਚੱਲੇ ਬੁਲਡੋਜ਼ਰ ਸ਼ੁੱਭ ਸ਼ਗਨ ਨਹੀਂ ਹਨ। ਰਹੀ ਸਾਡੇ ਪ੍ਰਧਾਨ ਮੰਤਰੀ ਦੀ ਇੱਕ 'ਧਾਰਮਿਕ ਨਿਰੰਕੁਸ਼ ਸ਼ਾਸਕ' ਵਜੋਂ ਚਰਿੱਤਰ ਚਿਤਰਣ ਦੀ ਗੱਲ, ਤਾਂ ਅਯੁੱਧਿਆ ਵਿੱਚ ਨਵੇਂ ਰਾਮ ਮੰਦਰ ਦੇ ਉਦਘਾਟਨ 'ਤੇ ਸਾਰੀਆਂ ਰਸਮਾਂ 'ਚ ਇੱਕ ਮੁਖੀ ਵਜੋਂ ਦਿਸੀ ਉਨ੍ਹਾਂ ਦੀ ਭੂਮਿਕਾ ਇਸ ਗੱਲ 'ਤੇ ਯਕੀਨ ਦਿਵਾ ਹੀ ਦਿੰਦੀ ਹੈ, ਹੋਰ ਕਿਸੇ ਮਿਸਾਲ ਦੀ ਲੋੜ ਨਹੀਂ।

ਜਿੱਥੇ ਸਾਡੀ ਜਮਹੂਰੀ ਤੇ ਧਰਮ ਨਿਰਪੱਖ ਬਣਤਰ ਉੱਧੜੀ ਹੈ, ਉੱਥੇ ਆਰਥਿਕ ਤਰੱਕੀ ਵੀ ਰੁਕੀ ਹੈ। ਚੀਨ ਤੇ ਭਾਰਤ ਵਿੱਚ ਹੁਣ ਏਨਾ ਜ਼ਿਆਦਾ ਫ਼ਰਕ ਹੈ ਕਿ ਸ਼ਬਦ 'ਚਿੰਡੀਆ' ਇੱਧਰ-ਉੱਧਰ ਘੁੰਮਣ ਲੱਗ ਗਿਆ ਹੈ। ਛੋਟੇ ਮੁਲਕਾਂ ਜਿਵੇਂ ਕਿ ਵੀਅਤਨਾਮ ਨੇ ਪੱਛਮ ਦੀ ਉਸ ਇੱਛਾ ਦਾ ਵੱਡਾ ਫ਼ਾਇਦਾ ਉਠਾਇਆ ਹੈ ਜਿਸ 'ਚ ਉਹ ਆਲਮੀ ਸਪਲਾਈ ਲੜੀਆਂ ਨੂੰ ਚੀਨ ਤੋਂ ਪਰ੍ਹੇ ਕਿਤੇ ਹੋਰ ਲਾਉਣਾ ਚਾਹੁੰਦੇ ਹਨ। ਜਿਸ ਤਰ੍ਹਾਂ ਮੈਂ ਪਹਿਲਾਂ ਇਨ੍ਹਾਂ ਕਾਲਮਾਂ 'ਚ ਦੱਸਿਆ ਹੈ, ਮੈਂ ਅਤਿਵਾਦ-ਵਿਰੋਧੀ ਨੀਤੀਆਂ 'ਤੇ ਕੋਈ ਮਾਹਿਰ ਨਹੀਂ ਬਣਨਾ ਚਾਹੁੰਦਾ। ਮੈਂ ਇਸ ਲਈ ਉਸ ਚਰਚਾ 'ਚ ਨਹੀਂ ਪਵਾਂਗਾ ਕਿ ਕੀ ਪਹਿਲਗਾਮ 'ਚ ਅਤਿਵਾਦੀਆਂ ਵੱਲੋਂ ਕੀਤੇ ਭਿਆਨਕ ਹਮਲੇ ਦਾ ਕੋਈ ਹੋਰ ਸਿਆਣਪ ਵਾਲਾ ਜਵਾਬ ਹੋ ਸਕਦਾ ਸੀ, ਜਾਂ ਕੌਮਾਂਤਰੀ ਸਰਹੱਦ 'ਤੇ ਕਈ ਦਿਨ ਹੋਈ ਗੋਲੀਬਾਰੀ ਤੋਂ ਸਾਡੇ ਹਥਿਆਰਬੰਦ ਬਲ ਕੀ ਸਬਕ ਸਿੱਖ ਸਕਦੇ ਹਨ। ਮੇਰਾ ਸਰੋਕਾਰ ਇਹ ਹੈ ਕਿ ਕੌਮਾਂਤਰੀ ਅਖਾੜੇ ਵਿੱਚ ਇਸ ਸੰਕਟ ਦੇ ਵਰਨਣ ਤੋਂ ਸਾਨੂੰ ਕੀ ਸਿੱਖਣਾ ਚਾਹੀਦਾ ਹੈ। ਭਾਰਤ ਤੇ ਪਾਕਿਸਤਾਨ ਵਿਚਾਲੇ 'ਹਾਈਫਨ' ਪਾਉਣ ਦੀਆਂ ਨਵੀਆਂ ਕੋਸ਼ਿਸ਼ਾਂ 'ਤੇ ਸਾਨੂੰ ਕੀ ਕਰਨਾ ਚਾਹੀਦਾ ਹੈ? ਬੇਧਿਆਨ ਅੰਧ-ਰਾਸ਼ਟਰਵਾਦੀਆਂ ਕੋਲ ਇੱਕ ਬਦਲ ਤਾਂ ਹੈ ਹੀ, ਕਿ ਉਹ ਪਹਿਲਾਂ ਵਾਂਗ ਖ਼ੁਦ ਨੂੰ ਪੀੜਤ ਵਜੋਂ ਪੇਸ਼ ਕਰਨ, ਜੌਰਜ ਸੋਰੋਸ ਤੇ ਕਥਿਤ 'ਅਰਬਨ ਨਕਸਲੀਆਂ' ਨੂੰ ਦੋਸ਼ੀ ਠਹਿਰਾਉਣ, ਤੇ ਫੇਰ ਲਲਕਾਰ ਕੇ ਜ਼ੋਰ ਨਾਲ ਕਹਿਣ ਕਿ, ਭਾਰਤ ਹੁਣ ਵੀ ਹੈ ਤੇ ਹਮੇਸ਼ਾ 'ਵਿਸ਼ਵ ਗੁਰੂ' ਰਹੇਗਾ। ਦੂਜੇ ਪਾਸੇ, ਵਿਚਾਰਸ਼ੀਲ ਦੇਸ਼ਭਗਤ ਆਤਮ-ਚਿੰਤਨ ਦੀ ਪ੍ਰਕਿਰਿਆ ਸ਼ੁਰੂ ਕਰੇਗਾ। ਪਿਛਲੇ ਇੱਕ ਦਹਾਕੇ 'ਚ ਭਾਰਤ ਵਿੱਚ ਤਾਨਾਸ਼ਾਹੀ ਤੇ ਨਿਰੰਕੁਸ਼ਤਾ ਨਿਰੰਤਰ ਵਧੀ ਹੈ। ਇਹੀ ਹੈ ਜਿਸ ਨੇ ਉਸ ਗੁਆਂਢੀ ਨਾਲ ਸਾਡੀ ਇਹ ਨਵੀਂ ਤੁਲਨਾ ਸ਼ੁਰੂ ਕੀਤੀ ਹੈ, ਜਿਸ ਨਾਲ ਅਸੀਂ ਜਨਮ ਤੋਂ ਹੀ ਸੰਕੇਤਕ ਤੇ ਸ਼ਾਬਦਿਕ ਰੂਪ 'ਚ ਵੱਖ ਹੋ ਗਏ ਸੀ। ਇਸ ਲਈ ਸਾਨੂੰ ਸ਼ੀਸ਼ਾ ਗੌਰ ਨਾਲ ਤੱਕਣਾ ਚਾਹੀਦਾ ਹੈ ਤੇ ਪੁੱਛਣਾ ਚਾਹੀਦਾ ਹੈ ਕਿ ਕੀ ਬੀਤੇ ਸਮਿਆਂ ਵਾਂਗੂ ਸਾਨੂੰ ਆਪਣੇ ਆਪ ਨੂੰ ਮੁੜ ਤੋਂ ਜਮਹੂਰੀਅਤ ਤੇ ਬਹੁਵਾਦ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਨੂੰ ਸਮਰਪਿਤ ਕਰਨ ਦੀ ਲੋੜ ਨਹੀਂ ਹੈ?

# ਟਰੰਪ ਨਾਲ ਕਾਰਨੀ ਦੀ ਸੂਝ-ਬੂਝ ਭਰੀ ਮੁਲਾਕਾਤ



ਸਿਰਫ ਕੈਨੇਡਾ ਦੇ 4 ਕਰੋੜ 10 ਲੱਖ ਲੋਕਾਂ ਦੀਆਂ ਹੀ ਨਹੀਂ ਬਲਕਿ ਪੂਰੇ ਵਿਸ਼ਵ ਭਰ ਦੇ ਲੋਕਾਂ ਦੀਆਂ ਨਜ਼ਰਾਂ ਕੈਨੇਡਾ ਦੇ ਨਵੇਂ ਚੁਣੇ ਗਏ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਅਮਰੀਕਾ ਦੇ ਆਪਹੁਦਰੇ, ਬੜਬੋਲੇ ਰਾਸ਼ਟਰਪਤੀ ਡੋਨਲਡ ਟਰੰਪ ਦਰਮਿਆਨ 6 ਮਈ 2025 ਨੂੰ ਪਹਿਲੀ ਡਿਪਲੋਮੈਟਿਕ, ਸਦਾਚਾਰਕ, ਵਪਾਰਕ, ਰਾਜਨੀਤਕ ਅਤੇ ਹੋਰ ਦੁਵੱਲੇ ਤੇ ਕੌਮਾਂਤਰੀ ਮੁੱਦਿਆਂ ਸਬੰਧੀ ਮਿਲਣੀ 'ਤੇ ਟਿਕੀਆਂ ਹੋਈਆਂ ਸਨ। ਅਮਰੀਕਾ ਦੇ ਦੂਸਰੀ ਵਾਰ 47ਵੇਂ ਰਾਸ਼ਟਰਪਤੀ ਵਜੋਂ 20 ਜਨਵਰੀ 2025 ਨੂੰ ਪਦ ਸੰਭਾਲਣ ਬਾਅਦ ਉਸ ਦਾ ਹਮਲਾਵਰ ਵਤੀਰਾ ਦਰਸਾਉਂਦਾ ਹੈ ਕਿ ਉਹ ਦੂਸਰੇ ਵਿਸ਼ਵ ਯੁੱਧ ਬਾਅਦ ਸਥਾਪਿਤ ਗਲੋਬਲ ਨਿਜ਼ਾਮ ਨੂੰ ਅਮਰੀਕਾ ਕੇਂਦਰਤ ਕਰਨ 'ਤੇ ਤੁਲਿਆ ਹੋਇਆ ਹੈ। ਉਸ ਦੀ 'ਟੈਰਿਫ ਵਾਰ' ਨੇ ਪੂਰੇ ਵਿਸ਼ਵ ਦੀਆਂ ਚੂਲਾਂ (ਸਿਵਾਏ ਤਾਕਤਵਰ ਚੀਨ ਦੇ) ਹਿਲਾ ਕੇ ਰੱਖ ਦਿੱਤੀਆਂ। ਵਿਸ਼ਵ ਭਰ ਦੇ ਵੱਖ-ਵੱਖ ਦੇਸ਼ਾਂ ਦੇ ਮੁਖੀ ਆਪਣੀ ਆਰਥਿਕ ਬਰਬਾਦੀ ਦੇ ਬਚਾਅ ਲਈ ਉਸ ਕੋਲ ਟੈਰਿਫ ਕਟੌਤੀ ਦੀ ਭੀਖ ਮੰਗ ਰਹੇ ਹਨ ਅਤੇ ਉਹ ਹਰ ਇੱਕ ਨਾਲ ਤਾਨਸ਼ਾਹੀ ਭਰਿਆ ਵਰਤਾਉ ਕਰ ਰਿਹਾ ਹੈ। ਉਹ ਆਪਣੇ ਸੁਪਰ ਕਾਰਪੋਰੇਟਰਵਾਦੀ ਗੈਂਗ ਨਾਲ ਵ੍ਹਾਈਟ ਹਾਊਸ ਦੇ ਓਵਲ ਦਫ਼ਤਰ ਵਿਚ ਬੈਠ ਜਾਂਦਾ ਹੈ ਤੇ ਮੁਲਕਾਤ ਲਈ ਆਏ ਰਾਸ਼ਟਰ ਮੁਖੀ ਅਤੇ ਉਸ ਨਾਲ ਆਈ ਗੁੰਗੀ ਟੀਮ ਨੂੰ ਘੇਰ ਲੈਂਦਾ ਹੈ। ਖ਼ੂਬ ਖ਼ਰੀਆਂ-ਖਰੀਆਂ ਸੁਣਾ ਕੇ ਉਸ ਦੀਆਂ ਸ਼ਰਤਾਂ ਅਨੁਸਾਰ, ਸਮਝੌਤੇ ਸੰਧੀਆਂ ਕਰਨ ਲਈ ਮਜਬੂਰ ਕਰ ਦਿੰਦਾ ਹੈ। ਜਾਰਡਨ ਦੇ ਸ਼ਾਹ 'ਤੇ ਗਾਜ਼ਾ ਪੱਟੀ ਦੇ ਉੱਜੜੇ ਹਮਾਸ ਲੋਕਾਂ ਨੂੰ ਉਸ ਦੇ ਦੇਸ਼ ਵਿਚ ਵਸਾਉਣ ਜਾਂ ਯੂਕਰੇਨ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਨੂੰ ਅਮਰੀਕੀ ਸ਼ਰਤਾਂ 'ਤੇ ਰੂਸ ਨਾਲ ਸਮਝੌਤਾ ਕਰਨ ਲਈ ਮਜਬੂਰ ਕਰਨ ਬਾਰੇ ਕਹੇ ਜਾਣ ਤੋਂ ਕੌਣ ਜਾਣੂ ਨਹੀਂ? ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰ ਜਸਟਿਨ ਟਰੂਡੋ ਨੂੰ 'ਸ੍ਰੀਮਾਨ ਗਵਰਨਰ' ਅਤੇ ਕੈਨੇਡਾ ਨੂੰ ਅਮਰੀਕਾ ਦੇ 51ਵੇਂ ਰਾਜ ਬਣਾਉਣ ਦੇ ਡਰਾਵੇ ਤੇ ਸ਼ਰਮਨਾਕ ਵਰਤਾਓ ਤੋਂ ਕੌਣ ਵਾਕਿਫ ਨਹੀਂ?

**ਕਾਰਨੀ ਨਾਲ ਮਿਲਣੀ** : ਕੈਨੇਡਾ ਦੇ ਸਬੰਧਿਤ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਿਰੁੱਧ ਲਿਬਰਲ ਪਾਰਟੀ ਅੰਦਰੋਂ ਬਗਾਵਤ ਹੋਣ ਕਰ ਕੇ ਉਨ੍ਹਾਂ ਦੇ ਅਸਤੀਫੇ ਬਾਅਦ ਮਾਰਕ ਕਾਰਨੀ 85 ਪ੍ਰਤੀਸ਼ਤ ਲਿਬਰਲਾਂ ਦੀ ਹਮਾਇਤ ਨਾਲ ਪਾਰਟੀ ਆਗੂ ਚੁਣੇ ਗਏ ਅਤੇ ਫਿਰ 14 ਮਾਰਚ 2025 ਨੂੰ ਪ੍ਰਧਾਨ ਮੰਤਰੀ ਬਣੇ। 28 ਅਪਰੈਲ ਵਾਲੀਆਂ ਫੈਡਰਲ ਚੋਣਾਂ ਵਿਚ ਉਹ ਮੁੜ ਘੱਟਗਿਣਤੀ ਲਿਬਰਲ ਪਾਰਟੀ ਸਰਕਾਰ ਦਾ ਪ੍ਰਧਾਨ ਮੰਤਰੀ ਚੁਣਿਆ ਗਿਆ। ਕਾਰਨੀ ਰਾਜਨੀਤਕ ਆਗੂ ਨਹੀਂ ਹੈ, ਬੁਨਿਆਦੀ ਤੌਰ 'ਤੇ ਉਹ ਅਰਥ ਸ਼ਾਸਤਰੀ ਹੈ ਜੋ ਬੈਂਕ ਆਫ ਕੈਨੇਡਾ, ਬੈਂਕ ਆਫ ਇੰਗਲੈਂਡ ਦੇ ਗਵਰਨਰ ਵਜੋਂ ਭੂਮਿਕਾ ਨਿਭਾਉਣ ਤੋਂ ਇਲਾਵਾ ਵਿਸ਼ਵ ਬੈਂਕ ਅਤੇ ਹੋਰ ਅਨੇਕ ਆਰਥਿਕ ਸੰਸਥਾਵਾਂ ਨਾਲ ਕੰਮ ਕਰ ਚੁੱਕਾ ਹੈ।

**ਦਰਬਾਰਾ ਸਿੰਘ ਕਾਹਲੋਂ**

ਇਸੇ ਕਰ ਕੇ ਗਲੋਬਲ ਪੱਧਰ 'ਤੇ ਉਹ ਕਿਸੇ ਪਛਾਣ ਦਾ ਮੁਥਾਜ ਨਹੀਂ। ਉਹ ਸਫਲ ਬਿਜ਼ਨਸ ਮੀਟਿੰਗਾਂ ਲਈ ਤਾਂ ਮਸ਼ਹੂਰ ਹੈ ਪਰ ਰਾਜਨੀਤਕ ਮੀਟਿੰਗਾਂ ਦਾ ਉਸ ਕੋਲ ਕੋਈ ਤਜਰਬਾ ਨਹੀਂ। ਪ੍ਰਧਾਨ ਮੰਤਰੀ ਬਣਨ ਬਾਅਦ ਅਮਰੀਕਾ 'ਤੇ ਦਬਾਅ ਬਣਾਉਣ ਲਈ ਉਸ ਨੇ ਯੂਕੇ ਅਤੇ ਫਰਾਂਸ ਦਾ ਦੌਰਾ ਜ਼ਰੂਰ ਕੀਤਾ। ਯੂਕੇ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਜੋ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਚੌਕੀ ਭਰ ਗਿਆ ਸੀ, ਬਰਤਾਨੀਆਂ ਦੇ ਬਾਦਸ਼ਾਹ ਚਾਰਲਸ ਅਤੇ ਫਰਾਂਸ ਦੇ ਰਾਸ਼ਟਰਪਤੀ ਮੈਕਰੌਂ ਨਾਲ ਮੁਲਾਕਾਤਾਂ ਕੀਤੀਆਂ ਤਾਂ ਕਿ ਭਵਿੱਖ ਵਿਚ ਵਪਾਰਕ, ਰਾਜਨੀਤਕ, ਡਿਪਲੋਮੈਟਿਕ, ਸੁਰੱਖਿਆ ਅਤੇ ਯੁੱਧਨੀਤਕ ਸਮਝੌਤੇ ਕੀਤੇ ਜਾ ਸਕਣ ਪਰ ਉਸ ਦੀ ਟਰੰਪ ਵਰਗੇ ਆਪਹੁਦਰੇ ਆਗੂ ਨਾਲ 6 ਮਈ ਦੀ ਮੁਲਾਕਾਤ ਚੁਣੌਤੀ ਭਰਿਆ ਟੈਸਟ ਸੀ। ਦਰਅਸਲ, ਬੁਰੀ ਤਰ੍ਹਾਂ ਲਤਾੜੀ ਅਤੇ ਲੋਕ ਰੋਹ ਦਾ ਸ਼ਿਕਾਰ ਲਿਬਰਲ ਪਾਰਟੀ ਮੁੜ ਸੱਤਾ ਵਿਚ ਲਿਆਉਣ ਦਾ ਕਾਰਨ ਹੀ ਮਾਰਕ ਕਾਰਨੀ ਸੀ ਜਿਸ ਦੀ ਆਰਥਿਕ ਸੂਝ-ਬੂਝ 'ਤੇ ਕੈਨੇਡੀਅਨਾਂ ਨੇ ਭਰੋਸਾ ਜਿਤਾਇਆ।

ਬੜੇ ਖੁਸ਼ਮਿਜ਼ਾਜ ਅਤੇ ਇੱਕ-ਦੂਸਰੇ ਦੀ ਤਾਰੀਫ ਭਰੇ ਲਹਿਜੇ ਬਾਅਦ ਜਦੋਂ ਕਾਰਨੀ ਆਪਣੇ ਵਫ਼ਦ ਨਾਲ ਡੋਨਲਡ ਟਰੰਪ ਦੀ ਕਾਰਪੋਰਟਰ ਜੁੰਡਲੀ ਸਾਹਮਣੇ ਓਵਲ ਦਫ਼ਤਰ ਵਿਚ ਪੱਤਰਕਾਰਾਂ ਦੀ ਮੌਜੂਦਗੀ ਵਿਚ ਬੈਠੇ ਤਾਂ ਰਾਸ਼ਟਰਪਤੀ ਹੋ ਗਏ ਸ਼ੁਰੂ। ਉਨ੍ਹਾਂ ਦੀ ਸੁਰ ਦਬਾਅ ਭਰੀ, ਲਹਿਜਾ ਤਾਨਾਸ਼ਾਹੀ ਭਰਿਆ ਅਤੇ ਗਲਬਾਤ ਏਕਾਧਿਕਾਰ ਭਰੀ ਸੀ ਜਿਸ ਨੇ ਕਾਰਨੀ ਵਰਗੇ ਅਰਥ ਸ਼ਾਸਤਰੀ, ਸ਼ਰੀਫ ਅਤੇ ਪ੍ਰਬੁੱਧ ਵਿਅਕਤੀ ਨੂੰ ਗੰਭੀਰ ਤੇ ਹੈਰਾਨੀ ਭਰੀ ਅਸ਼ਾਂਤ ਮਨੋਦਿਸ਼ਾ ਵੱਲ ਧੱਕ ਦਿਤਾ ਪਰ ਉਨ੍ਹਾਂ ਮੌਕਾ ਵਿਚਾਰਿਆ ਅਤੇ ਇਸ ਅਨੁਸਾਰ ਆਪਣੀ ਕਾਰਵਾਈ ਪਾਈ।

35 ਮਿੰਟ ਦੀ ਮੀਟਿੰਗ ਵਿਚ ਟਰੰਪ ਆਪਣੇ ਕਸੀਦੇ ਕੱਢਦਾ ਰਿਹਾ। ਕਰੀਬ 5525 ਮੀਲ ਸਰਹੱਦੀ ਖ਼ੂਬਸੂਰਤ ਗੁਆਂਢੀ, ਨਿੱਘੇ ਮਿੱਤਰ, 77 ਪ੍ਰਤੀਸ਼ਤ ਵਪਾਰਕ ਸਾਥੀ, ਜੰਗਾਂ-ਯੁੱਧਾਂ ਵਿਚ ਅਮਰੀਕਾ ਦੇ ਮੋਢੇ ਨਾਲ ਮੋਢਾ ਜੋੜ ਕੇ ਲੜਨ ਵਾਲੇ ਕੈਨੇਡਾ ਨਾਲ ਅਮਰੀਕਾ ਮੈਕਸਿਕੋ ਕੈਨੇਡਾ ਵਪਾਰਕ ਸਮਝੌਤਾ ਜੋ ਉਸ ਨੇ 2018 ਵਿਚ ਪਹਿਲੇ ਨਾਫਟਾ ਸਮਝੌਤੇ ਨੂੰ ਤੋੜ ਕੇ ਕੈਨੇਡਾ ਅਤੇ ਮੈਕਸਿਕੋ ਗੁਆਂਢੀ ਦੇਸ਼ਾਂ ਨਾਲ ਕੀਤਾ ਸੀ ਅਤੇ ਜਿਸ ਦੀ ਮੁੜ ਨਜ਼ਰਸਾਨੀ 2026 ਵਿਚ ਤੈਅ ਹੈ, ਨੂੰ ਨਕਾਰ ਕੇ ਟਰੰਪ ਆਪਣੇ ਵੱਲੋਂ ਠੋਕੇ 25 ਪ੍ਰਤੀਸ਼ਤ ਟੈਰਿਫ ਨੂੰ ਸਹੀ ਠਹਿਰਾ ਰਿਹਾ ਸੀ। ਕੈਨੇਡਾ ਦੀ ਸਨਅਤ ਅਮਰੀਕਾ ਵਿਚ ਆਉਣ ਦੀ ਮਜਬੂਰੀ ਟੈਰਿਫ ਦਬਾਅ ਹੇਠ ਦਰਸਾ ਰਿਹਾ ਸੀ। ਗੱਲਬਾਤ ਕੈਨੇਡਾ ਅਮਰੀਕਾ ਵਪਾਰਕ ਮਿਲਵਰਤਣ, ਵਿਕਾਸ ਵਾਲੇ ਸਬੰਧਾਂ ਤੋਂ ਬੇਲੋੜੇ ਸਾਬਕਾ ਰਾਸ਼ਟਰਪਤੀ ਬਾਰਾਕ ਓਬਾਮਾ ਦੀ ਰਾਸ਼ਟਰਪਤੀ ਲਾਇਬਰੇਰੀ ਤੋਂ ਰੇਲ ਪ੍ਰਾਜੈਕਟਾਂ, ਅਮਰੀਕੀ ਰਾਸ਼ਟਰਪਤੀ ਚੋਣਾਂ ਵਿਚ ਆਪਣੀਆਂ ਪ੍ਰਾਪਤੀਆਂ ਸੁਣਾ ਕੇ ਕਾਰਨੀ ਨੂੰ ਪ੍ਰਭਾਵਿਤ ਅਤੇ ਲੀਹੋਂ ਉਤਾਰਨ ਲਈ ਕਰ ਰਿਹਾ ਸੀ। ਕਾਰਨੀ ਇਸ ਸਭ ਬਾਰੇ ਚੁੱਪ ਸੀ।

**ਕਰਾਰਾ ਜਵਾਬ:** ਕਸੀਦੇ ਕੱਢਦੇ-ਕੱਢਦੇ ਆਖਿਰ ਟਰੰਪ ਉਸ ਨੁਕਤੇ 'ਤੇ ਆ ਗਿਆ ਜੋ ਕਿਸੇ ਵੀ ਰਾਸ਼ਟਰ ਦੇ ਮੁਖੀ ਨੂੰ ਸਹਿਣ ਨਹੀਂ ਹੁੰਦਾ। ਕੈਨੇਡਾ ਨਾਲ ਆਪਣੇ ਪਿਆਰ, ਆਪਣੀ ਮਾਂ ਦੇ ਪਿਛੋਕੜ, ਇਸ ਨੂੰ ਮੁਫ਼ਤ ਸੁਰੱਖਿਆ ਦੇਣ, ਟੈਰਿਫ ਅਤੇ ਟੈਕਸ ਮੁਆਫੀਆਂ, ਵਧੀਆ ਸਿਹਤ ਸੇਵਾਵਾਂ ਦੇਣ ਦੀਆਂ ਗੱਲਾਂ ਦਸਵੀਂ ਜਮਾਤ ਦੇ ਮੁੰਡੇ ਵਾਂਗ ਕਰਦਾ-ਕਰਦਾ ਆਪਣੇ ਰੀਅਲ ਐਸਟੇਟ ਤਜਰਬੇ 'ਤੇ ਆ ਪੁੱਜਾ ਕਿ ਕਿਵੇਂ ਮਸਨੂਈ ਲਕੀਰ ਹਟਾਉਣ ਨਾਲ ਖ਼ੂਬਸੂਰਤ ਤਸਵੀਰ ਸਾਹਮਣੇ ਬਣ ਜਾਂਦੀ ਹੈ। ਉਹ ਕਲਾ ਪ੍ਰੇਮੀ ਹੈ ਅਤੇ ਐਸਾ ਮਹਿਸੂਸ ਕਰਦਾ ਹੈ; ਭਾਵ, ਕੈਨੇਡਾ ਦੀ ਅਮਰੀਕਾ ਵਿਚ ਸ਼ਮੂਲੀਅਤ (51ਵੇਂ ਪ੍ਰਾਂਤ ਵਜੋਂ)।

ਕੈਨੇਡਾ ਦੇ ਪ੍ਰਧਾਨ ਮੰਤਰੀ ਕਾਰਨੀ ਨੇ ਬੜੇ ਸੁਘੜ ਢੰਗ ਨਾਲ ਜਵਾਬ ਦਿੱਤਾ ਕਿ ਤੁਸੀਂ ਰੀਅਲ ਐਸਟੇਟ ਬਾਰੇ ਜਾਣਦੇ ਹੋ ਕਿ ਕੁਝ ਥਾਵਾਂ ਐਸੀਆਂ ਹੁੰਦੀਆਂ ਹਨ ਜੋ ਵਿਕਾਊ ਨਹੀਂ ਹੁੰਦੀਆਂ ਜਿਵੇਂ ਇੱਕ (ਵ੍ਹਾਈਟ ਹਾਊਸ) ਜਿਸ ਵਿਚ ਅਸੀਂ ਬੈਠੇ ਹਾਂ; ਦੂਜੇ ਬਕਿੰਘਮ ਪੈਲਸ (ਬਰਤਾਨਵੀ ਸ਼ਾਹੀ ਘਰਾਣੇ ਦਾ ਮਹਿਲ)। ਉਹ ਚੋਣਾਂ ਦੌਰਾਨ ਪੂਰੇ ਕੈਨੇਡਾ ਵਿਚ ਘੁੰਮੇ। ਉਸ ਦੇ ਮਾਲਿਕਾਂ ਦਾ ਕਹਿਣਾ ਹੈ ਕਿ ਕੈਨੇਡਾ ਵਿਕਾਊ ਨਹੀਂ ਹੈ, ਕਦੇ ਵੀ। ਪਰ ਭਾਈਵਾਲੀ ਸਾਨੂੰ ਮੌਕਾ ਮੁਹੱਈਆ ਕਰਦੀ ਹੈ ਕਿ ਅਸੀਂ ਮਿਲ ਕੇ ਤਰੱਕੀ ਕਰ ਸਕਦੇ ਹਾਂ। ਫਿਰ ਟਰੰਪ ਬੋਲਿਆ, "ਪਰ ਇਹ ਕਦੇ ਨਾ ਕਹੋ, ਕਦੇ ਨਹੀਂ।" ਬਾਅਦ ਵਿਚ ਦੋਹਾਂ ਆਗੂਆਂ ਦੀ ਬੰਦ ਕਮਰੇ ਵਿਚ ਵੱਖਰੀ ਗੱਲਬਾਤ ਸਮੇਂ ਕਾਰਨੀ ਨੇ ਟਰੰਪ ਨੂੰ ਸਪਸ਼ਟ ਕਿਹਾ ਕਿ ਉਹ ਕੈਨੇਡਾ ਨੂੰ 51ਵੇਂ ਸੂਬੇ ਵਜੋਂ ਸ਼ਾਮਲ ਕਰਨ ਦੀ ਗੱਲ ਨਾ ਕਰਿਆ ਕਰਨ।

ਫੌਕਸ ਮੀਡੀਆ ਅਦਾਰੇ ਨਾਲ ਗੱਲਬਾਤ ਕਰਦਿਆਂ ਕੈਨੇਡਾ ਦੇ ਐਕਟਰ ਵਿਲੀਅਮ ਸ਼ੈਂਟਰ ਨੇ ਕਿਹਾ ਕਿ ਜੇ ਅਮਰੀਕਾ ਨੂੰ ਕੈਨੇਡਾ ਨਾਲ ਇੰਨਾ ਪ੍ਰੇਮ ਹੈ ਤਾਂ ਉਹ ਉਸ ਦਾ 11ਵਾਂ ਸੂਬਾ ਬਣ ਜਾਵੇ, ਕੀ ਹਰਜ ਹੈ?

ਦੁਪਹਿਰ ਦੇ ਖਾਣੇ ਵੇਲੇ ਟਰੰਪ ਨੇ ਕਾਰਨੀ ਨੂੰ ਵਿਦੇਸ਼ ਨੀਤੀ ਬਾਰੇ ਗੱਲ ਕਰਦਿਆਂ ਪੁੱਛਿਆ ਕਿ ਉਹ ਰੂਸ, ਯੂਕਰੇਨ, ਚੀਨ, ਇਰਾਨ, ਗਾਜ਼ਾ ਆਦਿ ਦੇ ਮਸਲਿਆਂ ਬਾਰੇ ਕੈਸੇ ਵਿਚਾਰ ਰੱਖਦੇ ਹਨ? ਬੰਦ ਕਮਰਾ ਗੱਲਬਾਤ ਵਿਚ ਕਾਰਨੀ ਨੇ ਪ੍ਰਸ਼ਨ ਉਠਾਇਆ ਕਿ ਕੈਨੇਡਾ ਤੇ ਅਮਰੀਕੀ ਟੈਰਿਫਾਂ ਦੀ ਕੋਈ ਤੁੱਕ ਨਹੀਂ। ਦੋਹਾਂ ਨੇ ਇਸਪਾਤ, ਆਟੋ ਪਾਰਟਸ, ਫੈਂਟਾਨਾਈਲ (ਨਸ਼ੀਲਾ ਪਦਾਰਥ), ਰੱਖਿਆ, ਖਣਿਜ ਪਦਾਰਥਾਂ ਅਤੇ ਸਰਹੱਦੀ ਸੁਰੱਖਿਆ ਵਿਸ਼ਿਆਂ 'ਤੇ ਗੱਲ ਕੀਤੀ। ਅੰਦਰੂਨੀ ਸ੍ਰੋਤ ਦਰਸਾਉਂਦੇ ਹਨ ਕਿ ਟਰੰਪ ਦਾ ਵਤੀਰਾ ਕਾਰਨੀ ਪ੍ਰਤੀ ਜਸਟਿਨ ਟਰੂਡੋ ਨਾਲੋਂ ਬਹੁਤ ਭਿੰਨ ਸੀ। ਉਸ ਨੇ ਉਸ ਦੇ ਵਿਚਾਰਾਂ ਨੂੰ ਗੰਭੀਰਤਾ ਨਾਲ ਸੁਣਿਆ। ਕਈ ਸਵਾਲ ਵੀ ਪੁੱਛੇ। ਫੈਂਟਾਨਾਈਲ ਵਰਗੇ ਨਸ਼ੇ ਬੰਦ ਕਰਨੇ, ਨਸ਼ੀਲੇ ਪਦਾਰਥਾਂ ਦੇ ਸਰਗਨਿਆਂ 'ਤੇ ਕਾਬੂ ਪਾਉਣ, ਆਰਕਟਿਕ ਖੇਤਰ ਦੀ ਸੁਰੱਖਿਆ, ਕੈਨੇਡਾ ਦੀ ਫੌਜੀ ਸ਼ਕਤੀ ਦੇ ਵਿਸਥਾਰ ਵਰਗੇ ਨੁਕਤਿਆਂ 'ਤੇ ਵਿਚਾਰ ਵਟਾਂਦਰਾ ਕੀਤਾ।

ਆਰਥਿਕ ਮਾਹਿਰ ਵਜੋਂ ਕਾਰਨੀ ਟਰੰਪ ਨਾਲ ਸਹਿਮਤ ਨਹੀਂ ਕਿ ਅਮਰੀਕਾ ਨੂੰ ਕੈਨੇਡਾ ਵਿਚ ਬਣਦੇ ਵਾਹਨਾਂ ਦੀ ਖਰੀਦ ਦੀ ਲੋੜ ਨਹੀਂ। ਅਮਰੀਕੀ ਆਟੋ ਸਨਅਤ ਦਾ ਸੱਚ ਇਹ ਹੈ ਅਤੇ ਉਸ ਦਾ ਵਿਚਾਰ ਵੀ ਇਹ ਹੈ ਕਿ ਉਹ ਕੈਨੇਡੀਅਨ ਆਟੋ ਵਰਕਰਾਂ, ਆਟੋ ਕੰਪਨੀਆਂ, ਕੈਨੇਡੀਅਨ ਸਟੀਲ, ਅਲਮੂਨੀਅਮ ਅਤੇ ਤਕਨੀਕ ਬਗੈਰ ਚੱਲ ਨਹੀਂ ਸਕਦੀ, ਟਰੰਪ ਭਾਵੇਂ ਜੋ ਮਰਜ਼ੀ ਮੁਹਾਰਨੀ ਪੜ੍ਹੀ ਜਾਵੇ। ਅਮਰੀਕਾ ਵੱਲੋਂ ਟੈਰਿਫ ਠੋਕਣ ਅਤੇ ਕੈਨੇਡਾ ਵੱਲੋਂ ਜਵਾਬੀ ਕਾਰਵਾਈ ਕਰਨ ਬਾਅਦ ਕੈਨੇਡਾ ਦਾ ਅਮਰੀਕਾ ਨੂੰ ਪਹਿਲੇ ਮਹੀਨੇ ਵਿਚ ਬਰਾਮਦ 6.6 ਅਤੇ ਦਰਾਮਦ 2.9 ਪ੍ਰਤੀਸ਼ਤ ਘਟੀ ਹੈ। ਦੂਸਰੇ ਪਾਸੇ ਗੈਰ ਅਮਰੀਕੀ ਦੇਸ਼ਾਂ ਜਿਵੇਂ ਨੈਦਰਲੈਂਡ ਤੇ ਹਾਂਗਕਾਂਗ ਨੂੰ ਕੱਚੇ ਤੇਲ, ਬ੍ਰਿਟੇਨ ਨੂੰ ਸੋਨੇ, ਜਰਮਨੀ ਨੂੰ ਹੋਰ ਕਈ ਵਸਤਾਂ ਦੀ ਬਰਾਮਦ 24.8 ਪ੍ਰਤੀਸ਼ਤ ਵਧੀ ਹੈ।

ਪ੍ਰਧਾਨ ਮੰਤਰੀ ਕਾਰਨੀ ਹੁਣ ਅਮਰੀਕਾ ਨਾਲ ਵਪਾਰ 'ਤੇ ਨਿਰਭਰ ਨਹੀਂ ਰਹਿਣਗੇ। ਉਨ੍ਹਾਂ ਇਸ ਨੂੰ ਵਿਸ਼ਵ ਦੇ ਹੋਰ ਦੇਸ਼ਾਂ ਲਾਲ ਵਧਾਉਣ ਦਾ ਨੀਤੀਗਤ ਫੈਸਲਾ ਕਰ ਲਿਆ ਹੈ। ਉਹ ਦੇਸ਼ ਅੰਦਰ ਵੱਖ-ਵੱਖ ਸੂਬਿਆਂ ਦਰਮਿਆਨ ਟੈਰਿਫ ਬੈਰੀਅਰ ਸੂਬਾਈ ਮੁੱਖ ਮੰਤਰੀਆਂ ਦੀ ਸਹਿਮਤੀ ਨਾਲ ਖ਼ਤਮ ਕਰ ਰਹੇ ਹਨ। ਆਪਣੇ ਦੇਸ਼ ਦਾ ਆਵਾਜਾਈ ਅਤੇ ਬਾਜ਼ਾਰ ਸਿਸਟਮ ਮਜ਼ਬੂਤ ਬਣਾ ਰਹੇ ਹਨ।

ਬੰਦ ਕਮਰਾ ਗੱਲਬਾਤ ਬਾਅਦ ਪ੍ਰਧਾਨ ਮੰਤਰੀ ਨੇ ਦੱਸਿਆ ਕਿ ਟਰੰਪ ਕੈਨੇਡਾ ਨਾਲ ਵਪਾਰ ਅਤੇ ਗੱਲਬਾਤ ਦੇ ਹਾਮੀ ਹਨ। 26 ਜੂਨ 2025 ਨੂੰ ਅਲਬਰਟਾ (ਕੈਨੇਡਾ) ਵਿਚ ਜੀ-7 ਦੇਸ਼ਾਂ ਦੀ ਮੀਟਿੰਗ ਵਿਚ ਮੁੜ ਟਰੰਪ ਅਤੇ ਉਹ ਗੱਲ ਕਰਨਗੇ। ਹਕੀਕਤ ਇਹ ਹੈ ਕਿ ਜੇ ਅਮਰੀਕਾ ਸਵਿਟਜ਼ਰਲੈਂਡ ਵਿੱਚ ਚੀਨ ਨਾਲ ਵਪਾਰ ਜੰਗ ਦੇ ਹੱਲ ਲਈ ਗੱਲਬਾਤ ਕਰ ਰਿਹਾ ਹੈ ਤਾਂ ਕੈਨੇਡਾ ਨਾਲ ਕਿਵੇਂ ਬੰਦ ਕਰ ਸਕਦਾ ਹੈ?

ਅਮਰੀਕਨ ਰਿਪਬਲਿਕਨ ਅਤੇ ਡੈਮੋਕਰੈਟਿਕ ਪਾਰਟੀਆਂ, ਅਮਰੀਕੀ ਲੋਕਾਂ, ਨੌਜਵਾਨਾਂ ਅਤੇ ਬੁੱਧੀਜੀਵੀਆਂ ਨੂੰ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਇਸ ਦੇ ਕਾਰਪੋਰੇਟਰਵਾਦੀ ਜੋਟੀਦਾਰਾਂ ਨੂੰ ਸਖ਼ਤੀ ਨਾਲ ਵਰਜਣਾ ਚਾਹੀਦਾ ਹੈ ਕਿ ਉਹ ਕੈਨੇਡਾ ਵਰਗੇ ਖ਼ੂਬਸੂਰਤ ਦੇਸ਼, ਭਰੋਸੇਯੋਗ ਮਿੱਤਰ ਅਤੇ ਮੈਕਸਿਕੋ ਵਰਗੇ ਗੁਆਂਢੀ ਦੇਸ਼ਾਂ ਨਾਲ ਦੁਸ਼ਮਣੀ ਮੁੱਲ ਨਾ ਲੈਣ। ਇਹ ਦੇਸ਼ ਗਰੀਨਲੈਂਡ ਜਜ਼ੀਰਾ, ਪਨਾਮਾ ਨਹਿਰ, ਗਾਜ਼ਾਪੱਟੀ ਨਹੀਂ ਜਿਨ੍ਹਾਂ 'ਤੇ ਕਬਜ਼ਾ ਕਰਨ ਦੀਆਂ ਗੋਂਦਾਂ ਟਰੰਪ ਗੁੰਦ ਰਿਹਾ ਹੈ।

# ਅਮਰੀਕਾ ਫਸਟ ਜਾਂ ਟਰੰਪ ਫਸਟ ?

'ਸਭ ਕੁਝ ਆਪਣੇ ਲਈ, ਦੂਜਿਆਂ ਲਈ ਕੁਝ ਨਹੀਂ', ਐਡਮ ਸਮਿਥ ਨਾਂ ਦੇ ਅਰਥਸ਼ਾਸਤਰੀ ਨੇ 1776 'ਚ ਯੂਰਪ ਦੇ ਸ਼ਾਸਕ ਵਰਗ ਦੀ ਨਿੰਦਾ ਕਰਦੇ ਹੋਏ ਇਹ ਲਿਖਿਆ ਸੀ। ਦੂਜੇ ਪਾਸੇ ਜਦੋਂ ਸੰਯੁਕਤ ਰਾਜ ਅਮਰੀਕਾ ਨੂੰ 1776 'ਚ ਬ੍ਰਿਟੇਨ ਤੋਂ ਆਜ਼ਾਦੀ ਮਿਲੀ ਤਾਂ ਉਸ ਨੇ ਦਾਅਵਾ ਕੀਤਾ ਕਿ ਜਿੱਥੇ ਹੋਰ ਲੋਕ ਆਪਣੇ ਰਾਸ਼ਟਰੀ ਹਿੱਤਾਂ ਨੂੰ ਅੱਗੇ ਵਧਾਉਂਦੇ ਹਨ, ਅਮਰੀਕਾ ਯੂਨੀਵਰਸਲ ਸਿਧਾਂਤਾਂ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਕਰਦਾ ਹੈ।

ਪਰ ਜਿਉਂ-ਜਿਉਂ ਸਮਾਂ ਬਦਲਿਆ ਅਮਰੀਕੀ ਨੀਤੀ 'ਚ ਭਾਰੀ ਬਦਲਾਅ ਆਇਆ। ਪ੍ਰਸਿੱਧ ਪ੍ਰੋਫੈਸਰ ਲੇਖਕ ਨਾਓਮ ਚੋਮਸਕੀ ਆਪਣੀ 100ਵੀਂ ਪੁਸਤਕ ਜੋ ਉਨ੍ਹਾਂ ਨੇ ਨਾਥਨ ਜੇ ਰਾਬਿਨਸ ਦੇ ਨਾਲ ਮਿਲ ਕੇ ਲਿਖੀ ਹੈ, 'ਚ ਲਿਖਿਆ ਹੈ, "ਅਮਰੀਕਾ ਕਿਸੇ ਵੀ ਸ਼ਕਤੀਸ਼ਾਲੀ ਦੇਸ਼ ਵਾਂਗ ਹੀ ਹੈ। ਇਹ ਆਪਣੀ ਆਬਾਦੀ ਦੇ ਪ੍ਰਮੁੱਖ ਖੇਤਰਾਂ ਦੇ ਯੁੱਧਨੀਤਿਕ ਅਤੇ ਆਰਥਿਕ ਹਿੱਤਾਂ ਦਾ ਪਿੱਛਾ ਕਰਦਾ ਹੈ।"

ਉਨ੍ਹਾਂ ਨੇ ਉਦਾਹਰਣ ਦਿੰਦੇ ਹੋਏ ਦੱਸਿਆ ਕਿ ?ਕਵੇਂ 1958 'ਚ ਰਾਸ਼ਟਰੀ ਸੁਰੱਖਿਆ ਪ੍ਰੀਸ਼ਦ ਦੇ ਯੋਜਨਾ ਬੋਰਡ ਨੇ ਇਕ ਪੇਪਰ ਤਿਆਰ ਕੀਤਾ ਸੀ, ਜਿਸ 'ਚ ਕਿਹਾ ਗਿਆ ਸੀ ਕਿ ਬ੍ਰਿਟੇਨ ਕੁਵੈਤ ਅਤੇ ਫਾਰਸ ਦੀ ਖਾੜੀ 'ਤੇ ਆਪਣਾ ਕੰਟਰੋਲ ਬਣਾਈ ਰੱਖਣਾ ਚਾਹੁੰਦਾ ਸੀ ਕਿਉਂਕਿ ਉਸ ਨੂੰ ਤੇਲ ਦੀ ਲੋੜ ਸੀ। ਇਸ 'ਚ ਆਮ ਕੁਵੈਤੀ ਲੋਕਾਂ ਦੇ ਕਲਿਆਣ ਬਾਰੇ ਨਹੀਂ ਸੋਚਿਆ ਗਿਆ। ਜਦੋਂ ਤੋਂ ਟਰੰਪ 'ਅਮਰੀਕਾ ਫਸਟ' ਦਾ ਨਾਅਰਾ ਲੈ ਕੇ ਆਏ ਹਨ, ਸਭ ਨਿਯਮ ਬਦਲ ਗਏ ਹਨ। ਵਿਦੇਸ਼ੀ ਉਦਾਰਤਾ ਪ੍ਰਤੀ ਖੁੱਲ੍ਹਾਪਨ ਇਸ ਹਫਤੇ ਪੂਰੀ ਤਰ੍ਹਾਂ ਨਾਲ ਪ੍ਰਦਰਸ਼ਿਤ ਹੋਇਆ, ਜਦੋਂ ਅਮਰੀਕੀ ਰਾਸ਼ਟਰਪਤੀ ਨੂੰ ਇਸ ਕਾਰਜਕਾਲ 'ਚ ਵਿਦੇਸ਼ 'ਚ ਆਪਣੀ ਪਹਿਲੀ ਪ੍ਰਮੁੱਖ ਡਿਪਲੋਮੈਟਿਕ ਯਾਤਰਾ ਦੌਰਾਨ ਖਾੜੀ ਦੇਸ਼ਾਂ 'ਚ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੇ ਖਰਬਾਂ ਡਾਲਰ ਦੇ ਸੌਦੇ ਕੀਤੇ ਅਤੇ ਸਥਾਨਕ ਨੇਤਾਵਾਂ ਨੂੰ ਨਿਵੇਸ਼ ਲਈ ਪ੍ਰੇਰਿਤ ਕੀਤਾ ਕਿਉਂਕਿ ਉਨ੍ਹਾਂ ਦਾ ਕਹਿਣਾ ਹੈ ਕਿ ਉਹ ਅਮਰੀਕੀ ਵਿਦੇਸ਼ ਨੀਤੀ ਨੂੰ 'ਅਮਰੀਕਾ ਫਸਟ' ਨੂੰ ਪਹਿਲ ਦੇਣ ਲਈ ਫਿਰ ਤੋਂ ਬਣਾ ਰਹੇ ਹਨ। ਮਨੁੱਖੀ ਅਧਿਕਾਰਾਂ ਜਾਂ ਕੌਮਾਂਤਰੀ ਕਾਨੂੰਨਾਂ ਦੀਆਂ ਚਿੰਤਾਵਾਂ ਨੂੰ ਇਕ ਪਾਸੇ ਰੱਖ ਰਹੇ ਹਨ।

ਪਰ ਇਸ ਯਾਤਰਾ ਅਤੇ ਨੀਤੀਆਂ ਦਾ ਲਾਭ ਤਾਂ ਟਰੰਪ ਨੂੰ ਵੀ ਮਿਲਿਆ ਹੈ। ਪ੍ਰੈੱਸ ਅਨੁਮਾਨਾਂ ਅਨੁਸਾਰ ਉਨ੍ਹਾਂ ਦੇ ਪਰਿਵਾਰ ਦੀ ਸੰਪਤੀ 'ਚ 3 ਬਿਲੀਅਨ ਡਾਲਰ ਤੋਂ ਵੱਧ ਵਾਧਾ ਹੋਇਆ ਹੈ ਅਤੇ ਕ੍ਰਿਪਟੋਕਰੰਸੀ ਅਤੇ ਹੋਰ ਨਿਵੇਸ਼ ਸੌਦਿਆਂ ਜਿਵੇਂ ਕਿ ਟਰੰਪ-ਬ੍ਰਾਂਡਿਡ ਪਰਿਵਾਰਕ ਸੰਪਤੀਆਂ ਦੀਆਂ ਯੋਜਨਾਵਾਂ ਤੋਂ ਹੋਣ ਵਾਲੇ ਲਾਭ ਕਿਤੇ ਜ਼ਿਆਦਾ ਹੋ ਸਕਦੇ ਹਨ।

ਟਰੰਪ ਦੇ ਕਰੀਬੀ ਵਪਾਰਕ ਸਹਿਯੋਗੀਆਂ ਵਲੋਂ ਅਰਬਾਂ ਡਾਲਰ ਦੇ ਸੌਦੇ ਕੀਤੇ ਗਏ ਹਨ, ਜਿਸ ਦਾ ਅਰਥ ਹੈ ਕਿ ਵ੍ਹਾਈਟ ਹਾਊਸ ਲਈ ਉਨ੍ਹਾਂ ਦਾ ਸਿਆਸੀ ਸਮਰਥਨ ਵਿਦੇਸ਼ਾਂ 'ਚ ਆਕਰਸ਼ਕ ਸਮਝੌਤਿਆਂ 'ਚ ਤਬਦੀਲ ਹੋ ਸਕਦਾ ਹੈ।

ਇਸ ਹਫਤੇ ਮੱਧ ਪੂਰਬ ਦੇ ਆਪਣੇ ਦੌਰੇ 'ਤੇ ਡੋਨਾਲਡ ਟਰੰਪ ਨੇ ਸਾਊਦੀ ਅਰਬ, ਸੰਯੁਕਤ ਅਰਬ ਅਮੀਰਾਤ ਅਤੇ ਕਤਰ ਦੇ ਨੇਤਾਵਾਂ ਨਾਲ ਕਈ ਅਰਬ ਡਾਲਰ ਦੇ ਸੌਦਿਆਂ ਦਾ ਐਲਾਨ ਕੀਤਾ। ਅਮਰੀਕਾ ਅਤੇ ਸੰਯੁਕਤ ਅਰਬ ਅਮੀਰਾਤ ਨੇ ਆਬੂਧਾਬੀ ਨੂੰ ਅਮਰੀਕਾ ਦੇ ਬਾਹਰ ਸਭ ਤੋਂ ਵੱਡੇ ਮਸਨੂਈ ਬੁੱਧੀਮਤਾ (ਏ. ਆਈ.) ਕੰਪਲੈਕਸ ਦੇ ਸਥਾਨ ਦੇ ਰੂਪ 'ਚ ਚੁਣਿਆ। ਸਾਊਦੀ ਅਰਬ ਨੇ ਸੈਮੀਕੰਡਕਟ ਲਈ ਇਕ ਬਰਾਬਰ ਸੌਦਾ ਕੀਤਾ, ਜਿਸ 'ਚ ਉਸ ਦੇ ਸਾਵਰੇਨ ਵੈਲਥ ਫੰਡ ਦੀ ਮਾਲਕੀ ਵਾਲੇ ਏ. ਆਈ. ਸਟਾਰਟਅਪ ਹਿਊਮੈਨ ਨੂੰ ਸੈਂਕੜੇ ਹਜ਼ਾਰਾਂ 'ਐਨਵੀਡੀਆ ਬਲੈਕਵੈਲ ਚਿਪਸ' ਦੀ ਵਿਕਰੀ ਦਾ ਵਾਅਦਾ ਕੀਤਾ ਗਿਆ। ਇਹ ਸਮਝੌਤੇ ਕਈ ਕਾਰਨਾਂ ਕਰ ਕੇ ਵਰਣਨਯੋਗ ਹਨ। ਖੁਦ ਨੂੰ ਬ੍ਰੋਕਰ-ਇਨ-ਚੀਫ ਦੱਸਦੇ ਹੋਏ, ਟਰੰਪ ਦਰਜਨਾਂ ਸੀ. ਈ. ਓ. ਦੇ ਇਕ ਦਲ ਨੂੰ ਮੱਧ ਪੂਰਬ 'ਚ ਲਿਆਏ, ਜਿਸ 'ਚ 'ਐਨਵੀਡੀਆ' ਦੇ ਜੇਨਸੇਨ ਹੁਆਂਗ, ਓਪਨ ਏ. ਆਈ. ਦੇ ਸੈਮ ਆਲਟਮੈਨ, ਐਲਨ ਮਸਕ, ਐਮਾਜ਼ੋਨ ਦੇ ਐਂਡੀ ਜੇਸੀ, ਪੈਲੰਟਿਰ ਦੇ ਅਲੈਕਸ ਕਾਰਪ ਅਤੇ ਦੋ ਦਰਜਨ ਹੋਰ ਸ਼ਾਮਲ ਸਨ। ਇਸ ਹਫਤੇ ਇਕ ਵਿਸ਼ੇਸ਼ ਤੌਰ 'ਤੇ ਧਿਆਨ ਆਕਰਸ਼ਿਤ ਕਰਨ ਵਾਲੀ ਘਟਨਾ 'ਚ ਕਤਰ ਨੇ ਅਮਰੀਕੀ ਰੱਖਿਆ ਵਿਭਾਗ ਨੂੰ 400 ਮਿਲੀਅਮ ਡਾਲਰ ਦਾ ਬੋਇੰਗ 747-8 ਦੇਣ ਦੀ ਪੇਸ਼ਕਸ਼ ਕੀਤੀ, ਜਿਸ ਦੇ ਬਾਰੇ 'ਚ ਟਰੰਪ ਨੇ ਸੁਝਾਅ ਦਿੱਤਾ ਸੀ ਕਿ ਇਸ ਦੀ ਵਰਤੋਂ ਏਅਰ ਫੋਰਸ ਵਨ ਦੇ ਰੂਪ 'ਚ ਕੀਤੀ ਜਾ ਸਕਦੀ ਹੈ ਅਤੇ ਫਿਰ ਉਨ੍ਹਾਂ ਦੇ ਅਹੁਦਾ ਛੱਡਣ ਤੋਂ ਬਾਅਦ ਉਨ੍ਹਾਂ ਦੀ ਰਾਸ਼ਟਰਪਤੀ ਲਾਇਬ੍ਰੇਰੀ ਨੂੰ ਸੌਂਪ ਦਿੱਤਾ ਜਾ ਸਕਦਾ ਹੈ। ਆਲੋਚਕਾਂ ਨੇ ਤਰਕ ਦਿੱਤਾ ਹੈ ਕਿ ਇਹ ਸੰਵਿਧਾਨ ਦੇ ਉਜਰਤ ਸੈਕਸ਼ਨ ਦੀ ਉਲੰਘਣਾ ਕਰਦਾ ਹੈ ਜੋ ਰਾਸ਼ਟਰਪਤੀ ਨੂੰ ਵਿਦੇਸ਼ੀ ਸੰਸਥਾਵਾਂ ਤੋਂ ਤੋਹਫੇ ਹਾਸਲ ਕਰਨ ਤੋਂ ਰੋਕਦਾ ਹੈ। ਪਰ ਖਾੜੀ ਦੇਸ਼ਾਂ ਨੇ ਹੋਰ ਪ੍ਰੋਤਸਾਹਨਾਂ ਦੀ ਪੇਸ਼ਕਸ਼ ਕੀਤੀ ਹੈ, ਜਿਸ 'ਚ ਯੂ. ਏ. ਈ.-ਕੰਟਰੋਲਡ ਫੰਡ ਤੋਂ ਟਰੰਪ ਨਾਲ ਜੁੜੀ ਸਥਿਰ ਮੁਦਰਾ 'ਚ 2 ਬਿਲੀਅਨ ਦਾ ਨਿਵੇਸ਼ ਸ਼ਾਮਲ ਹੈ, ਜੋ ਰਾਸ਼ਟਰਪਤੀ ਨੂੰ ਆਬੂਧਾਬੀ ਦੇ ਪੱਖ 'ਚ ਵਿਦੇਸ਼ ਨੀਤੀ ਨੂੰ ਆਕਾਰ ਦੇਣ ਲਈ ਪ੍ਰੋਤਸਾਹਿਤ ਕਰਦਾ ਹੈ। ਸਭ ਤੋਂ ਮਹੱਤਵਪੂਰਨ ਤੱਥ ਇਹ ਹੈ ਕਿ ਟਰੰਪ ਜੋ ਚਿਪਸ, ਏ. ਆਈ. ਬਣਾਉਣ 'ਚ ਨਵੀਨਤਮ ਤਕਨੀਕ ਨੂੰ ਖਾੜੀ ਦੇਸ਼ਾਂ ਤੱਕ ਪਹੁੰਚਾਉਣ ਲਈ ਸੌਦੇ ਕਰ ਰਹੇ ਹਨ, ਉਥੋਂ ਇਹ ਆਸਾਨੀ ਨਾਲ ਚੀਨ ਜਾ ਸਕਦੀ ਹੈ, ਜੋ ਸਾਊਦੀ, ਕਤਰ ਅਤੇ ਯੂ. ਏ. ਈ. ਦੇ ਕਾਫੀ ਕਰੀਬ ਹੈ।

ਟਰੰਪ ਨੇ ਪਾਕਿਸਤਾਨ ਦੇ ਨਾਲ ਵੀ ਇਕ ਸਮਝੌਤੇ 'ਤੇ ਦਸਤਖਤ ਕੀਤੇ ਹਨ। ਮੰਨਿਆ ਜਾ ਰਿਹਾ ਹੈ ਕਿ ਹਾਲ ਹੀ 'ਚ ਵਰਲਡ ਲਿਬਰਟੀ ਫਾਈਨਾਂਸ਼ੀਅਲ (WLF) ਦੇ ਨਾਲ ਇਕ ਸਮਝੌਤੇ 'ਤੇ ਦਸਤਖਤ ਕੀਤੇ ਗਏ ਹਨ, ਜੋ ਇਕ ਕ੍ਰਿਪਟੋਕਰੰਸੀ ਕੰਪਨੀ ਹੈ ਜਿਸ 'ਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪਰਿਵਾਰ ਦੀ ਕਥਿਤ ਤੌਰ 'ਤੇ 60 ਫੀਸਦੀ ਹਿੱਸੇਦਾਰੀ ਹੈ।

ਇਹ ਸੌਦਾ ਨਵਗਠਿਤ ਪਾਕਿਸਤਾਨ ਕ੍ਰਿਪਟੋ ਕਾਊਂਸਲ (ਪੀ. ਸੀ. ਸੀ.) ਦੇ ਨਾਲ ਕੀਤਾ ਗਿਆ ਸੀ, ਜਿਸ ਨੇ ਇਕ ਮਹੀਨਾਂ ਪਹਿਲਾਂ ਹੀ ਬਿਨੈਂਸ ਦੇ ਸੰਸਥਾਪਕ ਚਾਂਗਪੇਂਗ ਝਾਓ (ਸੀ. ਜ਼ੈੱਡ.) ਨੂੰ ਆਪਣਾ ਸਲਾਹਕਾਰ ਨਿਯੁਕਤ ਕੀਤਾ ਹੈ, ਜੋ ਦੱਖਣੀ ਏਸ਼ੀਆਂ ਦਾ ਕ੍ਰਿਪਟੋ ਹੱਬ ਬਣਨ ਦੀ ਇਸਲਾਮਾਬਾਦ ਦੀ ਵੱਡੀ ਖਾਹਿਸ਼ ਨੂੰ ਦਰਸਾਉਂਦਾ ਹੈ ਅਤੇ ਸਾਊਥ ਏਸ਼ੀਆ 'ਚ ਜਿਸ ਨਾਲ ਦੱਖਣੀ ਏਸ਼ੀਆ ਨਾ ਸਿਰਫ ਅਸਥਿਰ ਹੋ ਸਕਦਾ ਹੈ, ਸਗੋਂ ਡਰੱਗ ਡੀਲਰਾਂ ਦਾ ਇਕ ਵੱਡਾ ਕੇਂਦਰ ਵੀ ਬਣ ਸਕਦਾ ਹੈ। ਤਾਂ ਕੀ ਹੁਣ ਅਮਰੀਕਾ ਦੀ ਪਾਲਿਸੀ ਟਰੰਪ ਫਸਟ ਹੈ ਜਾਂ ਅਮਰੀਕਾ ਫਸਟ ਹੈ?

# ਬੇਗਮਪੁਰੇ ਦਾ ਸੁਫਨਾ ਅਤੇ ਸਾਧਨਾਂ ਦੀ ਦਰੁਸਤ ਵੰਡ



ਆਓ ਆਪਾਂ ਸੁਫਨਿਆਂ ਭਰੇ ਸੰਸਾਰ 'ਚ ਚੱਲੀਏ। ਸੰਸਾਰ ਨੂੰ ਖ਼ੂਬਸੂਰਤ ਬਣਾਉਣ ਵਾਲੇ ਸਾਰੇ ਜੀਆਂ ਨੇ ਸੁਫਨਿਆਂ ਦਾ ਕਮਾਲ ਦਾ ਸੰਸਾਰ ਸਿਰਜਿਆ ਹੈ। ਗੁਰੂ ਰਵਿਦਾਸ ਦੇ 'ਬੇਗਮਪੁਰੇ' ਦੇ ਸੁਫਨੇ ਦੇ ਬੜੇ ਡੂੰਘੇ ਅਰਥ ਹਨ; ਉਸ ਸਥਾਨ ਦੀ ਕਲਪਨਾ ਜਿਥੇ ਦੁੱਖ ਤੇ ਬੇਚੈਨੀ ਲਈ ਕੋਈ ਥਾਂ ਨਹੀਂ, ਨਾ ਵਸਤਾਂ 'ਤੇ ਟੈਕਸ, ਨਾ ਚਿੰਤਾ, ਨਾ ਡਰ, ਨਾ ਅਫਸੋਸ, ਨਾ ਬਰਬਾਦੀ; ਜਿਥੇ ਸਭ ਬਰਾਬਰ ਤੇ ਕੋਈ ਊਚ-ਨੀਚ ਨਹੀਂ; ਜਿਥੇ ਚਾਹੁਣ, ਬੇਰੋਕ ਜਾ ਸਕਣ, ਹਰ ਹਮ-ਸ਼ਹਿਰੀ ਮੀਤ ਹੋਵੇਗਾ। ਸੰਤ ਤੁਕਾਰਾਮ 'ਪੰਧਰਪੁਰ' ਦੀ ਕਲਪਨਾ ਕਰਦੇ ਨੇ, ਜੋ ਸਮੇਂ ਅਤੇ ਮੌਤ ਦੀਆਂ ਵਲਗਣਾਂ ਤੋਂ ਪਾਰ ਹੈ; ਜਿਥੇ ਕੋਈ ਊਚ-ਨੀਚ ਨਹੀਂ, ਸਭ (ਛੋਟਾ ਵੱਡਾ) ਹੱਥੀਂ ਕਿਰਤ ਕਰਦੇ ਨੇ ਤੇ ਸਰੀਰਕ ਦੁੱਖਾਂ ਤੋਂ ਮੁਕਤ ਹੁੰਦੇ ਨੇ; ਜਿਥੇ ਸੰਤ ਬਿਰਤੀ ਵਾਲੇ ਵਪਾਰ ਕਰਦੇ ਨੇ, ਦੁਕਾਨਾਂ ਚਲਾਉਂਦੇ ਨੇ, ਕੋਈ ਕਿਸੇ ਦੇ ਰਾਹ 'ਚ ਰੋੜਾ ਨਹੀਂ ਬਣਦਾ; ਜੋ ਚਾਹੋ - ਅੰਨ ਤੇ ਆਜ਼ਾਦੀ - ਸਭ ਨੂੰ ਬਿਨਾਂ ਪੈਸੇ ਅਦਾ ਕੀਤਿਆਂ ਮਿਲਦਾ ਹੈ। ਸੰਤ ਫਰਮਾਉਂਦੇ ਨੇ ਕਿ ਜਿਸ ਨੇ ਪੰਧਰਪੁਰ ਦੇਖ ਲਿਆ, ਉਹ ਬੈਕੁੰਠ ਨਹੀਂ ਜਾਂਦਾ। ਸੰਤ ਇਸ ਸ਼ਹਿਰ 'ਚ ਨੱਚਣ ਦਾ ਸੱਦਾ ਦਿੰਦੇ ਹਨ। ਸੰਤ ਕਬੀਰ ਪ੍ਰੇਮਨਗਰ ਦਾ ਹੋਕਾ ਦਿੰਦੇ ਹਨ। ਉਨ੍ਹਾਂ ਲਈ ਪ੍ਰੇਮ ਦੇ ਢਾਈ ਅੱਖਰ ਸਾਰੀ ਜ਼ਿੰਦਗੀ ਦਾ ਸਾਰ ਹਨ। ਮਹਾਤਮਾ ਫੂਲੇ ਬਾਲੀ ਰਾਜ ਦੀ ਬਾਤ ਪਾਉਂਦੇ ਹਨ। ਰਾਜ ਜੋ ਸਮਾਨਤਾ ਤੇ ਖ਼ੁਸ਼ਹਾਲੀ ਦਾ ਚਿੰਨ੍ਹ ਹੈ। ਪੇਰੀਆਰ ਦ੍ਰਵਿੜਸਤਾਨ ਬਣਾਉਣ ਦੀ ਖ਼ਵਾਹਿਸ਼ ਰੱਖਦੇ ਹਨ।

ਡਾ. ਬੀਆਰ ਅੰਬੇਡਕਰ ਨੇ 1956 ਜੋ ਅਖ਼ਬਾਰ ਸ਼ੁਰੂ ਕੀਤਾ, ਉਸ ਦਾ ਨਾਂ 'ਪ੍ਰਬੁੱਧ ਭਾਰਤ' ਰੱਖਿਆ; ਮਤਲਬ, ਚੇਤਨ ਤੇ ਰੌਸ਼ਨ-ਖ਼ਿਆਲ ਭਾਰਤ। ਅਖ਼ਬਾਰ ਦਾ ਨਾਂ ਉਨ੍ਹਾਂ ਦੇ ਸੁਫਨਿਆਂ ਦੀ ਗਵਾਹੀ ਭਰਦਾ ਹੈ। ਇਨ੍ਹਾਂ ਪਿਆਰਿਆਂ ਬਾਰੇ ਕਿਤਾਬ ਲਿਖਦਿਆਂ, ਸਮਾਜ ਵਿਗਿਆਨੀ ਗੇਲ ਓਮਵੈਟ ਇਸ ਸਵਾਲ ਨਾਲ ਸ਼ੁਰੂਆਤ ਕਰਦੇ ਹਨ ਕਿ ਦਲਿਤ ਬਹੁਜਨ ਪਰਿਵਾਰਾਂ 'ਚੋਂ ਆਈਆਂ ਇਨ੍ਹਾਂ ਹਸਤੀਆਂ ਨੇ ਇਸ ਕਿਸਮ ਦੇ ਸੁਫਨੇ ਕਿਉਂ ਸੰਜੋਏ ? ਅਜਿਹੇ ਸੁਫਨੇ ਨਾਲ ਸੱਤ ਸਮੁੰਦਰ ਪਾਰ ਬੈਠੇ ਮਾਰਕਸ, ਲੈਨਿਨ, ਅੰਤੋਨੀਓ ਗ੍ਰਾਮਸ਼ੀ, ਚੀ ਗਵੇਰਾ ਵਰਗੇ ਜੁਝਾਰੂ ਲੋਕਾਈ ਦੇ ਸਨਮੁਖ ਹੋਏ। ਸ਼ੋਸ਼ਣ ਦੀਆਂ ਗੁੰਝਲਾਂ ਨੂੰ ਪਰਤ-ਦਰ-ਪਰਤ ਖੋਲ੍ਹਦਿਆਂ, ਦੁਸ਼ਮਣਾਂ ਤੇ ਦੋਸਤਾਂ ਦੀ ਪਛਾਣ ਕਰਦਿਆਂ, ਅਵਾਮ ਨੂੰ ਸਾਮਵਾਦ ਦਾ ਸੁਫਨਾ ਦਿਖਾਇਆ। ਸੁਫਨਿਆਂ ਬਿਨਾਂ ਮਨੁੱਖੀ ਸਮਾਜ ਦਾ ਤਸੱਵੁਰ ਨਹੀਂ ਕੀਤਾ ਜਾ ਸਕਦਾ। ਸੁਫਨੇ ਆਪ-ਮੁਹਾਰੇ ਆਉਂਦੇ ਹਨ। ਸੁਫਨੇ ਵੱਡੀਆਂ ਤਰਥੱਲੀਆਂ ਲਿਆਉਣ ਦਾ ਸਬੱਬ ਬਣਦੇ ਹਨ। ਜਿੱਥੇ ਸਮਾਜ ਦੇ ਵੱਡੇ ਹਿੱਸੇ ਨੂੰ ਮਨੁੱਖ ਹੀ ਨਾ ਸਮਝਿਆ ਜਾਂਦਾ ਹੋਵੇ, ਜਿਨ੍ਹਾਂ ਦੀ ਛੋਹ ਤੱਕ ਅਖੌਤੀ ਉੱਚ ਜਾਤੀਆਂ ਨੂੰ 'ਪਲੀਤ' ਕਰਦੀ ਹੋਵੇ, ਆਮ ਵਰਤੇ ਜਾਂਦੇ ਰਾਹਾਂ 'ਤੇ ਤੁਰਨ ਦੀ ਪਾਬੰਦੀ ਹੋਵੇ, ਸਾਂਝੇ ਖੂਹਾਂ ਤੇ ਟੈਂਕਾਂ ਤੋਂ ਪਾਣੀ ਭਰਨ ਦੀ ਮਨਾਹੀ ਹੋਵੇ, ਉਨ੍ਹਾਂ ਦੀ ਹੱਥੀਂ ਕਿਰਤ ਨੂੰ ਨੀਵਾਂ ਸਮਝਿਆ ਜਾਂਦਾ ਹੋਵੇ, ਕਿਰਤ ਦਾ ਨਿਗੁਣਾ ਮੁੱਲ ਵੀ ਨਾ ਪੈਂਦਾ ਹੋਵੇ, ਜਿਨ੍ਹਾਂ ਲਈ ਪੈਦਾ ਹੋਣਾ ਮਾਰੂ ਹਾਦਸੇ ਤੁੱਲ ਹੋਵੇ, ਉਨ੍ਹਾਂ ਲਈ ਖ਼ੂਬਸੂਰਤ ਜ਼ਿੰਦਗੀ ਦੇ ਸੁਫਨੇ ਲੈਣਾ ਆਕਸੀਜਨ ਸਮਾਨ ਹੈ। ਇਹ ਸੁਫਨਮਈ ਸੰਸਾਰ ਨਿਰਾ ਖ਼ਿਆਲੀ ਪੁਲਾਓ ਨਹੀਂ, ਹਰ ਹਕੀਕਤ ਸਾਕਾਰ ਹੋਣ ਤੋਂ ਪਹਿਲਾਂ ਸੁਫਨਾ ਹੀ ਹੁੰਦੀ ਹੈ। ਸੁਫਨਿਆਂ ਦੀਆਂ ਕਈ ਕਿਸਮਾਂ ਹਨ। ਕੁਝ ਨਿੱਜ ਦੀ ਪੂਰਤੀ ਲਈ ਦੇਖੇ ਜਾਂਦੇ ਹਨ। ਕੁਝ ਕਮਾਈ ਦੇ ਸਾਧਨਾਂ ਤੇ ਧਨ-ਦੌਲਤ ਹਥਿਆਉਣ ਅਤੇ ਸਮਾਜਿਕ ਤੇ ਸਿਆਸੀ ਚੌਧਰ ਕਾਇਮ ਰੱਖਣ ਨਾਲ ਸਬੱਬ ਬਣਦੇ ਹਨ। ਇਨ੍ਹਾਂ ਸੁਫਨਿਆਂ ਦੀ ਬਣਤਰ 'ਚ ਕੁੱਲ ਆਲਮ ਦੀ ਤਬਾਹੀ ਦਿਸਦੀ ਹੈ। ਧਰਤੀ ਦੇ ਹਰ ਕੋਨੇ, ਸਣੇ ਭਾਰਤ, 'ਚ ਵਸਿਆ ਮਨੁੱਖੀ ਸਮਾਜ ਇਸ ਲੋਭ ਤੇ ਹੰਕਾਰ ਦੀ ਭੇਂਟ ਚੜ੍ਹਿਆ ਹੈ। ਇਨ੍ਹਾਂ ਮਨੁੱਖੀ ਕੁਰੀਤੀਆਂ ਨੇ ਨਾ-ਬਰਾਬਰੀ, ਗਰੀਬੀ, ਹਿੰਸਾ, ਕਤਲੋਗਾਰਤ, ਸ਼ੋਸ਼ਣ, ਜ਼ਲਾਲਤ ਨੂੰ ਜਨਮ ਦਿੱਤਾ ਹੈ। ਭਾਰਤੀ ਸਮਾਜ 'ਚ ਇਹ ਲਾਹਨਤਾਂ ਸਦੀਆਂ ਪਹਿਲਾਂ ਜਾਤੀ ਪ੍ਰਥਾ ਦੇ ਰੂਪ 'ਚ ਗਹਿਰਾ ਘਰ ਕਰ ਗਈਆਂ। ਮਰਦ ਪ੍ਰਧਾਨ ਤੇ ਬ੍ਰਾਹਮਣਵਾਦੀ ਸੋਚ 'ਚ ਗ੍ਰਸੇ ਸਮਾਜ ਦੀ ਔਰਤਾਂ ਤੇ ਦਲਿਤ ਬਹੁਜਨ ਤਬਕਿਆਂ 'ਤੇ ਕਰੂਰ ਹਿੰਸਾ ਦਾ ਲੰਮਾ ਇਤਿਹਾਸ ਹੈ। ਇਸ ਮੁਲਕ ਦੀਆਂ ਅਖੌਤੀ ਉੱਚ ਜਾਤੀਆਂ ਨੇ ਜਾਤੀ ਪ੍ਰਥਾ ਕਾਇਮ ਕਰ ਕੇ ਮੁਲਕ ਨਾਲ ਧ੍ਰੋਹ ਕਮਾਇਆ ਹੈ; ਇਸ ਦੀਆਂ ਜੜ੍ਹਾਂ ਨੂੰ ਅੰਦਰੋਂ ਖੋਖਲਾ ਤੇ ਕਮਜ਼ੋਰ ਕੀਤਾ ਹੈ; ਮਨੁੱਖ ਨੂੰ ਪੈਦਾਇਸ਼ ਦੇ

**ਜਤਿੰਦਰ ਸਿੰਘ**

ਆਧਾਰ 'ਤੇ ਚੰਗੇ ਮਾੜੇ ਤੇ ਉੱਚੇ ਨੀਵੇਂ 'ਚ ਵੰਡਿਆ ਹੈ। ਸਮਾਜ ਨੂੰ ਜਾਤੀ ਨਾਮਕ ਅਣਗਿਣਤ ਟੁਕੜਿਆਂ 'ਚ ਵੰਡਿਆ ਹੈ। ਇਹ ਸਭ ਪੈਦਾਵਾਰ ਦੇ ਸਾਧਨਾਂ 'ਤੇ ਕਬਜ਼ਾ ਕਰਨ ਅਤੇ ਸਮਾਜਿਕ ਤੇ ਸਿਆਸੀ ਚੌਧਰ ਲਈ ਕੀਤਾ ਗਿਆ। ਜੋ ਸਮੂਹ ਕਾਬਜ਼ ਹੁੰਦੇ ਗਏ, 'ਉੱਚ' ਜਾਤਾਂ ਅਖਵਾਉਂਦੇ ਗਏ। ਦੁਖਾਂਤ ਇਹ ਕਿ ਇਸ ਗ਼ੈਰ-ਕੁਦਰਤੀ ਤੇ ਗ਼ੈਰ-ਸਮਾਜਿਕ ਵਰਤਾਰੇ ਨੂੰ ਰੱਬੀ ਹੁਕਮ ਐਲਾਨਿਆ; ਉਸ ਤੋਂ ਵੱਡਾ ਦੁਖਾਂਤ, ਇਹ ਪਿਛਾਂਹਖਿੱਚੂ ਸਮਝ ਦਲਿਤ ਬਹੁਜਨ ਸਮਾਜ ਦੇ ਵੱਡੇ ਹਿੱਸੇ ਨੇ ਆਤਮਸਾਤ ਕਰ ਲਈ।

ਭਾਰਤ ਦੇ 75 ਸਾਲ ਪਹਿਲਾਂ ਗਣਤੰਤਰ ਬਣਨ ਅਤੇ ਸੰਵਿਧਾਨਿਕ ਤੇ ਕਾਨੂੰਨੀ ਬਰਾਬਰੀ ਦੇ ਬਾਵਜੂਦ ਮਨੂ ਸਿਮ ?ਰਤੀ ਦੀਆਂ ਜੜ੍ਹਾਂ ਅੱਜ ਵੀ ਡੂੰਘੀਆਂ ਹਨ। ਆਜ਼ਾਦ ਭਾਰਤ 'ਚ ਇਸ ਅ-ਮਨੁੱਖੀ ਵੰਡ ਦੇ ਲਾਭ ਨੂੰ ਮੈਰਿਟ ਦਾ ਜਾਮਾ ਪਹਿਨਾ ਦਿੱਤਾ ਗਿਆ। ਮੈਰਿਟ ਨੂੰ ਵਿਅਕਤੀਗਤ ਮਿਹਨਤ ਤੇ ਅਕਲਮੰਦੀ ਨਾਲ ਜੋੜ ਦਿੱਤਾ ਗਿਆ। 'ਸਫਲਤਾ' ਦੀ ਨੀਂਹ 'ਚ ਚਿਣੀ ਪੁਸ਼ਤੈਨੀ ਧਨ-ਦੌਲਤ, ਖੁੱਲ੍ਹਾਂ ਤੇ ਅਸਰ-ਰਸੂਖ਼ ਨੂੰ ਲੁਕੋ ਲਿਆ ਗਿਆ। ਤਰਕ ਘੜਿਆ ਕਿ 'ਉੱਚ' ਜਾਤੀਆਂ ਕੋਲ ਪੈਸਾ ਤੇ ਉੱਚੇ ਅਹੁਦੇ ਉਨ੍ਹਾਂ ਦੀ ਨਿੱਜੀ ਕਾਬਲੀਅਤ ਦਾ ਸਿੱਟਾ ਹਨ। ਇਸ ਦੇ ਉਲਟ ਜੋ ਰਾਖਵੇਂਕਰਨ ਤਹਿਤ ਆਇਆ, ਉਹ ਸਰਕਾਰ ਦੀ ਮਿਹਰਬਾਨੀ ਕਰ ਕੇ ਆਇਆ, ਨਾ ਕਿ ਆਪਣੀ ਮਿਹਨਤ ਜ਼ਰੀਏ। ਭਾਸ਼ਾ ਦੇ ਇਨ੍ਹਾਂ ਆਧੁਨਿਕ ਸ਼ਬਦਾਂ ਰਾਹੀਂ ਇਨ੍ਹਾਂ ਜਾਤਾਂ ਨੇ ਸਦੀਆਂ ਦੀ ਕਰੂਰ ਵੰਡ ਨੂੰ ਬੌਧਿਕ ਪੱਧਰ 'ਤੇ ਆਪਣੇ ਹੱਕ 'ਚ ਭੁਗਤਾ ਲਿਆ। ਪੈਦਾਵਾਰ ਦੇ ਸਾਧਨਾਂ ਅਤੇ ਸਿੱਖਿਆ 'ਤੇ ਕਬਜ਼ਾ ਜਾਰੀ ਰਿਹਾ। ਇਨ੍ਹਾਂ ਕੁਤਰਕਾਂ ਨੇ ਉੱਚ ਜਾਤੀ ਤਬਕਿਆਂ ਨੂੰ ਸਮੂਹਿਕ ਤੌਰ 'ਤੇ ਸ਼ਰਮਿੰਦਾ ਹੋਣ ਦੇ ਅਹਿਸਾਸ ਤੋਂ ਬਚਾਅ ਲਿਆ। ਜਾਤੀ ਹੰਕਾਰ ਬਰਕਰਾਰ ਰਿਹਾ। ਕੁਝ ਭੈੜਾ ਕੀਤੇ ਜਾਣ ਦਾ ਅਹਿਸਾਸ ਮਨੁੱਖ ਨੂੰ ਸਵੈ-ਚਿੰਤਨ ਵੱਲ ਮੋੜਦਾ ਹੈ। ਜਦੋਂ ਸਾਡੇ ਕੀਤੇ ਜ਼ੁਲਮ ਦੂਜੇ ਦੇ ਕਰਮ ਹੋਣ ਤਾਂ ਅਫਸੋਸ ਕਿਸ ਗੱਲ ਦਾ ? ਉਨ੍ਹਾਂ ਦੇ ਹੱਕ 'ਚ ਭੁਗਤੇ ਸਿਆਸੀ ਫੈਸਲਿਆਂ 'ਤੇ ਵੀ ਨਿਗੂਣੀ ਚਰਚਾ ਹੋਈ।

ਮਸਲਨ, ਬਸਤਾਨਾਂ ਨੇ 1900 ਵਿੱਚ ਪੰਜਾਬ ਲੈਂਡ ਐਲੀਏਨੇਸ਼ਨ ਐਕਟ ਬਣਾਇਆ ਜਿਸ ਤਹਿਤ ਕਾਸ਼ਤਕਾਰ ਜਾਤਾਂ ਦੀ ਸੂਚੀ ਤਿਆਰ ਕੀਤੀ ਤੇ ਖੇਤੀਯੋਗ ਜ਼ਮੀਨਾਂ ਖਰੀਦਣ ਦਾ ਕਾਨੂੰਨੀ ਹੱਕ ਸਿਰਫ ਉਨ੍ਹਾਂ ਜਾਤਾਂ ਤੱਕ ਸੀਮਤ ਕਰ ਦਿੱਤਾ ਜੋ ਇਸ ਸੂਚੀ ਵਿੱਚ ਸ਼ਾਮਿਲ ਸਨ। ਇਸ ਕਾਨੂੰਨ ਨੇ ਖੇਤੀਯੋਗ ਜ਼ਮੀਨਾਂ ਦੀ ਮਾਲਕੀ ਦੇ ਹਕੂਕ ਦਾ ਰਾਖਵਾਂਕਰਨ ਕਰ ਦਿੱਤਾ: ਭਾਵ, ਇਸ ਸੂਚੀ 'ਚੋਂ ਬਾਹਰ ਧੱਕੀਆਂ ਜਾਤਾਂ ਖੇਤੀਯੋਗ ਜ਼ਮੀਨ ਖਰੀਦਣ ਦੇ ਅਯੋਗ ਕਰਾਰ ਦਿੱਤੀਆਂ ਗਈਆਂ। ਦਲਿਤ ਵਰਗ ਨਾਲ ਸਬੰਧਿਤ ਸਾਰੀਆਂ ਜਾਤਾਂ ਨੂੰ ਇਸ ਸੂਚੀ ਤੋਂ ਬਾਹਰ ਰੱਖਿਆ ਗਿਆ। ਇਸ ਕਾਨੂੰਨ ਰਾਹੀਂ ਉਨ੍ਹਾਂ ਤੋਂ ਖੇਤੀਯੋਗ ਜ਼ਮੀਨ ਖਰੀਦਣ ਦਾ ਹੱਕ ਖੋਹ ਲਿਆ। ਸ਼ਾਮਲਾਤ ਜ਼ਮੀਨਾਂ ਤੋਂ ਵੀ ਵਿਰਵੇ ਰੱਖਿਆ। ਘੁਮਾਂਤਰੂ ਕਬੀਲਿਆਂ ਨੂੰ ਜਰਾਇਮ ਪੇਸ਼ਾ ਐਲਾਨਿਆ ਜੋ ਉਨ੍ਹਾਂ ਨੂੰ ਸਾਧਨਹੀਣ ਬਣਾਉਣ ਤੇ ਅਤਿ ਗਰੀਬੀ ਵੱਲ ਧੱਕਣ ਦਾ ਜ਼ਰੀਆ ਬਣਿਆ। ਬਸਤਾਨਾਂ ਦੁਆਰਾ ਹਿੰਦੋਸਤਾਨ 'ਤੇ ਕਬਜ਼ਾ ਕਰਨ ਤੋਂ ਪਹਿਲਾਂ ਵੀ ਭਾਵੇਂ ਜਾਤਾਂ ਅਤੇ ਕਿੱਤਿਆਂ ਦੀ ਵੰਡ ਦਾ ਗੂੜ੍ਹਾ ਸਬੰਧ ਰਿਹਾ ਪਰ ਇਸ ਕਨੂੰਨ ਨੇ ਇਸ ਵੰਡ 'ਤੇ ਸਰਕਾਰੀ ਮੋਹਰ ਲਗਾ ਦਿੱਤੀ।

ਇਸ ਕਾਨੂੰਨ ਨੇ ਉਨ੍ਹਾਂ ਦਲਿਤਾਂ ਨੂੰ ਵੀ ਜ਼ਮੀਨ ਦੀ ਮਾਲਕੀ ਤੋਂ ਵਾਂਝੇ ਕਰ ਦਿੱਤਾ ਜੋ ਖਰੀਦਣ ਦੇ ਸਮਰੱਥ ਸਨ। ਅੱਧੀ ਸਦੀ ਤੱਕ ਲਾਗੂ ਰਹੇ ਇਸ ਕਾਨੂੰਨ ਨੇ ਜ਼ਮੀਨ ਦੀ ਮਾਲਕੀ ਨੂੰ ਕੁਝ ਜਾਤਾਂ ਤੱਕ ਸੀਮਤ ਕਰ ਦਿੱਤਾ। ਆਜ਼ਾਦੀ ਤੋਂ ਬਾਅਦ ਚੁਣੀਆਂ ਪੰਜਾਬ ਵਿਧਾਨ ਸਭਾਵਾਂ ਨੇ ਵੀ ਬੇਜ਼ਮੀਨੇ ਦਲਿਤਾਂ ਨੂੰ ਜ਼ਮੀਨ ਦੀ ਮਾਲਕੀ ਦੇ ਸਵਾਲ 'ਤੇ ਚੁੱਪ ਵੱਟ ਰੱਖੀ ਹੈ। ਪਹਿਲੇ ਸੱਤ ਸਾਲਾਂ (1948-56) ਦੌਰਾਨ ਬਣਾਏ 13 ਭੂਮੀ ਸੁਧਾਰਾਂ ਕਾਨੂੰਨਾਂ ਨੇ ਇਸ ਮਸਲੇ ਨੂੰ ਅਣਗੌਲਿਆਂ ਹੀ ਕੀਤਾ। ਪੰਚਾਇਤੀ ਜ਼ਮੀਨ ਦੀ ਸਾਂਭ-ਸੰਭਾਲ ਲਈ ਬਣਾਇਆ ਕਾਨੂੰਨ ਦਲਿਤਾਂ ਲਈ ਇੱਕ-ਤਿਹਾਈ ਹਿੱਸੇ ਨੂੰ ਰਾਖਵਾਂ ਰੱਖ ਕੇ ਸਿਰਫ ਠੇਕੇ 'ਤੇ ਦੇਣ ਦੀ ਵਕਾਲਤ ਕਰਦਾ ਹੈ। ਸਾਢੇ ਸਤਾਰਾਂ ਏਕੜ ਤੱਕ ਖੇਤੀਯੋਗ ਜ਼ਮੀਨ ਦੀ ਮਾਲਕੀ ਦੀ ਹੱਦ ਤੈਅ ਕਰਨ ਵਾਲੇ ਪੰਜਾਬ ਭੂਮੀ ਸੁਧਾਰ ਕਾਨੂੰਨ-1972 ਨੂੰ ਸਿਆਸੀ ਧਿਰਾਂ ਅਤੇ ਨੌਕਰਸ਼ਾਹੀ ਲਾਗੂ ਕਰਨ ਤੋਂ ਮੁਨਕਰ ਹਨ। ਸੋ, ਅੱਜ ਦੇ ਕਿਹੜੇ 'ਉੱਚ' ਜਾਤੀ ਜ਼ਮੀਨ ਮਾਲਕ ਨੇ ਜ਼ਮੀਨ ਆਪਣੀ ਮਿਹਨਤ ਨਾਲ ਕਮਾਈ ਜਾਂ ਸੱਤਾ ਦੀ ਮਿਹਰਬਾਨੀ ਨਾਲ, ਕੌਣ ਜਾਣਦਾ ਹੈ ? ਇਹ ਸੌਖਿਆਂ ਕਿਹਾ ਜਾ ਸਕਦਾ ਹੈ ਕਿ ਰਜਵਾੜਿਆਂ ਤੇ ਰਾਜੇ ਮਹਾਰਾਜਿਆਂ ਦੀ ਜ਼ਮੀਨ ਦੀ ਮਲਕੀਅਤ ਦਾ ਬਸਤਾਨਾਂ ਦੀ ਮਿਹਰਬਾਨੀ ਨਾਲ ਸਿੱਧਾ ਸਬੰਧ ਹੈ। ਦਰਅਸਲ ਬੇਗਮਪੁਰਾ ਦਾ ਸੁਫਨਾ ਭੈਅ ਮੁਕਤ, ਬਰਾਬਰੀ, ਆਜ਼ਾਦੀ ਤੇ ਅਪਣੱਤ ਵਾਲੀ ਦੁਨੀਆ ਬਣਾਉਣ ਦਾ ਹੈ। ਸਾਧਨਾਂ ਦੀ ਦਰੁਸਤ ਵੰਡ ਸਿਰਫ ਸ਼ੁਰੂਆਤ ਮਾਤਰ ਹੈ।

# ਜੰਗ ਨਹੀਂ ਅਮਨ ਚਾਹੁੰਦੇ ਹਨ ਭਾਰਤੀ

ਹਾਲਾਂਕਿ ਇਤਿਹਾਸ ਨੂੰ ਕਦੀ ਵੀ ਬਦਲਿਆ ਨਹੀਂ ਜਾ ਸਕਦਾ, ਪ੍ਰੰਤੂ ਇਸ ਤੋਂ ਬੜਾ ਕੁਝ ਸਿੱਖਿਆ ਜ਼ਰੂਰ ਜਾ ਸਕਦਾ ਹੈ। ਇੰਝ ਕਰ ਕੇ ਉਨ੍ਹਾਂ ਤਜਰਬਿਆਂ, ਜਿਨ੍ਹਾਂ ਨੇ ਸਮਾਜ ਅੰਦਰ ਮਾਨਵ ਕਲਿਆਣ ਤੇ ਵਿਕਾਸ ਲਈ ਮਹੱਤਵਪੂਰਨ ਯੋਗਦਾਨ ਪਾਇਆ ਹੈ, ਨੂੰ ਨਵੀਆਂ ਸਥਿਤੀਆਂ ਤੇ ਲੋੜਾਂ ਅਨੁਸਾਰ ਢਾਲ ਕੇ ਮਨੁੱਖਤਾ ਦੀ ਹੋਰ ਬਿਹਤਰੀ ਲਈ ਨਵੀਆਂ ਪੁਲਾਂਘਾਂ ਪੁੱਟੀਆਂ ਜਾ ਸਕਦੀਆਂ ਹਨ।

ਇਤਿਹਾਸ 'ਚ ਦਰਜ ਹੈ ਕਿ ਅੰਗਰੇਜ਼ੀ ਤੇ ਪੁਰਤਗਾਲੀ ਧਾੜਵੀ ਵਪਾਰ ਕਰਨ ਦੇ ਨਾਂ ਹੇਠ ਭਾਰਤ ਆਏ ਤੇ ਪਿੱਛੋਂ ਦੇਸ਼ 'ਤੇ ਕਾਬਜ਼ ਹੋ ਕੇ ਮਾਲਕ ਬਣ ਬੈਠੇ। ਆਪਣੀ ਤਰਸਯੋਗ ਹਾਲਤ ਤੇ ਦੁਨੀਆ ਦੇ ਅਨੇਕਾਂ ਆਜ਼ਾਦ ਦੇਸ਼ਾਂ ਅੰਦਰ ਆਜ਼ਾਦੀ ਦਾ ਨਿੱਘ ਮਾਣ ਰਹੇ ਲੋਕਾਂ ਨੂੰ ਦੇਖ ਕੇ ਵੱਖੋ-ਵੱਖ ਰਿਆਸਤਾਂ 'ਚ ਵੰਡੇ ਭਾਰਤ ਵਾਸੀਆਂ ਦੇ ਮਨਾਂ ਅੰਦਰ ਵੀ ਸਾਮਰਾਜੀ ਗੁਲਾਮੀ ਵਿਰੁੱਧ ਆਜ਼ਾਦੀ ਦੀ ਚਿਣਗ ਪੈਦਾ ਹੋਈ। ਆਜ਼ਾਦੀ ਦੀ ਇਸੇ ਖਾਹਿਸ਼ ਨੇ ਵੱਖੋ-ਵੱਖ ਖਿੱਤਿਆਂ, ਧਰਮਾਂ, ਜਾਤੀਆਂ ਤੇ ਰਿਆਸਤਾਂ 'ਚ ਵੰਡੇ ਲੋਕਾਂ ਨੂੰ ਇਕਜੁੱਟ ਹੋ ਕੇ ਸੁਤੰਤਰਤਾ ਸੰਗਰਾਮ 'ਚ ਸ਼ਾਮਿਲ ਹੋਣ ਲਈ ਪ੍ਰੇਰਿਆ।

ਬਦਕਿਸਮਤੀ ਵਾਲੀ ਗੱਲ ਇਹ ਵਾਪਰੀ ਕਿ 1947 'ਚ ਆਜ਼ਾਦੀ ਮਿਲਣ ਉਪਰੰਤ ਅੰਗਰੇਜ਼ ਸਾਮਰਾਜੀਏ ਤੇ ਧਰਮ ਦੇ ਆਧਾਰ 'ਤੇ ਦੋ ਕੌਮਾਂ ਦਾ ਸਿਧਾਂਤ ਘੜਨ ਵਾਲੇ ਫਿਰਕੂ ਤੱਤ ਤੇ ਸੰਸਥਾਵਾਂ ਦੇਸ਼ ਦੀ ਧਰਮ ਦੇ ਆਧਾਰ 'ਤੇ ਦੋ ਭਾਗਾਂ, ਹਿੰਦੋਸਤਾਨ ਤੇ ਪਾਕਿਸਤਾਨ ਦੇ ਤੌਰ 'ਤੇ ਵੰਡ ਕਰਨ 'ਚ ਸਫਲ ਹੋ ਗਏ।

ਇਸ ਫਿਰਕੂ ਵੰਡ ਦੇ ਨਤੀਜੇ ਵਜੋਂ ਭੜਕੇ ਦੰਗਿਆਂ 'ਚ ਲੱਖਾਂ ਲੋਕ, ਜਿਨ੍ਹਾਂ 'ਚ ਹਿੰਦੂ-ਸਿੱਖ, ਮੁਸਲਮਾਨ ਆਦਿ ਸਾਰੇ ਹੀ ਧਰਮਾਂ ਦੇ ਲੋਕ ਸ਼ਾਮਿਲ ਸਨ, ਮਾਰੇ ਗਏ। ਲੱਖਾਂ ਹੋਰਨਾਂ ਨੂੰ ਆਪਣਾ ਘਰ-ਬਾਰ ਛੱਡ ਕੇ ਹਿਜਰਤ ਕਰਨ ਲਈ ਮਜਬੂਰ ਹੋਣਾ ਪਿਆ ਤੇ ਕਰੋੜਾਂ-ਅਰਬਾਂ ਦਾ ਮਾਲੀ ਨੁਕਸਾਨ ਝੱਲਣਾ ਪਿਆ ਸੀ।

ਅਜਿਹੇ ਹੀ ਸ਼ਰਾਰਤੀ ਤੇ ਜਨੂੰਨੀ ਤੱਤਾਂ ਵੱਲੋਂ ਸੁਤੰਤਰਤਾ ਪ੍ਰਾਪਤੀ ਤੋਂ ਪਿੱਛੋਂ ਵੀ ਦੇਸ਼ ਅੰਦਰ ਵੱਖੋ-ਵੱਖ ਸਮਿਆਂ

**ਮੰਗਤ ਰਾਮ ਪਾਸਲਾ**

'ਤੇ ਅਨੇਕ ਥਾਈਂ ਫਿਰਕੂ ਦੰਗੇ ਭੜਕਾਏ ਜਾਂਦੇ ਰਹੇ ਹਨ। ਆਜ਼ਾਦ ਭਾਰਤ ਅੰਦਰ, ਇਸ ਕੁਲਹਿਣੇ ਵਰਤਾਰੇ ਦੀ ਸ਼ੁਰੂਆਤ ਆਰ. ਐੱਸ. ਐੱਸ. ਦੇ ਇਕ ਕਾਰਕੁੰਨ ਨੱਥੂ ਰਾਮ ਗੋਡਸੇ ਨੇ 30 ਜਨਵਰੀ, 1948 ਨੂੰ ਸੁਤੰਤਰਤਾ ਸੰਗਰਾਮ ਦੇ ਸਿਰਕੱਢ ਆਗੂ ਮਹਾਤਮਾ ਗਾਂਧੀ ਦਾ ਕਤਲ ਕਰ ਕੇ ਕੀਤੀ ਸੀ।

ਪ੍ਰੰਤੂ ਇਨ੍ਹਾਂ ਸਾਰੀਆਂ ਸਾਜ਼ਿਸ਼ਾਂ ਦੇ ਬਾਵਜੂਦ ਆਜ਼ਾਦੀ ਪ੍ਰਾਪਤੀ ਦੇ 78 ਸਾਲਾਂ ਦੌਰਾਨ ਸਾਡਾ ਦੇਸ਼ ਮੋਟੇ ਰੂਪ 'ਚ ਸੰਵਿਧਾਨ 'ਚ ਦਰਜ ਧਰਮਨਿਰਪੱਖ ਸਰੋਕਾਰਾਂ, ਲੋਕਰਾਜ ਤੇ ਫੈਡਰਲ ਅਸੂਲਾਂ ਦੇ ਆਧਾਰ 'ਤੇ ਅਤੀਤ ਦੀਆਂ ਸਭ ਕੁੜੱਤਣਾਂ ਦਰਕਿਨਾਰ ਕਰ ਕੇ ਅੱਗੇ ਵਧਦਾ ਹੋਇਆ ਆਰਥਿਕ ਵਿਕਾਸ ਦੀਆਂ ਮੰਜ਼ਿਲਾਂ ਸਰ ਕਰਦਾ ਗਿਆ। ਹਾਲਾਂਕਿ ਇਹ ਵੀ ਸੱਚ ਹੈ ਕਿ ਇਸ ਵਿਕਾਸ ਦਾ ਬਣਦਾ ਲਾਭ ਦੇਸ਼ ਦੇ ਕਿਰਤੀਆਂ-ਕਿਸਾਨਾਂ ਤੇ ਹੋਰ ਮਿਹਨਤਕਸ਼ਾਂ ਤੱਕ ਨਹੀਂ ਪੁੱਜਿਆ। ਦੇਸ਼ ਦੇ ਬਹੁਗਿਣਤੀ ਲੋਕ ਅੱਜ ਵੀ ਗਰੀਬੀ-ਭੁੱਖਮਰੀ-ਕੁਪੋਸ਼ਣ, ਬੇਰੁਜ਼ਗਾਰੀ ਤੇ ਅਰਧ ਬੇਰੁਜ਼ਗਾਰੀ, ਅਨਪੜ੍ਹਤਾ, ਸਮਾਜਿਕ ਸੁਰੱਖਿਆ ਦੀ ਅਣਹੋਂਦ ਵਰਗੀਆਂ ਅਣਮਨੁੱਖੀ ਹਾਲਤਾਂ 'ਚ ਜੀਵਨ ਬਸਰ ਕਰਨ ਲਈ ਮਜਬੂਰ ਹਨ।

ਆਜ਼ਾਦੀ ਮਿਲਣ ਤੋਂ ਬਾਅਦ ਗੁਆਂਢੀ ਦੇਸ਼ਾਂ ਨਾਲ ਹੋਏ ਝਗੜਿਆਂ ਜਾਂ ਫੌਜੀ ਟਕਰਾਅ ਦੌਰਾਨ ਭਾਰਤੀ ਲੋਕਾਂ ਨੇ ਜਿਸ ਬਾਕਮਾਲ ਇਕਮੁੱਠਤਾ ਅਤੇ ਦੇਸ਼ ਪ੍ਰਤੀ ਸਮਰਪਣ ਦੀ ਭਾਵਨਾ ਦਾ ਸਬੂਤ ਦਿੱਤਾ ਹੈ, ਉਹ ਆਪਣੇ ਆਪ 'ਚ ਬੜਾ ਸ਼ਾਨਦਾਰ ਕਰਿਸ਼ਮਾ ਹੈ।

ਹਿੰਦੂ-ਸਿੱਖ, ਮੁਸਲਮਾਨ ਤੇ ਹੋਰ ਧਰਮਾਂ ਤੇ ਅਕੀਦਿਆਂ ਵਾਲੇ ਲੋਕਾਂ ਨੇ ਬਾਹਾਂ 'ਚ ਬਾਹਾਂ ਪਾ ਕੇ ਹਰ ਜ਼ੁਲਮ ਦਾ ਟਾਕਰਾ ਕੀਤਾ ਸੀ, ਉਵੇਂ ਹੀ ਜਦੋਂ ਵੀ ਦੇਸ਼ 'ਤੇ ਕਿਸੇ ਕਿਸਮ ਦਾ ਸੰਕਟ ਆਇਆ ਤਾਂ ਭਾਰਤ ਵਾਸੀਆਂ ਨੇ ਇਕਜੁੱਟ ਹੋ ਕੇ ਦੇਸ਼ ਪ੍ਰਤੀ ਆਪਣੇ ਫਰਜ਼ਾਂ ਦੀ ਅਦਾਇਗੀ ਕੀਤੀ ਹੈ।

ਇਹ ਕਾਫੀ ਫਿਕਰਮੰਦੀ ਦਾ ਵਿਸ਼ਾ ਹੈ ਕਿ ਪਿਛਲੇ ਕੁਝ ਸਮੇਂ ਤੋਂ, ਖਾਸ ਕਰਕੇ 2014 ਤੋਂ ਕਾਇਮ ਹੋਏ ਮੋਦੀ ਰਾਜ ਅਧੀਨ, ਜਿਵੇਂ ਕੁਝ ਤਾਕਤਾਂ ਲੋਕਾਂ ਦੀ ਏਕਤਾ ਤੇ ਭਾਈਚਾਰੇ ਨੂੰ ਨੁਕਸਾਨ ਪਹੁੰਚਾ ਕੇ ਫਿਰਕੂ ਵੰਡ ਤਿੱਖੀ ਕਰਨ ਦੇ ਸਿਰਤੋੜ ਯਤਨ ਕਰ ਰਹੀਆਂ ਹਨ, ਉਹ ਦੇਸ਼ ਤੇ ਦੇਸ਼ ਵਾਸੀਆਂ ਲਈ ਬਹੁਤ ਹੀ ਘਾਤਕ ਹਨ। ਇਹ ਤਾਕਤਾਂ ਸਾਮਰਾਜ ਦੀ ਭਾਰਤ ਦੇ ਅੰਦਰੂਨੀ ਮਾਮਲਿਆਂ 'ਚ ਘੁਸਪੈਠ ਕਰਵਾ ਕੇ ਦੇਸ਼ ਨੂੰ ਸਵੈ-ਨਿਰਭਰਤਾ ਤੇ ਆਰਥਿਕ ਸੁਰੱਖਿਆ ਦੇ ਪੱਖ ਤੋਂ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਕਰਦੀਆਂ ਹਨ।

22 ਅਪ੍ਰੈਲ 2025 ਨੂੰ ਅੱਤਵਾਦੀਆਂ ਵੱਲੋਂ ਪਹਿਲਗਾਮ 'ਚ ਕੀਤੇ ਖ਼ੂਨੀ ਕਾਂਡ ਪਿੱਛੋਂ ਭਾਰਤ-ਪਾਕਿ ਦਰਮਿਆਨ ਹੋਏ ਫੌਜੀ ਟਕਰਾਅ ਨੂੰ ਰੋਕਣ ਲਈ 'ਅਸਥਾਈ




ਜੰਗਬੰਦੀ' ਦਾ ਐਲਾਨ ਕਰਨ ਸਮੇਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜਿਵੇਂ ਇਕ ਹੰਕਾਰੀ ਤਾਨਾਸ਼ਾਹ ਵਾਂਗ ਬਹੁਤ ਹੀ ਗੈਰ-ਵਾਜਿਬ ਬਿਆਨਬਾਜ਼ੀ ਕੀਤੀ ਹੈ, ਉਹ ਦੇਸ਼ ਦੀ ਅੰਦਰੂਨੀ ਸੁਰੱਖਿਆ ਤੇ ਸਲਾਮਤੀ ਲਈ ਡਾਢੀ ਖਤਰਨਾਕ ਹੈ।

ਇਹ ਘਟਨਾ ਕੇਂਦਰ ਸਰਕਾਰ ਤੋਂ ਵੀ ਜਵਾਬਦੇਹੀ ਦੀ ਮੰਗ ਕਰਦੀ ਹੈ। ਸਰਕਾਰ ਭਾਰਤੀ ਲੋਕਾਂ ਨੂੰ ਇਹ ਸਪੱਸ਼ਟ ਦੱਸੇ ਕਿ ਕੀ ਟਰੰਪ ਨੇ ਇਹ ਜੰਗਬੰਦੀ ਦੋਵਾਂ ਦੇਸ਼ਾਂ ਨੂੰ ਵਪਾਰ ਬੰਦ ਕਰਨ ਦਾ ਡਰਾਵਾ ਦੇ ਕੇ ਕਰਵਾਈ ਹੈ? ਜਾਂ ਫਿਰ ਇਸ ਮਕਸਦ ਲਈ ਉਸ ਵੱਲੋਂ ਦੋਵਾਂ ਦੇਸ਼ਾਂ ਨੂੰ ਕਿਸੇ ਹੋਰ ਗੈਰ-ਵਾਜਿਬ ਦਬਾਅ ਰਾਹੀਂ ਮਜਬੂਰ ਕੀਤਾ ਗਿਆ ਹੈ?

ਇਹ ਗੱਲ ਮਹੱਤਵਪੂਰਨ ਹੈ ਕਿ ਭਾਰਤੀ ਲੋਕ ਜੰਗ ਨਹੀਂ, ਅਮਨ ਚਾਹੁੰਦੇ ਹਨ, ਇਸ ਲਈ ਲੋਕਾਂ ਨੇ ਜੰਗਬੰਦੀ ਦਾ ਆਮ ਤੌਰ 'ਤੇ ਸਵਾਗਤ ਕੀਤਾ ਹੈ ਪ੍ਰੰਤੂ ਇਸ ਕੰਮ 'ਚ ਕਿਸੇ ਤੀਸਰੀ ਧਿਰ ਦੀ ਸ਼ਮੂਲੀਅਤ ਨਵੇਂ ਖਤਰਿਆਂ ਦੀ ਆਹਟ ਜ਼ਰੂਰ ਹੈ।

ਇਸ ਤੋਂ ਪਹਿਲਾਂ ਵੀ ਫਿਰਕੂ ਤੇ ਸ਼ਰਾਰਤੀ ਅਨਸਰ ਧਾਰਮਿਕ ਆਯੋਜਨਾਂ ਸਮੇਂ ਅਫਰਾ-ਤਫਰੀ ਤੇ ਭੜਕਾਹਟ ਪੈਦਾ ਕਰਨ ਦੀਆਂ ਨਾਪਾਕ ਕੋਸ਼ਿਸ਼ਾਂ ਕਰਦੇ ਰਹੇ ਹਨ ਪਰ ਕਾਂਵੜ ਯਾਤਰਾ, ਹੋਲੀ, ਈਦ ਅਤੇ ਮਹਾਕੁੰਭ ਜਿਹੇ ਵੱਖੋ-ਵੱਖ ਧਾਰਮਿਕ ਸਮਾਗਮਾਂ ਦੌਰਾਨ ਹਿੰਦੂ-ਸਿੱਖਾਂ, ਮੁਸਲਮਾਨਾਂ ਭਾਵ ਵੱਖੋ-ਵੱਖ ਧਰਮਾਂ ਤੇ ਜਾਤੀਆਂ ਦੇ ਲੋਕਾਂ ਨੇ ਆਪਸੀ ਮੁਹੱਬਤ, ਫਿਰਕੂ ਸਦਭਾਵਨਾ ਤੇ ਗੰਗਾ-ਜਮੁਨੀ ਤਹਿਜ਼ੀਬ ਦੇ ਰਖਵਾਲਿਆਂ ਵਜੋਂ ਮਾਣ ਕਰਨ ਯੋਗ ਭੂਮਿਕਾ ਅਦਾ ਕੀਤੀ ਹੈ। ਕਿੰਨਾ ਚੰਗਾ ਹੋਵੇ ਜੇ ਗੋਦੀ ਮੀਡੀਆ ਦੀਆਂ ਮਰਿਆਦਾ ਰਹਿਤ ਬਹਿਸਾਂ ਤੇ ਭੜਕਾਊ ਖਬਰਾਂ ਦਾ ਬਾਈਕਾਟ ਕਰ ਕੇ ਸਾਹਿਰ ਲੁਧਿਆਣਵੀ ਦੇ ਰਚੇ ਮਹਾਨ ਗੀਤ ਦੀਆਂ ਸਤਰਾਂ ਦੁਹਰਾਈਏ :

**ਤੂ ਹਿੰਦੂ ਬਨੇਗਾ, ਨਾ ਮੁਸਲਮਾਨ ਬਨੇਗਾ**
**ਇਨਸਾਨ ਕੀ ਔਲਾਦ ਹੈ, ਇਨਸਾਨ ਬਨੇਗਾ।**

# ਫ਼ੌਜੀ ਟਕਰਾਅ ਦੇ ਨਵੇਂ ਨੇਮ



ਲੈਫਟੀਨੈਂਟ ਜਨਰਲ (ਸੇਵਾਮੁਕਤ) ਐੱਸਐੱਸ ਮਹਿਤਾ

ਦਰਅਸਲ, ਅਪਰੇਸ਼ਨ ਸਿੰਧੂਰ ਨੂੰ ਅਚਾਨਕ ਖ਼ਤਮ ਕਰਨ ਦਾ ਫ਼ੈਸਲਾ ਬਿੱਜ ਡਿੱਗਣ ਵਰਗੀ ਜਾਂ ਫਿਰ ਸਿਲੇਬਸ ਤੋਂ ਬਾਹਰੋਂ ਆਏ ਸਵਾਲ ਵਰਗੀ ਘਟਨਾ ਸੀ! ਇਹ ਚੰਗੀ ਗੱਲ ਹੈ ਕਿ ਪੂਰੀ-ਸੂਰੀ ਜੰਗ ਟਲ ਗਈ ਹੈ ਅਤੇ ਕਿਸੇ ਨੂੰ ਵੀ ਇਹ ਉਮੀਦ ਨਹੀਂ ਰੱਖਣੀ ਚਾਹੀਦੀ ਕਿ ਗੋਲੀਬੰਦੀ ਦੀਆਂ ਖ਼ਿਲਾਫ਼ਵਰਜ਼ੀਆਂ ਨਹੀਂ ਹੋਣਗੀਆਂ। ਹਾਲਾਂਕਿ ਸਾਡੀਆਂ ਸਰਹੱਦਾਂ 'ਤੇ ਹਥਿਆਰਬੰਦ ਦਸਤਿਆਂ ਵੱਲੋਂ ਮੁਸਤੈਦ ਨਜ਼ਰ ਰੱਖੀ ਜਾ ਰਹੀ ਹੈ ਪਰ ਇਸ ਮੁਤੱਲਕ ਫੌਰੀ ਚਰਚਾ ਤੋਂ ਕੁਝ ਸਬਕ ਲਏ ਜਾ ਸਕਦੇ ਹਨ।

ਪਾਕਿਸਤਾਨ ਦੀ ਲੀਡਰਸ਼ਿਪ ਦੀਆਂ ਸੱਜਰੀਆਂ ਭੜਕਾਹਟ ਭਰੀਆਂ ਕਾਰਵਾਈਆਂ ਰਣਨੀਤਕ ਨਹੀਂ ਸਗੋਂ ਸੰਕੇਤਕ ਹਨ: ਭਾਵ, ਪਛਾਣੀ ਸੁਰ ਵਿੱਚ ਦਿੱਤਾ ਭਾਸ਼ਣ ਨੀਤੀਗਤ ਘੱਟ ਅਤੇ ਕਾਰਗੁਜ਼ਾਰੀ ਵਾਲਾ ਜ਼ਿਆਦਾ ਸੀ ਜਿਸ ਵਿੱਚ ਸ਼ਿਕਵਿਆਂ, ਇਤਿਹਾਸਕ ਨਾ-ਇਨਸਾਫ਼ੀਆਂ ਦਾ ਦੁਹਰਾਓ ਅਤੇ ਵਿਚਾਰਧਾਰਕ ਖ਼ਤਰੇ ਦਾ ਪੁੱਠ ਸ਼ਾਮਿਲ ਸੀ ਪਰ ਬੁਨਿਆਦੀ ਰੂਪ ਵਿੱਚ ਕੁਝ ਬਦਲ ਗਿਆ ਹੈ: ਦੁਨੀਆ ਨੇ ਸੁਣਨਾ ਬੰਦ ਕਰ ਦਿੱਤਾ ਹੈ।

ਭਾਰਤ ਨੇ ਵੀ ਇਸ ਦਾ ਹੁੰਗਾਰਾ ਨਹੀਂ ਭਰਿਆ। ਕੋਈ ਗੁੱਸਾ ਜਾਂ ਜਨੂੰਨ ਨਹੀਂ ਪਰ ਚੁੱਪ ਦੀ ਆਵਾਜ਼ ਖੰਡਨ ਨਾਲੋਂ ਭਾਰੀ ਹੋ ਗਈ। ਜਿੱਥੋਂ ਤੱਕ ਨਵੀਂ ਦਿੱਲੀ ਦਾ ਤਾਅਲੁਕ ਹੈ, ਇਹ ਪ੍ਰਤੀਕਿਰਿਆ ਦੇਣ ਦਾ ਸਮਾਂ ਨਹੀਂ ਸੀ ਸਗੋਂ ਖ਼ੁਲਾਸਾ ਕਰਨ ਦਾ ਸੀ; ਇਹ ਕਿ ਪਾਕਿਸਤਾਨ ਕਿਸੇ ਸਮੇਂ ਸਟੇਟ/ਰਿਆਸਤ ਸੀ ਜੋ ਹੁਣ ਲੀਗ ਬਣ ਗਈ ਹੈ; ਭਟਕਾਅ ਦੀ ਲੀਗ ਜਿੱਥੇ ਕੁਝ ਲੋਕ ਅਰਾਜਕਤਾ ਅਤੇ ਟਕਰਾਅ ਦੀ ਬੋਲੀ ਬੋਲਦੇ ਹਨ ਜਦੋਂਕਿ ਬਹੁਤੇ ਲੋਕ ਸਥਿਰਤਾ ਅਤੇ ਗ਼ੈਰਤ ਦੀ ਤਮੰਨਾ ਰੱਖਦੇ ਹਨ।

**ਚੰਗਿਆੜੀ ਜੋ ਬੁਝ ਗਈ: ਕਸ਼ਮੀਰ ਦਾ ਮੋੜਵਾਂ ਜਵਾਬ :** ਜੇ ਕਸ਼ਮੀਰ ਵਿੱਚ ਬਦਅਮਨੀ ਫੈਲਾਉਣ ਦਾ ਇਰਾਦਾ ਸੀ ਤਾਂ ਇਸ ਦਾ ਜਵਾਬ ਬਹੁਤ ਹੀ ਧਰਵਾਸ ਦੇਣ ਵਾਲਾ ਰਿਹਾ। ਪਹਿਲਗਾਮ ਅਤੇ ਸਮੁੱਚੀ ਕਸ਼ਮੀਰ ਵਾਦੀ ਅੰਦਰ ਕੋਈ ਬਦਅਮਨੀ ਨਹੀਂ ਦਿਸੀ, ਕੋਈ ਗੁੱਸੇ ਭਰੀ ਭੀੜ ਨਹੀਂ ਸੀ, ਕੋਈ ਵੀ ਰੋਸ ਪ੍ਰਦਰਸ਼ਨ ਨਹੀਂ ਸੀ। ਇਸ ਦੀ ਬਜਾਏ ਭੜਕਾਹਟ ਦੀ ਥਾਂ ਰੋਜ਼ਮੱਰਾ ਜੀਵਨ ਜਾਰੀ ਰਿਹਾ। ਲੋਕਾਂ ਨੇ ਭੜਕਾਹਟ ਦਿਖਾਉਣ ਦੀ ਬਜਾਇ ਚੁੱਪ ਰਹਿ ਕੇ ਠਰੰਮਾ ਦਿਖਾਇਆ।

ਇਹ ਭਾਰਤ ਲਈ ਸੱਟ ਸੀ।

ਉਹ ਭਾਰਤ ਦਾ ਪਹਿਲਾ ਅਤੇ ਸਭ ਤੋਂ ਗਹਿਰਾ ਜਵਾਬ ਸੀ; ਪੰਡਾਲਾਂ ਤੋਂ ਨਹੀਂ ਸਗੋਂ ਸੜਕਾਂ ਦੀਆਂ ਪਗਡੰਡੀਆਂ ਤੋਂ। ਭਾਸ਼ਣਾਂ ਨਾਲ ਨਹੀਂ ਸਗੋਂ ਸ਼ਾਂਤਚਿੱਤ। ਭਾਰਤ ਦੀ ਮਜ਼ਬੂਤੀ ਇਸ ਦੀ ਵੰਨ-ਸਵੰਨਤਾ ਦੀ ਇਕਜੁੱਟਤਾ ਵਿੱਚ ਪਈ ਹੈ ਜਿਵੇਂ ਕੰਨਿਆਕੁਮਾਰੀ ਹੋਵੇ ਜਾਂ ਕੋਹਿਮਾ, ਸੰਵਿਧਾਨ ਇਕਮੁੱਠਤਾ ਦੀ ਜ਼ਾਮਨੀ ਦਿੰਦਾ ਹੈ। ਹਥਿਆਰਬੰਦ ਦਸਤਿਆਂ ਨੇ ਇਸ ਦੀ ਤਰਜਮਾਨੀ ਕੀਤੀ। ਲੋਕਾਂ ਨੇ ਇਸ ਨੂੰ ਬੁਲੰਦ ਕੀਤਾ। ਭਾਰਤ ਦੀ ਅਨੇਕਤਾ ਵਿੱਚ ਏਕਤਾ ਕਮਜ਼ੋਰੀ ਨਹੀਂ ਸਗੋਂ ਰਣਨੀਤਕ ਸਿਧਾਂਤ ਹੈ। ਵੰਡ ਦੇ ਸੱਦੇ ਦਾ ਜਵਾਬ ਨਾਅਰੇਬਾਜ਼ੀ ਨਾਲ ਨਹੀਂ ਸਗੋਂ ਸਦੀਵੀ ਸੱਚ ਨਾਲ ਦਿੱਤਾ ਗਿਆ: ਭਾਰਤ ਵਿੱਚ ਅਨੇਕਤਾ ਹੈ, ਫਿਰ ਵੀ ਇਹ ਇੱਕ ਹੈ।

**ਤਮਾਸ਼ੇ ਤੋਂ ਬਿਨਾਂ ਸਟੀਕਤਾ :** ਮਾਈਕ੍ਰੋਫੋਨਾਂ 'ਤੇ ਹਾਲਾਂਕਿ ਸ਼ਬਦਾਂ ਦੀ ਗੂੰਜ ਸੁਣਾਈ ਦਿੱਤੀ ਸੀ ਪਰ ਭਾਰਤ ਨੇ ਚੁੱਪ-ਚਾਪ, ਸਟੀਕ ਢੰਗ ਨਾਲ ਅਤੇ ਹੰਗਾਮਾ ਕੀਤੇ ਬਿਨਾਂ ਕਾਰਵਾਈ ਕੀਤੀ। ਅਸਲ ਕੰਟਰੋਲ ਰੇਖਾ ਤੋਂ ਪਾਰ ਦਹਿਸ਼ਤਗਰਦੀ ਦੇ ਬੁਨਿਆਦੀ ਢਾਂਚੇ ਉੱਪਰ ਹਮਲਿਆਂ ਦਾ ਕੋਈ ਜ਼ੋਰ-ਸ਼ੋਰ ਨਾਲ ਐਲਾਨ ਨਹੀਂ ਕੀਤਾ ਗਿਆ। ਬਹੁਤ ਸੋਚ ਵਿਚਾਰ, ਕਾਰਗਰ ਅਤੇ ਮਨੋਰਥ ਸਿੱਧੀ ਨਾਲ ਹਮਲੇ ਕੀਤੇ।

ਫਿਰ ਵੀ, ਕੌਮਾਂਤਰੀ ਪ੍ਰਤੀਕਰਮ ਖ਼ਾਮੋਸ਼ੀ ਵਾਲਾ ਸੀ। ਪਾਕਿਸਤਾਨ ਉੱਪਰ ਸੰਯੁਕਤ ਰਾਸ਼ਟਰ ਵੱਲੋਂ ਸੂਚੀਦਰਜ ਦਹਿਸ਼ਤਗਰਦਾਂ ਨੂੰ ਪਨਾਹ ਦੇਣ, ਉਨ੍ਹਾਂ ਦੀਆਂ ਲਾਸ਼ਾਂ ਨੂੰ ਫ਼ੌਜੀ ਰੰਗਾਂ ਵਿੱਚ ਲਪੇਟਣ ਅਤੇ ਰਾਜਕੀ ਸਨਮਾਨਾਂ ਨਾਲ ਸਪੁਰਦ-ਏ-ਖ਼ਾਕ ਕਰਨ ਤੋਂ ਕੋਈ ਖ਼ਫ਼ਗੀ ਨਹੀਂ ਦਿਖਾਈ ਗਈ। ਕਿਸੇ ਪ੍ਰੈੱਸ ਕਾਨਫਰੰਸ ਵਿੱਚ ਇਹ ਸਵਾਲ ਨਹੀਂ ਪੁੱਛਿਆ ਗਿਆ ਕਿ ਆਲਮੀ ਤੌਰ 'ਤੇ ਹਤਿਆਰਿਆਂ ਵਜੋਂ ਨਾਮਜ਼ਦ ਵਿਅਕਤੀਆਂ ਨੂੰ ਸਰਕਾਰੀ ਸਨਮਾਨ ਕਿਉਂ ਦਿੱਤਾ ਗਿਆ? ਇੱਕ ਵਾਰ ਫਿਰ ਆਲਮੀ ਨਿਜ਼ਾਮ ਆਪਣੀ ਪਰਖ 'ਤੇ ਅਸਫਲ ਸਿੱਧ ਹੋਇਆ।

ਬਹਰਹਾਲ, ਭਾਰਤ ਨੂੰ ਵਾਹ-ਵਾਹ ਦੀ ਤਵੱਕੋ ਨਹੀਂ ਸੀ। ਇਸ ਦਾ ਨਿਸ਼ਾਨਾ ਆਪਣਾ ਇਖ਼ਲਾਕੀ ਮੁਕਾਮ ਉੱਚਾ ਰੱਖਣਾ ਨਹੀਂ ਸੀ ਸਗੋਂ ਡਰ ਪੈਦਾ ਕਰਨਾ ਸੀ ਤੇ ਸੰਦੇਸ਼ ਬਹੁਤ ਸਾਫ਼ ਸੀ: ਭਾਰਤੀ ਪੈਮਾਨਾ ਤਬਦੀਲ ਹੋ ਗਿਆ ਹੈ। ਹੁਣ ਬਿਨਾਂ ਕਿਸੇ ਸ਼ੋਰ ਦੇ ਪ੍ਰਤੀਕਰਮ ਆਵੇਗਾ ਤੇ ਇਹ ਵਜ਼ਨਦਾਰ ਹੋਵੇਗਾ।

**ਭਾਰਤ ਦੀਆਂ ਸ਼ਰਤਾਂ 'ਤੇ ਤਣਾਅ ਤੇ ਤਣਾਅ ਘਟਾਈ :** ਪਾਕਿਸਤਾਨ ਦੀ ਪ੍ਰਤੀਕਿਰਿਆ ਇਸ ਦੇ ਰਵਾਇਤੀ ਢੰਗ ਨਾਲ ਹੋਈ: ਮਿਜ਼ਾਇਲਾਂ, ਡਰੋਨ, ਚਿਤਾਵਨੀਆਂ। ਜ਼ਿਆਦਾਤਰ ਨਿਸ਼ਾਨੇ ਤੋਂ ਖੁੰਝ ਗਈਆਂ ਅਤੇ ਬਾਕੀਆਂ ਨੂੰ ਖ਼ਤਮ ਕਰ ਦਿੱਤਾ ਗਿਆ। ਇਸ ਨਾਲ ਦੂਜੀ ਪ੍ਰਤੀਕਿਰਿਆ ਹੋਈ ਜੋ ਬੱਝਵੀਂ ਪਰ ਨੁਕਸ ਰਹਿਤ ਸੀ। ਨਾ ਕੇਵਲ ਦਹਿਸ਼ਤਗਰਦ ਕੈਂਪ ਸਗੋਂ ਹਵਾਈ ਅੱਡਿਆਂ ਨੂੰ ਅੰਨ੍ਹੇਵਾਹ ਹੀ ਨਹੀਂ ਸਗੋਂ ਗਿਣ-ਮਿੱਥ ਕੇ ਨਿਸ਼ਾਨਾ ਬਣਾਇਆ। ਇਹ ਮਹਿਜ਼ ਤਣਾਅ ਵਧਾਉਣ ਲਈ ਤਣਾਅ ਨਹੀਂ ਸੀ, ਇਹ ਸਿਧਾਂਤਕ ਕਾਰਵਾਈ ਸੀ। ਸਟੀਕਤਾ ਨੇ ਕਾਬਲੀਅਤ, ਮਨਸ਼ਾ ਤੇ ਧੀਰਜ ਦਾ ਸੰਚਾਰ ਕੀਤਾ। ਇਸ ਨੇ ਦੁੱਖ ਦਿੱਤਾ। ਤੇ ਇਹ ਕਾਰਆਮਦ ਹੋਈ।

ਪਾਕਿਸਤਾਨ ਦੇ ਡਾਇਰੈਕਟਰ ਜਨਰਲ ਆਫ ਮਿਲਟਰੀ ਅਪਰੇਸ਼ਨਜ਼ (ਡੀਜੀਐੱਮਓਜ਼) ਨੇ ਪਹੁੰਚ ਕੀਤੀ, ਸ਼ਰਮਿੰਦਾ ਹੋ ਕੇ ਨਹੀਂ, ਤਣਾਅ ਘਟਾਉਣ ਲਈ। ਭਾਰਤ ਨੇ ਇਹ ਪ੍ਰਵਾਨ ਕਰ ਲਈ, ਕੋਈ ਰਿਆਇਤ ਨਹੀਂ ਦਿੱਤੀ ਗਈ ਸਗੋਂ ਕੰਟਰੋਲ ਦੇ ਤੌਰ 'ਤੇ। ਇਸ ਮੌਕੇ ਦੀ ਕੋਰੀਓਗ੍ਰਾਫੀ ਬਹੁਤ ਜ਼ਬਰਦਸਤ ਸੀ: ਕੋਈ ਜੰਗੀ ਜਨੂੰਨ ਨਹੀਂ ਸਗੋਂ ਸੋਚੇ ਵਿਚਾਰੇ ਸਿੱਟੇ ਦੇ ਰੂਪ ਵਜੋਂ।

ਇਹ ਹਮੇਸ਼ਾ ਸੋਚ ਵਿਚਾਰ ਅਤੇ ਬਹਿਸ ਦਾ ਖੇਤਰ ਰਿਹਾ ਹੈ, ਕੀ ਇਹ ਹੋਣਾ ਚਾਹੀਦਾ ਸੀ ਜਾਂ ਕੀ ਅਜਿਹਾ ਨਹੀਂ ਹੋਣਾ ਚਾਹੀਦਾ ਸੀ। ਟਕਰਾਅ ਦਾ ਖਾਤਮਾ ਕਦੇ ਵੀ ਸੌਖਾ ਫ਼ੈਸਲਾ ਨਹੀਂ ਹੁੰਦਾ। ਅਮੂਮਨ, ਦਰਸ਼ਕਾਂ ਨੂੰ ਸਿਆਸੀ ਉਦੇਸ਼ਾਂ ਬਾਰੇ ਗਿਆਨ ਨਹੀਂ ਹੁੰਦਾ ਜਿਸ ਕਰ ਕੇ ਇਸ ਤੋਂ ਬਾਅਦ ਬਹਿਸ ਹੋ ਜਾਂਦੀ ਹੈ। ਇਸ ਦੇ ਪ੍ਰਤੀਕਰਮ ਦੇ ਤੌਰ 'ਤੇ ਭਾਰਤ ਨੇ ਨਵੀਂਆਂ ਲਾਲ ਰੇਖਾਵਾਂ ਵਾਹੀਆਂ ਹਨ। ਉਨ੍ਹਾਂ ਦਾ ਐਲਾਨ ਕਰਨ ਦੀ ਲੋੜ ਨਹੀਂ ਹੈ- ਉਹ ਵਿਹਾਰਕ ਰੂਪ ਵਿੱਚ ਦ੍ਰਿਸ਼ਮਾਨ ਹੁੰਦੀਆਂ ਹਨ। ਸੰਦੇਸ਼ ਇਹ ਸੀ ਕਿ ਭਾਰਤ ਜੰਗ ਸ਼ੁਰੂ ਨਹੀਂ ਕਰੇਗਾ ਪਰ ਇਹ ਪਰਿਭਾਸ਼ਤ ਕਰੇਗਾ ਕਿ ਇਹ ਕਦੋਂ ਸ਼ੁਰੂ ਹੋਵੇਗੀ ਅਤੇ ਕਦੋਂ ਖ਼ਤਮ ਹੋਵੇਗੀ।

**ਰਣਨੀਤਕ ਸਿਆਣਪ ਹੀ ਅਸਲੀ ਰੋਕਥਾਮ :** ਇਹ ਅਚਾਨਕ ਭੜਕਣ ਜਿਹਾ ਨਹੀਂ ਸੀ। ਇਹ ਪਰਖ ਸੀ, ਭਾਰਤ ਨੇ ਆਪਣਾ ਜਵਾਬ ਜ਼ਿਕਰਯੋਗ ਢੰਗ ਨਾਲ ਪਰਖਿਆ।

ਪ੍ਰਤੀਕਿਰਿਆਤਮਕ ਕ੍ਰੋਧ ਦੇ ਦਿਨ ਗਏ। ਇਸ ਦੀ ਜਗ੍ਹਾ ਨਪੀ-ਤੁਲੀ ਤਾਕਤ ਨੇ ਲੈ ਲਈ ਹੈ। ਹੱਲਾ ਜਦੋਂ ਲੋੜ ਪਵੇ। ਜਦੋਂ ਲੱਗੀ ਸੱਟ ਸਵੀਕਾਰੀ ਜਾਵੇ, ਰੁਕ ਜਾਓ। ਨਾਟਕਬਾਜ਼ੀ ਨਹੀਂ; ਸਿੱਧ ਕਰਨ ਦੀ ਲੋੜ ਨਹੀਂ।

ਕਿਸ ਚੀਜ਼ ਨੇ ਇਹ ਤਬਦੀਲੀ ਲਿਆਂਦੀ?

ਸਮਰੱਥਾ ਨੇ, ਬਿਲਕੁਲ- ਭਾਰਤ ਕੋਲ ਅੱਜ ਫੌਰੀ ਬਦਲ ਮੌਜੂਦ ਹਨ ਪਰ ਉਸ ਤੋਂ ਵੀ ਜ਼ਿਆਦਾ, ਸਪੱਸ਼ਟਤਾ। ਝੂਠੇ ਦਵੰਦਾਂ ਲਈ ਕੋਈ ਜਗ ?ਹਾ ਨਹੀਂ। ਸੰਵਾਦ ਤੇ ਦਹਿਸ਼ਤ ਨਾਲੋ-ਨਾਲ ਨਹੀਂ ਚੱਲ ਸਕਦੇ। ਸਪੱਸ਼ਟ ਜਮਹੂਰੀਅਤ ਤੇ ਸਰਕਾਰੀ ਸ਼ਹਿ ਪ੍ਰਾਪਤ ਦਹਿਸ਼ਤੀ ਗੱਠਜੋੜ ਵਿਚਾਲੇ ਕੋਈ 'ਨੈਤਿਕ ਸਮਾਨਤਾ' ਨਹੀਂ ਹੋ ਸਕਦੀ।

ਇਹ ਪਰਪੱਕਤਾ ਅਚਾਨਕ ਨਹੀਂ ਆਈ। ਇਹ ਸੰਸਥਾਈ ਸੁਧਾਰ, ਸਿਵਲ-ਫ਼ੌਜੀ ਸੰਜੋਗ ਤੇ ਰਾਸ਼ਟਰੀ ਸਪੱਸ਼ਟਤਾ ਦਾ ਨਤੀਜਾ ਹੈ। ਭਾਰਤ ਜੰਗ ਨਹੀਂ ਚਾਹੁੰਦਾ ਪਰ ਇਹ ਵਧਣ ਤੋਂ ਵੀ ਨਹੀਂ ਡਰਦਾ। ਇਸ ਨੂੰ ਸੋਚੀ-ਸਮਝੀ ਰੋਕਥਾਮ ਕਹਿੰਦੇ ਹਨ।

ਇਸ ਤੋਂ ਉਲਟ ਪਾਕਿਸਤਾਨ ਦਾ ਅੰਦਰੂਨੀ ਪਤਨ ਜ਼ਾਹਿਰ ਹੋ ਚੁੱਕਾ ਹੈ। ਇਸ ਦਾ ਪਰਮਾਣੂ ਬਲੈਕਮੇਲ ਹੁਣ ਸਿਰਫ਼ ਬਲੈਕਮੇਲ ਹੈ, ਰੋਕਥਾਮ ਨਹੀਂ। ਸੰਸਾਰ ਇਸ ਨੂੰ ਦੇਖਦਾ ਹੈ। ਜੇ ਇਹ ਅਜਿਹਾ ਨਹੀਂ ਵੀ ਕਹਿੰਦਾ ਤਾਂ ਭਾਰਤੀ ਪ੍ਰਧਾਨ ਮੰਤਰੀ ਨੇ ਤਾਂ ਬਲੈਕਮੇਲ ਦਾ ਸਿੱਧਾ ਨਾਂ ਲਿਆ ਹੈ ਤੇ ਦਹਿਸ਼ਤੀ ਹਮਲੇ ਨੂੰ ਜੰਗ ਲਾਉਣ ਦਾ ਕਾਰਾ ਗਰਦਾਨਿਆ ਹੈ।

**ਗੱਠਜੋੜ ਜੋ ਖ਼ੁਦ ਨੂੰ ਹੀ ਖਾ ਰਿਹੈ :** ਪਾਕਿਸਤਾਨ ਦੀ ਤਰਾਸਦੀ ਇਸ ਦੀ ਫ਼ੌਜ ਨਹੀਂ - ਇਹ ਇਸ ਦੇ ਲੋਕਾਂ ਦੀ ਚੁੱਪ, ਲਾਚਾਰੀ ਤੇ ਬੇਵਸੀ ਹੈ। ਮੁਲਕ ਜਿੱਥੇ ਉਦਾਰਵਾਦੀ ਆਵਾਜ਼ਾਂ ਨੂੰ ਚੁੱਪ ਕਰਾ ਦਿੱਤਾ ਜਾਂਦਾ ਹੈ, ਵਿਰੋਧ ਦਾ ਅਪਰਾਧੀਕਰਨ ਹੁੰਦਾ ਹੈ ਤੇ ਸਚਾਈ ਨੂੰ ਦੇਸ਼ਧ੍ਰੋਹ ਬਣਾ ਦਿੱਤਾ ਜਾਂਦਾ ਹੈ। ਸੂਝਵਾਨ ਪੀੜ ਸਹਿੰਦੇ ਹਨ ਤੇ ਕਮ-ਅਕਲ ਰਣਨੀਤੀਆਂ ਘੜਦੇ ਹਨ ਅਤੇ ਕੌਮਾਂਤਰੀ ਭਾਈਚਾਰਾ, ਆਪਣੀਆਂ ਵਿੱਤੀ ਸੰਸਥਾਵਾਂ ਤੇ ਕੰਮ-ਚਲਾਊ ਬਿਆਨਬਾਜ਼ੀ ਨਾਲ ਇਸ ਨਪੁੰਸਕਤਾ ਨੂੰ ਕਾਇਮ ਰੱਖਦਾ ਹੈ।

ਭਾਰਤ ਫ਼ਰਕ ਸਮਝਦਾ ਹੈ। ਸਾਡਾ ਜਵਾਬ ਕਦੇ ਵੀ ਪਾਕਿਸਤਾਨ ਦੇ ਲੋਕਾਂ ਨੂੰ ਦੰਡ ਦੇਣ ਵਾਲਾ ਨਹੀਂ ਰਿਹਾ। ਇਹ ਹਮੇਸ਼ਾ ਉਸ ਤੰਤਰ ਨੂੰ ਅਲੱਗ-ਥਲੱਗ ਕਰਨ 'ਤੇ ਕੇਂਦਰਿਤ ਰਿਹਾ ਹੈ ਜਿਸ ਨੇ ਉਨ੍ਹਾਂ ਨੂੰ ਬੰਧਕ ਬਣਾ ਰੱਖਿਆ ਹੈ।

**ਪਰ ਕੋਈ ਭੁਲੇਖਾ ਨਾ ਪਾਲ਼ ਲੈਣਾ:** ਜਿਵੇਂ ਸਾਡੇ ਪ੍ਰਧਾਨ ਮੰਤਰੀ ਨੇ ਕਿਹਾ ਹੈ, ਅਸੀਂ ਉਸ ਤੰਤਰ ਨੂੰ ਸਾਨੂੰ ਨੁਕਸਾਨ ਪਹੁੰਚਾਉਣ ਦੀ ਇਜਾਜ਼ਤ ਨਹੀਂ ਦਿਆਂਗੇ। ਨਾ ਹੀ ਗੱਲਬਾਤ ਦੇ ਨਿਯਮਾਂ ਦੀ ਪਰਿਭਾਸ਼ਾ ਤੈਅ ਕਰਨ ਦਿਆਂਗੇ। ਪਰਮਾਣੂ ਡਰਾਵਿਆਂ ਦੇ ਦਿਨ ਲੱਦ ਗਏ।

**ਦੁਨੀਆ ਦੀ ਸਮਝ ਤੋਂ ਪਰ੍ਹੇ- ਤੇ ਭਾਰਤ ਦਾ ਇਖਲਾਕੀ ਬੋਝ :** ਇੱਥੇ ਹੀ ਬੁਨਿਆਦੀ ਵਿਰੋਧਾਭਾਸ ਆਉਂਦਾ ਹੈ: ਅਤਿਵਾਦ ਨੂੰ ਸਮੱਸਿਆ ਵਜੋਂ ਸਿਰਫ਼ ਉਦੋਂ ਲਿਆ ਜਾਂਦਾ ਹੈ ਜਦੋਂ ਇਹ ਪੱਛਮ ਨੂੰ ਸੱਟ ਮਾਰਦਾ ਹੈ। ਦਹਾਕਿਆਂ ਬੱਧੀ, ਭਾਰਤ ਦਹਿਸ਼ਤ ਦੀ ਆਲਮੀ ਪਰਿਭਾਸ਼ਾ ਤੈਅ ਕਰਾਉਣ ਲਈ ਅਪੀਲਾਂ ਕਰਦਾ ਰਿਹਾ। ਪਰ ਸੰਸਥਾਵਾਂ ਜਿਨ੍ਹਾਂ ਨੂੰ ਸਮਰੱਥਾ ਦੀ ਸਿਆਸਤ ਅਤੇ ਕਾਰੋਬਾਰੀ ਹਿੱਤਾਂ ਨੇ ਅਪੰਗ ਕੀਤਾ ਹੈ, ਗੋਲ-ਮੋਲ ਗੱਲਾਂ ਕਰ ਰਹੀਆਂ ਹਨ। ਆਈਐੱਮਐੱਫ ਦੇ ਕਰਜ਼ੇ ਉਨ੍ਹਾਂ ਦੇਸ਼ਾਂ ਨੂੰ ਜਾ ਰਹੇ ਹਨ ਜਿਹੜੇ ਦਹਿਸ਼ਤ ਨੂੰ ਸ਼ਹਿ ਦੇ ਰਹੇ ਹਨ। ਬੇਕਸੂਰ ਮਰਦੇ ਹਨ ਜਦੋਂਕਿ ਹੱਲਾਂ 'ਤੇ ਸਹੀ ਨਹੀਂ ਪੈਂਦੀ। ਲੋਕਤੰਤਰਾਂ ਨੂੰ ਜਨਤਕ ਮੰਚਾਂ ਤੇ ਸਰਹੱਦ ਰਹਿਤ ਤੰਤਰਾਂ ਰਾਹੀਂ ਅਗਵਾ ਕੀਤਾ ਜਾ ਰਿਹਾ ਹੈ। ਤੰਤਰ ਨੂੰ ਨਿੱਜੀ ਮੁਫ਼ਾਦਾਂ ਲਈ ਵਰਤਿਆ ਜਾ ਰਿਹਾ ਹੈ।

ਭਾਰਤ ਬਹੁਤ ਇੰਤਜ਼ਾਰ ਕਰ ਚੁੱਕਾ ਹੈ। ਹੁਣ ਇਹ ਰਾਹ ਦਿਖਾ ਰਿਹਾ ਹੈ- ਦਬਦਬੇ ਦਾ ਨਹੀਂ, ਬਲਕਿ ਉਪਾਅ ਦਾ।

ਵਿਚਾਰਧਾਰਾ ਭੇਜ ਕੇ ਨਹੀਂ, ਬਲਕਿ ਸਭਿਅਤਾਵਾਦੀ ਵਿਚਾਰ ਅਪਨਾ ਕੇ: ਸਾਂਝੇ ਮੁਕੱਦਰ ਦੇ ਅੰਦਰ ਵਖਰੇਵਿਆਂ ਦੀ ਸਹਿ-ਹੋਂਦ।

ਨਵੀਂ ਵਿਵਸਥਾ: ਜਦੋਂ ਬਣੇਗੀ ਅਸੀਂ ਦੱਸਾਂਗੇ

ਅਨੇਕਤਾ 'ਚ ਏਕਤਾ ਸਿਰਫ਼ ਭਾਰਤ ਦੀ ਸੱਭਿਆਚਾਰਕ ਵਿਰਾਸਤ ਨਹੀਂ- ਇਹ ਇਸ ਦੀ ਭੂ-ਰਾਜਨੀਤਕ ਭੇਟ ਹੈ। ਵੰਡਪਾਊ ਸਾਜ਼ਿਸ਼ਾਂ ਤੇ ਪਛਾਣ ਦੇ ਸ਼ਸਤਰੀਕਰਨ ਦਾ ਇੱਕੋ-ਇੱਕ ਤੋੜ। ਅਤਿਵਾਦ ਨੂੰ ਪਰਿਭਾਸ਼ਤ ਕਰਨ ਜਾਂ ਆਪਣਾ ਜਵਾਬ ਦੇਣ ਲਈ ਭਾਰਤ ਹੁਣ ਦੁਨੀਆ ਦੀ ਹੋਰ ਉਡੀਕ ਨਹੀਂ ਕਰੇਗਾ। ਇਹ ਉਨ੍ਹਾਂ ਦਾ ਸਾਥ ਲਏਗਾ ਜਿਹੜੇ ਇਸ ਦੇ ਵਾਪਰਨ 'ਤੇ ਇਸ ਨੂੰ ਨਿੰਦਣਗੇ- ਨਾ ਸਿਰਫ਼ ਉਦੋਂ ਜਦੋਂ ਇਹ ਠੇਸ ਪਹੁੰਚਾਏਗਾ।

ਚੁੱਪ ਦੀ ਕੀਮਤ ਨਿਰਦੋਸ਼ਾਂ ਵੱਲੋਂ ਚੁਕਾਈ ਜਾਂਦੀ ਹੈ, ਉਦਾਸੀਨ ਰਹਿਣ ਵਾਲਿਆਂ ਵੱਲੋਂ ਨਹੀਂ।

ਭਵਿੱਖ ਉਨ੍ਹਾਂ ਦਾ ਹੈ ਜਿਹੜੇ ਭਾਈਵਾਲੀ ਕਰਦੇ ਹਨ, ਨਾ ਕਿ ਉਨ੍ਹਾਂ ਦਾ ਜੋ ਦਬਾਅ ਬਣਾਉਂਦੇ ਹਨ।

ਯੁੱਧ ਦੇ ਲੱਛਣ ਬਦਲ ਰਹੇ ਹਨ। 'ਜੰਗ ਤੋਂ ਪਹਿਲਾਂ ਹੀ ਜੰਗ ਜਿੱਤਣੀ', ਤਣਾਅ ਦੀ ਨਵੀਂ ਪੌੜੀ ਦਾ ਹੁਣ ਹਿੱਸਾ ਹੈ। ਮੈਨੂੰ ਲੱਗਦਾ ਹੈ, ਇਸ ਦੇ ਹੋਰ ਵੀ ਬਹੁਤ ਪੌਡੇ ਹਨ, ਸਮਾਂ ਹੀ ਦੱਸੇਗਾ।

***ਲੇਖਕ ਫ਼ੌਜ ਦੀ ਪੱਛਮੀ ਕਮਾਂਡ ਦੇ ਸਾਬਕਾ ਮੁਖੀ (ਆਰਮੀ ਕਮਾਂਡਰ) ਅਤੇ ਪੁਣੇ ਇੰਟਰਨੈਸ਼ਨਲ ਸੈਂਟਰ ਦੇ ਮੋਢੀ ਟਰਸਟੀ ਹਨ।**


## ਤਣਾਅ ਘਟਾਉਣ ਦੇ ਕਦਮ

ਭਾਰਤ ਅਤੇ ਪਾਕਿਸਤਾਨ ਵਿਚਕਾਰ ਗੋਲੀਬੰਦੀ ਹੋਣ ਤੋਂ ਬਾਅਦ ਭਾਵੇਂ ਠੰਢ-ਠੰਢਾਅ ਹੋ ਗਿਆ ਹੈ ਪਰ ਦੋਵਾਂ ਦੇਸ਼ਾਂ ਵਿਚਕਾਰ ਬਣੀ ਗਹਿਰੀ ਬੇਭਰੋਸਗੀ ਕਰ ਕੇ ਗੋਲੀਬੰਦੀ ਦੇ ਅਮਲ ਨੂੰ ਸਥਿਰ ਹੋਣ ਵਿੱਚ ਕੁਝ ਸਮਾਂ ਲੱਗ ਸਕਦਾ ਹੈ। ਅਮਰੀਕਾ ਦੀ ਵਿਚੋਲਗੀ ਕਰ ਕੇ ਭਾਵੇਂ 10 ਮਈ ਨੂੰ ਦੋਵਾਂ ਮੁਲਕਾਂ ਵਿਚਕਾਰ ਚਾਰ ਦਿਨ ਚੱਲਿਆ ਫ਼ੌਜੀ ਟਕਰਾਅ ਖ਼ਤਮ ਹੋ ਗਿਆ ਪਰ ਇਸ ਨੂੰ ਲੈ ਕੇ ਦੋਵਾਂ ਦੇਸ਼ਾਂ ਦੇ ਅੰਦਰੂਨੀ ਹਲਕਿਆਂ ਵਿੱਚ ਘੜਮੱਸ ਬਣਿਆ ਹੋਇਆ ਹੈ। ਇਸ ਦੇ ਹੁੰਦਿਆਂ-ਸੁੰਦਿਆਂ ਗੋਲੀਬੰਦੀ ਕਰ ਕੇ ਦੋਵਾਂ ਦੇਸ਼ਾਂ ਵਿਚਕਾਰ ਸਰਹੱਦ ਦੇ ਨਾਲ ਲਗਦੇ ਖੇਤਰਾਂ ਵਿੱਚ ਲੋਕਾਂ ਨੇ ਖ਼ਾਸ ਤੌਰ 'ਤੇ ਸੁੱਖ ਦਾ ਸਾਹ ਲਿਆ ਹੈ ਜਿਨ੍ਹਾਂ ਦਾ ਜਿਊਣਾ ਮੁਸ਼ਕਿਲ ਹੋ ਗਿਆ ਸੀ। ਇਸ ਦੇ ਨਾਲ ਹੀ ਬੁੱਧਵਾਰ ਨੂੰ ਪਾਕਿਸਤਾਨ ਵੱਲੋਂ ਬੰਦੀ ਬਣਾਏ ਗਏ ਬੀਐੱਸਐੱਫ ਜਵਾਨ ਪੂਰਣਮ ਕੁਮਾਰ ਸ਼ਾਅ ਨੂੰ ਵੀਹ ਦਿਨਾਂ ਬਾਅਦ ਰਿਹਾਅ ਕਰ ਦਿੱਤਾ ਹੈ। ਪਾਕਿਸਤਾਨ ਨਾਲ ਲਗਦੀ ਸਰਹੱਦ 'ਤੇ ਭੁਲੇਖੇ ਨਾਲ ਇੱਕ ਦੂਜੇ ਦੇ ਖੇਤਰ ਵਿੱਚ ਚਲੇ ਜਾਣ 'ਤੇ ਆਮ ਤੌਰ 'ਤੇ ਉਨ੍ਹਾਂ ਨੂੰ ਛੱਡ ਦਿੱਤਾ ਜਾਂਦਾ ਸੀ ਅਤੇ ਅਜਿਹੇ ਫ਼ੈਸਲੇ ਬੀਐੱਸਐੱਫ ਤੇ ਪਾਕਿ ਰੇਂਜਰਜ਼ ਦੇ ਮੁਕਾਮੀ ਅਧਿਕਾਰੀਆਂ ਦੀ ਮੀਟਿੰਗ ਦੇ ਪੱਧਰ 'ਤੇ ਹੀ ਹੱਲ ਕਰ ਲਏ ਜਾਂਦੇ ਸਨ ਪਰ ਦੋਵਾਂ ਦੇਸ਼ਾਂ ਵਿਚਕਾਰ ਤਲਖ਼ੀ ਵਧਣ ਤੋਂ ਬਾਅਦ ਦੱਸਿਆ ਜਾ ਰਿਹਾ ਹੈ ਕਿ ਬੀਐੱਸਐੱਫ ਦੇ ਜਵਾਨ ਦੀ ਇਹ ਰਿਹਾਈ ਸੰਚਾਰ ਦੇ ਹੋਰਨਾਂ ਮਾਧਿਅਮਾਂ ਰਾਹੀਂ ਕਰਵਾਈ ਜਾ ਸਕੀ ਹੈ।

ਗੋਲੀਬੰਦੀ ਤੋਂ ਤੁਰੰਤ ਬਾਅਦ ਇਸ ਦੀਆਂ ਖ਼ਿਲਾਫ਼ਵਰਜ਼ੀਆਂ ਦੀਆਂ ਰਿਪੋਰਟਾਂ ਆਉਣ ਨਾਲ ਇਹ ਕਿਆਸ ਲੱਗਣੇ ਸ਼ੁਰੂ ਹੋ ਗਏ ਕਿ ਗੋਲੀਬੰਦੀ ਕਿੰਨਾ ਕੁ ਸਮਾਂ ਟਿਕ ਸਕੇਗੀ। ਇਸ ਮਾਮਲੇ ਵਿੱਚ ਦੋਵਾਂ ਦੇਸ਼ਾਂ ਵੱਲੋਂ ਇੱਕ ਦੂਜੇ 'ਤੇ ਗੋਲੀਬੰਦੀ ਦੀ ਖ਼ਿਲਾਫ਼ਵਰਜ਼ੀ ਕਰਨ ਦੇ ਦੋਸ਼ ਲਾਏ ਗਏ। ਇਸ ਤੋਂ ਇਲਾਵਾ ਦੋਵਾਂ ਦੇਸ਼ਾਂ ਵਿਚਕਾਰ ਬਣੇ ਤਣਾਅ ਦੇ ਫ਼ੌਰੀ ਕਾਰਨ ਪਹਿਲਗਾਮ ਵਿੱਚ ਹੋਏ ਦਹਿਸ਼ਤਗਰਦ ਹਮਲੇ ਮੁਤੱਲਕ ਹਾਲੇ ਤੱਕ ਕੋਈ ਪੇਸ਼ਕਦਮੀ ਨਹੀਂ ਹੋ ਸਕੀ। ਪਿਛਲੇ ਦਿਨੀਂ ਜੰਮੂ ਕਸ਼ਮੀਰ ਪੁਲੀਸ ਵੱਲੋਂ ਪਹਿਲਗਾਮ ਹਮਲੇ ਵਿੱਚ ਸ਼ਾਮਿਲ ਦੱਸੇ ਜਾਂਦੇ ਦਹਿਸ਼ਤਗਰਦ ਦੀ ਤਲਾਸ਼ ਲਈ ਉਨ੍ਹਾਂ ਦੀਆਂ ਤਸਵੀਰਾਂ ਜਾਰੀ ਕੀਤੀਆਂ ਗਈਆਂ ਸਨ। ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵੱਲੋਂ ਇੱਕ ਦੂਜੇ ਖ਼ਿਲਾਫ਼ ਕੀਤੀਆਂ ਗ਼ੈਰ-ਫ਼ੌਜੀ ਕਾਰਵਾਈਆਂ ਜਿਵੇਂ ਵੀਜ਼ਾ ਸੇਵਾਵਾਂ ਮੁਲਤਵੀ ਕਰਨ, ਹਵਾਈ ਖੇਤਰ ਬੰਦ ਕਰਨ ਅਤੇ ਵਪਾਰ 'ਤੇ ਪਾਬੰਦੀ ਆਦਿ ਹਾਲੇ ਵੀ ਜਿਉਂ ਦੀ ਤਿਉਂ ਕਾਇਮ ਹਨ। ਦੋਵਾਂ ਦੇਸ਼ਾਂ ਦੇ ਡਾਇਰੈਕਟਰ ਜਨਰਲ ਆਫ ਮਿਲਟਰੀ ਅਪਰੇਸ਼ਨਜ਼ (ਡੀਜੀਐੱਮਓਜ਼) ਵਿਚਕਾਰ ਗੋਲੀਬੰਦੀ ਦੇ ਐਲਾਨ ਤੋਂ ਬਾਅਦ ਗੱਲਬਾਤ ਦੇ ਦੋ ਗੇੜ ਹੋ ਚੁੱਕੇ ਹਨ ਅਤੇ ਇਹ ਉਮੀਦ ਕੀਤੀ ਜਾ ਰਹੀ ਹੈ ਕਿ ਤਣਾਅ ਘਟਾਉਣ ਲਈ ਯੋਜਨਾਵਾਂ ਦਾ ਤਬਾਦਲਾ ਕੀਤਾ ਜਾਵੇਗਾ। ਇਨ੍ਹਾਂ ਵਿੱਚ ਹਥਿਆਰਬੰਦ ਦਸਤਿਆਂ ਅਤੇ ਘਾਤਕ ਨੂੰ ਮੂਹਰਲੀਆਂ ਪੁਜ਼ੀਸ਼ਨਾਂ ਤੋਂ ਵਾਪਸ ਬੁਲਾਉਣਾ ਵੀ ਸ਼ਾਮਿਲ ਹੋਵੇਗਾ।

ਭਾਰਤ ਇਹ ਆਖ ਚੁੱਕਿਆ ਹੈ ਕਿ ਉਸ ਵੱਲੋਂ ਆਪਣੀ ਫ਼ੌਜੀ ਕਾਰਵਾਈ ਰੋਕੀ ਗਈ ਹੈ ਅਤੇ ਜੇ ਭਵਿੱਖ ਵਿੱਚ ਕੋਈ ਵੀ ਦਹਿਸ਼ਤਗਰਦ ਹਮਲਾ ਹੋਇਆ ਤਾਂ ਉਹ ਆਪਣੀਆਂ ਸ਼ਰਤਾਂ 'ਤੇ ਬਦਲੇ ਦੀ ਕਾਰਵਾਈ ਕਰੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹ ਗੱਲ ਜ਼ੋਰ ਦੇ ਕੇ ਆਖੀ ਹੈ ਕਿ ਜੇ ਪਾਕਿਸਤਾਨ ਨਾਲ ਗੱਲਬਾਤ ਹੁੰਦੀ ਹੈ ਤਾਂ ਇਸ ਵਿੱਚ ਦਹਿਸ਼ਤਗਰਦੀ ਅਤੇ ਪਾਕਿਸਤਾਨ ਦੇ ਕਬਜ਼ੇ ਹੇਠਲੇ ਕਸ਼ਮੀਰ ਮੁਤੱਲਕ ਹੀ ਹੋਵੇਗੀ ਤੇ ਉਨ੍ਹਾਂ ਇਹ ਵੀ ਦ੍ਰਿੜ੍ਹਾਇਆ ਕਿ 'ਦਹਿਸ਼ਤਗਰਦੀ ਅਤੇ ਗੱਲਬਾਤ ਨਾਲੋ-ਨਾਲ ਨਹੀਂ ਚੱਲ ਸਕਦੇ।' ਪਾਕਿਸਤਾਨ ਨੇ ਆਖਿਆ ਹੈ ਕਿ ਉਹ ਇਲਾਕਾਈ ਸ਼ਾਂਤੀ ਦੀ ਖਾਤਿਰ ਗੋਲੀਬੰਦੀ ਲਈ ਰਜ਼ਾਮੰਦ ਹੋਇਆ ਹੈ ਪਰ ਆਪਣੀ ਪ੍ਰਭੂਸੱਤਾ ਦੀ ਕਿਸੇ ਵੀ ਖ਼ਿਲਾਫ਼ਵਰਜ਼ੀ ਨੂੰ ਸਹਿਣ ਨਹੀਂ ਕਰੇਗਾ। ਕੌਮਾਂਤਰੀ ਭਾਈਚਾਰੇ ਨੇ ਗੋਲੀਬੰਦੀ ਦਾ ਸਵਾਗਤ ਕੀਤਾ ਹੈ ਪਰ ਦੋਵਾਂ ਮੁਲਕਾਂ ਨੂੰ ਗੋਲੀਬੰਦੀ ਨੂੰ ਪੱਕੇ ਪੈਰੀਂ ਕਰਨ ਲਈ ਕਈ ਕਦਮ ਉਠਾਉਣ ਅਤੇ ਆਪਸੀ ਭਰੋਸਾ ਪੈਦਾ ਕਰਨ ਦੀ ਬਹੁਤ ਜ਼ਿਆਦਾ ਲੋੜ ਹੈ।

# ਕੰਟਰੋਲ ਵਿੱਚ ਰੱਖੋ- ਆਪਣਾ ਬਲੱਡ-ਪ੍ਰੈਸ਼ਰ



*''ਲੰਬੀ ਹੈਲਦੀ ਸਿਹਤਮੰਦ ਜ਼ਿੰਦਗੀ ਜੀਉਣ ਲਈ ਆਪਣਾ ਬਲੱਡ-ਪ੍ਰੈਸ਼ਰ ਕੰਟਰੋਲ 'ਚ ਰੱਖੋ, ਅਤੇ ਸਮੇਂ-ਸਮੇਂ 'ਤੇ ਚੈੱਕ ਕਰਦੇ ਰਹੋ''- ਡਾ. ਅਨਿਲ ਧੀਰ. ਕਾਲਮਨਿਸਟ ਲੇਖਕ ''ਸੈਲਫ-ਕੇਅਰ ਟਿਪਸ ਐਨਸਾਈਕਲੋਪੀਡੀਆ'' ਹੈਲਥ ਐਜੂਕੇਟਰ ਅਵਾਰਡ ਵਿਜੇਤਾ. ਸੋਸ਼ਲ-ਐਕਟੀਵਿਸਟ*


ਅਨਿਲ ਧੀਰ
ਕਾਲਮਨਿਸਟ
healthmedia1@hotmail.com

ਮਈ 2025 ਦਾ ਮਹੀਨਾ ਵਿਸ਼ਵ ਹਾਈਪਰਟੈਸ਼ਨ ਜਾਗਰੂਕਤਾ ਮਹੀਨੇ ਦੇ ਤੌਰ 'ਤੇ ਮਨਾਇਆ ਜਾ ਰਿਹਾ ਹੈ। ਵਿਸ਼ਵ ਹਾਈਪਰਟੈਨਸ਼ਨ ਦਿਵਸ 2025 ਦਾ ਥੀਮ ਹੈ ਇਸ ਨਾ-ਮੁਰਾਦ ਬਿਮਾਰੀ ਨਾਲ ਜੀਅ ਰਹੇ ਰੋਗੀ ਸਮੇਂ-ਸਮੇਂ 'ਤੇ ਆਪਣਾ ਬਲੱਡ-ਪ੍ਰੈਸ਼ਰ ਚੈਕ ਕਰਦੇ ਰਹਿਨ ਅਤੇ ਇਸਨੂੰ ਕੰਟ੍ਰੋਲ 'ਚ ਰੱਖਣ। ਲਗਾਤਾਰ ਸਟ੍ਰੈੱਸ ਰਹਿਣਾ, ਵੱਧ ਬਲੱਡ-ਪ੍ਰੈਸ਼ਰ ਦੀ ਹਾਲਤ 'ਚ ਸਿਰ ਪੀੜ, ਥਕਾਵਟ, ਉਲਝਣ, ਛਾਤੀ 'ਚ ਦਰਦ, ਸਾਹ ਲੈਣ 'ਚ ਮੁਸ਼ਕਲ, ਦਿਲ ਦੀ ਤੇਜ਼ ਧੜਕਨ, ਘਬਰਾਹਟ, ਪਸੀਨਾ, ਚੱਕਰ ਆਉਣੇ, ਅੱਖਾਂ 'ਤੇ ਜ਼ੋਰਰ ਪੈਣਾ, ਅੱਖਾਂ ਲਾਲ ਦਿਸਣਾ, ਉਨੀਂਦਾਪਨ ਦੇ ਲੱਛਣ ਦੇਖਨ ਨੂੰ ਮਿਲ ਸਕਦੇ ਹਨ। ਸਟ੍ਰੋਕ ਅਤੇ ਦਿਲ ਦੇ ਦੌਰੇ ਤੋਂ ਬਚਣ ਜ ਂਕਿਸੇ ਗਭੀਰ ਲੱਛਣ ਦੀ ਹਾਲਤ 'ਚ ਦੇਰੀ ਮੇਡੀਕਲ, ਐਮਰਜੈਂਸੀ ਦੀ ਹੈਲਪ ਲੈਣ ਦੀ ਲੋੜ ਹੁੰਦੀ ਹੈ। ਇਸ ਮਹੀਨੇ ਤੰਦਰੁਸਤ ਅਤੇ ਰੋਗੀਆਂ ਨੂੰ ਜਾਗਰੁਕ ਕਰਨ ਦਾ ਮਕਸਦ ਹਾਰਟ ਅਟੈਕ, ਸਟ੍ਰੋਕ ਕਾਰਨ ਮੌਤ ਦਾ ਅੰਕੜਾ ਘੱਟ ਕਰਨਾ ਵੀ ਹੈ।

ਵਿਸ਼ਵ ਸਿਹਤ ਸੰਸਥਾ ਅਤੇ ਅਮੈਰੀਕਨ ਹਾਰਟ ਐਸੋਸੀਏਸ਼ਨ ਮੁਤਾਬਿਕ ਅੱਜ ਵਿਸ਼ਵ ਭਰ 'ਚ ਸਮੇਂ ਤੋਂ ਪਹਿਲਾਂ ਮੌਤ ਦਾ ਕਾਰਨ ਹਾਈਪਰਟੈਸ਼ਨ ਹੈ। ਅੱਜ ਕਰੀਬਨ 1.16 ਬਿਲੀਅਨ, ਘੱਟ 'ਤੇ ਮੱਧ ਆਮਦਨੀ ਵਾਲੇ ਦੇਸ਼ਾਂ 'ਚ ਰਹਿਣ ਵਾਲੇ ਲੋਕ ਹਾਈਪਰਟੈਨਸ਼ਨ ਦੇ ਸ਼ਿਕਾਰ ਹਨ। ਜਿਨ੍ਹਾਂ 'ਚ ਹਰ ਤੀਜਾ ਆਦਮੀ ਅਤੇ ਹਰ ਦੂਜੀ ਔਰਤ ਹਾਈ ਬਲੱਡ-ਪ੍ਰੈਸ਼ਰ ਦੇ ਘੇਰ 'ਚ ਹਨ। ਗੈਰ-ਮੁਸ਼ਕਲ ਬਿਮਾਰੀਆਂ ਲਈ ਅੰਤਰਾਰਸ਼ਟਰੀ ਪੱਧਰ 'ਤੇ ਹਾਈਪਰਟੈਨਸ਼ਨ ਦੇ ਪ੍ਰਸਾਰ ਨੂੰ ਘਟਾਉਣ ਦਾ ਟੀਚਾ ਰੱਖਿਆ ਗਿਆ ਹੈ। ਹਰ ਉਮਰ 'ਚ ਤੇਜੀ ਨਾਲ ਬਦਲ ਰਿਹਾ ਲਾਈਫ ਸਟਾਈਲ ਦੇ ਰਿਹਾ ਹੈ ਇਹ ਬਿਮਾਰੀ। ਬੱਚੇ, ਨੌਜਵਾਨ, ਔਰਤਾਂ, ਸੀਨੀਅਰਜ਼ ਅਤੇ ਗਰਭਵਤੀ ਔਰਤਾਂ 'ਚ ਬਿਮਾਰੀ ਦਾ ਅੰਕਵਾ ਤੇਜੀ ਨਾਲ ਵੱਧ ਰਿਹਾ ਹੈ। ਗੰਭੀਰ ਹਾਈ ਬਲੱਡ-ਪ੍ਰੈਸ਼ਰ ਨਾਲ ਦਿਲ, ਦਿਮਾਗ ਅਤੇ ਕਿਡਨੀ-ਰੋਗ ਵੱਧ ਰਹੇ ਹਨ। ਇਹ ਰੋਗ 40 ਤੋਂ ਵੱਧ ਉਮਰ ਦੇ ਮਰਦਾਂ ਅਤੇ 35 ਸਾਲ ਦੀਆਂ ਔਰਤਾਂ 'ਚ ਸੰਭਾਵਨਾ ਬਰਾਬਰ ਬਣੀ ਰਹਿੰਦੀ ਹੈ।

ਪ੍ਰਾਈਮਰੀ ਹਾਈ ਬਲੱਡ-ਪ੍ਰੈਸ਼ਰ ਸਮੇਂ ਨਾਲ ਹੋਲੀ-ਹੋਲੀ ਵੱਧਦਾ ਰਹਿੰਦਾ ਹੈ। ਕੁੱਝ ਲੋਕਾਂ ਦਾ ਹਾਈ ਬਲੱਡ-ਪ੍ਰੈਸ਼ਰ ਬਾਰਡਰ ਲਾਈਨ ਰਹਿਣ ਨੂੰ ਸੈਕੰਡਰੀ ਹਾਈਪਰਟੈਨਸ਼ਨ ਵੀ ਕਿਹਾ ਜਾਂਦਾ ਹੈ। ਵੱਖ-ਵੱਖ ਦਵਾਈਆਂ, ਲਗਾਤਾਰ ਸਟਰੈੱਸ 'ਤੇ ਸਦਮੇ ਨਾਲ ਵੀ ਬਲੱਡ-ਪ੍ਰੈਸ਼ਰ ਵਧਿਆ ਰਹਿੰਦਾ ਹੈ। ਹਾਈ ਬਲੱਡ-ਪ੍ਰੈਸ਼ਰ ਖੂਨ ਦੀਆਂ ਨਾੜੀਆਂ ਕਮਜ਼ੋਰ ਕਰਕੇ ਐਨਿਉਰਿਜ਼ਮ ਬਣ ਦਿੰਦਾ ਹੈ। ਜੇ ਐਨਿਉਰਿਜ਼ਮ ਫੱਟ ਜਾਵੇ ਤਾਂ ਜਾਨਲੇਵਾ ਵੀ ਹੋ ਸਕਦਾ ਹੈ।



ਆਮ ਬਲੱਡ-ਪ੍ਰੈਸ਼ਰ ਰਹਿਣ ਵਾਲਿਆਂ ਨੂੰ ਬਰਾਬਰ ਜਾਂਚ ਅਤੇ ਇਲਾਜ ਲਈ ਆਪਣੇ ਫੈਮਿਲੀ ਡਾਕਟਰ ਅਤੇ ਮਾਹਿਰਾਂ ਨਾਲ ਬਰਾਬਰ ਫਾਲੋ-ਅਪ ਕਰਨਾ ਚਾਹੀਦਾ ਹੈ। ਹਾਈਪਰਟੈਨਸ਼ਨ ਦੇ ਪੁਰਾਣੇ ਰੋਗੀ ਹਰ ਦੂਜੇ ਦਿਨ ਆਪਣਾ ਬਲੱਡ-ਪ੍ਰੈਸ਼ਰ ਜ਼ੂਰ ਚੈੱਕ ਕਰਨ।

**ਹਮੇਸ਼ਾ ਰੋਗੀ ਆਪਣਾ ਧਿਆਨ ਰੱਖਣ:**

- ਰੋਗੀ 8 ਘੰਟੇ ਦੀ ਨੀਂਦ ਪੂਰੀ ਲੈਣ। ਇਸ ਨਾਲ ਸਰੀਰ ਅੰਦਰ ਬਲੱਡ-ਸਰਕੂਲੇਸ਼ਨ ਦਰੁਸਤ ਹੋ ਜਾਣ ਨਾਲ ਸਟ੍ਰੋਕ, ਦਿਲ ਦਾ ਦੌਰਾ ਅਤੇ ਹਾਈ ਬਲੱਡ-ਪ੍ਰੈਸ਼ਰ ਦੇ ਖਤਰੇ ਨੂੰ ਘੱਟ ਕੀਤਾ ਜਾ ਸਕਦਾ ਹੈ।
- ਬਿਮਾਰੀ ਦੀ ਗੰਭੀਰ ਹਾਲਤ ਤੋਂ ਬਚਣ ਲਈ ਪਰੋਪਰ ਇਲਾਜ਼, ਪੌਸ਼ਟਿਕ ਖੁਰਾਕ, ਸਾਇਕਿਲਿੰਗ, ਸੈਰ, ਡੇਲੀ ਵਰਕ-ਆਉਟ ਨਾਲ ਆਪਣੇ ਜੀਵਨ ਸ਼ੈਲੀ 'ਚ ਤਬਦੀਲੀ ਲਿਆਓ। ਭੋਜਨ ਤੋਂ ਬਾਅਦ ਘੱਟੋ-ਘੱਟ ਅਧਾ ਘੰਟਾ ਸੈਰ ਜਰੂਰ ਕਰੋ। ਬਚਪਨ ਤੋਂ ਹੀ ਬੱਚਿਆਂ ਨੂੰ ਯੋਗਾ, ਖੇਡਾਂ, ਸਰੀਰਕ 'ਤੇ ਮਾਨਸਿਕ ਐਕਟੀਵਿਟੀ ਲਈ ਤਿਆਰ ਕਰੋ।
- ਹਾਈਪਰਟੈਨਸ਼ਨ ਦੀ ਫੈਮਿਲੀ ਹਿਸਟਰੀ ਵਾਲਿਆਂ ਨੂੰ ਮੋਟਾਪਾ, ਗੈਰ-ਕਾਨੂੰਨੀ ਨਸ਼ਿਆਂ, ਅਲਕੋਹਲ ਦਾ ਵਾਧੂ ਸੇਵਨ, ਲਗਾਤਾਰ ਜੰਕ ਫੂਡ ਦੀ ਵਰਤੋਂ, ਬਿਨਾ ਮਤਲਬ ਗੁੱਸਾ ਕਰਨਾ ਅਤੇ ਫਾਲਤੂ ਸਟ੍ਰੈਸ ਲੈਣ ਦੀ ਆਦਤ ਤੋਂ ਦੂਰ ਰਹਿਣ ਦੀ ਲੋੜ ਹੈ।
- ਗਰਭਵਤੀ ਔਰਤਾਂ ਅੰਦਰ ਪਲ ਰਹੇ ਬੱਚੇ ਦੀ ਸੇਫਟੀ ਲਈ ਗੈਰ-ਕਾਨੂੰਨੀ ਨਸ਼ੇ, ਤੰਬਾਕੂ, ਸਿਗਾਰ ਅਤੇ ਅਲਕੋਹਲ, ਤੇਜ਼ ਮਿਰਚ-ਮਸਾਲੇ ਖਾਣ ਤੋਂ ਬਚਣਾ ਚਾਹੀਦਾ ਹੈ। ਅਜਿਹਾ ਨਾ ਕਰਨ ਨਾਲ ਆਉਣ ਵਾਲਾ ਬੱਚਾ, ਵਿਕਲਾਂਗ, ਦਿਲ 'ਤੇ ਦਿਮਾਗੀ ਬਿਮਾਰੀਆਂ ਨਾਲ ਲੈ ਕੇ ਆ ਸਕਦਾ ਹੈ। ਤਾਜ਼ੇ ਫੱਲ-ਸਬਜੀਆਂ, ਵੈਜੀਟੇਬਲ ਅਤੇ ਚਿਕਨ ਸੂਪ ਅਤੇ ਪਰੈਸਕਰਾਈਬਡ ਦਵਾਈਆਂ ਲੈਣ ਨਾਲ ਸਰੀਰ ਅੰਦਰ ਖੂਨ ਦਾ ਦਬਾਅ ਠੀਕ ਰਹਿੰਦਾ ਹੈ।
- ਆਮ 'ਤੇ ਸਸਤਾ ਸਨੈਕ ਕੇਲਾ ਖਾਓ। ਕੇਲੇ ਅੰਦਰ ਮੌਜੂਦ ਪੋਟਾਸ਼ੀਅਮ 10% ਤੱਕ ਖੂਨ ਦੇ ਦਬਾਅ ਨੂੰ ਘੱਟ ਕਰਨ 'ਚ ਮਦਦ ਕਰਦਾ ਹੈ। ਪੱਕਿਆ ਕੇਲਾ ਦਹੀਂ 'ਚ ਮੈਸ਼ ਕਰਕੇ ਖੁੱਦ ਖਾਓ ਅਤੇ ਬੱਚਿਆਂ ਨੂੰ ਵੀ ਖਿਲਾਓ।
- ਜਿਆਦਾ ਨਮਕ ਯਾਨੀ ਸੋਡੀਅਮ ਬਲੱਡ-ਪ੍ਰੈਸ਼ਰ ਵਧਾ ਕੇ ਰੱਖਦਾ ਹੈ। ਘੱਟ-ਘੱਟ ਹੀ ਇਸਤੇਮਾਲ ਕਰੋ।
- ਰੋਗੀ ਕੋਈ ਵੀ ਵਿਟਾਮਿਨ, ਸਪਲੀਮੈਂਟ ਆਪਣੀ ਮਰਜੀ ਨਾਲ ਨਾ ਲੈ ਕੇ ਡਾਕਟਰੀ ਸਲਾਹ ਨਾਲ ਲਵੋ।

**ਨੋਟ:** ਬਲੱਡ-ਪ੍ਰੈਸ਼ਰ ਦਾ ਲਗਾਤਾਰ ਵੱਧਣਾ ਜਾਂ ਘਟ ਰਹਿਣਾ ਜਾਨਲੇਵਾ ਵੀ ਹੋ ਸਕਦਾ ਹੈ। ਖਿਆਲ ਰੱਖੋ।

# ਰੋਟੀ ਦਾ ਬਾਜ਼ਾਰ ਅਤੇ ਬਿਮਾਰੀਆਂ ਦੀ ਦਸਤਕ

ਗੁਰਚਰਨ ਸਿੰਘ ਨੂਰਪੁਰ



ਰੋਟੀ ਹੁਣ ਬਹੁਤ ਵੱਡੀ ਫੂਡ ਇੰਡਸਟਰੀ ਬਣ ਗਈ ਹੈ। ਖਾਣ ਪੀਣ ਦੀਆਂ ਵਸਤਾਂ 'ਤੇ ਹਰ ਰੋਜ਼ ਬਾਜ਼ਾਰ ਦਾ ਗਲਬਾ ਵਧ ਰਿਹਾ ਹੈ ਅਤੇ ਹਰ ਦਿਨ ਸਾਡੇ ਘਰਾਂ ਵਿੱਚੋਂ ਰਸੋਈ ਦਾ ਮਹੱਤਵ ਘਟ ਰਿਹਾ ਹੈ।

ਕਿਸੇ ਵੇਲੇ ਕਿਰਤ ਨਾਲ ਜੁੜੇ ਪੰਜਾਬੀਆਂ ਦੀ ਰੋਟੀ ਉਨ੍ਹਾਂ ਦੇ ਮਗਰ ਖੇਤ ਜਾਂਦੀ ਸੀ। ਖੇਤ ਜਾਣ ਵਾਲੀ ਰੋਟੀ ਨੂੰ ਭੱਤਾ ਕਿਹਾ ਜਾਂਦਾ ਸੀ। ਕਿਸਾਨਾਂ ਦੀਆਂ ਔਰਤਾਂ ਖੇਤਾਂ ਵਿੱਚ ਕੰਮ ਕਰਦੇ ਜੀਆਂ ਲਈ ਭੱਤਾ ਲੈ ਕੇ ਖੇਤ ਜਾਂਦੀਆਂ ਸਨ। ਸਾਡੀ ਲੋਕਧਾਰਾ ਵਿੱਚ ਇਸ ਦਾ ਜ਼ਿਕਰ ਹੈ:

**ਭੱਤਾ ਲੈ ਕੇ ਚੱਲੀ ਖੇਤ ਨੂੰ,**
**ਜੱਟੀ ਪੰਦਰਾਂ ਮੁਰੱਬਿਆਂ ਵਾਲੀ।**

ਕੋਈ ਵਕਤ ਸੀ ਜਦੋਂ ਪੰਜਾਬੀ ਖੇਤਾਂ ਵਿੱਚੋਂ ਮੂਲੀਆਂ, ਗਾਜਰਾਂ, ਸ਼ਲਗਮ ਪੁੱਟਦੇ ਤੇ ਖਾਂਦੇ ਸਨ। ਸ਼ਕਰਕੰਦੀ, ਹੋਲਾਂ, ਛੱਲੀਆਂ ਭੁੰਨੀਆਂ ਤੇ ਖਾਧੀਆਂ ਜਾਂਦੀਆਂ ਸਨ। ਲੋਕ ਗੰਨੇ ਚੂਪਦੇ ਸਨ ਤੇ ਤੰਦਰੁਸਤ ਰਹਿੰਦੇ ਸਨ। ਖਾਣਿਆਂ ਵਿੱਚ ਮੁਰਮੁਰੇ ਸਨ, ਭੁੱਜੇ ਕਣਕ ਦੇ ਦਾਣੇ, ਮੱਕੀ ਦੇ ਫੁੱਲੇ, ਛੋਲੇ ਤੇ ਚੌਲ ਸਨ। ਇਹ ਸਭ ਕੁਝ ਹੁਣ ਬੀਤੇ ਦੀ ਬਾਤ ਬਣ ਗਿਆ ਹੈ। ਹੁਣ ਇੱਕ ਇੱਕ ਖਾਣੇ ਨੂੰ ਬਣਾਉਣ ਦੀਆਂ ਸੈਂਕੜੇ ਵਿਧੀਆਂ ਵਿਕਸਤ ਹੋ ਗਈਆਂ ਹਨ। ਹੁਣ ਖਾਣਾ ਭੁੱਖ ਮਿਟਾਉਣ ਤੇ ਤੰਦਰੁਸਤੀ ਲਈ ਨਹੀਂ ਸਗੋਂ ਸੁਆਦ ਲਈ ਖਾਧਾ ਜਾਂਦਾ ਹੈ।

ਸਾਡਾ ਖਾਣਾ ਮੋਟੇ ਤੌਰ 'ਤੇ ਤਿੰਨ ਪ੍ਰਕਾਰ ਦਾ ਹੈ। ਇਹ ਤਿੰਨਾਂ ਕਿਸਮਾਂ ਦੇ ਖਾਣਿਆਂ 'ਤੇ ਹੁਣ ਬਾਜ਼ਾਰ ਕਾਬਜ਼ ਹੋ ਰਿਹਾ ਹੈ। ਤਿੰਨ ਪ੍ਰਕਾਰ ਦੇ ਖਾਣਿਆਂ ਵਿੱਚ ਪਹਿਲਾ ਕੁਦਰਤ ਤੋਂ ਸਿੱਧਾ ਲਿਆ ਖਾਣਾ ਜਿਵੇਂ ਅਮਰੂਦ, ਸੇਬ, ਸੰਤਰਾ, ਮਾਲਟਾ, ਕਿੰਨੂ, ਮੂਲੀ, ਗਾਜਰ, ਖੀਰਾ, ਅੰਬ, ਅੰਗੂਰ, ਪਪੀਤਾ, ਆਲੂ ਬੁਖਾਰਾ ਆਦਿ ਹੈ। ਦੂਜੀ ਪ੍ਰਕਾਰ ਦਾ ਖਾਣਾ ਹੈ ਜਿਵੇਂ ਆਲੂ, ਆਟਾ, ਚਾਵਲ, ਗੋਭੀ, ਭਿੰਡੀ, ਕੱਦੂ, ਕਰੇਲੇ, ਪਾਲਕ, ਸਾਗ, ਬੈਂਗਣ ਆਦਿ ਜੋ ਪਕਾਏ ਤੇ ਬਣਾਏ ਖਾਧੇ ਜਾਂਦੇ ਹਨ। ਤੀਜੀ ਕਿਸਮ ਦਾ ਖਾਣਾ ਉਹ ਹੈ ਜੋ ਪਸ਼ੂਆਂ ਤੋਂ ਆਉਂਦਾ ਹੈ ਜਿਵੇਂ ਦੁੱਧ, ਦਹੀਂ, ਲੱਸੀ, ਪਨੀਰ, ਮੱਖਣ, ਘਿਉ, ਮੀਟ, ਮੱਛੀ, ਆਂਡਾ ਜੋ ਪਸ਼ੂਆਂ ਤੋਂ ਆਉਂਦਾ ਹੈ। ਇਨ੍ਹਾਂ 'ਚੋਂ ਸਿੱਧੇ ਕੁਦਰਤ ਤੋਂ ਲੈ ਕੇ ਬਿਨਾਂ ਪਕਾਏ ਬਿਨਾਂ ਬਣਾਏ ਖਾਧੇ ਜਾਣ ਵਾਲੇ ਫਲ, ਸਬਜ਼ੀਆਂ ਤੇ ਸਲਾਦ ਸਿਹਤ ਲਈ ਵਧੇਰੇ ਲਾਹੇਵੰਦ ਮੰਨੇ ਜਾਂਦੇ ਹਨ। ਪੂਰੀ ਦੁਨੀਆ ਦੇ ਤਕਰੀਬਨ 90 ਫ਼ੀਸਦੀ ਲੋਕ ਮਾਸਾਹਾਰੀ ਹਨ। ਮਾਸ, ਮੱਛੀ, ਆਂਡੇ ਇਨ੍ਹਾਂ ਦੇ ਖਾਣੇ ਵਿੱਚ ਸ਼ਾਮਿਲ ਹੈ। ਜੀਵ ਵਿਕਾਸ ਦੀ ਸਮਝ ਰੱਖਣ ਵਾਲੇ ਮੰਨਦੇ ਹਨ ਕਿ ਜੇਕਰ ਆਦਿਕਾਲ ਦਾ ਮਨੁੱਖ ਮਾਸਾਹਾਰੀ ਨਾ ਹੁੰਦਾ ਤਾਂ ਸ਼ਾਇਦ ਅਜੋਕੀ ਸੱਭਿਅਤਾ ਤੱਕ ਵਿਕਾਸ ਸੰਭਵ ਨਾ ਹੁੰਦਾ।

ਹੁਣ ਸਾਡਾ ਖਾਣ-ਪੀਣ ਕੁਦਰਤੀ ਨਹੀਂ ਰਿਹਾ। ਇਸ ਵਿੱਚ ਕਈ ਤਰ੍ਹਾਂ ਦੇ ਕੈਮੀਕਲ ਪ੍ਰਵੇਸ਼ ਕਰ ਗਏ ਹਨ। ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਲਗਭਗ 90 ਫ਼ੀਸਦੀ ਬਿਮਾਰੀਆਂ ਗ਼ਲਤ ਖਾਣ ਪੀਣ ਨਾਲ ਹੁੰਦੀਆਂ ਹਨ। ਜਿਹੋ ਰਿਹਾ ਵਿਹਾਰ ਅਸੀਂ ਸਰੀਰ ਨਾਲ ਕਰਦੇ ਹਾਂ, ਅਗਲੇ ਦਿਨ ਇਹ ਸਾਨੂੰ ਇਸ ਦੀ ਸੂਚਨਾ ਦਿੰਦਾ ਹੈ ਕਿ ਕੱਲ੍ਹ ਤੁਸੀਂ ਜੋ ਖਾਧਾ ਸੀ ਉਹ ਸਰੀਰ ਲਈ ਠੀਕ ਨਹੀਂ, ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਲੋਕ ਪੰਜਾਹ ਸਾਲ ਦੀ ਉਮਰ ਤੱਕ ਪਹੁੰਚ ਕੇ ਵੀ ਸਰੀਰ ਦੀ ਲੋੜ ਨਹੀਂ ਸਮਝਦੇ। ਕੁਦਰਤ ਹਰ ਮੌਸਮ ਵਿੱਚ ਸਾਡੇ ਲਈ ਵੱਖਰਾ ਖਾਣਾ ਪੈਦਾ ਕਰਦੀ ਹੈ। ਪਰ ਅਸੀਂ ਗਰਮੀਆਂ ਦੀਆਂ ਸਬਜ਼ੀਆਂ ਤੇ ਫਲ ਸਰਦੀਆਂ ਵਿੱਚ ਖਾਣ ਲੱਗੇ ਹਾਂ ਅਤੇ ਸਰਦੀਆਂ ਦੇ ਫਲ ਸਬਜੀਆਂ ਗਰਮੀਆਂ ਵਿੱਚ। ਇਹ ਸਾਡੀ ਸਿਹਤ ਲਈ ਬੇਹੱਦ ਨੁਕਸਾਨਦਾਇਕ ਹੈ। ਸਾਨੂੰ ਸਿਰਫ਼ ਮੌਸਮ ਮੁਤਾਬਿਕ ਫਲ ਸਬਜ਼ੀਆਂ ਖਾਣੇ ਚਾਹੀਦੇ ਹਨ ਅਤੇ ਬੇਮੌਸਮੇ ਫਲ ਸਬਜ਼ੀਆਂ ਖਾਣ ਤੋਂ ਬਚਣਾ ਚਾਹੀਦਾ ਹੈ। ਆਯੁਰਵੇਦ ਵਿੱਚ ਇਸ ਨੂੰ ਰਿਤੂ ਸੰਧੀ ਕਹਿੰਦੇ ਹਨ। ਇਸ ਅਨੁਸਾਰ ਹਰ ਰੁੱਤ ਦੇ ਖਾਣੇ ਸਾਨੂੰ ਰੁੱਤ ਅਨੁਸਾਰ ਹੀ ਖਾਣੇ ਚਾਹੀਦੇ ਹਨ।

ਮਨੁੱਖੀ ਸੱਭਿਅਤਾ ਦੇ ਵਿਕਾਸ ਨਾਲ ਖਾਣੇ ਦਾ ਬਾਜ਼ਾਰ ਪ੍ਰਫੁੱਲਿਤ ਹੋ ਰਿਹਾ ਹੈ। ਵਿਕਸਤ ਮੁਲਕਾਂ ਵਿੱਚ ਘਰਾਂ ਵਿੱਚੋਂ ਰਸੋਈ ਰੁਖ਼ਸਤ ਹੋ ਰਹੀ ਹੈ। ਸਾਡੇ ਦੇਸ਼ ਵਿੱਚ ਵੀ ਵੱਡੇ ਸ਼ਹਿਰਾਂ ਵਿੱਚ ਘਰ ਰੋਟੀ ਪਕਾਉਣ ਦਾ ਰੁਝਾਨ ਹੁਣ ਘਟਣ ਲੱਗਾ ਹੈ। ਰੋਟੀ ਦੀ ਥਾਂ ਹੁਣ ਬਹੁਤ ਸਾਰੇ ਬਾਜ਼ਾਰੂ ਪਕਵਾਨਾਂ ਨੇ ਲੈ ਲਈ ਹੈ। ਖਾਣਿਆਂ ਦੇ ਸੁਆਦਾਂ ਨੂੰ ਤੇਜ਼ ਕਰਨ ਲਈ ਅਜੀਨੋਮੋਟੋ ਨਾਂ ਦਾ ਕੈਮੀਕਲ ਇਨ੍ਹਾਂ ਵਿੱਚ ਪਾਇਆ ਜਾਂਦਾ ਹੈ ਜੋ ਇਨਸਾਨੀ ਸਿਹਤ ਲਈ ਬੇਹੱਦ ਖ਼ਤਰਨਾਕ ਹੈ। ਅਜੀਨੋਮੋਟੋ ਸਫ਼ੇਦ ਰਵੇ (ਕ੍ਰਿਸਟਲ) ਦੇ ਰੂਪ ਵਿੱਚ ਹੁੰਦਾ ਹੈ ਜਿਸ ਨੂੰ ਦਾ ਵਿਗਿਆਨਕ ਨਾਂ ਮੋਨੋਸੋਡੀਅਮ ਗਲੂਟਾਮੇਟ ਹੈ। ਇਹ ਚਾਈਨੀਜ਼ ਨਮਕ ਹੈ ਜੋ ਮਿੱਠਾ, ਖੱਟਾ ਅਤੇ ਨਮਕੀਨ ਤਿੰਨ ਤਿੱਖੇ ਸਵਾਦਾਂ ਦਾ ਮਿਸ਼ਰਣ ਹੁੰਦਾ ਹੈ। ਇਹ ਸਵਾਦ ਹਰ ਉਮਰ ਦੇ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ। ਇਹ ਖਾਣੇ ਨੂੰ ਲਜ਼ੀਜ਼ ਬਣਾਉਣ ਵਿੱਚ ਵੱਡੀ ਭੂਮਿਕਾ ਨਿਭਾਉਂਦਾ ਹੈ ਜਿਸ ਕਾਰਨ ਬੱਚੇ ਅਤੇ ਨੌਜੁਵਾਨ ਇਸ ਦਾ ਨਸ਼ੇ ਦੀ ਲਤ ਵਾਂਗ ਸ਼ਿਕਾਰ ਹੋ ਜਾਂਦੇ ਹਨ। ਨੂਡਲਜ਼, ਬਰਗਰਾ, ਪਿਜ਼ਿਆਂ ਤੋਂ ਇਲਾਵਾ ਪੈਕਟਾਂ ਵਿੱਚ ਬੰਦ ਲੂਣੀਆਂ ਕਰਾਰੀਆਂ ਖਾਣ ਵਾਲੀਆਂ ਵਸਤਾਂ ਵਿੱਚ ਅਜੀਨੋਮੋਟੋ ਦੀ ਖੁੱਲ੍ਹ ਕੇ ਵਰਤੋਂ ਕੀਤੀ ਜਾਂਦੀ ਹੈ। ਇਹ ਖਾਣ ਵਾਲੇ ਬੱਚਿਆਂ ਦੇ ਮਨ 'ਤੇ ਇਨ੍ਹਾਂ ਦਾ ਅਜਿਹਾ ਪ੍ਰਭਾਵ ਪੈਂਦਾ ਹੈ ਕਿ ਉਨ੍ਹਾਂ ਨੂੰ ਫਲ ਫਿੱਕੇ ਤੇ ਬੇਸਵਾਦ ਲੱਗਣ ਲੱਗਦੇ ਹਨ। ਉਨ੍ਹਾਂ ਦੇ ਮਨ ਤੇਜ਼ ਲੂਣੇ ਕਰਾਰੇ ਮਿੱਠੇ ਖੱਟੇ ਸਵਾਦਾਂ ਦੇ ਆਦੀ ਹੋ ਜਾਂਦੇ ਹਨ। ਅਜੀਨੋਮੋਟੋ ਦਾ ਛੋਟਾ ਨਾਂ ਐਮ.ਐਸ.ਜੀ. ਵੀ ਹੈ। ਇਹ ਇੱਕ ਤਰ੍ਹਾਂ ਦਾ ਧੀਮਾ ਜ਼ਹਿਰ ਹੈ ਜੋ ਸਾਡੇ ਸਰੀਰ ਲਈ ਕਈ ਸਮੱਸਿਆਵਾਂ ਪੈਦਾ ਕਰਦਾ ਹੈ। ਇਹ ਸਿਰ ਭਾਰਾ ਹੋਣਾ, ਜੀਅ ਮਚਲਾਉਣਾ, ਮਾਈਗ੍ਰੇਨ (ਅੱਧੇ ਸਿਰ ਦੀ ਦਰਦ), ਮੋਟਾਪਾ, ਸ਼ੂਗਰ, ਹਾਰਟ ਅਟੈਕ, ਹਾਈ ਬਲੱਡ ਪ੍ਰੈਸ਼ਰ ਅਤੇ ਚਮੜੀ ਦੀਆਂ ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਕਾਰਨ ਬਣਦਾ ਹੈ। ਬੱਚਿਆਂ ਲਈ ਅਜੀਨੋਮੋਟੋ ਬੇਹੱਦ ਮਾੜਾ ਰਸਾਇਣ ਹੈ। ਬੱਚੇ ਜੰਕ ਫੂਡ ਵਧੇਰੇ ਖਾਣ ਲੱਗੇ ਹਨ ਜਿਸ ਵਿੱਚ ਇਸ ਦੀ ਮਿਕਦਾਰ ਵੱਧ ਹੁੰਦੀ ਹੈ। ਇਹ ਬੱਚਿਆਂ ਵਿੱਚ ਮੋਟਾਪੇ ਦਾ ਕਾਰਨ ਤਾਂ ਬਣਦਾ ਹੀ ਹੈ ਸਗੋਂ ਬੱਚਿਆਂ ਦੀ ਮਾਨਸਿਕ ਸਿਹਤ ਲਈ ਵੀ ਬੇਹੱਦ ਘਾਤਕ ਸਿੱਧ ਹੁੰਦਾ ਹੈ। ਬੱਚੇ ਗੱਲ ਗੱਲ 'ਤੇ ਖਿਝਣ ਲੱਗਦੇ ਹਨ। ਗੁੱਸਾ ਤੇ ਬੈਚੈਨੀ ਮਹਿਸੂਸ ਕਰਦੇ ਹਨ। ਡਿਪਰੈਸ਼ਨ ਦਾ ਸ਼ਿਕਾਰ ਵੀ ਬਣਨ ਲੱਗਦੇ ਹਨ। ਇਸ ਨਾਲ ਬੱਚਿਆਂ ਦੇ ਕੱਦ ਦਾ ਵਾਧਾ ਵੀ ਰੁਕ ਜਾਂਦਾ ਹੈ। ਅਜੀਨੋਮੋਟੋ ਸਿਰਫ਼ ਚਾਈਨੀਜ਼ ਜੰਕ ਫੂਡ ਅਤੇ ਪੈਕਟ ਬੰਦ ਖਾਣਿਆਂ ਵਿੱਚ ਹੀ ਨਹੀਂ ਪਾਇਆ ਜਾਂਦਾ ਸਗੋਂ ਇਸ ਦੀ ਵਰਤੋਂ ਭਾਰਤੀ ਖਾਣਿਆਂ ਵਿੱਚ ਵੀ ਹੋਣ ਲੱਗੀ ਹੈ। ਹੋਟਲਾਂ, ਢਾਬਿਆਂ ਵਿੱਚ ਖਾਣੇ ਦੀ ਤਰੀ (ਗਰੇਵੀ) ਨੂੰ ਲਜ਼ੀਜ਼ ਬਣਾਉਣ ਲਈ ਇਹ ਪਾਇਆ ਜਾਂਦਾ ਹੈ।

ਅਜੋਕੇ ਦੌਰ ਵਿੱਚ ਬੋਤਲ ਬੰਦ ਜੂਸ ਪੀਣ ਦਾ ਵੀ ਰੁਝਾਨ ਹੈ। ਕੁਝ ਖ਼ਾਸ ਕਿਸਮ ਦੇ ਕੈਮੀਕਲ ਮਿਲਾ ਕੇ ਜੂਸ ਨੂੰ ਪਲਾਸਟਿਕ ਦੀਆਂ ਬੋਤਲਾਂ ਵਿੱਚ ਲੰਮੇ ਸਮੇਂ ਲਈ ਰੱਖਿਆ ਜਾਂਦਾ ਹੈ। ਇਹ ਕੈਮੀਕਲ ਸਾਡੀ ਸਿਹਤ ਲਈ ਬੇਹੱਦ ਹਾਨੀਕਾਰਕ ਹਨ। ਮੰਨ ਲਉ ਜੇਕਰ ਅੱਜ ਸਾਨੂੰ ਕੋਈ ਦਸ ਕਿਲੋ ਸੰਤਰੇ, ਲੀਚੀਆਂ ਜਾਂ ਅਨਾਰ ਦੇਵੇ ਅਤੇ ਕਹੇ ਕਿ ਇਸ ਦਾ ਜੂਸ ਕੱਢ ਕੇ ਰੱਖ ਲਓ ਛੇ ਮਹੀਨੇ ਮਗਰੋਂ ਪੀਵਾਂਗੇ ਤਾਂ ਇਹ ਕਿਵੇਂ ਰੱਖਿਆ ਜਾਣਾ ਹੈ ? ਇਸ ਤੋਂ ਅਸੀਂ ਡੱਬਾ ਬੰਦਾ ਜੂਸ ਦੀ ਹਕੀਕਤ ਸਮਜ ਸਕਦੇ ਹਾਂ।

ਪਿਛਲੇ ਅਰਸੇ ਤੋਂ ਹਰ ਪ੍ਰਕਾਰ ਦੇ ਖਾਣੇ ਵਿੱਚ ਰਿਫਾਈਂਡ ਤੇਲ ਦੀ ਵਰਤੋਂ ਧੜੱਲੇ ਨਾਲ ਹੋਣ ਲੱਗੀ ਹੈ। ਡਾਕਟਰੀ ਵਿਗਿਆਨ ਅਨੁਸਾਰ ਇਸ ਸਮੇਂ ਰਿਫਾਈਂਡ ਤੇਲ ਦੁਨੀਆ ਵਿੱਚ ਸਭ ਤੋਂ ਵੱਧ ਮੌਤਾਂ ਦਾ ਕਾਰਨ ਬਣ ਰਿਹਾ ਹੈ। ਅਸੀਂ ਸਾਰੇ ਬੇਸ਼ੱਕ ਇਸ ਤੇਲ ਦੀ ਵਰਤੋਂ ਨਹੀਂ ਕਰਦੇ ਪਰ ਹਰ ਰੋਜ਼ ਕਿਸੇ ਨਾ ਕਿਸੇ ਰੂਪ ਵਿੱਚ ਇਸ ਨੂੰ ਖਾ ਰਹੇ ਹਾਂ। ਇੱਕ ਬਿਸਕੁਟ ਤੇ ਗੋਲਗੱਪੇ ਤੋਂ ਲੈ ਕੇ ਹਰ ਪ੍ਰਕਾਰ ਦੇ ਬਾਜ਼ਾਰੂ ਖਾਣੇ, ਮਠਿਆਈਆਂ ਅਤੇ ਚਿਕਨ ਤੱਕ ਬਣਾਉਣ ਲਈ ਇਸ ਦੀ ਵਰਤੋਂ ਹੁੰਦੀ ਹੈ। ਵਿਆਹਾਂ ਸ਼ਾਦੀਆਂ ਅਤੇ ਹੋਰ ਸਮਾਗਮਾਂ ਦੌਰਾਨ ਬਣਾਏ ਜਾਂਦੇ ਖਾਣਿਆਂ ਵਿੱਚ ਕਈ ਪੀਪੇ ਰਿਫਾਈਂਡ ਤੇਲ ਦੇ ਵਰਤੇ ਜਾਂਦੇ ਹਨ। ਇਸ ਤੇਲ ਵਿੱਚ ਬਣੇ ਖਾਣਿਆਂ ਨਾਲ ਦੁਨੀਆ ਭਰ ਵਿੱਚ ਹਾਈ ਬਲੱਡ ਪ੍ਰੈਸ਼ਰ, ਹਾਰਟ ਅਟੈਕ, ਜੋੜਾਂ ਦਾ ਦਰਦ, ਗੁਰਦਿਆਂ ਤੇ ਲਿਵਰ ਦੇ ਰੋਗੀਆਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ। ਹੁਣ ਇਸ ਨੂੰ 'ਮੌਤ ਦਾ ਤੇਲ' ਵੀ ਕਿਹਾ ਜਾਣ ਲੱਗਿਆ ਹੈ।

ਮਨੁੱਖੀ ਸਿਹਤ ਲਈ ਫ਼ ?ਕਰਮੰਦੀ ਵਾਲੀ ਗੱਲ ਇਹ ਹੈ ਕਿ ਰੋਟੀ ਦਾ ਕਾਰੋਬਾਰ, ਭਾਵ ਫੂਡ ਇੰਡਸਟਰੀ ਬੜੀ ਤੇਜ਼ੀ ਨਾਲ ਵਧ ਫੁੱਲ ਰਹੀ ਹੈ। ਆਮ ਲੋਕਾਂ ਨੂੰ ਭਵਿੱਖ ਵਿੱਚ ਇਉਂ ਲੱਗੇਗਾ ਕਿ ਘਰ ਰੋਟੀ ਪਕਾਉਣੀ ਮਹਿੰਗੀ ਪੈਂਦੀ ਹੈ ਅਤੇ ਬਾਜ਼ਾਰੋਂ ਲੈਣੀ ਸਸਤੀ। ਇਸ ਦੇ ਫਲਸਰੂਪ ਰਸੋਈ ਸਾਡੇ ਘਰਾਂ ਵਿੱਚੋਂ ਵਿਦਾ ਹੋਣ ਲੱਗੇਗੀ।

ਮਨੁੱਖੀ ਤੰਦਰੁਸਤੀ ਲਈ ਇਹ ਬੜਾ ਜ਼ਰੂਰੀ ਹੈ ਕਿ ਪਕਵਾਨ ਦੇਸੀ ਘਿਓ ਅਤੇ ਸਰ੍ਹੋਂ ਦੇ ਤੇਲ ਵਿੱਚ ਬਦਲ ਬਦਲ ਕੇ ਪਕਾਏ ਜਾਣ। ਜ਼ਿਮੀਦਾਰ ਵੱਧ ਤੋਂ ਵੱਧ ਸਬਜ਼ੀਆਂ, ਫਲ, ਦਾਲਾਂ, ਗੁੜ ਲਈ ਕਮਾਦ ਆਪਣੀ ਜ਼ਮੀਨ ਵਿੱਚ ਉਗਾਉਣ। ਘਰ ਦੇ ਦੁੱਧ ਲਈ ਗਾਵਾਂ, ਮੱਝਾਂ ਪਾਲੀਆਂ ਜਾਣ। ਬਾਜ਼ਾਰੂ ਖਾਣਿਆਂ ਤੋਂ ਜਿੰਨਾ ਹੋ ਸਕੇ ਬਚਿਆ ਜਾਵੇ। ਇਹ ਸਭ ਕੁਝ ਉਗਾਉਣ ਤੋਂ ਅਸਮਰੱਥ ਲੋਕ ਬਾਜ਼ਾਰ ਦੇ ਖਾਣਿਆਂ ਦੀ ਬਜਾਏ ਕਿਸਾਨਾਂ ਤੋਂ ਖਾਣ ਪੀਣ ਦੀ ਵਸਤਾਂ ਦੀ ਖਰੀਦਣ। ਇਸ ਨਾਲ ਹੀ ਸਾਡਾ ਸਮਾਜ ਸਿਹਤਮੰਦ ਰਹਿ ਸਕਦਾ ਹੈ।

# ਕੰਮਕਾਜੀ ਥਾਵਾਂ ’ਤੇ ਔਰਤਾਂ ਦੀ ਹਿੱਸੇਦਾਰੀ

ਜਦ ਤੱਕ ਪੂੰਜੀ ਅਤੇ ਜਾਇਦਾਦ ਨਹੀਂ ਸੀ, ਪਰਿਵਾਰ ਤੇ ਵਿਆਹ ਸੰਸਥਾ ਦੀ ਜ਼ਰੂਰਤ ਨਹੀਂ ਸੀ। ਮਨੁੱਖ ਜੰਗਲੀ ਸੀ ਤੇ ਉਸ ਦਾ ਸੁਭਾਅ ਕੁਦਰਤੀ ਸੀ। ਔਰਤ ਮਰਦ ਵਿੱਚ ਲਿੰਗਕ ਭੇਦ ਉਨ੍ਹਾਂ ਦੀ ਸਮਰੱਥਾ ਤੇ ਵਖਰੇਵੇਂ ਦਾ ਕਾਰਨ ਨਹੀਂ ਸੀ ਬਣਿਆ ਪਰ ਖੇਤੀ ਦੇ ਆਰੰਭ ਨਾਲ ਮਨੁੱਖ ਜਾਇਦਾਦ ਦਾ ਮਾਲਕ ਬਣਿਆ। ਜਾਇਦਾਦ ਦੇ ਅਗਲੇ ਮਾਲਕ ਦੀ ਲੋੜ ਵਿੱਚੋਂ ਪਰਿਵਾਰ ਅਤੇ ਵਿਆਹ ਵਰਗੀਆਂ ਸੰਸਥਾਵਾਂ ਹੋਂਦ ਵਿੱਚ ਆਈਆਂ। ਵਿਆਹ ਉਪਰੰਤ ਪਰਿਵਾਰ ਦੇ ਪਾਲਣ-ਪੋਸ਼ਣ ਦੀ ਜ਼ਰੂਰਤ ਕਾਰਨ ਔਰਤ ਦੀ ਭੂਮਿਕਾ ਘਰ ਦੀ ਚਾਰ ਦੀਵਾਰੀ ਵਿੱਚ ਬੰਨ੍ਹੀ ਗਈ। ਮਰਦ ਦੀ ਜ਼ਿੰਮੇਵਾਰੀ ਘਰ ਤੋਂ ਬਾਹਰ ਦੇ ਕੰਮਕਾਜ ਕਰਨਾ ਅਤੇ ਪਰਿਵਾਰ ਲਈ ਕਮਾਈ ਕਰਨਾ ਨਿਸ਼ਚਿਤ ਕਰ ਦਿੱਤਾ ਗਿਆ।

ਲਿੰਗਕ ਆਧਾਰ ’ਤੇ ਕੰਮਕਾਜ ਦੀ ਇਹ ਵੰਡ ਫੌਰੀ ਤੌਰ ’ਤੇ ਸਹੀ ਸੀ ਪਰ ਲੰਮੇ ਸਮੇਂ ਦੌਰਾਨ ਇਹ ਮਰਦ ਅਤੇ ਔਰਤ ਦੋਹਾਂ ਦੇ ਵਿਕਾਸ ਵਿੱਚ ਅੜਿੱਕਾ ਬਣੀ ਹੈ। ਅੱਜ ਮਰਦ, ਮਰਦ ਵਧੇਰੇ ਹੈ, ਮਨੁੱਖ ਘੱਟ ਹੈ। ਉਸ ਨੂੰ ਮਨੁੱਖੀ ਜੀਵਨ ਦੇ ਨਿਰਬਾਹ ਲਈ ਜ਼ਰੂਰੀ ਕੰਮਕਾਜ ਦੀ ਆਦਤ ਨਾ ਹੋਣ ਕਾਰਨ ਉਹ ਮੁੱਢਲੀਆਂ ਜ਼ਰੂਰਤਾਂ ਜਿਵੇਂ ਖਾਣ-ਪੀਣ, ਸਫ਼ਾਈ ਤੇ ਆਪਣੇ ਰੋਜ਼ਮੱਰਾ ਦੇ ਕੰਮਾਂ ਲਈ ਔਰਤ ’ਤੇ ਨਿਰਭਰ ਹੋ ਚੁੱਕਿਆ ਹੈ; ਹਾਲਾਂਕਿ ਔਰਤਾਂ ਇਨ੍ਹਾਂ ਲਿੰਗਕ ਬੰਦਿਸ਼ਾਂ ਨੂੰ ਤੋੜ ਕੇ ਮਨੁੱਖੀ ਸਮਰੱਥਾ ਦਾ ਪ੍ਰਮਾਣ ਦੇ ਰਹੀਆਂ ਹਨ। ਲਿੰਗਕ ਜੜ੍ਹਤਾ ਵਿੱਚੋਂ ਨਿਕਲ ਕੇ ਮਨੁੱਖ ਹੋ ਜਾਣ ਦਾ ਇਹ ਸਿਲਸਿਲਾ ਖ਼ੂਬਸੂਰਤ ਹੈ ਜਿਸ ਨਾਲ ਯਕੀਨਨ ਪਰਿਵਾਰ ਅਤੇ ਵਿਆਹ ਵਰਗੀ ਸੰਸਥਾ ਵਿੱਚ ਔਰਤ ’ਤੇ ਨਿਰਭਰ ਹੋ ਚੁੱਕੀ ਧਿਰ (ਮਰਦ) ਨੂੰ ਅਸੁਖਾਵਾਂ ਮਹਿਸੂਸ ਹੋਣਾ ਲਾਜ਼ਮੀ ਹੈ। ਔਰਤ ਦੇ ਬਾਹਰੀ ਕੰਮਾਂ ਵਿੱਚ ਜਾਣ ਨਾਲ ਸਮਾਜ ਦੀ ਪੁਰਾਣੀ ਵਿਵਸਥਾ ਵਿੱਚ ਬਦਲਾਅ ਆ ਰਿਹਾ ਹੈ। ਇਸੇ ਬਦਲਾਅ ਤੋਂ ਘਬਰਾ ਕੇ ਲਿੰਗਕ ਵਖਰੇਵੇਂ ਦੀ ਹਮਾਇਤ ਕਰਨ ਵਾਲੇ ਇਹ ਸੁਝਾਅ ਦਿੰਦੇ ਸੁਣੇ ਜਾ ਸਕਦੇ ਹਨ ਕਿ ਔਰਤਾਂ ਦਾ ਕੰਮ ਘਰ ਦੇ ਕੰਮਾਂ ਤੱਕ ਹੀ ਸੀਮਤ ਹੈ ਅਤੇ ਉਹ ਬਾਹਰ ਕੰਮਾਂ ਵਿੱਚ ਚੰਗੇ ਨਤੀਜੇ ਦੇਣ ਤੋਂ ਅਸਮਰੱਥ ਹੈ, ਪਰ ਅਜਿਹਾ ਨਹੀਂ ਹੈ। ਇਹ ਮਨੁੱਖ ਦੀ ਬਣਾਈ ਮਿੱਥ ਹੈ। ਇਸ ਬਾਰੇ ਹੁਣ ਅਨੇਕ ਖੋਜਾਂ ਹੋ ਰਹੀਆਂ ਹਨ ਅਤੇ ਵੱਖ-ਵੱਖ ਸੰਸਥਾਵਾਂ ਦੁਆਰਾ ਔਰਤਾਂ ਦੀ ਭਾਗੀਦਾਰੀ ਸਦਕਾ ਨਿਕਲੇ ਸਕਾਰਾਤਮਕ ਨਤੀਜਿਆਂ ਬਾਰੇ ਚਰਚਾ ਹੋਣ ਲੱਗੀ ਹੈ। ਲਾਸ ਐਂਜਲਿਸ ਦੀ ਜੰਮਪਲ ਐਲਿਸ ਐਗਲੇ ਸਮਾਜ ਮਨੋਵਿਗਿਆਨੀ ਹੈ। ਉਸ ਨੇ ‘ਸਮਾਜਿਕ ਭੂਮਿਕਾ’ ਦਾ ਸਿਧਾਂਤ ਦਿੱਤਾ। ਇਸ ਸਿਧਾਂਤ ਅਨੁਸਾਰ ਲਿੰਗਕ ਅੰਤਰ ਸਮਾਜ ਵਿੱਚ ਨਿਰਧਾਰਤ ਭੂਮਿਕਾਵਾਂ ਤੋਂ ਪੈਦਾ ਹੁੰਦੇ ਹਨ। ਇਹ ਵਖਰੇਵਾਂ ਕੁਦਰਤੀ ਜਾਂ ਜੈਵਿਕ ਨਹੀਂ। ਐਲਿਸ ਨੇ ਆਪਣੇ ਪੀਐੱਚਡੀ ਖੋਜ ਕਾਰਜ ਵਿੱਚ ਇਹ ਪ੍ਰਮਾਣਿਤ ਕੀਤਾ ਹੈ ਕਿ ਔਰਤ, ਆਗੂ ਵਾਲੀ ਭੂਮਿਕਾ ਨਿਭਾਉਣ ਲਈ ਮਰਦ ਨਾਲੋਂ ਵੱਧ ਯੋਗ ਹੁੰਦੀ ਹੈ। ਇਸ ਤੋਂ ਇਲਾਵਾ, ਕੁਝ ਵਿਸ਼ਵ ਪੱਧਰੀ ਸੰਸਥਾਵਾਂ ਦੁਆਰਾ ਵੀ ਰਿਪੋਰਟਾਂ ਤਿਆਰ ਕੀਤੀਆਂ ਜਾਂਦੀਆਂ ਹਨ ਜਿਸ ਤੋਂ ਵਿਸ਼ਵ ਪੱਧਰ ’ਤੇ ਕੰਮਕਾਜੀ ਥਾਵਾਂ ’ਤੇ ਔਰਤਾਂ ਦੀ ਸਕਾਰਾਤਮਕ ਭੂਮਿਕਾ ਦੇ ਪ੍ਰਮਾਣ

**ਡਾ. ਸੋਨੂੰ ਰਾਣੀ**

ਮਿਲਦੇ ਹਨ।

ਯੂਨਾਈਟਿਡ ਨੇਸ਼ਨ ਦੇ ‘ਵਿਸ਼ਵ ਜਨਸੰਖਿਆ ਪ੍ਰਾਸਪੈਕਟ-2024’ ਅਨੁਸਾਰ, ਮਨੁੱਖ ਦੀ ਮੌਜੂਦਾ ਜਨਸੰਖਿਆ 8.23 ਬਿਲੀਅਨ ਹੈ ਜਿਸ ਵਿੱਚੋਂ ਔਰਤਾਂ 49.73% ਹਨ ਜੋ ਮਨੁੱਖੀ ਆਬਾਦੀ ਦਾ ਲੱਗਪਗ ਅੱਧਾ ਹਿੱਸਾ ਹਨ। ਜੇ ਕੰਮਕਾਜੀ ਥਾਵਾਂ ’ਤੇ ਔਰਤਾਂ ਦੀ ਸ਼ਮੂਲੀਅਤ ਦੀ ਗੱਲ ਕਰੀਏ ਤਾਂ ਇਹ ਅੰਕੜੇ ਵੱਖਰੇ-ਵੱਖਰੇ ਹਨ। ਵਿਸ਼ਵ ਬੈਂਕ ਦੇ 2023 ਦੇ ਅੰਕੜਿਆਂ ਅਨੁਸਾਰ, 15 ਸਾਲ ਤੋਂ ਉੱਪਰ ਦੀਆਂ ਔਰਤਾਂ ਦੀ ਕੰਮਕਾਜੀ ਥਾਵਾਂ ’ਤੇ ਗਿਣਤੀ 50% ਹੈ; ਅੰਕਿੜਆਂ ਵਿੱਚ ਦੇਖੀਏ ਤਾਂ 1.3 ਬਿਲੀਅਨ ਔਰਤਾਂ ਕੰਮ ਕਰਦੀਆਂ ਹਨ ਜੋ ਮਰਦਾਂ ਦੇ ਮੁਕਾਬਲੇ ਬਹੁਤ ਘੱਟ ਹੈ ਕਿਉਂਕਿ 80% ਮਰਦ ਬਾਹਰ ਕੰਮ ਕਰਦੇ ਹਨ। ਦੱਖਣੀ ਏਸ਼ਿਆਈ ਦੇਸ਼ਾਂ ਵਿੱਚ ਕੰਮਕਾਜੀ ਔਰਤਾਂ ਦੀ ਗਿਣਤੀ ਸਿਰਫ਼ 32% ਹੈ ਜੋ 77% ਕੰਮਕਾਜੀ ਮਰਦਾਂ ਦੇ ਮੁਕਾਬਲੇ ਬਹੁਤ ਘੱਟ ਹੈ। ਯੂਨਾਈਟਿਡ ਨੇਸ਼ਨ ਵਿਮੈੱਨ ਜਾਣਕਾਰੀ ਪੋਰਟਲ ਅਨੁਸਾਰ, ਵਿਸ਼ਵ ਵਿੱਚ 2.7 ਅਰਬ ਔਰਤਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਬਾਹਰ ਕੰਮ ਕਰਨ ਲਈ ਕੁਝ ਕਾਨੂੰਨੀ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਉਂ ਵਿਸ਼ਵ ਪੱਧਰ ’ਤੇ ਔਰਤਾਂ ਦੀ ਆਪਣੀ ਗਿਣਤੀ ਤੋਂ ਬਹੁਤ ਘੱਟ ਸੰਖਿਆਂ ਵਿੱਚ ਕੰਮਕਾਜੀ ਥਾਵਾਂ ’ਤੇ ਸ਼ਮੂਲੀਅਤ ਹੈ। ਕਾਰਨ ਇਹੀ ਹੈ ਕਿ ਔਰਤ ਦੀ ਭੂਮਿਕਾ ਪਰਿਵਾਰ ਪਾਲਣ ਲਈ ਨਿਸ਼ਚਿਤ ਕੀਤੀ ਗਈ ਸੀ, ਇਸ ਲਈ ਜਦ ਉਹ ਘਰ ਤੋਂ ਬਾਹਰ ਬਾਕੀ ਕੰਮਾਂ ਲਈ ਨਿਕਲੀ ਤਾਂ ਇਹ ਕਿਹਾ ਜਾਣ ਲੱਗਿਆ ਕਿ ਔਰਤਾਂ ਆਪਣੇ ਦਫ਼ਤਰਾਂ ਦੇ ਕੰਮ ਮਰਦਾਂ ਬਰਾਬਰ ਨਹੀਂ ਕਰ ਸਕਦੀਆਂ। ਮਾਹਵਾਰੀ ਤੇ ਬੱਚੇ ਪੈਦਾ ਕਰਨ ਤੋਂ ਇਲਾਵਾ ਘਰ ਦੀਆਂ ਜਿ?ਮੇਵਾਰੀਆਂ ਦੌਰਾਨ ਉਨ੍ਹਾਂ ਦੀ ਕਾਰਜਕੁਸ਼ਲਤਾ ਪ੍ਰਭਾਵਸ਼ਾਲੀ ਨਹੀਂ। ਇਸ ਬਾਰੇ ਸੱਚ ਜਾਣਨ ਲਈ ਕੁਝ ਸੰਸਥਾਵਾਂ ਨੇ ਸਰਵੇਖਣ ਕੀਤੇ। ‘ਮਿਕਕਿੰਨਸੇ’ ਨਾਂ ਦੀ ਸੰਸਥਾ ਇਸ ਪਾਸੇ ਵਿਸੇਸ਼ ਕੰਮ ਕਰ ਰਹੀ ਹੈ ਜੋ ਦਫ਼ਤਰੀ ਕੰਮਾਂ ਵਿੱਚ ਔਰਤਾਂ ਦੀ ਭੂਮਿਕਾ ਬਾਰੇ ਅਧਿਐਨ ਕਰ ਕੇ ਅੰਕੜੇ ਪੇਸ਼ ਕਰਦੀ ਹੈ।

ਮਿਕਕਿੰਨਸੇ, ਹਾਰਵਰਡ ਅਤੇ ਵਿਸ਼ਵ ਆਰਥਿਕ ਮੰਚ ਵਰਗੀਆਂ ਸੰਸਥਾਵਾਂ ਦੀ ਖੋਜ ਇਹ ਦੱਸਦੀ ਹੈ ਕਿ ਜਿਨ੍ਹਾਂ ਕੰਪਨੀਆਂ ਵਿੱਚ ਲਿੰਗ ਸਮਾਨਤਾ ਹੁੰਦੀ ਹੈ, ਉਹ ਕੰਪਨੀਆਂ ਆਮ ਤੌਰ ’ਤੇ ਵਧੀਆਂ ਨਤੀਜੇ ਦਿੰਦੀਆਂ ਹਨ। ਹਾਰਵਰਡ ਯੂਨੀਵਰਸਿਟੀ ਦੇ ਹਾਰਵਰਡ ਬਿਜ਼ਨਸ ਰਿਵਿਊ ਅਨੁਸਾਰ ਤਾਂ ਔਰਤਾਂ ਦੀ ਕੰਮਕਾਜ ਸਮਰੱਥਾ ਅਕਸਰ ਮਰਦਾਂ ਦੇ ਬਰਾਬਰ ਜਾਂ ਉਨ੍ਹਾਂ ਤੋਂ ਉੱਚੀ ਹੋਣ ਦੀ ਰੇਟਿੰਗ ਮਿਲਦੀ ਹੈ, ਖਾਸ ਕਰ ਕੇ ਲੀਡਰਸ਼ਿਪ ਅਤੇ ਟੀਮ ਵਰਕ ਵਾਲੇ ਹਾਲਾਤ ਵਿੱਚ। 2019 ਦੀ ਹਾਰਵਰਡ ਬਿਜ਼ਨਸ ਰਿਵਿਊ ਰਿਪੋਰਟ ਅਨੁਸਾਰ, ਉਨ੍ਹਾਂ 60000 ਤੋਂ ਵੱਧ ਟੀਮ ਨੇਤਾਵਾਂ ਦੇ ਡੇਟਾ ਦਾ ਵਿਸ਼ਲੇਸ਼ਣ ਕੀਤਾ। ਔਰਤਾਂ ਨੇ 19 ਵਿਚੋਂ 17 ਲੀਡਰਸ਼ਿਪ ਗੁਣਾਂ ਵਿੱਚ ਮਰਦਾਂ ਤੋਂ ਵਧੀਆਂ ਸਕੋਰ ਕੀਤਾ; ਜਿਵੇਂ ਪਹਿਲ ਕਰਨਾ, ਇਮਾਨਦਾਰੀ, ਸਹਿਯੋਗ ਅਤੇ ਨਤੀਜਾ ਕੇਂਦਰਿਤ ਕੰਮ ਕਰਨਾ। ਇਸ ਰਿਪੋਰਟ ਅਨੁਸਾਰ, ਮਰਦ ਅਤੇ ਔਰਤਾਂ ਵਿੱਚੋਂ ਔਰਤਾਂ ਨੂੰ ਵਧੀਆ ਲੀਡਰ ਮੰਨਿਆ ਗਿਆ ਹੈ। ਕੋਵਿਡ-19 ਕਾਲ ਦੌਰਾਨ ਦੇ ਪ੍ਰਬੰਧਨ ਬਾਰੇ ਹਾਰਵਰਡ ਕੈਨੇਡੀ ਸਕੂਲ ਅਤੇ ਐੱਚਬੀਆਰ ਨੇ ਖੋਜ ਕੀਤੀ। ਇਸ ਖੋਜ ਤਹਿਤ ਇਹ ਨਤੀਜੇ ਸਾਹਮਣੇ ਆਏ ਕਿ ਔਰਤਾਂ ਦੀ ਅਗਵਾਈ ਵਾਲੀਆਂ ਸਰਕਾਰਾਂ ਤੇ ਸੰਸਥਾਵਾਂ ਨੇ ਤੇਜ਼ੀ ਨਾਲ ਜਵਾਬ ਦਿੱਤਾ, ਵਧੀਆ ਸੰਚਾਰ ਕੀਤਾ ਅਤੇ ਲੋਕਾਂ ਵਿੱਚ ਵਧੀਆ ਭਰੋਸਾ ਬਣਾਇਆ। ਇਸ ਤੋਂ ਇਹ ਪ੍ਰਮਾਣਿਤ ਹੁੰਦਾ ਹੈ ਕਿ ਸੰਕਟ ਦੌਰਾਨ ਔਰਤਾਂ ਵਧੇਰੇ ਚੰਗਾ ਪ੍ਰਬੰਧ ਕਰ ਸਕਦੀਆਂ ਹਨ। ਹਾਰਵਰਡ ਦੀ ਬਿਜ਼ਨਸ ਰਿਵਿਊ ਰਿਪੋਰਟ



ਇਹ ਵੀ ਦੱਸਦੀ ਹੈ ਕਿ ਔਰਤਾਂ ਦੇ ਕੰਮਕਾਜੀ ਟੀਮ ਵਿੱਚ ਜੇਕਰ ਕਿਤੇ ਕੋਈ ਪੈਦਾਵਾਰੀ ਅੰਤਰ ਹੈ ਤਾਂ ਉਹ ਲਿੰਗ ਭੇਦਭਾਵ, ਮੌਕਿਆਂ ਦੀ ਘਾਟ, ਘਰ ਅਤੇ ਕੰਮ ਵਿੱਚ ਸੰਤੁਲਨ ਦੀ ਚੁਣੌਤੀ ਕਰ ਕੇ ਹੁੰਦਾ ਹੈ, ਨਾ ਕਿ ਔਰਤਾਂ ਵਿੱਚ ਸਮਰੱਥਾ ਦੀ ਘਾਟ ਕਾਰਨ।

ਮਿਕਕਿੰਨਸੇ ਦੀ 2024 ਦੀ ਰਿਪੋਰਟ ਅਨੁਸਾਰ, 2015 ਤੋਂ 2024 ਤੱਕ ਕਾਰਪੋਰੇਟ ਪੱਧਰ ’ਤੇ ਔਰਤਾਂ ਦੀ ਭਾਗੀਦਾਰੀ ਵਿੱਚ ਵਾਧਾ ਹੋਇਆ ਹੈ। ਐਂਟਰੀ ਲੇਵਲ ਅਹੁਦੇ 45% ਤੋਂ ਵਧ ਕੇ 48%, ਮੈਨੇਜਰ ਪਦ 37% ਤੋਂ ਵਧ ਕੇ 39%, ਉੱਚ ਪ੍ਰਬੰਧਕੀ ਪਦ 17% ਤੋਂ ਵਧ ਕੇ 29%, ਵਾਈਸ ਪ੍ਰੈਜ਼ੀਡੈਂਟ ਪਦ 27% ਤੋਂ ਵਧ ਕੇ 34% ਹੋ ਗਏ ਹਨ। ਲੀਡਰਸ਼ਿਪ ਦੇ ਮਸਲੇ ਵਿੱਚ ਮਿਕਕਿੰਨਸੇ ਦੀ ਰਿਪੋਰਟ ਦੇ ਨਤੀਜੇ ਹਾਰਵਰਡ ਦੀ ਰਿਪੋਰਟ ਨਾਲ ਮਿਲਦੇ-ਜੁਲਦੇ ਹਨ। ਇਉਂ ਇਨ੍ਹਾਂ ਕੰਪਨੀਆਂ ਦੀ ਖੋਜ ਅਨੁਸਾਰ, ਜੇ ਕਿਤੇ ਉਤਪਾਦਕਤਾ ਘੱਟ ਲੱਗਦੀ ਹੈ ਤਾਂ ਇਹ ਅਕਸਰ ਬਾਹਰੀ ਰੁਕਾਵਟਾਂ ਕਰ ਕੇ ਹੁੰਦਾ ਹੈ ਜਿਵੇਂ ਘਰ ਦਫ਼ਤਰ ਦੀ ਜ਼ਿੰਮੇਵਾਰੀ ਵਿਚ ਸੰਤੁਲਨ ਦੀ ਘਾਟ, ਲਿੰਗ ਆਧਾਰਿਤ ਭੇਦਭਾਵ, ਅਗਵਾਈ ਮੌਕਿਆਂ ਦੀ ਘਾਟ ਕਰ ਕੇ। ਇਨ੍ਹਾਂ ਚੁਣੌਤੀਆਂ ਨੂੰ ਖ਼ਤਮ ਕਰਨ ਲਈ ਸਾਡੇ ਸਮਾਜ ਅਤੇ ਪਰਿਵਾਰ ਮਦਦ ਕਰ ਸਕਦੇ ਹਨ। ਘਰ ਦੇ ਕੰਮਕਾਜ ਨੂੰ ਔਰਤਾਂ ਦਾ ਕੰਮ ਨਾ ਸਮਝ ਕੇ ਸਮੂਹ ਪਰਿਵਾਰ ਦੀ ਜ਼ਿੰਮੇਵਾਰੀ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਔਰਤਾਂ ਭਾਵੇਂ ਕੁਝ ਸਥਿਤੀਆਂ ਵਿੱਚ ਸਰੀਰਕ ਬਲ ਪੱਖੋਂ ਅਸਮਰੱਥ ਹੋ ਸਕਦੀਆਂ ਹਨ ਪਰ ਆਮ ਹਾਲਾਤ ਵਿੱਚ ਉਹ ਮਰਦ ਨਾਲੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ। ਵਿਅਕਤੀਗਤ ਤੌਰ ’ਤੇ ਔਰਤਾਂ ਸਮਰੱਥ ,ਉਤਪਾਦਕ ਅਤੇ ਕੰਮ ਕਰਨ ਦੇ ਲਾਇਕ ਹਨ। ਕੰਮਕਾਜ ਵਿੱਚ ਔਰਤਾਂ ਦਾ ਸ਼ਾਮਿਲ ਹੋਣਾ ਮਨੁੱਖੀ ਸਮਾਨਤਾ ਲਈ ਜ਼ਰੂਰੀ ਤਾਂ ਹੈ ਹੀ ਪਰ ਨਾਲ ਦੀ ਨਾਲ ਕਿਸੇ ਪਰਿਵਾਰ, ਕੌਮ ਅਤੇ ਦੇਸ਼ ਦੀ ਆਰਥਿਕ ਤਰੱਕੀ ਲਈ ਵੀ ਜ਼ਰੂਰੀ ਹੈ।








# ਸੁਣ ਪਿੱਪਲਾ ਵੇ ਮੇਰੇ ਪੇਕੇ ਪਿੰਡ ਦਿਆ

ਜਸਵਿੰਦਰ ਸਿੰਘ ਰੁਪਾਲ
9814715796



ਲੰਮੀ ਉਮਰ ਭੋਗਣ ਵਾਲਾ ਪਿੱਪਲ ਦਾ ਦਰੱਖਤ ਭਾਰਤੀ ਸੰਸਕ੍ਰਿਤੀ ਵਿੱਚ ਖ਼ਾਸ ਮਹੱਤਵ ਰੱਖਦਾ ਹੈ। ਇਸ ਦੀ ਮਹੱਤਤਾ ਧਾਰਮਿਕ ਪੱਖ ਤੋਂ ਵੀ ਹੈ ਅਤੇ ਸੱਭਿਆਚਾਰਕ ਪੱਖ ਤੋਂ ਵੀ। ਹਿੰਦੂ ਧਰਮ ਅਨੁਸਾਰ ਇਸ ਦੀ ਜੜ ਵਿੱਚ ਬ੍ਰਹਮਾ, ਤਣੇ ਵਿੱਚ ਵਿਸ਼ਨੂੰ ਅਤੇ ਟਾਹਣੀਆਂ ਵਿੱਚ ਸ਼ਿਵ ਜੀ ਨਿਵਾਸ ਕਰਦੇ ਹਨ। ਹਿੰਦੂ ਲੋਕ ਪਿੱਪਲ ’ਤੇ ਕੁਹਾੜਾ ਨਹੀਂ ਚਲਾਉਂਦੇ ਅਤੇ ਔਰਤਾਂ ਇਸ ਦੀ ਜੜ ਵਿੱਚ ਕੱਚੀ ਲੱਸੀ ਪਾ ਕੇ ਪੂਜਾ ਕਰਦੀਆਂ ਹਨ। ਪਵਿੱਤਰ ਮੰਨਣ ਕਾਰਨ ਇਸ ਰੁੱਖ ਹੇਠਾਂ ਝੂਠ ਬੋਲਣਾ, ਕਿਸੇ ਨਾਲ ਧੋਖਾ ਕਰਨਾ ਜਾਂ ਕਿਸੇ ਨੂੰ ਮਾਰਨਾ ਮਹਾਂ ਪਾਪ ਮੰਨਿਆ ਜਾਂਦਾ ਹੈ। ਪਿੱਪਲ ਰਾਹੀਂ ਆਪਣੇ ਪਿੱਤਰਾਂ ਨੂੰ ਪਾਣੀ ਪਹੁੰਚਾਉਣ ਦਾ ਜ਼ਿਕਰ ਵੀ ਆਉਂਦਾ ਹੈ। ਕਿਸੇ ਘੜੇ ਆਦਿ ਵਿੱਚ ਪਾਣੀ ਪਾ ਕੇ ਪਿੱਪਲ ’ਤੇ ਟੰਗ ਦੇਣਾ ਅਤੇ ਇਹ ਵਿਸ਼ਵਾਸ ਕਰਨਾ ਕਿ ਇਹ ਪਾਣੀ ਪਿੱਤਰਾਂ ਨੂੰ ਪੁੱਜ ਜਾਏਗਾ।

ਸੱਭਿਆਚਾਰਕ ਪੱਖ ਤੋਂ ਇਹ ਪੀਂਘਾਂ ਝੂਟਣ ਲਈ ਪ੍ਰਸਿੱਧ ਹੈ। ਸਾਉਣ ਮਹੀਨੇ ਵਿੱਚ ਪਿੱਪਲਾਂ ਹੇਠ ਕੁਆਰੀਆਂ ਅਤੇ ਵਿਆਹੀਆਂ ਕੁੜੀਆਂ ਇਕੱਠੀਆਂ ਹੁੰਦੀਆਂ। ਪੀਂਘਾਂ ਝੂਟਦੀਆਂ ਗੀਤ ਗਾਉਂਦੀਆਂ ਅਤੇ ਆਪਣੇ ਜਜ਼ਬਾਤਾਂ ਨੂੰ ਗਿੱਧੇ ਰਾਹੀਂ ਬਾਹਰ ਕੱਢਦੀਆਂ। ਪਿੱਪਲ ਵੈਸੇ ਵੀ ਕਾਫ਼ੀ ਗੁਣਕਾਰੀ ਹੁੰਦਾ ਹੈ। ਇਸ ਦਾ ਰਸ ਪੈਰ ਦੀਆਂ ਬਿਆਈਆਂ ਠੀਕ ਕਰਨ ਵਿੱਚ ਵਰਤਿਆ ਜਾਂਦਾ ਹੈ। ਇਸ ਦੀ ਲੱਕੜ ਸਿੱਲੀਆਂ ਥਾਵਾਂ ’ਤੇ ਖ਼ਰਾਬ ਨਾ ਹੋਣ ਕਾਰਨ ਉਸ ਤੋਂ ਮਾਚਿਸ, ਪੇਟੀਆਂ ਅਤੇ ਪਹੀਏ ਦਾ ਬਾਹਰਲਾ ਹਿੱਸਾ ਬਣਾਉਣ ਲਈ ਵਰਤੀ ਜਾਂਦੀ ਹੈ। ਇਸ ਦੀਆਂ ਪਿੱਪਲੀਆਂ ਪਿੱਤ ਵਿਕਾਰ ਦੂਰ ਕਰਨ ਵਿੱਚ ਅਤੇ ਦਿਲ ਤੇ ਖ਼ੂਨ ਦੀਆਂ ਬਿਮਾਰੀਆਂ ਵਿੱਚ ਵਰਤੀਆਂ ਜਾਂਦੀਆਂ ਹਨ। ਵਿਗਿਆਨਕ ਪੱਖ ਤੋਂ ਇਹ ਰਾਤ ਨੂੰ ਵੀ ਆਕਸੀਜਨ ਛੱਡਦਾ ਹੈ, ਭਾਵੇਂ ਰਾਤ ਨੂੰ ਛੱਡੀ ਗਈ ਆਕਸੀਜਨ ਦੀ ਮਾਤਰਾ ਦਿਨ ਵੇਲੇ ਛੱਡੀ ਗਈ ਮਾਤਰਾ ਨਾਲੋਂ ਘੱਟ ਹੁੰਦੀ ਹੈ। ਇਹ ਰਾਤ ਨੂੰ ਕਾਰਬਨ ਡਾਈਆਕਸਾਈਡ ਵੀ ਛੱਡਦਾ ਹੈ।

ਪਿੱਪਲਾਂ ’ਤੇ ਪੀਂਘਾਂ ਪਾ ਕੇ ਝੂਟਣਾ ਆਮ ਗੱਲ ਸੀ। ਸਾਉਣ ਮਹੀਨੇ ਦੀਆਂ ਤੀਆਂ ਦਾ ਹਰ ਕੁੜੀ ਨੂੰ ਚਾਅ ਹੁੰਦਾ ਹੈ। ਇਹ ਤੀਆਂ ਵੀ ਵਧੇਰੇ ਕਰਕੇ ਪਿੱਪਲਾਂ ਹੇਠ ਹੀ ਲੱਗਦੀਆਂ ਰਹੀਆਂ ਨੇ;

**ਰਲ ਆਓ ਸਹੀਓ ਨੀਂ**
**ਸਭੇ ਤੀਆਂ ਖੇਡਣ ਜਾਈਏ।**
**ਹੁਣ ਆ ਗਿਆ ਸਾਉਣ ਨੀਂ**
**ਪੀਂਘਾਂ ਪਿੱਪਲਾਂ ’ਤੇ ਜਾ ਪਾਈਏ।**
**ਆਉਂਦੀ ਕੁੜੀਏ ਜਾਂਦੀ ਕੁੜੀਏ**
**ਤੁਰਦੀ ਪਿੱਛੇ ਨੂੰ ਜਾਵੇਂ।**
**ਨੀਂ ਕਾਹਲੀ ਕਾਹਲੀ ਪੈਰ ਪੱਟ ਲੈ**
**ਤੀਆਂ ਲੱਗੀਆਂ ਪਿੱਪਲ ਦੀ ਛਾਵੇਂ।**

ਤੀਆਂ ਪਾਉਣ ਲਈ ਕੁੜੀਆਂ ਹਾਰ ਸ਼ਿੰਗਾਰ ਕਰਕੇ ਆਉਂਦੀਆਂ ਹਨ ਅਤੇ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਗਿੱਧਾ ਪਾਉਂਦੀਆਂ ਹਨ। ਉਹ ਇਸ ਨਾਚ ਵਿੱਚ ਆਪਣਾ ਆਪਾ ਭੁੱਲ ਜਾਂਦੀਆਂ ਹਨ;

**ਪਿੱਪਲਾਂ ਹੇਠਾਂ ਆਈਆਂ ਕੁੜੀਆਂ**
**ਪਾ ਕੇ ਛਾਪਾਂ ਛੱਲੇ।**
**ਕੁੜੀਆਂ ਦੀਆਂ ਛਣਕਦੀਆਂ ਝਾਂਜਰਾਂ**
**ਹੋ ਗਈ ਬੱਲੇ ਬੱਲੇ।**
**ਗਿੱਧਾ ਤੀਆਂ ਦਾ**
**ਪੈਂਦਾ ਪਿੱਪਲਾਂ ਥੱਲੇ।**

ਪਿੱਪਲਾਂ ਦੁਆਲੇ ਥੜ੍ਹੇ ਬਣੇ ਹੁੰਦੇ ਨੇ ਜਿੱਥੇ ਨੱਚਦੀਆਂ ਕੁੜੀਆਂ ਥੱਕ ਕੇ ਦੋ ਪਲ ਆਰਾਮ ਵੀ ਕਰ ਸਕਦੀਆਂ ਨੇ ਅਤੇ ਆਮ ਹਾਲਾਤ ਵਿੱਚ ਬਜ਼ੁਰਗ ਵੀ ਆਪਣੀ ਢਾਣੀ ਸਮੇਤ ਚਰਚਾ ਇੱਥੇ ਬੈਠ ਕੇ ਹੀ ਕਰਦੇ ਨੇ। ਪਿੱਪਲ ਵੀ ਆਪਣੇ ਹੇਠਾਂ ਕੁੜੀਆਂ ਨੂੰ ਗਿੱਧਾ ਪਾਉਂਦੀਆਂ ਦੇਖ ਕੇ ਧੰਨ ਧੰਨ ਹੋ ਜਾਂਦਾ ਹੈ ਅਤੇ ਆਪਣੇ ਵੱਡੇ ਭਾਗ ਸਮਝਦਾ ਹੈ। ਤਦੇ ਤਾਂ ਆਖਿਆ ਗਿਆ ਹੈ;

**ਥੜ੍ਹਿਆਂ ਬਾਝ ਨਾ ਸੋਂਹਦੇ ਪਿੱਪਲ**
**ਬਾਗ਼ਾਂ ਬਾਝ ਫਲਾਹੀਆਂ।**
**ਹੰਸਾਂ ਨਾਲ ਹਮੇਲਾਂ ਸੋਹੰਦੀਆਂ**
**ਬੰਦਾਂ ਨਾਲ ਗਜਰਾਈਆਂ।**
**ਧੰਨ ਭਾਗ ਮੇਰੇ ਆਖੇ ਪਿੱਪਲ**
**ਕੁੜੀਆਂ ਨੇ ਪੀਂਘਾਂ ਪਾਈਆਂ।**
**ਸਾਉਣ ਵਿੱਚ ਕੁੜੀਆਂ ਨੇ**
**ਪੀਂਘਾਂ ਅਸਮਾਨ ਚੜ੍ਹਾਈਆਂ।**

ਪਿੱਪਲ ਨਾਲ ਕੁੜੀਆਂ ਚਿੜੀਆਂ ਦੀ ਖ਼ਾਸ ਸਾਂਝ ਰਹੀ ਹੈ। ਫ਼ਰਕ ਸਿਰਫ਼ ਇੰਨਾ ਹੀ ਹੈ ਕਿ ਚਿੜੀਆਂ ਆਪਣੀ ਮਰਜ਼ੀ ਨਾਲ ਆ ਜਾ ਸਕਦੀਆਂ ਨੇ, ਪਰ ਕੁੜੀਆਂ ਸਮੇਂ ਅਤੇ ਸਥਾਨ ਵਿੱਚ ਬੱਝੀਆਂ ਹੁੰਦੀਆਂ ਨੇ। ਹਰ ਕੁੜੀ ਨੇ ਵਿਆਹ ਤੋਂ ਬਾਅਦ ਸਹੁਰੇ ਘਰ ਚਲੀ ਜਾਣਾ ਹੁੰਦਾ ਹੈ ਅਤੇ ਵਿਆਹ ਤੋਂ ਬਾਅਦ ਇਨ੍ਹਾਂ ਪਿੱਪਲਾਂ ਥੱਲੇ ਮੁੜ ਗੇੜਾ ਸਿਰਫ਼ ਸਹੁਰਿਆਂ ਦੀ ਇੱਛਾ ਅਨੁਸਾਰ ਹੀ ਲੱਗ ਸਕਦਾ ਹੈ। ਤਦ ਹੀ ਤਾਂ ਉਹ ਵਿਆਹ ਤੋਂ ਬਾਅਦ ਵੀ ਪੇਕਿਆਂ ਦੇ ਪਿੱਪਲ ਨੂੰ ਯਾਦ ਕਰਦੀਆਂ ਰਹਿੰਦੀਆਂ ਹਨ ਅਤੇ ਉਸ ਦੀ ਹਰ ਸਮੇਂ ਖੈਰ ਸੁੱਖ ਮੰਗਦੀਆਂ ਹਨ;

**ਪਿੱਪਲਾ ਵੇ ਪੇਕੇ ਪਿੰਡ ਦਿਆ**
**ਤੇਰੀ ਸੁੱਖ ਮਨਾਵਾਂ।**
**ਆਵੇ ਸਾਉਣ ਮਹੀਨਾ ਵੇ**
**ਮੈਂ ਪੀਂਘ ਤੇਰੇ ’ਤੇ ਪਾਵਾਂ।**

ਇਸੇ ਲਈ ਤਾਂ ਕੁੜੀਆਂ ਤੋਂ ਪਿੱਪਲਾਂ ਦੀ ਜੁਦਾਈ ਝੱਲ ਨਹੀਂ ਹੁੰਦੀ;

ਸੁਣ ਪਿੱਪਲਾ ਵੇ ਮੇਰੇ ਪਿੰਡ ਦਿਆ
ਪੀਂਘਾਂ ਤੇਰੇ ’ਤੇ ਪਾਈਆਂ।
ਦਿਨ ਤੀਆਂ ਦੇ ਨੇੜੇ ਆ ਗਏ
ਉੱਠ ਪੇਕਿਆਂ ਨੂੰ ਆਈਆਂ।
ਹਾੜ੍ਹ ਮਹੀਨੇ ਬੈਠਣ ਛਾਵੇਂ
ਪਿੰਡ ਦੀਆਂ ਮੱਝਾਂ ਗਾਈਆਂ।
ਪਿੱਪਲਾ ਸਹੁੰ ਤੇਰੀ
ਝੱਲੀਆਂ ਨਾ ਜਾਣ ਜੁਦਾਈਆਂ।

ਸਾਉਣ ਦੇ ਮਹੀਨਾ ਜਿੱਥੇ ਪਿੱਪਲਾਂ ਹੇਠਾਂ ਲੱਗਦੀਆਂ ਤੀਆਂ ਕਰਕੇ ਪਿੱਪਲਾਂ ’ਤੇ ਵੀ ਬਹਾਰ ਆਈ ਹੁੰਦੀ ਸੀ, ਇਸ ਦੌਰਾਨ ਵਿਆਹੀ ਮੁਟਿਆਰ ਦਾ ਫੌਜੀ ਪਤੀ ਉਸ ਨੂੰ ਛੱਡ ਕੇ ਜੰਗ ਵਿੱਚ ਜਾਣ ਨੂੰ ਮਜਬੂਰ ਏ, ਇਹ ਮੁਟਿਆਰ ਆਪਣੀ ਜਵਾਨੀ ਦੇ ਜਜ਼ਬਾਤ ਪ੍ਰਗਟਾਉਂਦੀ ਹੋਈ ਆਪਣੇ ਪਤੀ ਨੂੰ ਜੰਗ ਵਿੱਚ ਜਾਣ ਤੋਂ ਰੋਕਦੀ ਹੈ;

**ਪਿੱਪਲਾਂ ਉੱਤੇ ਆਈਆਂ ਬਹਾਰਾਂ**
**ਬੋਹੜਾਂ ਨੂੰ ਲੱਗੀਆਂ ਗੋਲ੍ਹਾਂ।**
**ਜੰਗ ਨੂੰ ਨਾ ਜਾ ਵੇ**
**ਦਿਲ ਦੇ ਬੋਲ ਮੈਂ ਬੋਲਾਂ।**

ਜਿਸ ਦਾ ਪਤੀ ਜੰਗ ’ਚ ਜਾ ਚੁੱਕਿਆ ਹੋਵੇ, ਜਦ ਉਹ ਪੇਕੇ ਪਿੰਡ ਆਉਂਦੀ ਹੈ ਤਾਂ ਉਸ ਦੀਆਂ ਹਮ ਉਮਰ ਸਾਰੀਆਂ ਸਖੀਆਂ ਉਸ ਨੂੰ ਨਹੀਂ ਮਿਲਦੀਆਂ ਕਿਉਂਕਿ ਸਾਰੀਆਂ ਨੂੰ ਸਾਉਣ ਵਿੱਚ ਵੀ ਪੇਕੇ ਆਉਣਾ ਨਹੀਂ ਮਿਲਦਾ। ਉਹ ਵੀ ਆਪਣੇ ਦਰਦ ਪਿੱਪਲ ਕੋਲ ਹੀ ਬਿਆਨਦੀ ਹੈ;

**ਪਿੱਪਲਾ ਵੇ ਮੇਰੇ ਪੇਕੇ ਪਿੰਡ ਦਿਆ**
**ਤੇਰੀਆਂ ਠੰਢੀਆਂ ਛਾਵਾਂ**
**ਢਾਬ ਤੇਰੀ ਦਾ ਗੰਧਲਾ ਪਾਣੀ**
**ਉੱਤੋਂ ਬੂਰ ਹਟਾਵਾਂ।**
**ਸਭੇ ਸਹੇਲੀਆਂ ਸਹੁਰੇ ਗਈਆਂ**
**ਕਿਸ ਨੂੰ ਹਾਲ ਸੁਣਾਵਾਂ।**
**ਚਿੱਠੀਆਂ ਬਰੰਗ ਭੇਜਦਾ**
**ਕਿਹੜੀ ਛਾਉਣੀ ਲੁਆ ਲਿਆ ਨਾਵਾਂ।**

ਪਿੱਪਲ ਹੇਠਾਂ ਬੈਠ ਕੇ ਭਗਤੀ ਵਧੇਰੇ ਵਧੀਆ ਹੁੰਦੀ ਮੰਨੀ ਜਾਂਦੀ ਹੈ, ਸ਼ਾਇਦ ਇਸੇ ਲਈ ਸਵਰਗਾਂ ਦਾ ਰਾਹ ਵੀ ਪਿੱਪਲ ਤੋਂ ਹੀ ਪੁੱਛਿਆ ਗਿਆ ਹੋਵੇ;

**ਪਿੱਪਲਾ ਦੱਸ ਦੇ ਵੇ**
**ਕਿਹੜਾ ਰਾਹ ਸੁਰਗਾਂ ਨੂੰ ਜਾਵੇ।**

ਸਮਾਂ ਹਮੇਸ਼ਾ ਇੱਕੋ ਜਿਹਾ ਨਹੀਂ ਰਹਿੰਦਾ। ਸਾਉਣ ਲੰਘਣ ਨਾਲ ਇਹ ਤੀਆਂ ਦੀਆਂ ਰੌਣਕਾਂ ਵੀ ਖ਼ਤਮ ਹੋ ਜਾਂਦੀਆਂ ਹਨ। ਰੁੱਤਾਂ ਬਦਲਦੀਆਂ ਰਹਿੰਦੀਆਂ ਹਨ। ਹਰ ਬਹਾਰ ਤੋਂ ਬਾਅਦ ਪੱਤਝੜ ਨੇ ਆਉਣਾ ਹੁੰਦਾ ਹੈ ਅਤੇ ਉਸ ਨੇ ਫਿਰ ਨਵੀਂ ਬਹਾਰ ਲਿਆਉਣੀ ਹੁੰਦੀ ਹੈ। ਪੁਰਾਣੇ ਪੱਤੇ ਝੜਦੇ ਰਹਿੰਦੇ ਹਨ, ਨਵੇਂ ਆਉਂਦੇ ਰਹਿੰਦੇ ਹਨ। ਕੁਆਰੀਆਂ ਕੁੜੀਆਂ ਵਿਆਹ ਕੇ ਆਪਣੇ ਸਹੁਰੇ ਘਰ ਜਾਈ ਜਾਂਦੀਆਂ ਹਨ। ਵਕਤ ਨਾਲ ਉਨ੍ਹਾਂ ਦਾ ਪੇਕੇ ਆਉਣਾ ਘਟੀ ਜਾਂਦਾ ਹੈ, ਪਰ ਇੱਧਰ ਛੋਟੀਆਂ ਬਾਲੜੀਆਂ ਜਵਾਨ ਹੋ ਕੇ ਪਿੱਪਲਾਂ ਹੇਠ ’ਕੱਠੀਆਂ ਹੁੰਦੀਆਂ ਰਹਿੰਦੀਆਂ ਹਨ। ਨਵਿਆਂ ਨੇ ਪੁਰਾਣਿਆਂ ਦੀ ਥਾਂ ਲੈਣੀ ਹੀ ਹੁੰਦੀ ਹੈ, ਇਹ ਕੁਦਰਤ ਦਾ ਨਿਯਮ ਹੈ। ਇਸੇ ਲਈ ਤਾਂ ਲਿਖਾਰੀ ਦੀ ਕਲਮ ਲਿਖਦੀ ਹੈ;


**ਪਿੱਪਲ ਦਿਆ ਪੱਤਿਆ ਵੇ**
**ਕੇਹੀ ਖੜ ਖੜ ਲਾਈ ਆ।**
**ਪੱਤ ਝੜੇ ਪੁਰਾਣੇ ਵੇ**
**ਰੁੱਤ ਨਵਿਆਂ ਦੀ ਆਈ ਆ।**

ਸ਼ਾਲਾ! ਸਾਡੇ ਪੰਜਾਬ ਵਿੱਚੋਂ ਪਿੱਪਲ ਖ਼ਤਮ ਨਾ ਹੋਣ। ਲੋੜ ਹੈ ਮੁੜ ਅਜਿਹੇ ਦਰੱਖਤ ਲਗਾਉਣ ਦੀ ਜਿਹੜੇ ਵਿਗਿਆਨਕ, ਧਾਰਮਿਕ ਅਤੇ ਸੱਭਿਆਚਾਰਕ ਵਿਰਸੇ ਨੂੰ ਸੰਭਾਲੀ ਬੈਠੇ ਨੇ। ਆਓ, ਦੁਆ ਕਰੀਏ ਕਿ ਪਿੱਪਲਾਂ ’ਤੇ ਪੀਂਘਾਂ ਪੈਂਦੀਆਂ ਰਹਿਣ, ਤੀਆਂ ਲੱਗਦੀਆਂ ਰਹਿਣ ਤੇ ਗਿੱਧੇ ਦੀ ਧਮਕ ਸਦਾ ਕਾਇਮ ਰਹੇ।









## ਅਮਨ ਦਾ ਹੋਕਾ

ਕਬੂਤਰੋ
ਓ ਚਿੱਟੇ ਕਬੂਤਰੋ
ਅਸਮਰੱਥ ਹੋ ਗਏ ਓ
ਜਾਂ ਡਰ ਗਏ ਓ?
ਨਿਕਲੋ ਖੁੱਡਿਓਂ ਬਾਹਰ।
ਤੁਹਾਡੇ
ਚਿੱਟੇ ਨੀਲੇ ਆਸਮਾਨ ਵਿੱਚ
ਫੁੰਕਾਰੇ ਮਾਰਦੀਆਂ ਗਿਰਝਾਂ
ਇੱਕ ਦੂਜੇ ਨੂੰ
ਨੋਚਣ ਲੱਗ ਗਈਆਂ ਹਨ।
ਨਿਰਮਲ ਪਾਣੀਆਂ ਦੇ ਵਹਿੰਦੇ ਵਹਿਣ
ਹਰੇ ਭਰੇ ਲਹਿਲਹਾਉਂਦੇ ਫੁੱਲ ਬੂਟੇ
ਨੀਲਾ ਸਾਫ਼ ਸੁਥਰਾ ਆਕਾਸ਼
ਕੁਸੈਲਾ ਤੇ ਸੁਰਖ਼ ਨਾ ਹੋ ਜਾਏ।
ਨਿਕਲੋ ਖੁੱਡਿਓਂ ਬਾਹਰ
ਝੁੰਡਾਂ ਦੇ ਝੁੰਡ ਬਣਾ
ਫੈਲ ਜਾਓ ਸਾਰੇ ਆਸਮਾਨ ਵਿੱਚ
ਖਦੇੜ ਦਿਓ ਇਨ੍ਹਾਂ ਲਹੂ ਪੀਣੀਆਂ
ਗਿਰਝਾਂ ਨੂੰ।
ਫੈਲਾਅ ਦਿਓ ਚਾਰੇ ਪਾਸੇ
ਚਿੱਟਾ ਹੀ ਚਿੱਟਾ ਰੰਗ।
ਦੇ ਦਿਓ
ਸਮੁੱਚੀ ਲੋਕਾਈ ਨੂੰ
ਅਮਨ ਦਾ ਹੋਕਾ।

-ਕੁਲਵਿੰਦਰ ਸਿੰਘ ਬਿੱਟੂ

## ਏਧਰ ਵੀ ਤੇ ਓਧਰ ਵੀ

ਏਧਰ ਵੀ ਸੀਨੇ ਧੜਕਦੇ
ਓਧਰ ਵੀ ਦਿਲਾਂ 'ਚ ਜਾਨ ਏ।
ਏਧਰ ਵੀ ਕਲਾਕਾਰ ਖ਼ਾਸ ਨੇ
ਓਧਰ ਵੀ ਗੁਣਾਂ ਦੀ ਖਾਣ ਏ।
ਏਧਰ ਸਾਈਂ ਮੀਆਂ ਮੀਰ ਨੇ,
ਨੀਂਹ ਰੱਖੀ ਸੀ ਹਰਿਮੰਦਰ ਦੀ।
ਸਾਡਾ ਇੱਕੋ ਰੱਬ ਤੇ ਇੱਕੋ ਖ਼ੂਨ ਹੈ
ਕਿੰਝ ਸਮਝੀਏ ਗੱਲ ਅੰਦਰ ਦੀ।
ਫਿਰ ਇਹ ਕਿਹੜੀਆਂ ਨਫ਼ਰਤਾਂ
ਜੋ ਦੋਹੀਂ ਪਾਸੇ ਨੇ ਤੋਪਾਂ ਬੀੜੀਆਂ।
ਐਡੀ ਛੇਤੀ ਨਾ ਖੁੱਲ੍ਹਣਗੀਆਂ
ਪਿਆਰ ਦੀਆਂ ਤੰਦਾਂ ਪੀਢੀਆਂ।
ਤੀਲ੍ਹੀਆਂ ਲਾ ਲਾ ਭਾਂਬੜ ਬਾਲ ?ਦੇ,
ਘੁੱਗੀਆਂ ਸੜ ਸੜ ਮੱਚਦੀਆਂ।
ਆਮ ਘਰਾਂ 'ਚ ਪੈਂਦੇ ਵੈਣ ਜਦੋਂ,
ਲਾਸ਼ਾਂ 'ਤੇ ਕੁਰਸੀਆਂ ਨੱਚਦੀਆਂ।
ਜੰਗ ਨਾ ਮਸਲੇ ਦਾ ਹੱਲ ਕੋਈ,
ਆਖ਼ਰ ਤਾਂ ਦੋ ਹੱਥ ਮਿਲਣਗੇ ਹੀ।
ਉਹ ਦਿਨ ਏਨੀ ਵੀ ਦੂਰ ਨਹੀਂ
ਅਮਨਾਂ ਦੇ ਫੁੱਲ ਖਿੜਨਗੇ ਹੀ।

-ਸੁਖਪਾਲ ਕੌਰ ਬਾਠ

## ਜੰਗ

ਜੰਗ ਤਾਂ ਵੀਰੇ ਜੰਗ ਹੁੰਦੀ ਐ।
ਨਾ ਤੁਧ ਨਾ ਮੁਝ ਸੰਗ ਹੁੰਦੀ ਐ।
ਬੰਬ ਫਟਣ ਦਾ ਰੌਲਾ-ਗੌਲਾ
ਸੁੱਖ ਸ਼ਾਂਤੀ ਸਭ ਭੰਗ ਹੁੰਦੀ ਐ।
ਸਰਹੱਦੀਂ ਬੈਠੇ ਜਵਾਨਾਂ ਦੇ।
ਹਰ ਪਲ ਮੌਤ ਜਿਵੇਂ ਸੰਗ ਹੁੰਦੀ ਐ।
ਚੁੰਨੀ ਕਿਸੇ ਦੀ ਲੱਥੀ ਹੋਈ।
ਟੁੱਟੀ ਮੁਟਿਆਰ ਦੀ ਵੰਗ ਹੁੰਦੀ ਐ।
ਭੁੱਖਮਰੀ ਅਤੇ ਚੀਕ ਚਿਹਾੜਾ।
ਖ਼ਲਕਤ ਇਕਦਮ ਨੰਗ ਹੁੰਦੀ ਐ।
ਖਾਧ-ਖੁਰਾਕ ਦੀ ਥੁੜ ਹੁੰਦੀ ਹੈ
ਆਟੇ-ਦਾਲ ਦੀ ਮੰਗ ਹੁੰਦੀ ਐ।
ਟੁੱਟੇ ਭੱਜੇ ਤਬਾਹ ਘਰਾਂ ਵਿੱਚ
ਦਹਿਸ਼ਤ ਅੱਖਾਂ ਸੰਗ ਹੁੰਦੀ ਐ।
ਚਾਰ-ਚੁਫ਼ੇਰੇ ਧੂੰਆਂ ਧੂੰਆਂ
ਆਸ ਜੀਵਨ ਦੀ ਬੇ-ਰੰਗ ਹੁੰਦੀ ਐ।
ਯੁੱਧ ਦੇ ਖੇਤਰ ਵਿੱਚ 'ਅੱਬਾਸ'
ਜ਼ਿੰਦਗੀ ਇਕਦਮ ਤੰਗ ਹੁੰਦੀ ਐ।

-ਮੁਹੰਮਦ ਅੱਬਾਸ ਧਾਲੀਵਾਲ

## ਜੰਗ ਤੇ ਅਣਖ

ਜੰਗ ਬਹੁਤ ਕੁਝ
ਆਪਣੇ ਨਾਲ ਲੈ ਕੇ ਆਉਂਦੀ ਹੈ।
ਖੰਡਰਨੁਮਾ ਘਰ, ਮਲਬੇ ਹੇਠ
ਦਬੀਆਂ ਲਾਸ਼ਾਂ, ਡਰ, ਦਹਿਸ਼ਤ, ਸੰਨਾਟਾ,
ਰੋਸ਼ਨੀ ਤੋਂ ਕਿਨਾਰਾਕਸ਼ੀ,
ਦੂਜੀ ਥਾਂ ਬੈਠੇ ਸਬੰਧੀਆਂ ਦੀ ਚਿੰਤਾ,
ਮਾਰੂ ਸੋਚਾਂ, ਹੁਸੀਨ ਖ਼ੁਆਬਾਂ 'ਤੇ ਖ਼ੌਫ਼ ਦੀ ਧੂੜ,
ਆਸਮਾਨ ਵਿੱਚ ਫੈਲਿਆ
ਜ਼ਹਿਰੀਲਾ ਧੂੰਆਂ,
ਮਿਜ਼ਾਈਲਾਂ ਅਤੇ ਤੋਪਾਂ ਦੀ
ਗੜਗੜਾਹਟ ਨਾਲ
ਛਿੜੀ ਮਾਰੂ ਕੰਬਣੀ!
ਸੱਚੀਂ, ਜੰਗ ਹਾਸੇ ਨੂੰ
ਦਫ਼ਨ ਕਰਕੇ
ਸੋਗੀ ਦੰਦਲਾਂ ਪਾ ਦਿੰਦੀ ਹੈ!
ਮਿਜ਼ਾਈਲਾਂ ਤੋਪਾਂ ਬੰਦੂਕਾਂ 'ਚੋਂ ਨਿਕਲੀ ਅੱਗ
ਨਾਂ, ਧਰਮ ਅਤੇ ਮਜ਼ਹਬ
ਨਹੀਂ ਵੇਖਦੀ!
ਉਹਦਾ ਕਰਮ ਤਾਂ
ਜ਼ਿੰਦਗੀ ਨੂੰ ਲਾਸ਼ ਵਿੱਚ
ਬਦਲਣਾ ਹੈ।
ਲਾਸ਼ ਜਿਸ ਪਰਿਵਾਰ ਦੇ ਵੀ
ਹਿੱਸੇ ਆਉਂਦੀ ਹੈ
ਉਹਦੇ ਨਾਲ ਜਿੰਨਾ ਜਿੰਨਾ ਵੀ
ਸਦੀਵੀਂ ਜਾਣ ਵਾਲੇ ਦਾ
ਰਿਸ਼ਤਾ ਹੁੰਦਾ ਹੈ
ਓਨਾ ਓਨਾ ਹੀ
ਉਹ ਆਪ ਵੀ
ਨਾਲ ਮਰਦਾ ਹੈ।
ਕਿਸੇ ਦੂਰ ਵਸੇਂਦੇ ਨਾਲ
ਲੜਾਈ ਸਮੇਂ
ਅਸੀਂ ਪਾਸਾ ਵੱਟ ਕੇ
ਉਸ ਨਾਲ ਸਦੀਵੀਂ ਰਿਸ਼ਤਾ ਤੋੜ ਸਕਦੇ ਹਾਂ।
ਮਿੱਤਰਤਾ ਵੀ ਖ਼ਤਮ ਕੀਤੀ ਜਾ ਸਕਦੀ ਹੈ।
ਪਰ ਗੁਆਂਢੀ ਨਾਲ ਜੰਗ
ਹੋਰ ਵੀ ਖ਼ਤਰਨਾਕ ਹੈ।
ਗੁਆਂਢ ਤਾਂ ਬਦਲਿਆ ਵੀ ਨਹੀਂ ਜਾ ਸਕਦਾ।
ਹਾਂ, ਪਹਿਲਕਦਮੀ ਕਰਕੇ
ਉਸ ਨੂੰ ਸਮਝਾਇਆ ਜਾ ਸਕਦੈ।
ਪਿਆਰ ਨਾਲ, ਦਲੀਲਾਂ ਨਾਲ
ਜਾਂ ਫਿਰ
ਅਪਣੱਤ ਦਾ ਚੋਗਾ ਸੁੱਟ ਕੇ!
ਪਰ ਜੇਕਰ ਗੁਆਂਢੀ ਨੇ
ਆਪਣੀ ਸੋਚ 'ਤੇ
ਜ਼ਹਿਰੀਲੀ ਪਾਣ ਚੜ੍ਹਾ ਲਈ ਹੈ
ਅਤੇ ਡੰਗ ਮਾਰਦੀਆਂ
ਸੋਚਾਂ ਨੂੰ
ਅਮਲੀਜਾਮਾ ਪਹਿਨਾ ਲਿਆ ਹੈ
ਤਾਂ ਫਿਰ
'ਜਬੈ ਬਾਣ ਲਾਗਯੋ ਤਬੈ ਰੋਸ ਜਾਗਯੋ'
ਅਨੁਸਾਰ
ਬਾਣਾਂ ਨੂੰ ਖੁੰਢਾ
ਕਰਨ ਉਪਰੰਤ
ਨਿਹੱਥਾ ਕਰਕੇ ਹੀ
ਸਵੈਮਾਣ, ਅਣਖ ਅਤੇ ਗੈਰਤ ਨੂੰ
ਜ਼ਿੰਦਾ ਰੱਖਿਆ ਜਾ
ਸਕਦਾ ਹੈ।

-ਮੋਹਨ ਸ਼ਰਮਾ

## ਸ਼ੋਰ ਬੰਬਾਂ ਦਾ

ਮੁੜ ਜਾ ਕੋਇਲੇ ਮੁੜ ਜਾ ਆਪਣੇ ਵਤਨਾਂ ਨੂੰ,
ਸਾਡੇ ਮੁਲਕ 'ਚ ਤੱਤੀਆਂ ਵਗਣ ਹਵਾਵਾਂ ਨੀ।

ਕਿਹਨੇ ਤੇਰੀ ਮਿੱਠੀ ਕੂ ਕੂ ਸੁਣਨੀ ਹੁਣ,
ਸ਼ੋਰ ਬੰਬਾਂ ਦਾ ਉੱਚੀ ਸੁਣਦੀਆਂ ਧਾਹਾਂ ਨੀ।

ਪੁੱਤ ਜਿਨ੍ਹਾਂ ਦੇ ਬਾਰਡਰਾਂ ਉੱਤੇ ਦੇਣ ਪਹਿਰੇ,
ਰੋਟੀ ਨਾ ਉਹ ਖਾਂਦੀਆਂ ਅੱਜਕਲ੍ਹ ਮਾਵਾਂ ਨੀ।

ਕੌਣ ਨਫ਼ਰਤਾਂ ਵਾਲੇ ਬੀਜ ਇੱਥੇ ਸੁੱਟ ਜਾਂਦਾ,
ਕਿਉਂ ਬੰਦਾ, ਮਾਰੇ ਬੰਦੇ, ਮੈਂ ਸੋਚੀਂ ਜਾਵਾਂ ਨੀ।

ਸੰਧੂਆ ਰਾਜੇ ਮਹਿਲਾਂ ਵਿੱਚੋਂ ਦੇਣ ਹੁਕਮ,
ਮੈਂ ਚੁੱਲ੍ਹਾ ਦੱਸ ਕਿਹੜੀ ਜਗ੍ਹਾ ਲੁਕਾਵਾਂ ਨੀ।

-ਹਰਭਿੰਦਰ ਸਿੰਘ ਸੰਧੂ

## ਕਿਸਨੇ ਕੀ ਛੁਡਾਇਆ

ਚਸਕੇ ਜੀਭ ਦੇ ਚਟਪਟੇ ਖਾਣਿਆਂ ਨੇ
ਤੰਦਰੁਸਤੀ ਹੀ ਘਰੋਂ ਦੁੜ੍ਹਾਇ ਦਿੱਤੀ।
ਦੇ ਦੇ ਸਿੱਖਿਆ ਟੀਵੀ ਦੇ ਨਾਟਕਾਂ ਨੇ
ਵਹੁਟੀ ਸੱਸ ਦੇ ਨਾਲ ਲੜਾਈ ਦਿੱਤੀ।
ਆਖਾ ਮੰਨਣਾ ਆਪ ਤੋਂ ਵੱਡਿਆਂ ਦਾ
ਇਹ ਵਿਰਾਸਤੀ ਗੀਤ ਹੜ੍ਹਾਇ ਦਿੱਤੀ।
ਇੰਗਲਿਸ਼-ਮੋਹ ਨੇ ਰੋਲ'ਤੀ ਮਾਂ-ਬੋਲੀ
ਸਿਰ 'ਤੇ ਓਪਰੀ ਭਾਸ਼ਾ ਚੜ੍ਹਾਇ ਦਿੱਤੀ।
ਪੈਂਟ-ਸ਼ਰਟ ਹੀ ਸਾਰੇ ਪ੍ਰਧਾਨ ਹੋ ਗਈ
ਦੇਸੀ ਪਹਿਨਣ ਦੀ ਰੀਝ ਉੜਾਇ ਦਿੱਤੀ।
ਅੱਖਾਂ ਲੱਗੀਆਂ ਰਹਿਣ 'ਸਕਰੀਨ' ਉੱਤੇ
ਹੁਣ ਫੇਸ-ਬੁੱਕ ਨੇ 'ਬੁੱਕ' ਛੁਡਾਇ ਦਿੱਤੀ!



-ਤਰਲੋਚਨ ਸਿੰਘ ਦੁਪਾਲ ਪੁਰ
78146-92724

## ਜੰਗ ਨਾਲ ਮਸਲੇ

ਜੰਗ ਨਾਲ ਮਸਲੇ ਹੱਲ ਨਾ ਹੁੰਦੇ
ਇਹ ਸਮੇਂ ਕਿਸੇ ਦੇ ਵੱਲ ਨਾ ਹੁੰਦੇ।
ਦਹਿਸ਼ਤ ਲੋਕੀਂ ਕਰਦੇ ਨੇ ਬੁਜ਼ਦਿਲ
ਮਾਰ ਮੁਕਾਉਣਾ ਬੇਦੋਸ਼ੇ ਲੋਕਾਂ ਨੂੰ
ਬਹਾਦਰੀ ਵਾਲੇ ਕੰਮ ਨਾ ਹੁੰਦੇ
ਜੰਗ ਨਾਲ ਮਸਲੇ ਹੱਲ ਨਾ ਹੁੰਦੇ।
ਵੱਡੇ ਨੇਤਾ ਕਰਨ ਸਿਆਸਤ ਵੋਟਾਂ ਲਈ
ਜਨਤਾ ਦੀ ਪਹੁੰਚ ਤੋਂ ਬਾਹਰ ਹੁੰਦੀ ਹੈ
ਛੋਟੇ ਨੇਤਾ ਤੋਂ ਵੀ ਇਹ ਠੱਲ ਨਾ ਹੁੰਦੇ
ਜੰਗ ਨਾਲ ਮਸਲੇ ਹੱਲ ਨਾ ਹੁੰਦੇ।
ਖ਼ੌਫ਼ ਦੇ ਸਾਏ ਵਿੱਚ ਜੀਵਣ ਲੋਕੀਂ
ਘੁੱਟ ਸਬਰਾਂ ਦਾ ਪੀਵਣ ਲੋਕੀਂ
ਹੁਣੇ ਕਰੋ ਨਿਬੇੜਾ ਫ਼ੈਸਲੇ ਕੱਲ੍ਹ ਨਾ ਹੁੰਦੇ
ਜੰਗ ਨਾਲ ਮਸਲੇ ਹੱਲ ਨਾ ਹੁੰਦੇ।
ਖ਼ੁਦ ਮਸਲਾ ਬਣ ਕੇ ਰਹਿ ਜਾਂਦੀ
ਕਰੇ ਘੋਰ ਹਨੇਰਾ ਸੱਥਰ ਵਿਛਵਾਉਂਦੀ
ਸਾਲਾਂਬੱਧੀ ਜ਼ਖ਼ਮ ਏਸ ਦੇ ਝੱਲ ਨਾ ਹੁੰਦੇ
ਜੰਗ ਨਾਲ ਮਸਲੇ ਹੱਲ ਨਾ ਹੁੰਦੇ।
ਅਮਨ ਸ਼ਾਂਤੀ ਚਾਹੁੰਦੇ ਸਭ ਲੋਕੀਂ
ਇਸ ਲਈ ਰੱਬ ਨੂੰ ਧਿਆਉਂਦੇ ਲੋਕੀਂ
ਖ਼ੁਸ਼ੀਆਂ ਦੇ ਸਭ ਪਲ ਨਾ ਹੁੰਦੇ
ਜੰਗ ਨਾਲ ਮਸਲੇ ਹੱਲ ਨਾ ਹੁੰਦੇ।
ਕਰੋ ਦੁਆਵਾਂ ਇਹ ਮੁੜ ਨਾ ਆਵੇ
ਕਾਲੇ ਦਿਨ ਨਾ ਫਿਰ ਦਿਖਾਵੇ
ਆਪਸ ਵਿੱਚ ਚੰਗੇ ਛਲ ਨਾ ਹੁੰਦੇ
ਜੰਗ ਨਾਲ ਮਸਲੇ ਹੱਲ ਨਾ ਹੁੰਦੇ।
ਧਾਲੀਵਾਲ ਇਹ ਦੁਨੀਆ ਬਹੁਰੰਗੀ
ਦੇਸ਼ ਆਪਣੇ ਦੀ ਮਿੱਟੀ ਬਹੁਤੀ ਚੰਗੀ
ਲੜਾਈਆਂ ਦੇ ਕੋਈ ਤਲ ਨਾ ਹੁੰਦੇ
ਜੰਗ ਨਾਲ ਮਸਲੇ ਹੱਲ ਨਾ ਹੁੰਦੇ।

-ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ

## ਭਲੀ ਹੋਈ

ਭਲੀ ਹੋਈ ਤੋਪਾਂ ਨੇ ਮੂੰਹ ਮੋੜੇ,
ਜੋ ਗੱਜਣੀਆਂ ਸੀ ਵਿੱਚ ਆਸਮਾਨ ਪੱਤੋ।
ਛਹਿ ਗਏ ਡਰੋਨ ਆਪਣੇ ਟਿਕਾਣਿਆਂ 'ਤੇ,
ਜੋ ਮਚਾਈ ਜਾਂਦੇ ਸੀ ਘਸਮਾਣ ਪੱਤੋ।
ਸਾਹ ਸੁਖ ਦਾ ਆਇਆ ਸਾਰਿਆਂ ਨੂੰ,
ਜਦ ਹੋਇਆ ਅਮਨ ਅਮਾਨ ਪੱਤੋ।
ਜੀਵਨ ਪਹਿਲਾਂ ਵਰਗਾ ਹੋ ਚੱਲਿਆ,
ਲੋਕ ਲੱਗੇ ਕੰਮੀਂ ਜਾਣ ਪੱਤੋ।
ਉੱਡੇ ਪੰਛੀ ਆਪਣੇ ਆਲ੍ਹਣਿਆਂ 'ਚੋਂ,
ਲੱਗੀਆਂ ਰੌਣਕਾਂ ਰੁੱਖੀਂ ਆਣ ਪੱਤੋ।
ਚੰਗਾ ਹੋਇਆ ਭਲੇ ਵੇਲੇ ਮੱਤ ਆਈ,
ਬਹੁਤਾ ਹੋਇਆ ਨੀਂ ਨੁਕਸਾਨ ਪੱਤੋ।
ਬੰਦ ਹੋ ਗਏ ਸੀ ਬੱਲਬ ਚੁਬਾਰਿਆਂ ਦੇ,
ਬਲੈਕਆਊਟ ਦਾ ਨਾਂ, ਸੁੰਨਸਾਨ ਪੱਤੋ।
ਵੱਸਣ ਇੱਧਰ ਭਾਈ ਤੇ ਉੱਧਰ ਭਾਈ,
ਵਸੇ ਇੱਕ ਦੂਜੇ ਦੇ ਵਿੱਚ ਜਾਨ ਪੱਤੋ।

-ਹਰਪ੍ਰੀਤ ਪੱਤੋ

## ਅੰਦਰ ਦੇਖ ਸਹੀ

ਹੁੰਦਾ ਰਹੇ ਧ੍ਰੋਹ, ਅੰਦਰ ਦੇਖ ਸਹੀ।
ਬੈਠੇ ਹੋਏ ਨੇ ਦੋ, ਅੰਦਰ ਦੇਖ ਸਹੀ।

ਤਸਵੀਰ ਮੁਕੰਮਲ ਤਾਂ ਹੀ ਤੇਰੀ ਹੋਣੀ ਹੈ,
ਇੱਕਸੁਰ ਜਾਵੇਂ ਹੋ, ਅੰਦਰ ਦੇਖ ਸਹੀ।

ਬੜੇ ਪ੍ਰਹੁਣੇ ਬਿਨਾ ਬੁਲਾਏ ਆ ਜਾਂਦੇ,
ਕਰਦੇ ਨੇ ਲੁੱਟ ਖੋਹ, ਅੰਦਰ ਦੇਖ ਸਹੀ।

ਹਿਰਨ ਵਾਂਗ ਕਸਤੂਰੀ ਬਾਹਰੋਂ ਨਾ ਲੱਭਣੀ,
ਅੰਦਰ ਹੈ ਖ਼ੁਸ਼ਬੋ, ਅੰਦਰ ਦੇਖ ਸਹੀ।

ਬਿਨ ਰੂਹੋਂ ਕਲਬੂਤਾਂ ਦਾ ਹੈ ਹਸ਼ਰ ਬੁਰਾ,
ਵੱਧ ਰਹੀ ਆਦਮ ਬੋ, ਅੰਦਰ ਦੇਖ ਸਹੀ।

ਕਵਿਤਾ ਵਾਂਗੂੰ ਜਿੰਦੂ ਗਲ ਨੂੰ ਲੱਗ ਜਾਣੀ,
ਜਜ਼ਬਾਤੀ ਹੋਵੇ ਛੋਹ, ਅੰਦਰ ਦੇਖ ਸਹੀ।

ਖ਼ੁਦੀ ਨੂੰ ਛੱਡ ਖ਼ੁਦਾਈ ਉਹਨੂੰ ਮਿਲ ਜਾਂਦੀ,
ਆਪਣੀ ਰੱਖੇ ਟੋਹ, ਅੰਦਰ ਦੇਖ ਸਹੀ।

ਪ੍ਰੇਮ ਪੁਜਾਰੀ ਬਣਨੇ ਦੀ ਹੈ ਸ਼ਰਤ ਇੱਕੋ,
ਛੱਡਣਾ ਪੈਣਾ ਮੋਹ, ਅੰਦਰ ਦੇਖ ਸਹੀ।

ਜਦ 'ਢੇਸੀ' ਸੁਰਜੀਤਾ ਅੰਦਰੋਂ ਹੋਵੇਗਾ,
ਜਾਊ ਰੁਪਾਂਤਰ ਹੋ, ਅੰਦਰ ਦੇਖ ਸਹੀ।

-ਕੁਲਵੰਤ ਸਿੰਘ ਢੇਸੀ

## ਅੰਨ੍ਹਾ ਵਿਕਾਸ ..

ਉਹ ਜਹਾਜ਼ ਉਡਾਉਂਦੇ
ਗੋਲੇ ਵਰ੍ਹਾਉਂਦੇ
ਤਬਾਹ ਕਰਦੇ
ਇੱਕ-ਦੂਜੇ ਦਾ ਘਰ
ਮਾਰ ਕੇ ਬੰਦੇ
ਖ਼ੁਸ਼ੀਆਂ ਮਨਾਉਂਦੇ
ਵਾਜੇ ਵਜਾਉਂਦੇ
ਦਿੰਦੇ ਸਬੂਤ
ਆਪਣੀ ਅਕਲ ਦੇ
ਬਲਬੂਤੇ 'ਤੇ ਬਣਾਈਆਂ
ਮਸ਼ੀਨਰੀਆਂ ਦਾ
ਉਹ ਜੰਗ ਨੂੰ ਜਾਇਜ਼ ਮੰਨਦੇ
ਵਰ੍ਹਾਉਂਦੇ ਗੋਲ਼ੀਆਂ
ਮੀਂਹਾਂ ਵਾਂਗ
ਕਰ ਦਿੰਦੇ
ਬੇ-ਪਰਦ ਮਾਨਵਤਾ
ਆਪਣੀ ਫ਼ੋਕੀ ਤੇ ਝੂਠੀ ਹੈਂਕੜਬਾਜ਼ੀ ਲਈ
ਧਰਤੀ ਆਪਣੇ ਹੀ
ਗੋਲ ਦਾਇਰੇ 'ਚ
ਅਡੋਲ ਖੜ੍ਹੀ
ਅੱਥਰੂ ਵਹਾਉਂਦੀ
ਕੋਸਦੀ ਹੈ
ਮਾਨਵਤਾ ਦੇ ਦੁਸ਼ਮਣ ਬਣੇ
ਏਸ
ਅੰਨ੍ਹੇ ਵਿਕਾਸ ਨੂੰ

-ਰਾਜਬੀਰ ਮੱਤਾ

## ਜੰਗ ਦੇ

ਲੋਕੀਂ ਚਰਚੇ ਕਰਦੇ ਜੰਗ ਦੇ
ਜ਼ਖ਼ਮ ਕਦੇ ਨਹੀਂ ਭਰਦੇ ਜੰਗ ਦੇ।
ਧਰਤੀ ਲੀਰੋ ਲੀਰ ਹੋ ਜਾਂਦੀ
ਜਿੱਥੇ ਬੱਦਲ ਵਰ੍ਹਦੇ ਜੰਗ ਦੇ।
ਮਾਨਵਤਾ ਦੇ ਵੈਰੀ ਹਨ ਉਹ
ਫ਼ਤਵੇ ਜਿਹੜੇ ਪੜ੍ਹਦੇ ਜੰਗ ਦੇ।
ਆਪਣੇ ਘਰ ਨੂੰ ਚੇਤੇ ਕਰਦੇ
ਜਦੋਂ ਸਿਪਾਹੀ ਲੜਦੇ ਜੰਗ ਦੇ।
ਚਾਨਣ ਦੀ ਥਾਂ ਨ੍ਹੇਰਾ ਵੰਡਦੇ
ਜਿੱਥੇ ਸੂਰਜ ਚੜ੍ਹਦੇ ਜੰਗ ਦੇ।
ਅੱਗ ਦੀ ਖੇਤੀ ਕਰਦੇ ਜਿਹੜੇ
ਉਹ ਮਨਸੂਬੇ ਘੜਦੇ ਜੰਗ ਦੇ।
'ਸੋਹਲ' ਮਾਵਾਂ ਦੇ ਪੁੱਤ ਸਭ ਹੀ
ਜਾ ਕੇ ਵਿੱਚ ਜੋ ਮਰਦੇ ਜੰਗ ਦੇ।

- ਜਸਵੀਰ ਸੋਹਲ

# ਘਟਦੀ ਹਰਿਆਲੀ, ਵਧਦਾ ਖ਼ਤਰਾ



ਹਾਲ ਹੀ ਵਿੱਚ, ਤੇਲੰਗਾਨਾ ਦੇ ਕਾਂਚਾ ਗਾਚੀਬੌਵਲੀ ਖੇਤਰ ਵਿੱਚ ਲਗਭਗ ਚਾਰ ਸੌ ਏਕੜ ਵਿੱਚ ਫੈਲੇ ਜੰਗਲਾਂ ਦੀ ਕਟਾਈ ਨੇ ਪੂਰੇ ਦੇਸ਼ ਦਾ ਧਿਆਨ ਆਪਣੇ ਵੱਲ ਖਿੱਚਿਆ। ਸੁਪਰੀਮ ਕੋਰਟ ਨੇ ਇਸ ਸੰਵੇਦਨਸ਼ੀਲ ਮੁੱਦੇ ਦਾ ਖੁਦ ਨੋਟਿਸ ਲਿਆ। ਇਸ ਮੁੱਦੇ 'ਤੇ ਤਿੱਖੀ ਟਿੱਪਣੀ ਕਰਦੇ ਹੋਏ, ਜਸਟਿਸ ਬੀ.ਆਰ. ਗਵਈ ਅਤੇ ਆਗਸਟੀਨ ਜਾਰਜ ਮਸੀਹ ਦੇ ਬੈਂਚ ਨੇ ਰਾਜ ਸਰਕਾਰ ਨੂੰ ਕਈ ਸਖ਼ਤ ਸਵਾਲ ਪੁੱਛੇ ਅਤੇ ਅਗਲੀ ਸੁਣਵਾਈ ਤੱਕ ਇਲਾਕੇ ਵਿੱਚ ਕਿਸੇ ਵੀ ਤਰ੍ਹਾਂ ਦੀ ਗਤੀਵਿਧੀ 'ਤੇ ਪਾਬੰਦੀ ਲਗਾ ਦਿੱਤੀ। ਅਦਾਲਤ ਨੇ ਸਪੱਸ਼ਟ ਤੌਰ 'ਤੇ ਪੁੱਛਿਆ ਕਿ ਅਜਿਹੀ ਕਿਹੜੀ ਐਮਰਜੈਂਸੀ ਸਥਿਤੀ ਪੈਦਾ ਹੋ ਗਈ ਸੀ ਜਿਸ ਕਾਰਨ ਇੰਨੀ ਜਲਦੀ ਵਿੱਚ ਜੰਗਲਾਂ ਦੀ ਕਟਾਈ ਸ਼ੁਰੂ ਕਰਨੀ ਪਈ? ਕੀ ਪ੍ਰੋਜੈਕਟ ਲਈ ਵਾਤਾਵਰਣ ਪ੍ਰਭਾਵ ਮੁਲਾਂਕਣ ਸਰਟੀਫਿਕੇਟ ਪ੍ਰਾਪਤ ਕੀਤਾ ਗਿਆ ਸੀ ਅਤੇ ਕੀ ਰੁੱਖਾਂ ਦੀ ਕਟਾਈ ਲਈ ਜੰਗਲਾਤ ਵਿਭਾਗ ਤੋਂ ਉਚਿਤ ਇਜਾਜ਼ਤ ਲਈ ਗਈ ਸੀ? ਇਹ ਮਾਮਲਾ ਉਦੋਂ ਸਾਹਮਣੇ ਆਇਆ ਜਦੋਂ ਤੇਲੰਗਾਨਾ ਹਾਈ ਕੋਰਟ ਦੇ ਰਜਿਸਟਰਾਰ ਨੇ ਸੁਪਰੀਮ ਕੋਰਟ ਨੂੰ ਕਟਾਈ ਦੀਆਂ ਕੁਝ ਤਸਵੀਰਾਂ ਭੇਜੀਆਂ, ਜਿਨ੍ਹਾਂ ਵਿੱਚ ਭਾਰੀ ਮਸ਼ੀਨਰੀ ਦੀ ਮਦਦ ਨਾਲ ਰੁੱਖਾਂ ਦੀ ਕਟਾਈ ਅਤੇ ਜ਼ਮੀਨ ਨੂੰ ਪੱਧਰਾ ਕਰਦੇ ਹੋਏ ਸਾਫ਼-ਸਾਫ਼ ਦਿਖਾਇਆ ਗਿਆ ਸੀ। ਉਨ੍ਹਾਂ ਤਸਵੀਰਾਂ ਤੋਂ ਇਹ ਵੀ ਸਪੱਸ਼ਟ ਹੋ ਗਿਆ ਕਿ ਇਹ ਕੰਮ ਰਾਤ ਨੂੰ ਕੀਤਾ ਜਾ ਰਿਹਾ ਸੀ। ਇਹ ਸਥਾਨ ਹੈਦਰਾਬਾਦ ਯੂਨੀਵਰਸਿਟੀ ਦੇ ਨੇੜੇ ਹੈ, ਜਿੱਥੇ ਤੇਲੰਗਾਨਾ ਸਰਕਾਰ ਇੱਕ ਸ਼ਾਨਦਾਰ ਆਈਟੀ ਪਾਰਕ ਬਣਾਉਣ ਦੀ ਯੋਜਨਾ ਬਣਾ ਰਹੀ ਸੀ, ਪਰ ਇਹ ਖੇਤਰ ਮੋਰ, ਹਿਰਨ ਅਤੇ ਹੋਰ ਸੁਰੱਖਿਅਤ ਪ੍ਰਜਾਤੀਆਂ ਸਮੇਤ ਕਈ ਤਰ੍ਹਾਂ ਦੇ ਜੰਗਲੀ ਜੀਵਾਂ ਦਾ ਕੁਦਰਤੀ ਨਿਵਾਸ ਸਥਾਨ ਵੀ ਹੈ। ਇੱਕ ਦਿਲ ਦਹਿਲਾ ਦੇਣ ਵਾਲੀ ਵੀਡੀਓ ਸੋਸ਼ਲ ਮੀਡੀਆ 'ਤੇ ਸੁਰਖੀਆਂ ਬਣ ਗਈ, ਜਿਸ ਵਿੱਚ ਇੱਕ ਬੁਲਡੋਜ਼ਰ ਹਨੇਰੇ ਵਿੱਚ ਘੁੰਮਦਾ ਦਿਖਾਇਆ ਗਿਆ ਹੈ ਜਦੋਂ ਕਿ ਆਲੇ-ਦੁਆਲੇ ਮੋਰਾਂ ਦੀਆਂ ਡਰੀਆਂ ਹੋਈਆਂ ਆਵਾਜ਼ਾਂ ਸੁਣੀਆਂ ਜਾ ਸਕਦੀਆਂ ਹਨ। ਇਸ ਨੇ ਆਮ ਲੋਕਾਂ ਦੀ ਜ਼ਮੀਰ ਨੂੰ ਹਿਲਾ ਕੇ ਰੱਖ ਦਿੱਤਾ। ਵੀਡੀਓ ਤੋਂ ਇਹ ਸਪੱਸ਼ਟ ਸੀ ਕਿ ਸਿਰਫ਼ ਰੁੱਖ ਹੀ ਨਹੀਂ ਸਗੋਂ ਪੂਰੇ ਵਾਤਾਵਰਣ ਨੂੰ ਬੇਰਹਿਮੀ ਨਾਲ ਮਾਰਿਆ ਜਾ ਰਿਹਾ ਸੀ। ਇਹ ਜੰਗਲ ਸਿਰਫ਼ ਹਰੇ ਭਰੇ ਰੁੱਖਾਂ ਦਾ ਸਮੂਹ ਨਹੀਂ ਸੀ ਸਗੋਂ ਹਜ਼ਾਰਾਂ ਜੀਵਾਂ ਲਈ ਇੱਕ ਆਸਰਾ ਸੀ। ਇੱਕ ਹੋਰ ਮਾਮਲੇ ਵਿੱਚ, ਇੱਕ ਮੰਦਰ ਪ੍ਰਬੰਧਨ ਦੁਆਰਾ ਦਰੱਖਤਾਂ ਦੀ ਗੈਰ-ਕਾਨੂੰਨੀ ਅਤੇ ਲਾਪਰਵਾਹੀ ਨਾਲ ਕਟਾਈ ਦੇ ਸੰਬੰਧ ਵਿੱਚ, ਸੁਪਰੀਮ ਕੋਰਟ ਨੇ ਹਾਲ ਹੀ ਵਿੱਚ ਇੱਕ ਸਖ਼ਤ ਟਿੱਪਣੀ ਕੀਤੀ ਸੀ ਕਿ ਕੋਈ ਵੀ ਇਸ ਤਰ੍ਹਾਂ ਦਰੱਖਤ ਕੱਟਣ ਦੀ ਇਜਾਜ਼ਤ ਨਹੀਂ ਦਿੰਦਾ। ਇਹ ਨਾ ਸਿਰਫ਼ ਵਾਤਾਵਰਣ ਦੇ ਦ੍ਰਿਸ਼ਟੀਕੋਣ ਤੋਂ ਗਲਤ ਹੈ, ਸਗੋਂ ਧਾਰਮਿਕ ਦ੍ਰਿਸ਼ਟੀਕੋਣ ਤੋਂ ਵੀ ਅਸਵੀਕਾਰਨਯੋਗ ਹੈ। 16194 ਸੁਪਰੀਮ ਕੋਰਟ ਉਸ ਮਾਮਲੇ ਵਿੱਚ ਵੀ। ਰੁੱਖ ਕੱਟਣ ਦੀ ਇੰਨੀ ਮਜਬੂਰੀ ਕਿਉਂ ਹੈ ਅਤੇ ਕੀ ਰਾਜ ਨੇ ਵਾਤਾਵਰਣ ਪ੍ਰਭਾਵ ਮੁਲਾਂਕਣ ਸਰਟੀਫਿਕੇਟ ਪ੍ਰਾਪਤ ਕੀਤਾ ਹੈ? ਇਸ ਤੋਂ ਕੁਝ ਦਿਨ ਪਹਿਲਾਂ ਹੀ, ਸੁਪਰੀਮ ਕੋਰਟ ਨੇ ਆਗਰਾ ਦੇ ਤਾਜ ਮਹਿਲ ਦੇ ਆਲੇ-ਦੁਆਲੇ ਸੈਂਕੜੇ ਰੁੱਖਾਂ ਦੀ ਗੈਰ-ਕਾਨੂੰਨੀ ਕਟਾਈ ਦੇ ਮੁੱਦੇ 'ਤੇ ਸਖ਼ਤ ਰੁਖ਼ ਅਪਣਾਇਆ ਸੀ ਅਤੇ ਹਰੇਕ ਰੁੱਖ ਲਈ 1 ਲੱਖ ਰੁਪਏ ਦਾ ਜੁਰਮਾਨਾ ਲਗਾਇਆ ਸੀ। ਨੇ ਸਖ਼ਤ ਟਿੱਪਣੀਆਂ ਕੀਤੀਆਂ ਸਨ। ਅਦਾਲਤ ਨੇ ਕਿਹਾ ਕਿ ਵੱਡੀ ਗਿਣਤੀ ਵਿੱਚ ਰੁੱਖਾਂ ਨੂੰ ਕੱਟਣਾ ਮਨੁੱਖ ਨੂੰ ਮਾਰਨ ਨਾਲੋਂ ਵੀ ਮਾੜਾ ਹੈ ਅਤੇ ਇਸ ਲਈ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ 'ਤੇ ਕੋਈ ਰਹਿਮ ਨਹੀਂ ਦਿਖਾਇਆ ਜਾਣਾ ਚਾਹੀਦਾ। ਸੁਪਰੀਮ ਕੋਰਟ ਨੇ ਮਾਮਲੇ ਵਿੱਚ ਕੇਂਦਰੀ ਅਧਿਕਾਰ ਪ੍ਰਾਪਤ ਕਮੇਟੀ (ਸੀਈਸੀ) ਦੀ ਰਿਪੋਰਟ ਨੂੰ ਸਵੀਕਾਰ ਕਰਦੇ ਹੋਏ ਕਿਹਾ ਸੀ ਕਿ ਮਥੁਰਾ-ਵਿੰਦ੍ਰਾਵਨ ਦੇ ਡਾਲਮੀਆ ਫਾਰਮ ਵਿੱਚ 454 ਰੁੱਖਾਂ ਦੀ ਕਟਾਈ ਇੱਕ ਗੰਭੀਰ ਵਾਤਾਵਰਣ ਅਪਰਾਧ ਹੈ। ਕਮੇਟੀ ਨੇ ਇਸ ਐਕਟ ਲਈ ਪ੍ਰਤੀ ਰੁੱਖ 1 ਲੱਖ ਰੁਪਏ (ਕੁੱਲ 4.54 ਕਰੋੜ ਰੁਪਏ) ਦੇ ਜੁਰਮਾਨੇ ਦੀ ਸਿਫ਼ਾਰਸ਼ ਕੀਤੀ ਸੀ। ਦੇਸ਼ ਦੀ ਸੁਪਰੀਮ ਕੋਰਟ ਵੱਲੋਂ ਵੱਡੇ ਪੱਧਰ 'ਤੇ ਰੁੱਖਾਂ ਦੀ ਗੈਰ-ਕਾਨੂੰਨੀ ਕਟਾਈ 'ਤੇ ਦਿੱਤੀਆਂ ਗਈਆਂ ਇਹ ਟਿੱਪਣੀਆਂ ਦੇਸ਼ ਭਰ ਵਿੱਚ ਰੁੱਖਾਂ ਦੀ ਸੰਭਾਲ ਅਤੇ ਵਾਤਾਵਰਣ ਪ੍ਰਤੀ ਜ਼ਿੰਮੇਵਾਰੀਆਂ ਦੇ ਮੁੱਦੇ ਨੂੰ ਸਾਹਮਣੇ ਲਿਆਉਂਦੀਆਂ ਹਨ। ਸੁਪਰੀਮ ਕੋਰਟ ਦੀ ਪਹਿਲਕਦਮੀ ਨੇ ਉਮੀਦ ਜਗਾਈ ਹੈ ਕਿ ਅਜਿਹੇ ਵਿਨਾਸ਼ਕਾਰੀ ਯਤਨਾਂ 'ਤੇ ਸਖ਼ਤੀ ਨਾਲ ਰੋਕ ਲਗਾਈ ਜਾਵੇਗੀ ਅਤੇ ਵਿਕਾਸ ਦੇ ਨਾਮ 'ਤੇ ਕੁਦਰਤ ਦੀ ਬਲੀ ਦੇਣ ਦੀ ਪ੍ਰਵਿਰਤੀ ਨੂੰ ਰੋਕਿਆ ਜਾਵੇਗਾ। ਇਨ੍ਹਾਂ ਫੈਸਲਿਆਂ ਰਾਹੀਂ ਅਦਾਲਤ ਨੇ ਸਪੱਸ਼ਟ ਸੰਦੇਸ਼ ਦਿੱਤਾ ਹੈ ਕਿ ਰੁੱਖਾਂ ਦੀ ਕਟਾਈ ਨੂੰ ਹਲਕੇ ਵਿੱਚ ਨਹੀਂ ਲੈਣਾ ਚਾਹੀਦਾ। ਅਦਾਲਤ ਦਾ ਇਹ ਫੈਸਲਾ ਦੇਸ਼ ਦੇ ਉਨ੍ਹਾਂ ਇਲਾਕਿਆਂ ਲਈ ਵੀ ਇੱਕ ਸੁਨੇਹਾ ਹੈ ਜਿੱਥੇ ਰੁੱਖਾਂ ਨੂੰ ਅੰਨ੍ਹੇਵਾਹ ਕੱਟਿਆ ਜਾ ਰਿਹਾ ਹੈ। ਦਰੱਖਤਾਂ ਦੀ ਕਟਾਈ ਕਾਰਨ ਦਿੱਲੀ ਵਿੱਚ ਪ੍ਰਦੂਸ਼ਣ ਦੀ ਸਥਿਤੀ ਗੰਭੀਰ ਹੋ ਗਈ ਹੈ।



ਵਿਜੈ ਗਰਗ ਸਾਬਕਾ
ਪੀ.ਈ.ਐਸ. - 1
ਸੇਵਾਮੁਕਤ ਪ੍ਰਿੰਸਪਲ

ਮਨੁੱਖੀ ਜੀਵਨ ਰੁੱਖਾਂ 'ਤੇ ਨਿਰਭਰ ਕਰਦਾ ਹੈ ਕਿਉਂਕਿ ਉਨ੍ਹਾਂ ਤੋਂ ਹੀ ਸਾਨੂੰ ਆਕਸੀਜਨ ਮਿਲਦੀ ਹੈ। ਵਾਯੂਮੰਡਲ ਵਿੱਚ ਮੌਜੂਦ ਆਕਸੀਜਨ ਨੂੰ ਜੀਵਨ ਦੇਣ ਵਾਲੀ ਹਵਾ ਮੰਨਿਆ ਜਾਂਦਾ ਹੈ। ਵਾਤਾਵਰਣ ਮਾਹਿਰਾਂ ਦੇ ਅਨੁਸਾਰ, ਸਾਨੂੰ ਆਪਣੇ ਆਲੇ-ਦੁਆਲੇ ਇੰਨੇ ਰੁੱਖ ਲਗਾਉਣੇ ਚਾਹੀਦੇ ਹਨ ਤਾਂ ਜੋ ਅਸੀਂ ਘੱਟੋ-ਘੱਟ ਆਪਣੇ ਪਰਿਵਾਰਾਂ ਨੂੰ ਆਕਸੀਜਨ ਦੀ ਸਪਲਾਈ ਕਰ ਸਕੀਏ। ਇੱਕ ਵਿਅਕਤੀ ਨੂੰ ਦਿਨ ਭਰ ਬਹੁਤ ਜ਼ਿਆਦਾ ਆਕਸੀਜਨ ਦੀ ਲੋੜ ਹੁੰਦੀ ਹੈ, ਇਸੇ ਲਈ ਵਾਤਾਵਰਣ ਪ੍ਰੇਮੀ ਕਹਿੰਦੇ ਹਨ ਕਿ ਰੁੱਖ ਲਗਾ ਕੇ ਆਪਣੇ ਲਈ ਆਕਸੀਜਨ ਪੈਦਾ ਕਰਨਾ ਜ਼ਰੂਰੀ ਹੈ, ਨਹੀਂ ਤਾਂ ਜਿਸ ਤਰ੍ਹਾਂ ਅਸੀਂ ਅੱਜ ਬੋਤਲਾਂ ਖਰੀਦ ਕੇ ਪਾਣੀ ਪੀਂਦੇ ਹਾਂ, ਉਸੇ ਤਰ੍ਹਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਭਵਿੱਖ ਵਿੱਚ ਸ਼ੁੱਧ ਹਵਾ ਦੀਆਂ ਬੋਤਲਾਂ ਖਰੀਦਣ ਲਈ ਮਜਬੂਰ ਹੋਣਗੀਆਂ। ਜੇਕਰ ਵਾਯੂਮੰਡਲ ਵਿੱਚ ਆਕਸੀਜਨ ਨਹੀਂ ਹੋਵੇਗੀ, ਤਾਂ ਧਰਤੀ 'ਤੇ ਜੀਵਨ ਖਤਮ ਹੋ ਜਾਵੇਗਾ, ਇਸ ਲਈ ਵੱਧ ਤੋਂ ਵੱਧ ਰੁੱਖ ਲਗਾਉਣ 'ਤੇ ਜ਼ੋਰ ਦੇਣਾ ਸਮੇਂ ਦੀ ਲੋੜ ਹੈ। ਇੱਕ ਰਿਪੋਰਟ ਦੇ ਅਨੁਸਾਰ, ਇੱਕ ਸਿਹਤਮੰਦ ਰੁੱਖ ਹਰ ਰੋਜ਼ ਇੰਨੀ ਆਕਸੀਜਨ ਛੱਡਦਾ ਹੈ ਕਿ ਛੇ ਤੋਂ ਸੱਤ ਲੋਕਾਂ ਨੂੰ ਆਕਸੀਜਨ ਪ੍ਰਦਾਨ ਕੀਤੀ ਜਾ ਸਕਦੀ ਹੈ। ਪਰ ਕਾਫ਼ੀ ਰੁੱਖਾਂ ਦੀ ਘਾਟ ਕਾਰਨ, ਕਈ ਥਾਵਾਂ 'ਤੇ, ਇੱਕ ਰੁੱਖ ਨੂੰ ਹੁਣ ਲਗਭਗ 20 ਲੋਕਾਂ ਨੂੰ ਆਕਸੀਜਨ ਪ੍ਰਦਾਨ ਕਰਨੀ ਪੈ ਰਹੀ ਹੈ। ਦਰਅਸਲ, ਰੁੱਖਾਂ ਦੀ ਘਾਟ ਕਾਰਨ ਪਹਿਲਾਂ ਵਾਯੂਮੰਡਲ ਵਿੱਚ ਮੌਜੂਦ ਆਕਸੀਜਨ ਦੀ ਮਾਤਰਾ ਦਸ ਪ੍ਰਤੀਸ਼ਤ ਘੱਟ ਗਈ ਹੈ। ਨਤੀਜੇ ਵਜੋਂ, ਫੇਫੜਿਆਂ ਨੂੰ ਲੋੜੀਂਦੀ ਆਕਸੀਜਨ ਨਾ ਮਿਲਣ ਕਾਰਨ, ਦਮਾ, ਦਿਲ ਦੀ ਬਿਮਾਰੀ ਅਤੇ ਇਨਫੈਕਸ਼ਨ ਵਰਗੀਆਂ ਸਮੱਸਿਆਵਾਂ ਪੈਦਾ ਹੋਣ ਲੱਗੀਆਂ ਹਨ। ਨਿੰਮ, ਬਰਗਦ ਅਤੇ ਪਿੱਪਲ ਵਰਗੇ ਵੱਡੇ ਛਾਂਦਾਰ ਰੁੱਖ, ਜੋ ਕਿ 50 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹਨ, ਰੋਜ਼ਾਨਾ 140 ਕਿਲੋਗ੍ਰਾਮ ਤੱਕ ਆਕਸੀਜਨ ਪ੍ਰਦਾਨ ਕਰਦੇ ਹਨ।

ਵਾਤਾਵਰਣ ਮਾਹਿਰਾਂ ਦੇ ਅਨੁਸਾਰ, ਪਿੱਪਲ, ਨਿੰਮ, ਬਰਗਦ ਆਦਿ ਰੁੱਖ ਜੋ ਲਗਭਗ ਦੋ ਸੌ ਸਾਲ ਪੁਰਾਣੇ ਹਨ, ਹਰ ਰੋਜ਼ ਕਾਫ਼ੀ ਆਕਸੀਜਨ ਛੱਡਦੇ ਹਨ। ਅਜਿਹੀ ਸਥਿਤੀ ਵਿੱਚ, ਇੰਨੇ ਪੁਰਾਣੇ ਛਾਂਦਾਰ ਰੁੱਖਾਂ ਨੂੰ ਕੱਟਣ ਨਾਲ ਵਾਤਾਵਰਣ ਨੂੰ ਕਿੰਨਾ ਨੁਕਸਾਨ ਹੁੰਦਾ ਹੈ, ਇਸਦਾ ਅੰਦਾਜ਼ਾ ਲਗਾਉਣਾ ਔਖਾ ਨਹੀਂ ਹੈ। ਇਹੀ ਕਾਰਨ ਹੈ ਕਿ ਆਲੇ ਦੁਆਲੇ ਅਜਿਹੇ ਛਾਂਦਾਰ ਰੁੱਖ ਲਗਾਉਣ ਦੀ ਇੱਕ ਪ੍ਰਾਚੀਨ ਭਾਰਤੀ ਪਰੰਪਰਾ ਹੈ। ਨਿੰਮ, ਬਰਗ ਅਤੇ ਤੁਲਸੀ ਆਦਿ ਹਰ ਰੋਜ਼ 20 ਘੰਟਿਆਂ ਤੋਂ ਵੱਧ ਸਮੇਂ ਲਈ ਆਕਸੀਜਨ ਛੱਡਦੇ ਹਨ, ਜਦੋਂ ਕਿ ਪਿੱਪਲ 22 ਘੰਟਿਆਂ ਤੋਂ ਵੱਧ ਸਮੇਂ ਲਈ ਆਕਸੀਜਨ ਛੱਡਦਾ ਹੈ। ਬਾਂਸ ਦੇ ਦਰੱਖਤ ਕਿਸੇ ਵੀ ਹੋਰ ਦਰੱਖਤ ਨਾਲੋਂ 30 ਪ੍ਰਤੀਸ਼ਤ ਜ਼ਿਆਦਾ ਆਕਸੀਜਨ ਪੈਦਾ ਕਰਦੇ ਹਨ। ਇੱਕ ਸਿਹਤਮੰਦ ਰੁੱਖ ਤੋਂ ਪ੍ਰਾਪਤ ਆਕਸੀਜਨ ਦੀ ਕੀਮਤ ਦੇ ਅਧਾਰ ਤੇ, ਰੁੱਖ ਦੀ ਸਾਲਾਨਾ ਕੀਮਤ ਕਈ ਲੱਖ ਰੁਪਏ ਹੈ। ਸਾਫ਼ ਹਵਾ ਦੀ ਘਾਟ ਲੋਕ ਬਿਮਾਰੀਆਂ ਦੇ ਜਾਲ ਵਿੱਚ ਫਸ ਰਹੇ ਹਨ, ਉਨ੍ਹਾਂ ਦੀ ਉਪਜਾਊ ਸ਼ਕਤੀ ਪ੍ਰਭਾਵਿਤ ਹੋ ਰਹੀ ਹੈ। ਕੁਸ਼ਲਤਾ ਵੀ ਪ੍ਰਭਾਵਿਤ ਹੋ ਰਹੀ ਹੈ। ਕੈਂਸਰ, ਦਿਲ ਦੀ ਬਿਮਾਰੀ, ਦਮਾ, ਬ੍ਰੌਨਕਾਈਟਿਸ, ਫੇਫੜਿਆਂ ਦੀ ਲਾਗ, ਨਮੂਨੀਆ ਅਤੇ ਅਧਰੰਗ ਤੋਂ ਪੀੜਤ ਮਰੀਜ਼ਾਂ ਦੀ ਗਿਣਤੀ ਤੇਜ਼ੀ ਨਾਲ ਵੱਧ ਰਹੀ ਹੈ। ਲੋਕਾਂ ਦੀ ਕਮਾਈ ਦਾ ਵੱਡਾ ਹਿੱਸਾ ਇਲਾਜ 'ਤੇ ਖਰਚ ਹੁੰਦਾ ਹੈ। ਹਾਲਾਂਕਿ, ਤੇਜ਼ੀ ਨਾਲ ਹੋ ਰਹੇ ਜਲਵਾਯੂ ਪਰਿਵਰਤਨ ਅਤੇ ਵਧਦੇ ਪ੍ਰਦੂਸ਼ਣ ਦੇ ਮੱਦੇਨਜ਼ਰ, ਹੁਣ ਇਹ ਸਮਝਣਾ ਜ਼ਰੂਰੀ ਹੈ ਕਿ ਸਾਡੇ ਵਾਯੂਮੰਡਲ ਵਿੱਚ ਮੌਜੂਦ ਆਕਸੀਜਨ ਵਿੱਚ ਸਭ ਤੋਂ ਵੱਡਾ ਯੋਗਦਾਨ ਰੁੱਖਾਂ ਅਤੇ ਪੌਦਿਆਂ ਦਾ ਹੈ। ਇਸ ਲਈ ਉਨ੍ਹਾਂ ਨੂੰ ਬਚਾਉਣਾ ਪਵੇਗਾ।

# ਏਥੇ ਕੁਲ ਪਰਿੰਦੇ ਵੀ ਉਡ ਗਏ...

ਅਮਨਪ੍ਰੀਤ ਪਰਮ ਸਹੋਤਾ

ਕੁਦਰਤ ਅਸੀਮ ਸੁੰਦਰਤਾ ਤੇ ਵਿਭਿੰਨਤਾ ਭਰਪੂਰ ਹੈ। ਪੈਲ ਪਾਉਂਦਾ ਮੋਰ, ਕੋਇਲ ਦੀ ਕੂ-ਕੂ, ਚਿੜੀਆਂ ਤੇ ਪੰਛੀਆਂ ਦੀਆਂ ਆਵਾਜ਼ਾਂ ਦਾ ਸੰਗੀਤ ਤੇ ਦਿਲ ਟੁੰਬਣ ਵਾਲੀ ਹਰਿਆਲੀ ਦੇ ਦ੍ਰਿਸ਼ ਮਨ ਨੂੰ ਸਕੂਨ ਦਿੰਦੇ ਹਨ। ਕੁਦਰਤ ਅਨੇਕਤਾ ਵਿਚ ਏਕਤਾ ਦੇ ਸਰੂਪ ਵਿਚ ਵਿਸ਼ਵਾਸ ਕਰਦੀ ਹੈ। ਧਰਤੀ ਉੱਤੇ ਹਰ ਜੀਵ ਤੇ ਬਨਸਪਤੀ ਆਪਣੇ ਆਪ ਵਿਚ ਵਿਲੱਖਣ ਹੈ, ਪਰੰਤੂ ਉਹ ਕਿਸੇ ਨਾ ਕਿਸੇ ਰੂਪ ਵਿਚ ਕਿਸੇ ਦੂਜੇ ਉੱਤੇ ਨਿਰਭਰ ਹੈ। ਇੱਥੇ ਕਿਸੇ ਵੀ ਕਿਸਮ ਦਾ ਅਸੰਤੁਲਨ ਵਿਨਾਸ਼ ਦਾ ਬੀਜ ਬਣ ਜਾਂਦਾ ਹੈ। ਪ੍ਰਿਥਵੀ ਗ੍ਰਹਿ ਉੱਪਰ ਅਨੇਕਾਂ ਤਰ੍ਹਾਂ ਦੇ ਜੀਵ ਜੰਤੂਆਂ ਤੇ ਪੌਦਿਆਂ ਦਾ ਇਹ ਅਦਭੁੱਤ ਇਕੱਠ ਹੀ ਮਿਲ ਕੇ ਕਾਦਰ ਦੀ ਕੁਦਰਤ ਦੇ ਸੁਹੱਪਣ ਨੂੰ ਬਿਆਨ ਕਰਦੇ ਹਨ। ਇਨ੍ਹਾਂ ਜੀਵਾਂ ਵਿਚੋਂ ਮਨੁੱਖ ਨੂੰ ਉਸ ਦੀ ਸਿਆਣਪ ਕਾਰਨ ਹੋਮੋਸੇਪੀਅਨਜ਼ ਭਾਵ ਸਿਆਣਾ ਮਾਨਵ ਦਾ ਰੁਤਬਾ ਮਿਲਿਆ ਹੈ। ਪ੍ਰੰਤੂ ਮਨੁੱਖ ਨੇ ਆਪਣੀ ਇਸ ਸਿਆਣਪ ਨੂੰ ਚਤੁਰਾਈ ਵਿਚ ਬਦਲ ਕੇ ਕੁਦਰਤ ਨੂੰ ਆਪਣੇ ਸੌੜੇ ਹਿੱਤਾਂ ਲਈ ਵਰਤਣ ਕਾਰਨ ਜੈਵ-ਵਿਭਿੰਨਤਾ ਨੂੰ ਨੁਕਸਾਨ ਪਹੁੰਚਾਇਆ ਹੈ। ਹੁਣ ਤੱਕ ਬਹੁਤ ਸਾਰੇ ਜੀਵ ਜੰਤੂ ਤੇ ਪੌਦੇ ਧਰਤੀ ਤੋਂ ਆਪਣੀ ਹੋਂਦ ਗੁਆ ਚੁੱਕੇ ਹਨ।

ਯੁਵਲ ਨੋਹਾ ਹਰਾਰੀ ਨੇ ਆਪਣੀ ਪੁਸਤਕ ਸੇਪੀਅਨਜ਼ ਵਿਚ ਬਾਖ਼ੂਬੀ ਦੱਸਿਆ ਕਿ ਕਿਵੇਂ ਮਨੁੱਖਾਂ ਨੇ ਧਰਤੀ ਉੱਪਰ ਜੀਵ ਜੰਤੂਆਂ ਨੂੰ ਤਬਾਹ ਕਰਨ ਵਿਚ ਆਪਣੀ ਭੂਮਿਕਾ ਨਿਭਾਈ ਹੈ। ਮਨੁੱਖ ਦੀ ਹਉਮੈ ਤੇ ਲਾਲਚ ਕਾਰਨ ਹੁਣ ਤੱਕ ਕਈ ਨਸਲਾਂ ਦਾ ਧਰਤੀ 'ਤੇ ਕੋਈ ਖੁਰਾ ਖੋਜ ਵੀ ਨਹੀਂ ਬਚਿਆ। ਉਹ ਜ਼ੋਰਦਾਰ ਤਰੀਕੇ ਨਾਲ ਇਸ ਤੱਥ ਦੀ ਵਕਾਲਤ ਕਰਦਾ ਹੈ ਕਿ ਵਾਤਾਵਰਨ ਵਿਚ ਅਸੰਤੁਲਨ ਲਈ ਨਿਰੋਲ ਮਨੁੱਖ ਹੀ ਜ਼ਿੰਮੇਵਾਰ ਹੈ ਅਤੇ ਅਜਿਹੇ ਕਦਮ ਪੁੱਟੇ ਜਾਣ ਦੀ ਲੋੜ ਹੈ ਕਿ ਧਰਤੀ ਦੀ ਜੈਵ-ਵਿਭਿੰਨਤਾ ਕਾਇਮ ਰਹੇ। ਵਿਗਿਆਨੀ ਅਰਨਸ ਮਾਇਰ ਨੇ 1990 ਵਿਚ ਦੱਸਿਆ ਸੀ ਕਿ ਜੀਵਾਂ ਦੀਆਂ 600 ਜਾਤੀਆਂ ਹਰ ਹਫਤੇ ਲੁਪਤ ਹੋ ਰਹੀਆਂ ਹਨ। ਜੇਕਰ ਇਹ ਵਾਕਈ ਸੱਚ ਹੈ ਤਾਂ ਇਹ ਕਾਫੀ ਡਰਾਵਣਾ ਹੈ। ਕਿਸੇ ਸਮੇਂ ਦਿਓ ਕੱਦ ਡਾਇਨਾਸੋਰ ਦਾ ਵੀ ਧਰਤੀ 'ਤੇ ਰਾਜ ਰਿਹਾ ਹੈ ਤੇ ਉਹ ਕੁਦਰਤੀ ਘਟਨਾ ਕਾਰਨ ਲੁਪਤ ਹੋ ਗਏ। ਬਦਲਾਅ ਕੁਦਰਤ ਦਾ ਨਿਯਮ ਹੈ। ਪਰ ਇਨਸਾਨੀ ਦਖ਼ਲਅੰਦਾਜ਼ੀ ਨਾਲ ਇਹ ਪ੍ਰਕਰਨ ਤੇਜ਼ ਹੋਇਆ ਹੈ।

ਜ਼ਰੂਰਤਾਂ ਦੀ ਪੂਰਤੀ ਲਈ ਜੰਗਲ ਵੱਢੇ ਜਾ ਰਹੇ ਹਨ। ਹਵਾ ਤੇ ਪਾਣੀ ਦਾ ਪ੍ਰਦੂਸ਼ਣ ਵਧ ਰਿਹਾ ਹੈ। ਇਸ ਆਪਹੁਦਰੇਪਨ ਦਾ ਬੁਰਾ ਪ੍ਰਭਾਵ ਜੈਵ-ਵਿਭਿੰਨਤਾ 'ਤੇ ਪੈ ਰਿਹਾ ਹੈ। ਵਿਗਿਆਨੀਆਂ ਵਲੋਂ ਨਿੱਤ ਨਵੀਆਂ ਖੋਜਾਂ ਕੀਤੀਆਂ ਜਾ ਰਹੀਆਂ ਹਨ ਤਾਂ ਕਿ ਸਾਡੀ ਜ਼ਿੰਦਗੀ ਨੂੰ ਸੌਖਾਲਾ ਕੀਤਾ ਜਾ ਸਕੇ। ਅਸੀਂ ਇਹ ਤਵੱਕੋਂ ਪਾਲ ਲਈ ਹੈ ਕਿ ਸਾਡਾ ਹਰ ਕੰਮ ਰਿਮੋਟ ਦੇ ਬਟਨ ਨਾਲ ਹੋਣ ਲੱਗੇ। ਲਾਲਚਵੱਸ ਕੁਦਰਤੀ ਸੋਮਿਆ ਦੀ ਅੰਨ੍ਹੀ ਲੁੱਟ ਹੋ ਰਹੀ ਹੈ। ਵਿਕਾਸ ਦੇ ਨਾਮ 'ਤੇ ਜੀਵ-ਜੰਤੂਆਂ ਦੇ ਨਿਵਾਸ ਸਥਾਨ ਨਸ਼ਟ ਹੋ ਰਹੇ ਹਨ। ਅਜਿਹੇ ਪ੍ਰਤੀਕੂਲ ਮਾਹੌਲ ਵਿਚ ਜੀਵ-ਜੰਤੂਆਂ ਤੇ ਪੌਦਿਆਂ ਦੀਆਂ ਨਸਲਾਂ ਦਾ ਖ਼ਤਮ ਹੋਣਾ ਤੈਅ ਹੈ। ਮਨੁੱਖ ਜਾਤੀ ਨੂੰ ਸੁੱਖ-ਸਹੂਲਤਾਂ 'ਤੇ ਪੈਸਾ ਤਾਂ ਨਜ਼ਰੀਂ ਪੈ ਰਿਹਾ ਹੈ, ਪਰ ਸਿੱਕੇ ਦੇ ਦੂਜੇ ਪਾਸੇ ਤੇ ਹੱਥੀਂ ਮੁੱਲ ਲਏ ਖਤਰੇ ਦੀ ਚਿਤਾਵਨੀ ਨੂੰ ਜਾਣ ਬੁੱਝ ਕੇ ਅਣਗੌਲਿਆਂ ਕੀਤਾ ਜਾ ਰਿਹਾ ਹੈ। ਵਿਸ਼ਵ ਤਾਪਮਾਨ ਦਾ ਵਾਧਾ ਆਪਣੀ ਰਫ਼ਤਾਰ 'ਤੇ ਮੰਜ਼ਿਲ ਵੱਲ ਵਧ ਰਿਹਾ ਹੈ। ਵਿਗਿਆਨੀਆਂ ਅਨੁਸਾਰ ਜੇਕਰ ਔਸਤ ਤਾਪਮਾਨ 1.5 ਡਿਗਰੀ ਸੈਲਸੀਅਸ ਤੱਕ ਅਪੜਦਾ ਹੈ ਤਾਂ ਸੱਤਰ ਤੋਂ ਨੱਬੇ ਫੀਸਦੀ ਜੀਵਾਂ ਲਈ ਜਿਊਣ ਹਾਲਾਤ ਮੁਹਾਲ ਹੋ ਜਾਣਗੇ।



ਮਾਹਿਰਾਂ ਅਨੁਸਾਰ ਧਰਤੀ ਉੱਪਰ ਮਨੁੱਖ ਦੀ ਪ੍ਰਤੀਸ਼ਤ ਮਾਤਰਾ ਸਿਰਫ 0.01 ਫੀਸਦੀ ਹੈ, ਪਰ ਉਸ ਨੇ 83 ਫੀਸਦੀ ਥਣਧਾਰੀਆਂ ਤੇ 50 ਫੀਸਦੀ ਪੌਦਿਆਂ ਦੀਆਂ ਪ੍ਰਜਾਤੀਆਂ ਨੂੰ ਹੁਣ ਤੱਕ ਨਸ਼ਟ ਕਰ ਦਿੱਤਾ ਹੈ। ਮਨੁੱਖ ਨੇ ਜੰਗਲਾਂ ਵਿਚੋਂ ਬਾਹਰ ਨਿਕਲ ਕੇ ਜਿਸ-ਜਿਸ ਟਾਪੂ 'ਤੇ ਵੀ ਕਦਮ ਰੱਖਿਆ, ਉੱਥੇ ਦੇ ਜੀਵ ਜੰਤੂ ਤੇ ਬਨਸਪਤੀ ਹੌਲੀ-ਹੌਲੀ ਗਾਇਬ ਹੋਣੀ ਸ਼ੁਰੂ ਹੋ ਗਈ। ਮਰਹੂਮ ਸੁਰਜੀਤ ਪਾਤਰ ਲਿਖਦੇ ਹਨ, 'ਏਥੇ ਕੁਲ ਪਰਿੰਦੇ ਹੀ ਉੜ ਗਏ, ਏਥੇ ਮੇਘ ਆਉਂਦੇ ਵੀ ਮੁੜ ਗਏ, ਏਥੇ ਕਰਨ ਅੱਜਕਲ੍ਹ ਬਿਰਖ ਵੀ ਕਿਤੇ ਹੋਰ ਜਾਣ ਦੇ ਮਸ਼ਵਰੇ।' 2018 ਦੀ ਲਿਵਿੰਗ ਪਲਾਂਟ ਰਿਪੋਰਟ ਅਨੁਸਾਰ 1974-2014 ਦੇ ਸਮੇ ਦੌਰਾਨ ਥਣਧਾਰੀਆਂ, ਪੰਛੀਆਂ, ਮੱਛੀਆਂ, ਪਾਣੀ ਵਿਚਲੇ ਜੀਵਾਂ ਤੇ ਰੀਂਗਣ ਵਾਲੇ ਜੀਵਾਂ ਦੀ ਗਿਣਤੀ ਵਿਚ 60 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ। ਮਾਹਿਰਾਂ ਅਨੁਸਾਰ ਜੀਵ ਜੰਤੂਆਂ ਤੇ ਪੌਦਿਆਂ ਦੀਆਂ ਜਿੰਨੀਆਂ ਵੀ ਕਿਸਮਾਂ ਹੁਣ ਤੱਕ ਲੁਪਤ ਹੋਈਆਂ ਹਨ, ਉਨ੍ਹਾਂ ਵਿਚ 75 ਫੀਸਦੀ ਮਾਤਰਾ ਦੇ ਲੁਪਤ ਹੋਣ ਵਿਚ ਮਨੁੱਖੀ ਲਾਲਚ ਜ਼ਿੰਮੇਵਾਰ ਹੈ।

ਇਕ ਰਿਪੋਰਟ ਅਨੁਸਾਰ ਮੌਜੂਦਾ ਸਮੇਂ ਵਿਚ ਕੁੱਲ ਜੰਗਲੀ ਜੀਵਨ ਵਿਚ ਥਣਧਾਰੀ ਜੀਵਾਂ ਦੀ ਮਾਤਰਾ 4 ਫੀਸਦੀ ਹੈ ਤੇ ਮਨੁੱਖਾਂ ਦੀ 86 ਫ਼ੀਸਦੀ 'ਤੇ ਲਗਭਗ ਦਸ ਹਜ਼ਾਰ ਸਾਲ ਪਹਿਲਾਂ ਇਹ ਮਾਤਰਾ ਆਪਸ ਵਿਚ ਉਲਟ ਹੁੰਦੀਆਂ ਸਨ। ਧਰਤੀ 'ਤੇ ਮੁੜ ਉਹੀ ਹਾਲਾਤ ਬਣਾਉਣ ਲਈ ਪੰਜਾਹ ਤੋਂ ਸੱਤਰ ਸਾਲ ਦਾ ਸਮਾਂ ਲੱਗੇਗਾ।

ਦੂਜੇ ਪਾਸੇ ਪਲਾਸਟਿਕ, ਜਿਸ ਦੀ ਵਰਤੋਂ ਅੱਜ ਰੋਜ਼ਮਰ੍ਹਾ ਦੇ ਕਈ ਕੰਮਾਂ ਵਿਚ ਬਹੁਤਾਤ ਵਿਚ ਹੋ ਰਹੀ ਹੈ। ਇਕ ਵਾਰ ਵਰਤੋਂ ਵਿਚ ਆਉਣ ਵਾਲੀ ਪਲਾਸਟਿਕ ਨੇ ਕੂੜੇ ਦੇ ਢੇਰਾਂ ਨੂੰ ਉੱਚਾ ਕੀਤਾ ਹੈ। ਸਿਰਫ ਇਕ ਫ਼ੀਸਦੀ ਮਾਤਰਾ ਹੀ ਦੁਬਾਰਾ ਵਰਤੋਂ ਵਿਚ ਆ ਰਹੀ ਹੈ, ਬਾਕੀ ਮਾਤਰਾ ਮਿੱਟੀ ਤੇ ਸਮੁੰਦਰਾਂ ਵਿਚ ਜਮ੍ਹਾਂ ਹੋ ਰਹੀ ਹੈ। ਇਹ ਨਾ-ਗਲਣਯੋਗ ਪਦਾਰਥ ਜੈਵਿਕ ਵਿਭਿੰਨਤਾ ਲਈ ਵੱਡਾ ਖ਼ਤਰਾ ਬਣਦਾ ਜਾ ਰਿਹਾ ਹੈ। ਅਸੀਂ ਕੂੜੇ ਦੇ ਢੇਰਾਂ 'ਤੇ ਆਮ ਹੀ ਅਵਾਰਾ ਪਸ਼ੂਆਂ ਨੂੰ ਖਾਣ ਵਾਲੇ ਪਦਾਰਥਾਂ ਨਾਲ ਪਲਾਸਟਿਕ ਦੇ ਲਿਫਾਫ਼ੇ ਨਿਗਲਦੇ ਦੇਖਦੇ ਹਾਂ ਤੇ ਚਾਹੁੰਦੇ ਹੋਏ ਵੀ ਕੁਝ ਨਹੀਂ ਕਰ ਸਕਦੇ। ਇਸ ਤੋਂ ਇਲਾਵਾ ਜਲ ਸ੍ਰੋਤਾਂ ਰਾਹੀਂ ਬਹੁਤ ਸਾਰੀ ਪਲਾਸਟਿਕ ਸਮੁੰਦਰਾਂ ਵਿਚ ਜਾ ਰਹੀ ਹੈ। ਪਾਣੀ ਵਿਚ ਮਾਈਕ੍ਰੋਪਲਾਸਟਿਕ ਦੀ ਮਾਤਰਾ ਵਧ ਰਹੀ ਹੈ ਤੇ ਪਾਣੀ ਵਾਲੇ ਜੰਤੂ ਕਿਸੇ ਨਾ ਕਿਸੇ ਰੂਪ ਵਿਚ ਉਸਨੂੰ ਖਾ ਰਹੇ ਹਨ। ਸਮੁੰਦਰ ਵਿਚੋਂ ਪ੍ਰਾਪਤ ਹੋਣ ਵਾਲੇ ਨਮਕ ਵਿਚ ਵੀ ਮਾਈਕ੍ਰੋਪਲਾਸਟਿਕ ਦੀ ਮਾਤਰਾ ਮਿਲ ਰਹੀ ਹੈ। ਸਮੁੰਦਰੀ ਜੀਵ ਇਸ ਪਲਾਸਟਿਕ ਨਾਲ ਮਰ ਰਹੇ ਹਨ। ਉਹਨਾਂ ਦੇ ਪ੍ਰਜਨਣ 'ਤੇ ਅਸਰ ਪਿਆ ਹੈ।

ਡਿਸਪੋਜ਼ੇਬਲ ਸੱਭਿਆਚਾਰ (ਇਕ ਵਾਰ ਵਰਤ ਕੇ ਸੁੱਟਣ ਵਾਲੀ ਤਰਕੀਬ) ਕਾਰਗਰ ਨਹੀਂ ਹੈ। ਇਸ ਨੂੰ ਅਸੀਂ ਆਪਣੇ ਕੰਮਾਂ ਨੂੰ ਆਸਾਨ ਕਰਨ ਲਈ ਵਰਤ ਜ਼ਰੂਰ ਰਹੇ ਹਾਂ, ਪਰ ਇਹ ਧਰਤੀ ਦੀ ਗੰਦਗੀ ਵਿਚ ਇਜ਼ਾਫ਼ਾ ਕਰਨ ਦੇ ਨਾਲ-ਨਾਲ ਜੀਵਾਂ ਤੇ ਬਨਸਪਤੀ ਲਈ ਖ਼ਤਰਾ ਬਣਦਾ ਜਾ ਰਿਹਾ ਹੈ। ਮਨੀਪੁਰ ਰਾਜ ਨੇ ਪਾਣੀ ਵਾਲੀਆਂ ਬੋਤਲਾਂ 'ਤੇ ਸੰਪੂਰਨ ਪਾਬੰਦੀ ਲਗਾ ਕੇ ਵਧੀਆ ਉਦਾਹਰਨ ਪੇਸ਼ ਕੀਤੀ ਹੈ। ਅੱਜ ਸੋਚ ਵਿਚਾਰ ਨਹੀ ਸਗੋਂ ਮਨੀਪੁਰ ਵਰਗੀਆਂ ਨੀਤੀਆਂ ਜਲਦੀ ਤੇ ਸਖ਼ਤੀ ਨਾਲ ਲਾਗੂ ਕਰਨ ਦੀ ਜ਼ਰੂਰਤ ਹੈ ਤਾਂ ਕਿ ਆਪਣੇ ਆਲੇ-ਦੁਆਲੇ ਨੂੰ ਸਾਫ਼ ਤੇ ਸੁਰੱਖਿਅਤ ਰੱਖਿਆ ਜਾ ਸਕੇ। ਇਸ ਵਾਰ ਅੰਤਰਰਾਸ਼ਟਰੀ ਜੈਵਿਕ ਵਿਭਿੰਨਤਾ ਦਾ ਮੁੱਖ ਥੀਮ 'ਕੁਦਰਤ ਨਾਲ ਇਕਸੁਰਤਾ ਅਤੇ ਟਿਕਾਊ ਵਿਕਾਸ' ਹੈ। ਇਹ ਸਾਰੀਆਂ ਸਰਕਾਰੀ ਤੇ ਗ਼ੈਰ-ਸਰਕਾਰੀ ਸੰਸਥਾਵਾਂ 'ਤੇ ਆਮ ਲੋਕਾਂ ਨੂੰ ਜੈਵ-ਵਿਭਿੰਨਤਾ ਨੂੰ ਬਚਾਉਣ ਲਈ ਕੁਦਰਤ ਨਾਲ ਤਾਲਮੇਲ ਬਿਠਾ ਕੇ ਵਿਕਾਸ ਕਰਨ ਵਿਚ ਆਪਣਾ ਯੋਗਦਾਨ ਪਾਉਣ ਲਈ ਸੱਦਾ ਹੈ। ਅੱਜ ਜ਼ਰੂਰਤ ਹੈ ਕਿ ਅਸੀਂ ਕਿਸੇ ਦੂਜੇ 'ਤੇ ਦੋਸ਼ ਮੜ੍ਹਨ ਦੀ ਥਾਂ ਆਪਣੇ ਅੰਦਰਲੇ ਲਾਲਚ ਤੇ ਜ਼ਿੰਦਗੀ ਸੌਖੀ ਕਰਨ ਤੇ ਕੁਦਰਤ ਪ੍ਰਤੀ ਗ਼ੈਰ-ਜ਼ਿੰਮੇਵਾਰ ਰਵੱਈਏ ਖਿਲਾਫ਼ ਰਲ ਕੇ ਮੁਹਿੰਮ ਛੇੜੀਏ, ਕਿਉਂਕਿ ਮੌਜੂਦਾ ਦੌਰ ਵਿਚ ਵਿਕਾਸ ਦੀ ਇਮਾਰਤ ਜੀਵਾਂ ਤੇ ਪੌਦਿਆਂ ਦੀਆਂ ਕਬਰਾਂ 'ਤੇ ਨਹੀਂ ਬਣਨੀ ਚਾਹੀਦੀ। 'ਜੀਓ ਤੇ ਜੀਣ ਦਿਓ' ਦੇ ਵਾਕ ਨੂੰ ਅਮਲੀ ਜ਼ਿੰਦਗੀ ਵਿਚ ਅਪਣਾਉਣ ਦੀ ਜ਼ਰੂਰੀ ਲੋੜ ਹੈ। ਚੇਤਨ ਸਿੰਘ ਸੋਲੰਕੀ, ਜਿਨ੍ਹਾਂ ਨੂੰ ਅਸੀਂ ਸੋਲਰ ਗਾਂਧੀ ਦੇ ਨਾਂਅ ਨਾਲ ਜਾਣਦੇ ਹਾਂ, ਦੀ ਹਦਾਇਤ ਕਿ ਸਾਨੂੰ ਆਪਣੀਆਂ ਜ਼ਰੂਰਤਾਂ ਨੂੰ ਘਟਾਉਣਾ ਪਵੇਗਾ ਨੂੰ ਸਮਝਣਾ ਪਵੇਗਾ। ਪਵਿੱਤਰ ਵਾਕ 'ਪਵਣੁ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ' ਦੁਆਰਾ ਦਿੱਤੇ ਸੰਦੇਸ਼ ਨੂੰ ਆਤਮਸਾਤ ਕਰਨ ਦੀ ਜ਼ਰੂਰਤ ਹੈ।

Josayih Family AUTO GROUP

Cadillac CHEVROLET INFINITI KIA NISSAN BUICK

GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

FREMONT HYUNDAI

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD